TAJ INSURANCE SERVICES

*Local or Long Haul Trucking (48 States) *Personal or Commercial Lines *Standard or Non Satandard Market *Auto and Home package Available

To beat your rates, Visit or Call

Gurdawar S. Mann Or Pal Rai

37485 Fremont Blvd, #D, Fremont, CA 94536

Ph:(510)739-1700, Fax (510)740-3451

Note:Also Income Tax filing Available



Gurdawar S. Mann

Lic#0F34231



Hardeep S.Rai Attorney-at-Law

ਇੰਮੀਗਰੇਸ਼ਨ ਵਕੀਲ

□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ □ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ □ਡਿਪੋਰਟੇਸ਼ਨ ਦੇ ਕੇਸ □ਅਮੈਰਿਕਨ ਅੰਬੈਸੀ ਦੇ ਕੇਸ □ਬੈਂਕਰਪਸੀ

SAN FRANCISCO

TEL: 415.693.9131

FAX: 415.693.9135

rai@hsrai.com

www.hsrai.com

SAN JOSE

TEL: 408.280.1111

FAX: 408.280.1212



ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

Kuldip Singh Dhariwal

Attorney At Law

Tel: (510) 744-1280

Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538

E-mail: kuldipdhariwal@yahoo.com



Eleventh Year in Publication

ਕੈਲੇਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 21, May 22, 2010 20451 N Plum Grove Rd. Palatine, IL 60074 Ph:847-359-0746, Fax:847-705-9388


## ਨਿਤਿਨ ਗਡਕਰੀ ਦੀ ਬੇਤੁਕੀ ਬਿਆਨਬਾਜ਼ੀ ਦੇ ਸਿਆਪੇ

**ਬਿੰਦਰ ਬਸਰਾ**

ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਦੀ ਆਪਣੀ ਬਿਆਨਬਾਜ਼ੀ ਪਾਰਟੀ ਲਈ ਸੰਕਟ ਅਤੇ ਸ਼ਰਮਿੰਦਗੀ ਦਾ ਸਬੱਬ ਬਣੀ ਹੋਈ ਹੈ। ਅਜੇ ਪਹਿਲਾ ਮਸਲਾ ਮੱਠਾ ਨਹੀਂ ਪੈਂਦਾ, ਨਵਾਂ ਸਹੇੜ ਲਿਆ ਜਾਂਦਾ ਹੈ। ਕੁਝ ਦਿਨ ਪਹਿਲਾਂ ਉਨ੍ਹਾਂ ਨੇ ਸਮਾਜਵਾਦੀ ਪਾਰਟੀ ਦੇ ਮੁੱਖੀ ਮੁਲਾਇਮ ਸਿੰਘ ਯਾਦਵ ਅਤੇ ਰਾਸ਼ਟਰੀ ਜਨਤਾ



*ਨਿਤਿਨ ਗਡਕਰੀ*

ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਬਾਰੇ ਬੜੀ ਘਟੀਆ ਸ਼ਬਦਾਵਲੀ ਵਰਤ ਕੇ ਖੁਦ ਨੂੰ ਆਲੋਚਨਾ ਦੇ ਮੂੰਹ ਵਿਚ ਧੱਕਿਆ ਤੇ ਫਿਰ ਮਾਫੀ ਮੰਗ ਕੇ ਖਹਿੜਾ ਛੁਡਾਇਆ। ਇਸ ਟਿੱਪਣੀ ਤੋਂ ਵੀ ਗਡਕਰੀ ਨੂੰ ਹਾਲੇ ਪੂਰੀ ਤਰ੍ਹਾਂ ਬਰੀ ਨਹੀਂ ਕੀਤਾ ਗਿਆ ਕਿ ਉਸ ਨੇ ਆਪਣੀ ਚੰਡੀਗੜ੍ਹ ਫੇਰੀ ਦੌਰਾਨ ਦਰਿਆਈ ਪਾਣੀਆਂ 'ਤੇ ਪੰਜਾਬ ਦੇ ਰਾਇਪੇਰੀਅਨ ਹੱਕ ਨੂੰ ਮੁੱਢੋਂ ਨੱਕਾਰ ਕੇ ਜਿਥੇ ਇਕ ਗੰਭੀਰ ਮਾਮਲੇ ਦਾ ਛੇੜਾ ਛੇੜਿਆ ਹੈ ਉਥੇ ਪੰਜਾਬ ਭਾਜਪਾ ਲਈ ਵੀ ਸੰਕਟ ਖੜ੍ਹਾ ਕਰ ਦਿੱਤਾ ਹੈ ਜੋ ਪੰਜਾਬ 'ਚ ਅਕਾਲੀ ਦਲ ਨਾਲ ਸਰਕਾਰ 'ਚ ਭਾਈਵਾਲ ਹੈ।

ਭਾਜਪਾ ਪ੍ਰਧਾਨ ਨੇ ਲੰਘੀ 12 ਮਈ ਨੂੰ ਚੰਡੀਗੜ੍ਹ 'ਚ ਪਾਰਟੀ ਰੈਲੀ 'ਚ ਬੋਲਦਿਆਂ ਸਮਾਜਵਾਦੀ ਪਾਰਟੀ (ਸਪਾ) ਦੇ ਮੁਖੀ ਮੁਲਾਇਮ ਸਿੰਘ ਯਾਦਵ ਅਤੇ ਰਾਸ਼ਟਰੀ ਜਨਤਾ ਦਲ (ਰਾਜਦ) ਸੁਪਰੀਮੋ ਲਾਲੂ ਪ੍ਰਸਾਦ ਯਾਦਵ ਨੂੰ ਅਜਿਹੇ ਕੁੱਤੇ ਕਿਹਾ ਜਿਹੜੇ ਸੋਨੀਆ ਗਾਂਧੀ ਦੀਆਂ ਤਲੀਆਂ ਚੱਟਦੇ ਹਨ। ਇਹ ਟਿੱਪਣੀ ਉਨ੍ਹਾਂ ਨੇ ਉਕਤ ਨੇਤਾਵਾਂ ਵੱਲੋਂ ਲੋਕ ਸਭਾ 'ਚ ਕਟੌਤੀ ਮਤਿਆਂ ਦੀ ਹਮਾਇਤ ਨਾ ਕਰਨ 'ਤੇ ਖਿਝ ਕੇ ਕੀਤੀ। ਇਸ ਬਿਆਨ ਪਿਛੋਂ ਉਹ ਬੁਰੀ ਤਰ੍ਹਾਂ ਉਲਝ ਗਏ। ਇਹ ਟਿਪਣੀ ਜਿਥੇ ਪਾਰਟੀ ਲਈ ਮਹਿੰਗੀ ਪਈ ਉਥੇ ਖੁਦ ਉਨ੍ਹਾਂ ਨੂੰ ਇਸ ਦੇ ਲਈ ਦੋਹਾਂ ਯਾਦਵਾਂ ਤੋਂ ਮਾਫੀ ਮੰਗਣੀ ਪਈ। ਇਸ ਮਾਫੀ ਨੂੰ ਰਾਸ਼ਟਰੀ ਜਨਤਾ ਦਲ ਨੇ ਨਾਕਾਫੀ ਦੱਸਦਿਆਂ ਜਿਥੇ ਕੰਨ ਫੜ ਕੇ ਮਾਫੀ ਮੰਗਣ ਦੀ ਮੰਗ ਕੀਤੀ ਉਥੇ ਮੁਲਾਇਮ ਸਿੰਘ ਨੇ ਗਡਕਰੀ ਨੂੰ ਮਾਫ ਕਰਕੇ ਗੱਲ ਖਤਮ ਕਰ ਦਿੱਤੀ।

*(ਬਾਕੀ ਸਫਾ 6 'ਤੇ)*



*ਬਾਬਾ ਬੰਦਾ ਬਹਾਦਰ ਦੀ ਸਰਹੰਦ ਉਤੇ ਫਤਿਹ ਦੀ ਤੀਜੀ ਸ਼ਤਾਬਦੀ 'ਤੇ ਕੀਤੇ ਗਏ ਖਾਲਸਾ ਮਾਰਚ ਵਿਚ ਸ਼ਾਮਲ ਸੰਗਤਾਂ*

## ਦੋਨੋ ਬਾਦਲਾਂ ਵਲੋਂ ਬਾਬਾ ਬੰਦਾ ਬਹਾਦਰ ਤੋਂ ਸੇਧ ਲੈਣ ਦੀ ਅਪੀਲ

**ਸਰਹਿੰਦ (ਪੰਜਾਬ ਟਾਈਮਜ਼ ਬਿਊਰੋ, ਗੁਰਿੰਦਰਜੀਤ ਸਿੰਘ ਪੀਰਜੈਨ):** ਬਾਬਾ ਬੰਦਾ ਸਿੰਘ ਬਹਾਦਰ ਵਲੋਂ ਸਰਹੰਦ ਫਤਿਹ ਕੀਤੇ ਜਾਣ ਦੀ 300 ਸਾਲਾ ਯਾਦ ਵਿਚ ਕੀਤੇ ਗਏ ਖਾਲਸਾ ਮਾਰਚ ਦੀ ਸਮਾਪਤੀ ਉਪਰ ਪੰਜਾਬ ਸਰਕਾਰ ਵਲੋਂ ਰੱਖੇ ਗਏ ਸਮਾਗਮ ਵਿਚ ਜਿਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪੁੱਤਰ ਸ. ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਨੂੰ ਰੱਜ ਕੇ ਕੋਸਿਆ ਉਥੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ "ਵੀਰ ਬੰਦਾ ਵੈਰਾਗੀ" ਆਖ ਕੇ ਭਗਵੀਂ ਰੰਗਣ ਦੇਣ ਦੀ ਹਰ ਕੋਸ਼ਿਸ਼ ਕੀਤੀ। ਇਹ ਵੀ ਦਿਲਚਸਪ ਹੈ ਕਿ ਸੁਖਬੀਰ ਸਿੰਘ ਬਾਦਲ ਇਸ ਮੌਕੇ ਆਪਣੇ ਪਿਤਾ ਨੂੰ ਬੰਦਾ ਬਹਾਦਰ ਨਾਲ ਤੁਲਨਾ ਦੇ ਗਏ ਅਤੇ ਖੁਦ ਆਪਣੇ ਆਪ ਨੂੰ ਬਾਬਾ ਫਤਿਹ ਸਿੰਘ ਨਾਲ।

ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਤਾੜਨਾ ਕੀਤੀ ਕਿ ਕਾਂਗਰਸ ਆਪਣੇ ਮਾੜੇ ਮਨਸੂਬਿਆਂ ਦਾ ਤਿਆਗ ਕਰਕੇ ਰਾਜ ਅੰਦਰ ਬਰਕਰਾਰ ਖੁਸ਼ਗਵਾਰ ਮਾਹੌਲ ਨੂੰ ਖਰਾਬ ਕਰਨ ਦੀਆਂ ਚਾਲਾਂ ਤੋਂ ਬਾਜ ਆਵੇ। ਸ. ਸਿਮਰਨਜੀਤ ਸਿੰਘ ਮਾਨ ਵੱਲ ਅਸਿਧਾ ਇਸ਼ਾਰਾ ਕਰਦਿਆਂ ਉਨ੍ਹਾਂ ਪੰਜਾਬ ਵਿਚ ਭੜਕਾਊ ਨਾਅਰਿਆਂ ਰਾਹੀਂ ਨੌਜਵਾਨਾਂ ਨੂੰ ਲੋਕਤੰਤਰਿਕ ਰਾਹ ਤੋਂ ਭਟਕਾਉਣ ਵਾਲੇ ਆਗੂਆਂ ਨੂੰ ਆੜੇ ਹੱਥੀਂ ਲੈਂਦਿਆਂ ਸਿੱਖ ਭਾਈਚਾਰੇ ਨੂੰ ਕਾਂਗਰਸ ਦੇ ਇਨ੍ਹਾਂ ਏਜੰਟਾਂ ਤੋਂ ਸੁਚੇਤ ਰਹਿਣ ਲਈ ਵੀ ਕਿਹਾ। ਇਥੇ ਬਾਬਾ ਬੰਦਾ

*(ਬਾਕੀ ਸਫਾ 4 'ਤੇ)*


Delo Mobil Delvac

GILL EXPRESS

WASH, TIRE & REPAIR



CALIFORNIA LOCATIONS

BAKERSFIELD @ HWY 58 & 184

FRESNO @ HWY 99, 5TH WHEEL TRUCK STOP

MADERA @ HWY 99, EXIT 18½ NEXT TO Pilot

RIPON @ HWY 99, EXIT JACK TONE @ JIMCO

ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ

ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Call Gill 661-301-8978



ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja SWEETS & INDIAN CUISINE

LUNCH BUFFET - DINNER - TAKE OUT - CATERING - BANQUETS

TOLL FREE 1-866-FOR RAJA

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।

ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।

Wholesale and Retail

Raja Indian Cuisine & Bar

Ph: 510-264-9300

1275 W Winton Ave
Hayward, CA 94545

Ph: 510-489-9100
Fax:510-489-9111

31853 Alvrado Blvd
Union City, CA 94587

ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।

Call Makhan Bains or Ravinder Singh for your next party

Or visit us: www.rajasweets.com



Law Offices Of Manpreet S. Gahra

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ



Manpreet S.Gahra
Attorney At Law

Berkeley Office

2161 Shattuck Ave. #304, Berkeley

Ph. 510-841-4582

Fax: 510-217-6847

Sacramento Office

Call For Appointments

Ph. 916-924-1617

Email:manpreet@gahralaw.com

# ਬੇਕਰਜ਼ਫੀਲਡ ਵਿਚ ਸਿੱਖ ਯੂਥ ਸਿੰਪੋਜ਼ੀਅਮ

**ਬੇਕਰਜ਼ਫੀਲਡ (ਪੰਜਾਬ ਟਾਈਮਜ਼ ਬਿਊਰੋ):** ਇਥੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਲੰਘੇ ਸਨਿਚਰਵਾਰ ਸਾਲਾਨਾ ਸਿੱਖ ਯੂਥ ਸਿੰਪੋਜ਼ੀਅਮ ਕਰਵਾਇਆ ਗਿਆ ਜਿਸ ਵਿਚ ਛੇ ਤੋਂ 22 ਸਾਲ ਦੇ ਬੱਚਿਆਂ ਨੇ 5 ਗਰੁਪਾਂ ਵਿਚ ਪਹਿਲੀ ਪੁਜੀਸ਼ਨ ਲਈ ਮੁਕਾਬਲੇ ਵਿਚ ਹਿੱਸਾ ਲਿਆ। ਸਭ ਤੋਂ ਘੱਟ ਉਮਰ ਦਾ ਬੱਚਾ ਛੇ ਸਾਲ ਦਾ ਅਸਨੇਹ ਸਿੰਘ ਸੀ।



ਪਹਿਲੇ ਗਰੁਪ ਵਿਚ ਅਸਨੇਹ ਸਿੰਘ, ਦੂਜੇ ਵਿਚ ਮੌਨੀਕ ਕੌਰ, ਤੀਜੇ ਵਿਚ ਰੌਬਿਨ ਕੌਰ, ਚੌਥੇ ਵਿਚ ਰੌਬੀ ਸਿੰਘ ਅਤੇ ਪੰਜਵੇਂ ਗਰੁਪ ਵਿਚ ਅਨੀਤ ਕੌਰ ਜੇਤੂ ਰਹੇ। ਪੰਜਵੇਂ ਗਰੁਪ ਲਈ ਮਾਡਰੇਟਰ ਟੈਫਟ ਸ਼ੈਵੀ ਵਾਲੇ ਸ. ਦਵਿੰਦਰ ਸਿੰਘ ਬੈਂਸ ਸਨ। ਇਸ ਗਰੁਪ ਨੇ ਸਿੰਘ ਸਭਾ ਲਹਿਰ ਬਾਰੇ ਤਕਰੀਰਾਂ ਕੀਤੀਆਂ ਅਤੇ ਬਹਿਸ ਵਿਚ ਹਿੱਸਾ ਲਿਆ। ਸ. ਰੇਸ਼ਮ ਸਿੰਘ ਨੇ ਇਸ ਲਹਿਰ ਦੇ ਇਤਿਹਾਸ ਉਤੇ ਚਾਨਣਾ ਪਾਇਆ। ਇਸ ਗੱਲ ਉਤੇ ਆਮ ਸਹਿਮਤੀ ਸੀ ਕਿ ਸਿੱਖ ਕੌਮ ਨੂੰ ਬਾਹਰੀ ਸ਼ਕਤੀਆਂ ਨਾਲੋਂ ਅੰਦਰੂਨੀ ਖਤਰੇ ਕਿਤੇ ਵੱਧ ਹਨ। ਇਨ੍ਹਾਂ ਭਾਸ਼ਣ ਮੁਕਾਬਲਿਆਂ ਲਈ ਜੱਜ ਸਨ ਸ. ਰੇਸ਼ਮ ਸਿੰਘ, ਸ. ਗੁਰਮੀਤ ਸਿੰਘ, ਸ. ਬਲਮੀਤ ਸਿੰਘ, ਸ. ਜਗਦੇਵ ਸਿੰਘ ਅਤੇ ਸਰਦਾਰਨੀ ਤਰਨਜੀਤ ਕੌਰ। ਸਥਾਨਕ ਕਨਵੀਨਰ ਡਾ. ਮਨਬੀਰ ਸਿੰਘ ਨੇ ਖੇਤਰੀ ਪੱਧਰ ਦੇ ਇਸ ਸਿੰਪੋਜ਼ੀਅਮ ਦਾ ਸੰਚਾਲਨ ਕੀਤਾ। ਇਨ੍ਹਾਂ ਮੁਕਾਬਲਿਆਂ ਦੇ ਜੇਤੂ ਅਗਸਤ ਮਹੀਨੇ ਦੇ ਅਖੀਰ ਵਿਚ ਟੋਰਾਂਟੋ ਵਿਚ ਹੋਣ ਵਾਲੇ ਕੌਮੀ ਪੱਧਰ ਦੇ ਸਿੰਪੋਜ਼ੀਅਮ ਵਿਚ ਹਿੱਸਾ ਲੈਣਗੇ।

# ਅਕਾਲੀ-ਭਾਜਪਾ ਸਰਕਾਰ ਹਰ ਮੁਹਾਜ 'ਤੇ ਫੇਲ੍ਹ:ਜੱਸੀ ਖੰਗੂੜਾ

**ਸਾਹਨੇਵਾਲ:** ਪੰਜਾਬ ਅੰਦਰ ਅਕਾਲੀ-ਭਾਜਪਾ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਅੱਜ ਪੰਜਾਬ ਸਰਕਾਰ ਕੇਂਦਰ ਦੇ ਰਹਿਮੋ-ਕਰਮ ਉਪਰ ਚਲ ਰਹੀ ਹੈ। ਇਹ ਦਾਅਵਾ ਹਲਕਾ ਕਿਲਾਰਾਇਪੁਰ ਦੇ ਵਿਧਾਇਕ ਜਸਵੀਰ ਸਿੰਘ (ਜੱਸੀ) ਖੰਗੂੜਾ ਨੇ ਪੱਤਰਕਾਰਾਂ ਨਾਲ ਸਾਹਨੇਵਾਲ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਲੁਧਿਆਣਾ-ਦਿੱਲੀ ਹਵਾਈ ਸੇਵਾ ਮੈਂਬਰ ਪਾਰਲੀਮੈਂਟ ਮੁਨੀਸ਼ ਤਿਵਾੜੀ ਦੇ ਯਤਨਾਂ ਸਦਕਾ ਸ਼ੁਰੂ ਹੋਈ ਹੈ ਪਰ ਅਕਾਲੀਆਂ ਵਲੋਂ ਇਸ ਨੂੰ ਆਪਣੇ ਪੇਟੇ ਪਾਉਣ ਦੀ ਅਸਫ਼ਲ ਕੋਸ਼ਿਸ਼ ਕੀਤੀ ਗਈ ਹੈ।




ਸ੍ਰੀ ਖੰਗੂੜਾ ਨੇ ਕਿਹਾ ਕਿ ਲੁਧਿਆਣਾ-ਦਿੱਲੀ ਹਵਾਈ ਸੇਵਾ 1998 ਤੋਂ ਬੰਦ ਪਈ ਸੀ। ਉਸ ਸਮੇਂ ਪੰਜਾਬ ਅੰਦਰ ਅਕਾਲੀ-ਭਾਜਪਾ ਦੀ ਸਰਕਾਰ ਸੀ ਅਤੇ ਉਸ ਤੋਂ ਬਾਅਦ ਲੁਧਿਆਣਾ ਦਾ ਮੈਂਬਰ ਪਾਰਲੀਮੈਂਟ ਵੀ ਅਕਾਲੀ ਹੀ ਰਿਹਾ। ਉਸ ਸਮੇਂ ਅਕਾਲੀਆਂ ਨੂੰ ਦਿੱਲੀ ਦੀ ਯਾਦ ਨਹੀਂ ਆਈ। ਜਦੋਂ ਇਕ ਕਾਂਗਰਸੀ ਆਗੂ ਦੀ ਮਿਹਨਤ ਸਦਕਾ ਉਡਾਣ ਸ਼ੁਰੂ ਹੋਈ ਤਾਂ ਉਸ ਉਪਰ ਅਪਣੀ ਮੋਹਰ ਲਗਾ ਕੇ ਜਨਤਾ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ।

ਇਸ ਮੌਕੇ ਉਨ੍ਹਾਂ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਕੱਤਰ ਭੁਪਿੰਦਰ ਸਿੰਘ ਸਿੱਧੂ, ਰਣਜੀਤ ਸਿੰਘ ਮਾਂਗਟ, ਗੁਰਬਚਨ ਸਿੰਘ ਗੈਰੀ ਜਥੇਦਾਰ ਮਹਿੰਦਰ ਸਿੰਘ, ਭਗਵਾਨ ਸਿੰਘ ਗਰਚਾ, ਗੁਰਚਰਨ ਸਿੰਘ ਘੋਲਾ, ਗੁਰਪ੍ਰੀਤ ਖੰਗੂੜਾ, ਕਰਮਜੀਤ ਭੁੱਟਾ ਅਤੇ ਹੋਰ ਆਗੂ ਹਾਜ਼ਰ ਸਨ।


Omni Video Productions of Bakersfield
Professional Videography & Photography
For Booking & Information Contact : Shiara S. Dhindsa
Tel: 661-835-8230
Cell: 661-703-6664
email : omnivideo@hotmail.com
www.apnaomnivideo.com
Panasonic DVCPRO HD P2 and Sony DVCAM Formats Output on Blu-ray and DVD
- Photography
- Studio Portraits
- Family Photos
- Business Photography
- Digital Photo Mixing
- Designed Wedding Albums
Quality & Creativity

* ਵਿਆਹ ਸ਼ਾਦੀਆਂ
* ਜਨਮ ਦਿਨ
* ਮੰਗਣੀ
* ਗਰੈਜੁਏਸ਼ਨ ਪਾਰਟੀ
* ਖੁਸ਼ੀ ਦੇ ਹੋਰ ਮੌਕੇ
* ਢੋਲੀ
* ਡਾਂਸਰ
* ਲਾਈਟਾਂ
» Explicit Dholis
» Dancers
» Intelligent Lighting
PUNJABI | HINDI | HIP HOP | RAP
desi soundz
HOTTEST DJ IN BAY AREA
DJ Kamal 408.413.8350
DJ Kirna 510.648.4354
desi_soundz408@yahoo.com

INDIA CALL ਕਾਲ ਕਰਨ ਲਈ ਵਧੀਆ ਅਤੇ ਭਰੋਸੇਮੰਦ ਸਰਵਿਸ
GT COMMUNICATION INC.
CRYSTAL CLEAR CONNECTIONS
100 ਘੰਟੇ ਸਿਰਫ 100 ਡਾਲਰ
ਵਿੱਚ ਬਿਨਾਂ ਕਿਸੇ ਪਿਨ ਤੋਂ ਗੱਲ ਕਰੋ





SAME RATES FOR :
England,Canada,Australia,New Zealand, Austria,Holland,Germany,France
NO CONNECTION FEE
NO MONTHLY FEE
NO MAINTENANCE FEE
NO HIDDEN CHARGES
ਹੋਰ ਜਾਣਕਾਰੀ ਲੈਣ ਲਈ ਕੈਲੀਫੋਰਨੀਆ ਦੀ ਕੰਪਨੀ ਨੂੰ ਟੋਲ ਫਰੀ ਨੰਬਰ 'ਤੇ ਕਾਲ ਕਰੋ
1-800-914-1013

Mary Beth GARRISON
County Supervisor 2010





LEADERSHIP AT WORK.
ਕਰਨ ਕਾਊਂਟੀ ਦੇ ਡਿਸਟ੍ਰਿਕ 2 ਤੋਂ ਸੁਪਰਵਾਈਜ਼ਰ ਦੇ ਅਹੁਦੇ ਲਈ ਚੋਣ ਲੜ ਰਹੀ
ਮੈਰੀ ਬੈਥ ਗੈਰੀਸਨ
ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ
ਇਹ ਪ੍ਰਾਈਮਰੀ ਚੋਣ 8 ਜੂਨ 2010 ਨੂੰ ਹੋ ਰਹੀ ਹੈ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਦੋਸਤ ਜਾਂ ਰਿਸ਼ਤੇਦਾਰ ਡਿਸਟ੍ਰਿਕ 2 ਵਿੱਚ ਰਹਿ ਰਿਹਾ ਹੈ ਤਾਂ ਕਿਰਪਾ ਕਰਕੇ ਆਪਣਾ ਵੋਟ ਮੈਰੀ ਬੈਥ ਗੈਰੀਸਨ ਨੂੰ ਪਾਓ ਜੀ।
ਮੈਰੀ ਬੈਥ ਹੀ ਇਕ ਮਿਹਨਤੀ ਅਤੇ ਇਮਾਨਦਾਰ ਇਨਸਾਨ ਹਨ ਜੋ ਕਿ ਆਪ ਜੀ ਦੀ ਵੋਟ ਦੇ ਸਹੀ ਹੱਕਦਾਰ ਹਨ ਸੁਪਰਵਾਈਜ਼ਰ ਚੁਣੇ ਜਾਣ ਤੋਂ ਬਾਅਦ ਆਪ ਜੀ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ ਤੇ ਕਰਨਗੇ।
Elect Mary Beth Garrison
Kern County Supervisor - District 2
Become a Fan:
www.facebook.com/mbgarrison
E-mail : MGARRISON@bak.rr.com
Phone : (661) 703-2624
P.O. box 2020 Tehachapi CA 93561
For More Information please Call
Tom Webster
(661) 348-3378

# ਭਾਈ ਹਰਜੋਤ ਸਿੰਘ ਅਤੇ ਉਸ ਦੇ ਸਾਥੀ ਹਲਫੀਆ ਬਿਆਨ ਦੇਣ ਤੋਂ ਭੱਜਣ ਲੱਗੇ

**ਫਰੀਮਾਂਟ (ਵਿਸ਼ੇਸ਼ ਪ੍ਰਤੀਨਿਧ):** ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਬੰਧਕਾਂ ਵਲੋਂ ਖਰੀਦੀ ਗਈ 100 ਏਕੜ ਜ਼ਮੀਨ ਦਾ ਮਾਮਲਾ ਉਸ ਸਮੇਂ ਬੜਾ ਦਿਲਚਸਪ ਮੋੜ ਲੈ ਗਿਆ ਜਦੋਂ ਸਾਬਕਾ ਪ੍ਰਧਾਨ ਅਤੇ ਹੁਣ ਸੁਪਰੀਮ ਕੌਂਸਲ ਮੈਂਬਰ ਸ. ਹਰਜੋਤ ਸਿੰਘ ਖਾਲਸਾ ਅਤੇ ਉਸ ਦੇ ਸਾਥੀਆਂ ਨੇ ਗੁਰੂਘਰ ਦੇ ਸਾਬਕਾ ਪ੍ਰਧਾਨ ਅਤੇ ਪੰਥਕ ਸਲੇਟ ਦੇ ਆਗੂ ਭਾਈ ਗੁਰਮੀਤ ਸਿੰਘ ਵਲੋਂ ਮੰਗਿਆ ਹਲਫਨਾਮਾ ਲਿਖਣਾ ਤਾਂ ਸਵੀਕਾਰ ਕਰ ਲਿਆ ਪਰ ਜ਼ਮੀਨ ਦੀ ਕੀਮਤ ਸਾਬਕਾ ਪ੍ਰਬੰਧਕਾਂ ਦੀ ਖਰੀਦਦਾਰੀ ਤੋਂ 5 ਲੱਖ ਉਪਰ ਚੁੱਕ ਦਿੱਤੀ।

ਚੇਤੇ ਰਹੇ ਭਾਈ ਗੁਰਮੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਇਹ ਜ਼ਮੀਨ ਅਤੇ ਘਰ 2005 ਵਿਚ ਤਕਰੀਬਨ 15 ਲੱਖ ਡਾਲਰ ਦੇ ਖਰੀਦੇ ਗਏ ਸਨ ਪਰ ਹਰਜੋਤ ਸਿੰਘ-ਜਸਜੀਤ ਸਿੰਘ ਚੇਲਾ-ਜਸਵਿੰਦਰ ਸਿੰਘ ਜੰਡੀ ਗੁਟ ਨੇ ਇਸ ਜ਼ਮੀਨ ਨੂੰ ਸਿਆਸੀ ਮੁੱਦਾ ਬਣਾਉਂਦਿਆਂ ਜ਼ਮੀਨ ਨੂੰ 'ਬੇਕਾਰ ਜ਼ਮੀਨ' ਐਲਾਨ ਦਿੱਤਾ ਸੀ। ਮਾਰਚ 2010 ਦੀਆਂ ਗੁਰਦੁਆਰਾ ਚੋਣਾਂ ਵਿਚ ਭਾਈ ਹਰਜੋਤ ਸਿੰਘ ਖਾਲਸਾ ਅਤੇ ਉਸ ਦੇ ਸ਼ਾਥੀਆਂ ਨੇ ਇਹ ਗੰਭੀਰ ਦੋਸ਼ ਲਾਏ ਕਿ ਇਹ ਜ਼ਮੀਨ ਖਰੀਦ ਕੇ ਗੁਰੂਘਰ ਦਾ ਲੱਖਾਂ ਡਾਲਰਾਂ ਦਾ ਨੁਕਸਾਨ ਕਰ ਦਿੱਤਾ ਗਿਆ ਹੈ। ਇਸ ਦੇ ਜਵਾਬ ਵਿਚ ਭਾਈ ਗੁਰਮੀਤ ਸਿੰਘ ਖਾਲਸਾ ਨੇ ਐਲਾਨ ਕਰ ਦਿੱਤਾ ਸੀ ਕਿ ਅਗਰ ਜ਼ਮੀਨ ਵਾਲਾ ਸੌਦਾ ਗੁਰੂਘਰ ਲਈ ਸੱਚਮੁਚ ਘਾਟੇਵੰਦ ਹੈ ਤਾਂ ਉਹ ਜ਼ਮੀਨ ਖਰੀਦ ਕੀਮਤ ਨਾਲੋਂ ਇਕ ਲੱਖ ਡਾਲਰ ਵਧ ਦੇ ਕੇ ਖਰੀਦ ਲੈਣਗੇ।

ਇਹ ਵੀ ਵਰਨਣਯੋਗ ਹੈ ਕਿ ਤਿੰਨ ਹਫਤੇ ਪਹਿਲਾਂ ਮੌਜੂਦਾ ਸੁਪਰੀਮ ਕੌਂਸਲ ਨੇ ਇਕ ਅਖਬਾਰੀ ਬਿਆਨ ਰਾਹੀਂ ਭਾਈ ਖਾਲਸਾ ਤੋਂ ਮੰਗ ਕੀਤੀ ਸੀ ਕਿ ਚੋਣਾਂ ਵਿਚ ਕੀਤੇ ਵਾਅਦੇ ਮੁਤਾਬਕ ਭਾਈ ਖਾਲਸਾ ਇਹ ਜ਼ਮੀਨ ਖਰੀਦਣ ਜਿਸ ਦੇ ਜਵਾਬ ਵਿਚ ਭਾਈ ਖਾਲਸਾ ਨੇ ਮੌਜੂਦਾ ਪ੍ਰਬੰਧਕਾਂ ਦੀ ਮੰਗ ਸਵੀਕਾਰਦਿਆਂ ਜ਼ਮੀਨ ਖਰੀਦਣ ਲਈ ਸਹਿਮਤੀ ਪ੍ਰਗਟਾ ਦਿੱਤੀ ਸੀ ਪਰ ਨਾਲ ਹੀ ਪ੍ਰਬੰਧਕਾਂ ਨੂੰ ਇਕ ਹਲਫਨਾਮਾ ਦੇਣ ਲਈ ਕਿਹਾ ਸੀ ਕਿ 100 ਏਕੜ ਜ਼ਮੀਨ ਬੇਕਾਰ ਹੈ, ਉਸ ਤੇ ਕੁਝ ਨਹੀਂ ਬਣ ਸਕਦਾ ਅਤੇ ਸਿਟੀ ਵਾਲੇ ਵੀ ਇਹੋ ਹੀ ਕਹਿੰਦੇ ਹਨ। ਭਾਈ ਖਾਲਸਾ ਵਲੋਂ ਚੋਣ ਵਾਅਦੇ ਮੁਤਾਬਕ ਜ਼ਮੀਨ 16 ਲੱਖ ਡਾਲਰ ਦੀ ਖਰੀਦੀ ਜਾਣੀ ਸੀ ਪਰ ਮੌਜੂਦਾ ਪ੍ਰਬੰਧਕਾਂ ਨੇ ਪਿਛਲੇ ਹਫਤੇ ਦਿਤੇ ਬਿਆਨ ਵਿਚ ਉਸ ਦੀ ਕੀਮਤ 20 ਲੱਖ ਡਾਲਰ ਤੈਅ ਕਰ ਦਿੱਤੀ ਹੈ।

ਸਮਝਿਆ ਜਾਂਦਾ ਹੈ ਕਿ ਇਹ ਸ. ਚੇਲਾ ਅਤੇ ਹਰਜੋਤ ਸਿੰਘ ਦੀ ਆਪਣੇ ਵਾਅਦੇ ਤੋਂ ਮੁੱਕਰਨ ਅਤੇ ਹਲਫਨਾਮਾ ਦੇਣ ਤੋਂ ਭੱਜਣ ਦੀ ਇਕ ਚਾਲ ਹੈ। ਦੂਜੇ ਪਾਸੇ ਭਾਈ ਗੁਰਮੀਤ ਸਿੰਘ ਖਾਲਸਾ ਅਤੇ ਉਸ ਦੇ ਸਾਥੀ 100 ਏਕੜ ਜ਼ਮੀਨ ਅਤੇ ਨਾਲ ਲਗਦਾ ਇਸ ਦੇ ਨਾਲ ਹੀ ਖਰੀਦਿਆ ਗਿਆ ਘਰ ਖਰੀਦਣ ਲਈ ਤਿਆਰ ਹਨ। ਇਹ ਵੀ ਖਬਰ ਹੈ ਕਿ ਭਾਈ ਗੁਰਮੀਤ ਸਿੰਘ ਖਾਲਸਾ ਹੋਰਾਂ ਪਾਸ ਪੱਕੇ ਸਬੂਤ ਹਨ ਕਿ ਮੌਜੂਦਾ ਜ਼ਮੀਨ 'ਤੇ ਕੁਝ ਪਾਬੰਦੀਆਂ ਹੋਣ ਦੇ ਬਾਵਜੂਦ ਉਥੇ ਪਾਰਕਿੰਗ, ਗਰਾਊਂਡ, ਫਿਊਨਰਲ ਹੋਮ ਆਦਿ ਬਣਾਉਣ 'ਤੇ ਕੋਈ ਪਾਬੰਦੀ ਨਹੀਂ ਹੈ।

ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਭਾਈ ਗੁਰਮੀਤ ਸਿੰਘ ਖਾਲਸਾ ਨੇ ਕਿਹਾ ਹੈ ਕਿ ਹੁਣ ਸ. ਜਸਜੀਤ ਸਿੰਘ ਚੇਲੇ ਅਤੇ ਸ. ਹਰਜੋਤ ਸਿੰਘ ਸਮੇਤ ਪ੍ਰਬੰਧਕਾਂ ਨੂੰ ਹਲਫਨਾਮੇ ਉਤੇ ਦਸਤਖਤ ਕਰਨੇ ਚਾਹੀਦੇ ਹਨ ਅਤੇ ਜ਼ਮੀਨ ਸਾਨੂੰ ਵਾਪਸ ਮੋੜ ਦੇਣੀ ਚਾਹੀਦੀ ਹੈ। ਅਸੀਂ ਜ਼ਮੀਨ ਅਤੇ ਘਰ 15 ਲੱਖ ਦਾ ਖਰੀਦਿਆ ਸੀ, ਭਾਵੇਂ ਡਿਗੀਆਂ ਕੀਮਤਾਂ ਵਿਚ ਅੱਜ ਇਸ ਦੀ ਕੀਮਤ 9 ਲੱਖ ਡਾਲਰ ਦੇ ਕਰੀਬ ਰਹਿ ਗਈ ਹੈ ਪਰ ਅਸੀਂ 16 ਲੱਖ ਡਾਲਰ ਵਿਚ ਖਰੀਦਣ ਨੂੰ ਤਿਆਰ ਹਾਂ। ਭਾਈ ਖਾਲਸਾ ਨੇ ਕਿਹਾ ਕਿ ਭਾਈ ਚੇਲਾ ਅਤੇ ਉਸ ਦੇ ਸਾਥੀਆਂ ਨੇ ਹਮੇਸ਼ਾ ਮੁਕਰਨਾ ਹੁੰਦਾ ਹੈ। ਇਸੇ ਕਰ ਕੇ ਹੁਣ ਜ਼ਮੀਨ ਦੀ ਕੀਮਤ 20 ਲੱਖ ਡਾਲਰ ਪਾਉਣ ਲਗ ਪਏ ਹਨ। ਉਨ੍ਹਾਂ ਵਿਅੰਗ ਕਰਦਿਆਂ ਪੁਛਿਆ ਕਿ ਭਲਾ ਬੇਕਾਰ ਜ਼ਮੀਨ ਦੀ ਕੀਮਤ ਉਪਰ ਨੂੰ ਕਿਉਂ ਜਾ ਰਹੀ ਹੈ? ਉਨ੍ਹਾਂ ਕਿਹਾ ਕਿ ਜੰਡੀ-ਚੇਲਾ-ਹਰਜੋਤ-ਜ਼ਮੀਨ ਪ੍ਰਤੀ ਝੂਠਾ ਪ੍ਰਚਾਰ ਕਰਕੇ ਫਸ ਗਏ ਹਨ। ਇਸੇ ਕਰਕੇ ਬੇਕਾਰ ਜ਼ਮੀਨ ਦਾ ਹਲਫਨਾਮਾ ਦੇਣ ਤੋਂ ਡਰਦੇ ਹਨ।

ਆਪਣੀ ਗੱਲ ਜਾਰੀ ਰਖਦਿਆਂ ਉਨ੍ਹਾਂ ਕਿਹਾ ਕਿ ਸਾਡੇ ਵਲੋਂ ਖਰੀਦਿਆ ਘਰ ਗੁਰੂਘਰ ਦੀ ਵਰਤੋਂ ਵਿਚ ਹੈ। ਉਸੇ ਘਰ ਵਿਚ ਭਾਈ ਖੋਸਾ ਵਲੋਂ ਪਾਵਨ ਸ੍ਰੀ ਗ੍ਰੰਥ ਸਾਹਿਬ ਦੀ ਹੱਥਲਿਖਤ ਬੀੜ ਲਿਖੀ ਗਈ ਹੈ। ਪੰਜਾਂ ਸਾਲਾਂ ਦਾ ਘਰ ਦਾ ਕਿਰਾਇਆ ਹੀ ਲਗਭਗ ਇਕ ਲੱਖ 20 ਹਜ਼ਾਰ ਡਾਲਰ ਬਣਦਾ ਹੈ ਅਤੇ ਉਪਰੋਂ ਅਸੀਂ ਇਕ ਲੱਖ ਡਾਲਰ ਵਧ ਦੇਣ ਨੂੰ ਤਿਆਰ ਹਾਂ। ਉਨ੍ਹਾਂ ਆਖਿਆ ਕਿ ਇਸ ਰਕਮ ਨਾਲ ਵਿਆਜ ਅਤੇ ਇਰੋਜ਼ਨ ਕੰਟਰੋਲ ਦਾ ਖਰਚਾ ਚੁਕਤਾ ਹੁੰਦਾ ਹੈ। ਭਾਈ ਖਾਲਸਾ ਨੇ ਮੰਗ ਕੀਤੀ ਕਿ ਸ. ਚੇਲੇ ਅਤੇ ਉਸ ਦੇ ਸਾਥੀਆਂ ਨੇ ਚੋਣਾਂ ਸਿੱਖ ਸਿਧਾਂਤਾਂ ਦੇ ਉਲਟ ਹੋਣ ਦੀ ਕਾਵਾਂ-ਰੌਲੀ ਪਾ ਕੇ ਗੁਰੂਘਰ 'ਤੇ ਕਬਜ਼ਾ ਕਰ ਲਿਆ ਸੀ, ਜਿਸ ਨੂੰ ਛੁਡਾਉਣ ਲਈ ਸੰਗਤ ਦੇ ਲੱਖਾਂ ਡਾਲਰ ਖਰਾਬ ਹੋਏ ਅਤੇ ਗੁਰੂ ਘਰ ਦੇ ਖਾਤੇ ਵਿਚੋਂ 4 ਲੱਖ 81 ਹਜ਼ਾਰ ਦੀ ਰਕਮ ਰਸੀਵਰ ਲੈ ਗਿਆ। ਅਦਾਲਤ ਵਿਚ ਹੋਇਆ ਹੋਰ ਖਰਚਾ ਵਖਰਾ ਹੈ। ਇਹ ਨੁਕਸਾਨ ਸ. ਚੇਲੇ ਕੀ ਗ਼ਲਤੀ ਨਾਲ ਹੋਇਆ। ਇਸ ਰਕਮ ਨਾਲ ਪਾਰਕਿੰਗ ਲਾਟ ਬਣਾਇਆ ਜਾ ਸਕਦਾ ਸੀ। ਇਨ੍ਹਾਂ ਦੀ ਨਾਲਾਇਕੀ ਨਾਲ ਗਰੰਥੀ ਲਗਭਗ 84 ਹਜ਼ਾਰ ਡਾਲਰ ਲੈ ਕੇ ਚਲਾ ਗਿਆ। 10000 ਇਕ ਕਮੇਟੀ ਮੈਂਬਰ ਦਾ ਰਿਸ਼ਤੇਦਾਰ ਲੈ ਗਿਆ। ਜੰਡੀ ਹੁਰਾਂ ਗੁਰੂਘਰ ਦਾ 15000 ਡਾਲਰ ਦੀ ਕੀਮਤ ਦਾ ਟੈਂਟ ਪਤਾ ਨਹੀਂ ਕਿਥੇ ਖੁਰਦ ਬੁਰਦ ਕਰ ਦਿੱਤਾ। ਕਿਚਨ ਦੇ ਵਿਸਥਾਰ ਲਈ 18 ਹਜ਼ਾਰ ਡਾਲਰ ਦੀਆਂ ਬਣਾਈਆਂ ਡਰਾਇੰਗਾਂ ਸਾਨੂੰ ਨਹੀਂ ਦਿੱਤੀਆਂ। ਸਾਨੂੰ ਨਵੇਂ ਸਿਰੇ ਤੋਂ ਇਹ ਖਰਚਾ ਕਰਨਾ ਪਿਆ। ਇਹ ਨੁਕਸਾਨ ਜੋ ਕਿ 6 ਲੱਖ 68 ਹਜ਼ਾਰ ਡਾਲਰ ਬਣਦਾ ਹੈ। ਇਸ ਵਾਸਤੇ ਜੰਡੀ-ਚੇਲਾ-ਹਰਜੋਤ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਅਸੀਂ ਗੁਰੂਘਰ ਦੇ ਵਡੇਰੇ ਹਿੱਤਾਂ ਨੂੰ ਮੁਖ ਰੱਖ ਕੇ ਨੁਕਸਾਨ ਦੀ ਪੂਰਤੀ ਕਰ ਰਹੇ ਹਾਂ। ਜੰਡੀ ਹੋਣਾਂ ਨੂੰ ਉਪਰੋਕਤ ਰਕਮ ਗੋਲਕ ਵਿਚ ਜਮ੍ਹਾਂ ਕਰਾਉਣੀ ਚਾਹੀਦੀ ਹੈ ਤਾਂ ਕਿ ਪਾਰਕਿੰਗ ਬਣਾ ਕੇ ਸੰਗਤ ਦੀ ਸੇਵਾ ਕੀਤੀ ਜਾ ਸਕੇ।

ਭਾਈ ਖਾਲਸਾ ਨੇ ਆਖਿਆ ਕਿ ਇਸ ਤਿਕੜੀ ਨੇ ਹਮੇਸ਼ਾ ਸੰਗਤ ਨਾਲ ਵਿਸਾਹਘਾਤ ਕੀਤਾ ਹੈ। ਇਹ ਹਮੇਸ਼ਾ ਕਹਿੰਦੇ ਰਹੇ ਅਸੀਂ ਕੇਸ ਆਪਣੀਆਂ ਜੇਬਾਂ ਵਿਚੋਂ ਲੜ ਰਹੇ ਹਾਂ ਪਰ ਇਨ੍ਹਾਂ ਦਾ ਕਬਜ਼ਾ ਟੁੱਟਣ ਉਪਰੰਤ ਸਾਨੂੰ ਪਤਾ ਲੱਗਾ ਕਿ ਇਹ ਲੋਕ ਗੋਲਕ ਦੀ ਮਾਇਆ ਆਪਣੇ ਵਕੀਲਾਂ ਨੂੰ ਦਿੰਦੇ ਰਹੇ। ਜ਼ਮੀਨ ਦਾ ਸੌਦਾ ਗ਼ਲਤ ਹੈ ਜਾਂ ਠੀਕ? ਅਸੀਂ ਗੱਲਾਂ ਨਾਲ ਨਹੀਂ ਹਕੀਕਤ ਵਿਚ ਦਰਸਾ ਦੇਣਾ ਹੈ। ਅਸੀਂ ਚਾਹੁੰਦੇ ਹਾਂ ਕਿ ਮੌਜੂਦਾ ਪ੍ਰਬੰਧਕ ਸਾਨੂੰ ਬੇਕਾਰ ਜ਼ਮੀਨ ਦਾ ਹਲਫਨਾਮਾ ਦੇਣ ਅਤੇ ਜ਼ਮੀਨ ਵਾਪਸ ਕਰਨ। ਉਨ੍ਹਾਂ ਕਿਹਾ ਕਿ ਇਹ ਲੋਕ ਜ਼ਮੀਨ ਦੀ ਗੰਦੀ ਰਾਜਨੀਤੀ ਕਰਕੇ ਕੌਮ ਨਾਲ ਧਰੋਹ ਕਮਾ ਰਹੇ ਹਨ ਅਤੇ ਕੌਮੀ ਸਰਮਾਏ ਦਾ ਨੁਕਸਾਨ ਕਰ ਰਹੇ ਹਨ। ਉਨ੍ਹਾਂ ਫਿਰ ਦਾਅਵਾ ਕੀਤਾ ਕਿ 100 ਏਕੜ ਅਤੇ ਘਰ ਦਾ ਸੌਦਾ ਬੜਾ ਲਾਹੇਵੰਦ ਹੈ, ਜਿਸ ਨੂੰ ਵਕਤ ਨੇ ਸਾਬਤ ਕਰ ਦੇਣਾ ਹੈ।

ਭਾਈ ਖਾਲਸਾ ਨੇ ਕਿਹਾ ਕਿ ਗੁਰਦੁਆਰਾ ਫਰੀਮਾਂਟ ਦੀਆਂ ਪਿਛਲੀ ਮਾਰਚ ਦੀਆਂ ਹੇਰਾਫੇਰੀਆਂ ਵਾਲੀ ਚੋਣਾਂ ਵਿਰੁਧ ਕੇਸ 'ਤੇ ਟਰਾਇਲ 21 ਜੂਨ ਨੂੰ ਸ਼ੁਰੂ ਹੋਵੇਗਾ। ਉਨ੍ਹਾਂ ਸੰਗਤ ਨੂੰ ਬੇਨਤੀ ਕੀਤੀ ਕਿ ਜਿਸ ਵੀ ਵਿਅਕਤੀ ਦੀ ਵੋਟ ਗੁਰੂਘਰ ਦੀ ਜਗ੍ਹਾ ਘਰ ਜਾਂ ਹੋਰ ਸਥਾਨ 'ਤੇ ਬਣੀ ਹੈ ਉਹ ਸਾਡੇ ਨਾਲ ਸੰਪਰਕ ਕਰੇ ਤਾਂ ਕਿ ਅਸੀਂ ਫਿਰ ਚੋਣਾਂ ਦਾ ਕੋਈ ਸਿਸਟਮ ਕਾਇਮ ਕਰ ਸਕੀਏ।

## ਇਰਾਨ, ਬ੍ਰਾਜ਼ੀਲ ਤੇ ਤੁਰਕੀ 'ਚ ਪ੍ਰਮਾਣੂ ਸੰਧੀ

**ਤਹਿਰਾਨ:** ਇਰਾਨ, ਬ੍ਰਾਜ਼ੀਲ ਤੇ ਤੁਰਕੀ ਦਰਮਿਆਨ ਹੋਏ ਪ੍ਰਮਾਣੂ ਸਮਝੌਤੇ ਨੂੰ ਇਕ ਵੱਡੇ ਸ਼ਫਾਰਤੀ ਧਮਾਕੇ ਵਜੋਂ ਲਿਆ ਜਾ ਰਿਹਾ ਹੈ, ਜੋ ਆਲਮੀ ਸੱਥ 'ਚੋਂ ਇਰਾਨ ਦੇ ਅਲੱਗ-ਥਲੱਗ ਪੈਣ ਦੇ ਖਤਰੇ ਦੇ ਖਾਤਮੇ ਦੀ ਸ਼ੁਰੂਆਤ ਮੰਨੀ ਜਾ ਸਕਦੀ ਹੈ। ਇਥੇ ਜੀ-15 ਸੰਮੇਲਨ ਮੌਕੇ ਇਰਾਨ ਦੇ ਰਾਸ਼ਟਰਪਤੀ ਮਹਿਮੂਦ ਅਹਿਮਦੀਨੇਜਾਦ, ਤੁਰਕੀ ਦੇ ਪ੍ਰਧਾਨ ਮੰਤਰੀ ਰੀਸੈਪ ਤਈਅਪ ਇਰਦੋਮਾਨ ਅਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਈਸ ਇਨੈਸ਼ੀਓ ਡਸਿਲਵਾ ਨੇ ਖਿੜ੍ਹੇ ਚਿਹਰਿਆਂ ਨਾਲ ਇਹ ਨਾਟਕੀ ਐਲਾਨ ਕੀਤਾ ਕਿ ਤਿੰਨਾਂ ਦੇਸ਼ਾਂ ਦਰਮਿਆਨ ਇਕ ਨਵੀਂ ਸੰਧੀ ਹੋਈ ਹੈ, ਜਿਸ ਸਦਕਾ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਬਾਰੇ ਚੱਲ ਰਹੀ ਕਸ਼ਮਕਸ਼ ਖਤਮ ਹੋਣ ਦੇ ਆਸਾਰ ਹਨ।

ਤਿੰਨਾਂ ਦੇਸ਼ਾਂ ਦਰਮਿਆਨ 18 ਘੰਟੇ ਦੀ ਵਾਰਤਾ ਤੋਂ ਬਾਅਦ ਇਰਾਨ ਆਪਣਾ ਕਾਫੀ ਘੱਟ ਸੋਧਿਆ ਯੂਰੇਨੀਅਮ ਤੁਰਕੀ ਭੇਜਣ ਲਈ ਰਜ਼ਾਮੰਦ ਹੋ ਗਿਆ ਹੈ। ਅਮਰੀਕਾ ਦੀ ਸ਼ਹਿ 'ਤੇ ਲਗਾਈਆਂ ਜਾਣ ਵਾਲੀਆਂ ਸੰਯੁਕਤ ਰਾਸ਼ਟਰ ਪਾਬੰਦੀਆਂ ਦਾ ਖਤਰਾ ਟਾਲਣ ਲਈ ਇਰਾਨ ਨੇ ਪ੍ਰਮਾਣੂ ਬਾਲਣ ਵਟਾਂਦਰਾ ਸੰਧੀ ਤਹਿਤ ਤੁਰਕੀ ਨੂੰ 1200 ਕਿਲੋਗ੍ਰਾਮ ਨੀਮ ਸੋਧਤ ਯੂਰੇਨੀਅਮ ਦੀ ਖੇਪ ਭੇਜਣ ਦਾ ਐਲਾਨ ਕੀਤਾ ਹੈ। ਇਸ ਸੰਧੀ ਤਹਿਤ ਤੁਰਕੀ ਇਰਾਨੀ ਯੂਰੇਨੀਅਮ ਨੂੰ ਅਗੋਂ ਸੋਧੇਗਾ ਅਤੇ ਇਰਾਨੀ ਮੈਡੀਕਲ ਰੀਐਕਟਰਾਂ ਵਿਚ ਵਰਤੋਂ ਲਈ ਵਾਪਸ ਇਰਾਨ ਭੇਜੇਗਾ।

ਇਰਾਨ ਦੇ ਵਿਦੇਸ਼ ਮੰਤਰੀ ਮਾਨੇਸ਼ੇਰ ਮੋਤੱਕੀ ਨੇ ਦੱਸਿਆ ਕਿ ਇਸ ਵਟਾਂਦਰਾ ਸੰਧੀ ਉੱਤੇ ਇਰਾਨੀ ਰਾਸ਼ਟਰਪਤੀ ਮਹਿਮੂਦ ਅਹਿਮਦੀਨੇਜਾਦ, ਉਨ੍ਹਾਂ ਦੇ ਬ੍ਰਾਜ਼ੀਲਿਆਈ ਹਮਰੁਤਬਾ ਲੂਈਸ ਇਨੈਸ਼ੀਓ ਡਸਿਲਵਾ ਅਤੇ ਤੁਰਕੀ ਦੇ ਪ੍ਰਧਾਨ ਮੰਤਰੀ ਰੀਸੈਪ ਤਈਅਪ ਇਰਦੋਮਾਨ ਨੇ ਸਹੀ ਪਾਈ। ਬਾਜ਼ੀਲ ਅਤੇ ਤੁਰਕੀ ਦੀ ਸਾਲਸੀ ਰਾਹੀਂ ਕੀਤੀ ਗਈ ਇਸ ਸੰਧੀ ਤਹਿਤ ਇਰਾਨ 1200 ਕਿਲੋਗ੍ਰਾਮ ਨੀਮ-ਸੋਧਤ ਯੂਰੇਨੀਅਮ ਉਚੇਰੀ ਸੁਧਾਈ ਲਈ ਤੁਰਕੀ ਭੇਜੇਗਾ। ਯੂਰੇਨੀਅਮ ਦੀਆਂ ਇਨ੍ਹਾਂ ਫਿਊਲ ਰਾਡਾਂ ਦੀ ਮੈਡੀਕਲ ਖੋਜ ਵਿਚ ਵਰਤੋਂ ਕੀਤੀ ਜਾ ਸਕਦੀ ਹੈ।

ਸ੍ਰੀ ਮੋਤੱਕੀ ਨੇ ਕਿਹਾ ਕਿ ਜੇ ਸੰਧੀ ਦੀ ਪਾਲਣਾ ਨਹੀਂ ਹੁੰਦੀ ਤਾਂ ਤੁਰਕੀ ਨੂੰ ਯੂਰੇਨੀਅਮ ਇਰਾਨ ਨੂੰ ਮੋੜਨਾ ਹੋਵੇਗਾ। ਸੰਧੀ ਇਕ ਹਫਤੇ ਦੇ ਅੰਦਰ ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਨਿਗਰਾਨ ਸੰਸਥਾ ਆਲਮੀ ਐਟਮੀ ਏਜੰਸੀ ਅੱਗੇ ਪੇਸ਼ ਕੀਤੀ ਜਾਵੇਗੀ। ਮਨਜ਼ੂਰੀ ਮਿਲਣ ਤੋਂ ਬਾਅਦ ਇਰਾਨ ਇਕ ਮਹੀਨੇ ਅੰਦਰ ਤੁਰਕੀ ਨੂੰ ਯੂਰੇਨੀਅਮ ਦੀ ਖੇਪ ਭੇਜ ਸਕੇਗਾ।


# Are You Thinking Of

- Rezoning/Use Permits For Vacant Lots
- Site Planning/Sub-Divisions/Parcel Maps Of Property
- Conceptual Plans And Renderings For Your Dreams
- Designing New Commercial Properties
- Remodeling Existing Businesses
- Designing Custom Homes And Farm Houses
- Residential Additions

*Consider Us*

**Continental Development Consultants, Inc**

**(A team of experienced and qualified professionals)**

**Website: www.continentaldc.com**

**Sukhjit 'Tony' Singh**
**702-287-0347**
tony@continentaldc.com

**Lee A Bigelow**
**702-526-2520**
lee@continentaldc.com

**Our team has successfully dealt with more than 20 Cities, 6 Counties, 9 Franchiser chains and various State/Federal departments in the states of California, Nevada & Arizona.**

ਆਪਣੀ ਖਾਲੀ ਪਈ ਜ਼ਮੀਨ/ਜਾਇਦਾਦ ਨੂੰ ਸਿਰਦਰਦੀ ਨਾ ਸਮਝੋ, ਉਸਦੀ ਸੁਚੱਜੀ ਵਰਤੋਂ ਲਈ ਸਾਡੇ ਨਾਲ ਸੰਪਰਕ ਕਰੋ।



# Business For Sale

## ਟਰੱਕ ਰਿਪੇਅਰ ਸ਼ਾਪ ਅਤੇ ਟਰੱਕ ਵਾਸ਼ ਵਿਕਾਊ ਹੈ



ਇੰਡੀਆਨਾ 'ਚ ਹਾਈਵੇਅ 70 ਉਤੇ ਬਹੁਤ ਵਡੀ ਫੈਸਿਲਟੀ

*ਨੈਟ ਆਮਦਨੀ $25000 ਮਹੀਨਾ*

**Asking Price $225,000**

ਹੋਰ ਜਾਣਕਾਰੀ ਲਈ ਸੰਪਰਕ ਕਰੋ ਜਸਵੀਰ ਸਿੰਘ

**ਫੋਨ: 916-470-5520**

# ਦੋਨੋ ਬਾਦਲਾਂ ਵਲੋਂ ਬਾਬਾ ਬੰਦਾ ਬਹਾਦਰ ਤੋਂ ਸੇਧ ਲੈਣ ਦੀ ਅਪੀਲ

ਸਿੰਘ ਬਹਾਦਰ ਦੀ ਸਰਹਿੰਦ ਉਪਰ ਫਤਿਹ ਦਿਵਸ ਦੇ ਤ੍ਰੈਸ਼ਤਾਬਦੀ ਜਸ਼ਨਾ ਮੌਕੇ ਲੰਘੀ 14 ਮਈ ਨੂੰ ਉਨ੍ਹਾਂ ਇਕ ਵਿਸ਼ਾਲ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਾਂਦੇੜ (ਮਹਾਂਰਾਸ਼ਟਰ) ਤੋਂ ਫਤਿਹਗੜ੍ਹ ਸਾਹਿਬ ਤੱਕ 2500 ਕਿਲੋਮੀਟਰ ਲੰਮਾ ਪੈਂਡਾ ਤੈਅ ਕਰਕੇ ਇਤਿਹਾਸਕ ਫਤਿਹ ਮਾਰਚ ਆਯੋਜਿਤ ਕਰਨ ਦੇ ਪ੍ਰੋਗਰਾਮ ਨੂੰ ਸਫਲਤਾ ਪੂਰਬਕ ਸਿਰੇ ਚਾੜ੍ਹਨ ਲਈ ਵਧਾਈ ਦਿੱਤੀ। ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਨੇ ਆਖਿਆ ਕਿ ਉਨ੍ਹਾਂ ਨੇ ਮੁਗਲਾਂ ਦੀ ਖੇਤਰੀ ਰਾਜਧਾਨੀ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਦਸਮ ਪਿਤਾ ਦੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਲਾਸਾਨੀ ਸ਼ਹੀਦੀ ਦਾ ਢੁਕਵਾਂ ਬਦਲਾ ਲਿਆ ਤੇ ਖਾਲਸਾ ਰਾਜ ਦੀ ਜਿੱਤ ਦਾ ਝੰਡਾ ਗੱਡਿਆ।

ਸਰਹੰਦ ਫਤਿਹ ਦਿਵਸ ਮੌਕੇ ਮੁੱਖ ਮੰਤਰੀ ਨੇ ਜੇਲ੍ਹਾਂ ਚ ਬੰਦ ਕੈਦੀਆਂ ਨੂੰ ਵੱਡੀ ਰਾਹਤ ਦਿੰਦਿਆਂ 10 ਤੋਂ 20 ਸਾਲ ਦੀ ਕੈਦ ਕੱਟਣ ਵਾਲਿਆਂ ਨੂੰ ਇੱਕ ਸਾਲ ਦੀ ਛੋਟ, 7 ਤੋਂ 10 ਸਾਲ ਵਾਲਿਆਂ ਨੂੰ 9 ਮਹੀਨੇ, 5 ਤੋਂ 7 ਸਾਲ ਲਈ 6 ਮਹੀਨੇ, 3 ਤੋਂ 5 ਸਾਲ ਲਈ ਤਿੰਨ ਮਹੀਨੇ ਅਤੇ ਤਿੰਨ ਸਾਲ ਤੋਂ ਘੱਟ ਕੈਦ ਕੱਟਣ ਵਾਲਿਆਂ ਨੂੰ ਇੱਕ ਮਹੀਨੇ ਦੀ ਸਜ਼ਾ ਮੁਆਫੀ ਦਾ ਐਲਾਨ ਵੀ ਕੀਤਾ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਚਪੜਚਿੜੀ ਸਮੇਤ ਵੱਡੇ ਅਤੇ ਛੋਟੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਕਾਹਨੂੰਵਾਨ ਅਤੇ ਕੁੱਪ ਰਹੀੜਾ ਵਿਖੇ ਇਤਿਹਾਸਕ ਯਾਦਗਾਰਾਂ ਦੀ ਉਸਾਰੀ ਕਰਵਾਏਗੀ।

ਇਸ ਮੌਕੇ ਮੁੱਖ ਮੰਤਰੀ ਨੇ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਜਾਰੀ ਕੀਤੇ ਨਾਨਕਸ਼ਾਹੀ ਸਿੱਕੇ, ਜੋ ਸ਼੍ਰੋਮਣੀ ਕਮੇਟੀ ਵਲੋਂ ਮੁੜ ਤਿਆਰ ਕਰਵਾਏ ਗਏ ਹਨ, ਵੀ ਜਾਰੀ ਕੀਤੇ ਅਤੇ ਡਾਕ ਵਿਭਾਗ ਪੰਜਾਬ ਸਰਕਲ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹੰਦ ਫਤਿਹ ਨੂੰ ਸਮਰਪਿਤ ਡਾਕ ਲਿਫਾਫਾ ਅਤੇ ਸ਼੍ਰੋਮਣੀ ਕਮੇਟੀ ਦਾ ਸੋਵੀਨਾਰ ਵੀ ਜਾਰੀ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਬਾਬਾ ਫਤਿਹ ਸਿੰਘ ਦੀ ਵੰਸ਼ ਵਿਚੋਂ ਸ੍ਰ. ਇੰਦਰਜੀਤ ਸਿੰਘ ਚੱਕ ਫਤਿਹ ਸਿੰਘ ਵਾਲਾ, ਜਸਟਿਸ ਮੋਤਾ ਸਿੰਘ ਯੂ.ਕੇ. ਦੇ ਪਰਿਵਾਰਕ ਮੈਂਬਰ, ਸਿੱਖ ਬੁੱਧੀਜੀਵੀ ਡਾ. ਹਰਨਾਮ ਸਿੰਘ ਸ਼ਾਨ, ਵਾਤਾਵਰਣ ਪ੍ਰੇਮੀ ਬਾਬਾ ਬਲਬੀਰ ਸਿੰਘ ਸੀਚੇਵਾਲ, ਭਾਰਤੀ ਹਾਕੀ ਟੀਮ ਦੇ ਕਪਤਾਨ ਰਾਜਪਾਲ ਸਿੰਘ ਦੇ ਪਿਤਾ, ਬੀਬੀ ਇੰਦਰਜੀਤ ਕੌਰ ਮੁਖੀ ਪਿੰਗਲਵਾੜਾ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਅਤੇ ਬੁੱਢਾ ਦਲ ਦੇ ਮੁਖੀ ਬਾਬਾ ਬਲਵੀਰ ਸਿੰਘ ਦਾ ਵੀ ਸਨਮਾਨ ਕੀਤਾ।

ਇਸ ਤੋਂ ਪਹਿਲਾਂ ਮੁੱਖ ਮੰਤਰੀ, ਭਾਜਪਾ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਨਿਤਿਨ ਗਡਕਰੀ ਅਤੇ ਉਪ ਮੁੱਖ ਮੰਤਰੀ ਸ੍ਰ. ਸੁਖਬੀਰ ਸਿੰਘ ਬਾਦਲ ਨੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ। ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਦੀ ਜੀਵਨੀ ਦਰਸਾਉਣ ਵਾਲੇ ਅਜਾਇਬ ਘਰ ਦਾ ਨੀਂਹ ਪੱਥਰ ਵੀ ਰੱਖਿਆ।

ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਉਪ-ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਨੇ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਹਾਨ ਸ਼ਹੀਦ ਕਰਾਰ ਦਿੰਦਿਆਂ ਸੰਗਤਾਂ ਨੂੰ ਕਿਹਾ ਕਿ ਉਹ ਬਾਬਾ ਬੰਦਾ ਸਿੰਘ

ਨੇ ਅੱਜ ਤੋਂ 300 ਸਾਲ ਪਹਿਲਾਂ ਚਪੜਚਿੜੀ ਦੇ ਮੈਦਾਨ ਵਿਚ ਹੋਏ ਯੁੱਧ ਦੌਰਾਨ ਸੂਬਾ ਸਰਹੰਦ ਨੂੰ ਮੌਤ ਦੇ ਘਾਟ ਉਤਾਰ ਕੇ ਪਹਿਲੇ ਸਿੱਖ ਰਾਜ ਦੀ ਸਥਾਪਨਾ ਕੀਤੀ ਅਤੇ ਕਰੀਬ 700 ਸਾਲ ਰਾਜ ਕਰਨ ਵਾਲੇ ਮੁਗਲ ਸਾਮਰਾਜ ਦਾ ਖਾਤਮਾ ਕਰਕੇ



*ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਾਬਾ ਬੰਦਾ ਬਹਾਦਰ ਦੀ ਸਰਹੰਦ ਫਤਿਹ ਦੀ ਯਾਦ ਵਿਚ ਬਣਾਏ ਜਾ ਰਹੇ ਅਜਾਇਬ ਘਰ ਦਾ ਨੀਂਹ ਪੱਥਰ ਰੱਖਦੇ ਹੋਏ।*

ਬਹਾਦਰ ਦੀ ਆਦਰਸ਼ਕ ਅਤੇ ਸਿੱਖੀ ਸੋਚ ਵਾਲੀ ਜੀਵਨੀ ਤੋਂ ਪ੍ਰੇਰਨਾ ਲੈਣ ਜਿਨ੍ਹਾਂ ਨੇ ਜਾਤ ਪਾਤ ਤੋਂ ਰਹਿਤ ਸਮਾਜ ਸਿਰਜਣਾ ਦੇ ਸੰਕਲਪ ਨੂੰ ਅੱਗੇ ਤੋਰਦਿਆਂ ਗਰੀਬਾਂ ਤੇ ਮਜਲੂਮਾਂ ਦੀ ਰਾਖੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਬਾਬਾ ਬੰਦਾ ਸਿੰਘ ਬਹਾਦਰ ਦੀ ਸੋਚ ਅਨੁਸਾਰ ਗਰੀਬਾਂ ਅਤੇ ਦੱਬੇ ਕੁਚਲੇ ਵਰਗ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਉਨ੍ਹਾਂ ਨੂੰ ਵੱਖ ਵੱਖ ਸਕੀਮਾਂ ਤਹਿਤ ਵੱਡੀਆਂ ਰਾਹਤਾਂ ਪਹੁੰਚਾ ਰਹੀ ਹੈ। ਸਮਾਗਮ ਦੌਰਾਨ ਜਿਥੇ ਸੁਖਬੀਰ ਸਿੰਘ ਬਾਦਲ ਨੇ ਆਪਣੇ ਪਿਉ ਪ੍ਰਕਾਸ਼ ਸਿੰਘ ਬਾਦਲ ਦੀ ਤੁਲਨਾ ਬੰਦਾ ਬਹਾਦਰ ਨਾਲ ਕੀਤੀ ਉਥੇ ਆਪਣੀ ਤੁਲਨਾ ਫਤਿਹ ਸਿੰਘ ਨਾਲ ਕਰ ਲਈ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨਵਾਂ ਇਤਿਹਾਸ ਸਿਰਜਿਆ ਸੀ। ਉਨ੍ਹਾਂ ਇਸ ਮੌਕੇ ਦੇਸ਼ ਵਿਦੇਸ਼ ਤੋਂ ਜੁੜੀਆਂ ਸੰਗਤਾਂ ਨੂੰ ਸਮਾਜਿਕ ਬੁਰਾਈਆਂ ਦਾ ਖਾਤਮਾ ਕਰਨ ਲਈ ਵੀ ਅੱਗੇ ਆਉਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਐਲਾਨ ਕੀਤਾ ਕਿ ਮਾਰਚ ਅਤੇ ਜੂਨ 2016 ਵਿਚ ਦਿੱਲੀ ਵਿਖੇ ਪੂਰੇ ਖਾਲਸਾਈ ਜਾਹੋ-ਜਲਾਲ ਨਾਲ ਬਾਬਾ ਬੰਦਾ ਸਿੰਘ ਬਹਾਦਰ ਅਤੇ ਹੋਰ ਮਹਾਨ ਸ਼ਹੀਦਾਂ ਦੀ ਯਾਦ ਵਿਚ ਦੋ ਵੱਡੇ ਸਮਾਗਮ ਕਰਵਾਏ ਜਾਣਗੇ।

ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਅਦੁੱਤੀ ਸ਼ਹਾਦਤ ਦੀ ਮਿਸਾਲ ਦੁਨੀਆਂ ਵਿਚ ਕਿਧਰੇ ਨਹੀਂ ਮਿਲਦੀ ਅਤੇ ਉਨ੍ਹਾਂ ਵਲੋਂ ਦਿੱਤੀ ਕੁਰਬਾਨੀ ਪੰਜਾਬ ਲਈ ਹੀ ਨਹੀਂ, ਸਗੋਂ ਦੇਸ਼ ਵਾਸੀਆਂ ਲਈ ਵੀ ਪ੍ਰੇਰਨਾ ਸਰੋਤ ਬਣੀ ਰਹੇਗੀ, ਕਿਉਂਕਿ ਉਸ ਮਹਾਨ ਵੀਰ ਪੁਰਸ਼ ਨੇ ਅੱਤਿਆਚਾਰ

ਦਾ ਖਾਤਮਾ ਕਰਕੇ ਸਿੱਖ ਰਾਜ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਪੰਜਾਬ ਸਰਕਾਰ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਸਥਾਪਤ ਕਰਨ 'ਤੇ ਮੁਬਾਰਕਵਾਦ ਦਿੰਦਿਆਂ ਕਿਹਾ ਕਿ ਇਹ ਯਾਦਗਾਰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਡੇ ਗੌਰਵਮਈ ਵਿਰਸੇ ਦੀ ਜਾਣਕਾਰੀ ਪ੍ਰਦਾਨ ਕਰੇਗੀ। ਇਸ ਮੌਕੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਸ਼ਕਤੀ ਤੇ ਭਗਤੀ ਦੇ ਸੁਮੇਲ ਸਨ ਜਿਨ੍ਹਾਂ ਦੇਸ਼ ਵਿਚੋਂ ਮੁਗਲ ਰਾਜ ਦੀ ਜੜ੍ਹ ਪੁੱਟਣ ਵਿਚ ਅਹਿਮ ਭੂਮਿਕਾ ਨਿਭਾਈ। ਭਾਜਪਾ ਪੰਜਾਬ ਮਾਮਲਿਆਂ ਦੇ ਇੰਚਾਰਜ ਬਲਵੀਰ ਪੁੰਜ ਨੇ ਕਿਹਾ ਕਿ ਸਾਨੂੰ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਜਬਰ 'ਤੇ ਜੁਲਮ ਤੇ ਸਮਾਜਿਕ ਕੁਰੀਤੀਆਂ ਦੇ ਖਿਲਾਫ ਵਿਸ਼ੇਸ਼ ਮੁਹਿੰਮ ਵਿੱਢਣੀ ਚਾਹੀਦੀ ਹੈ।

ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਧੁੰਮਾ ਨੇ ਕਿਹਾ ਕਿ ਪੰਥ ਵਿਰੋਧੀ ਸ਼ਕਤੀਆਂ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਬਰਬਾਦ ਕਰਨ ਲਈ ਨਸ਼ਿਆਂ ਦਾ ਜਾਲ ਵਿਛਾ ਕੇ ਰੱਖ ਦਿੱਤਾ ਹੈ। ਉਨ੍ਹਾਂ ਸੱਦਾ ਦਿੱਤਾ ਕਿ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਕੀਤੇ ਸਰਹਿੰਦ ਫਤਿਹ ਦਿਵਸ ਦੇ ਇਤਿਹਾਸਕ ਮੌਕੇ ਆਓ ਨਸ਼ਿਆਂ ਦੀ ਹਨੇਰੀ ਨੂੰ ਠੱਲ ਪਾਉਣ, ਭਰੂਣ ਹੱਤਿਆ ਅਤੇ ਦੇਹਧਾਰੀ ਗੁਰੂ ਪਰੰਪਰਾ ਨੂੰ ਰੋਕਣ ਲਈ ਧੜੇਬੰਦੀਆਂ ਤੋਂ ਉਪਰ ਉਠ ਕੇ ਇਮਾਨਦਾਰੀ ਨਾਲ ਹੰਭਲਾ ਮਾਰੀਏ।

ਤਖਤ ਸ੍ਰੀ ਹਜੂਰ ਸਾਹਿਬ ਤੋਂ ਫਤਿਹ ਮਾਰਚ ਨਾਲ ਇਥੇ ਦੱਖਣੀ ਸਿੰਘਾਂ ਦੇ ਇਕ ਵੱਡੇ ਜੱਥੇ ਦੇ ਰੂਪ ਵਿਚ ਪਹੁੰਚੇ ਸ੍ਰੀ ਹਜੂਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ ਨੇ ਤਖਤ ਸ੍ਰੀ ਹਜੂਰ ਸਾਹਿਬ ਤੋਂ ਲਿਆਂਦੇ ਇਤਿਹਾਸਕ ਪੰਜ ਤੀਰ, ਇਕ ਨਗਾਰਾ, ਨਿਸ਼ਾਨ ਸਾਹਿਬ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਭੇਟ ਕੀਤੇ। ਇਸ ਮੌਕੇ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਥੋੜੇ ਸਮੇਂ ਵਿਚ ਖਾਲਸਾ ਰਾਜ ਦੀ ਸਥਾਪਨਾ ਕਰਕੇ ਇਤਿਹਾਸਕ ਕਾਰਨਾਮਾ ਕਰ ਵਿਖਾਇਆ ਜਿਸ ਦੀ ਦੁਨੀਆਂ ਵਿਚ ਕਿਤੇ ਵੀ ਮਿਸਾਲ ਨਹੀਂ ਮਿਲਦੀ। ਸਟੇਜ ਸਕੱਤਰ ਦੀ ਭੂਮਿਕਾ ਮੁੱਖ ਮੰਤਰੀ ਦੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਨੇ ਨਿਭਾਈ।




## ਬਾਦਲ ਅਤੇ ਗਡਕਰੀ ਅਰਦਾਸ ਵਿਚ ਜੁੱਤੀਆਂ ਪਾ ਕੇ ਸ਼ਾਮਲ ਹੋਏ

**ਫਤਿਹਗੜ੍ਹ ਸਾਹਿਬ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ 14 ਮਈ ਨੂੰ ਇਕ ਧਾਰਮਿਕ ਪ੍ਰੋਗਰਾਮ ਵਿਚ ਕਥਿਤ ਤੌਰ 'ਤੇ ਜੁੱਤੀਆਂ ਪਾ ਕੇ ਸ਼ਾਮਲ ਹੋ ਗਏ। ਉਨ੍ਹਾਂ ਦੇ ਇਸ ਕਾਰਜ ਕਾਰਨ ਇਕ ਨਵਾਂ ਵਿਵਾਦ ਪੈਦਾ ਹੋਣ ਦਾ ਖਦਸ਼ਾ ਹੈ। ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੀ ਜੁੱਤੀ ਉਤਾਰ ਦਿੱਤੀ ਸੀ। ਇਹ ਸਾਰੇ ਇਥੇ ਮਾਤਾ ਗੁਜਰੀ ਕਾਲਜ ਵਿਚ 'ਸਰਹਿੰਦ ਫਤਿਹ ਦਿਵਸ' ਦੀ 300ਵੀਂ ਵਰ੍ਹੇਗੰਢ ਮਨਾਉਣ ਲਈ ਸੂਬਾ ਪੱਧਰੀ ਸਮਾਰੋਹ ਵਿਚ ਸ਼ਾਮਲ ਹੋਣ ਲਈ ਆਏ ਸਨ।

ਪ੍ਰੋਗਰਾਮ ਜਦੋਂ ਖਤਮ ਹੋਣ ਵਾਲਾ ਸੀ ਤਦ ਉਹ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਨ ਲਈ ਆਏ, ਜਦੋਂ ਉਹ ਪੱਤਰਕਾਰਾਂ ਨੂੰ ਸੰਬੋਧਨ ਕਰਨ ਹੀ ਲੱਗੇ ਸਨ ਕਿ ਤਦ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਅਰਦਾਸ ਸਮਾਰੋਹ ਤਾਂ ਅਜੇ ਜਾਰੀ ਹੈ। ਉਹ ਤੁਰੰਤ ਖੜ੍ਹੇ ਹੋ ਗਏ ਪਰ ਆਪਣੀਆਂ ਜੁੱਤੀਆਂ ਲਾਹੁਣੀਆਂ ਭੁੱਲ ਗਏ।

## ਅਕਾਲੀ ਆਗੂ ਨਰਿੰਦਰ ਸਿੰਘ ਮੁੰਦਰ ਨੂੰ ਸਦਮਾ

**ਗਰੈਂਡ ਰੈਪਿਡਜ਼, ਮਿਸ਼ੀਗਨ:** ਅਕਾਲੀ ਦਲ (ਬਾਦਲ) ਦੀ ਮਿਡਵੈਸਟ ਅਮਰੀਕਾ ਇਕਾਈ ਦੇ ਸਕੱਤਰ ਜਨਰਲ ਸ੍ਰੀ ਨਰਿੰਦਰ ਸਿੰਘ ਮੁੰਦਰ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਬੀਬੀ ਸ਼ਰਨਜੀਤ ਕੌਰ ਮੰਗਲਵਾਰ ਨੂੰ ਇਥੇ ਹਸਪਤਾਲ ਵਿਚ ਚਲਾਣਾ ਕਰ ਗਏ। ਉਹ ਸਿਰਫ 42 ਵਰ੍ਹਿਆਂ ਦੇ ਸਨ ਅਤੇ ਪਿਛਲੇ ਕੁਝ ਅਰਸੇ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਪੀੜਤ ਸਨ। ਉਹ ਆਪਣੇ ਪਿਛੇ ਪਤੀ ਇੰਦਰਜੀਤ ਸਿੰਘ, ਧੀ ਗੁਰਲੀਨਜੀਤ ਕੌਰ ਅਤੇ ਪੁੱਤਰ ਹਰਮਨਦੀਪ ਸਿੰਘ ਛੱਡ ਗਏ ਹਨ। ਉਹ ਸ੍ਰੀ ਮੁੰਦਰ ਦੀ ਸਾਲੀ ਸਨ। ਬੀਬੀ ਸ਼ਰਨਜੀਤ ਕੌਰ ਦਾ ਸਸਕਾਰ ਸਨਿਚਰਵਾਰ ਨੂੰ ਇਥੇ ਹੋਵੇਗਾ ਅਤੇ ਉਸੇ ਦਿਨ ਉਨ੍ਹਾਂ ਨਮਿਤ ਅਖੰਡ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਇਥੇ ਗੁਰਦੁਆਰਾ ਸਾਹਿਬ ਵਿਚ ਹੋਵੇਗੀ।

ਬੀਬੀ ਸ਼ਰਨਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਆਪਣੇ ਪਿੰਡ ਗੋਤਪੋਕਰ ਜ਼ਿਲਾ ਗੁਰਦਾਸਪੁਰ ਤੋਂ 1997 ਵਿਚ ਅਮਰੀਕਾ ਆਏ ਸਨ। ਉਹ ਸਟਾਕਟਨ ਕੈਲੀਫੋਰਨੀਆ ਤੋਂ ਦੋ ਕੁ ਸਾਲ ਪਹਿਲਾਂ ਹੀ ਇਥੇ ਮੂਵ ਹੋ ਕੇ ਆਏ ਸਨ। ਸ੍ਰੀ ਇੰਦਰਜੀਤ ਸਿੰਘ ਪਿਛਲੇ ਇਕ ਅਰਸੇ ਤੋਂ 'ਪੰਜਾਬੀ ਅਪਨਾਓ ਮੁਹਿੰਮ' ਚਲਾ ਰਹੇ ਹਨ। ਸ੍ਰੀ ਇੰਦਰਜੀਤ ਸਿੰਘ ਨਾਲ ਸੰਪਰਕ ਫੋਨ 616-856-3076 ਅਤੇ ਸ੍ਰੀ ਨਰਿੰਦਰ ਸਿੰਘ ਮੁੰਦਰ ਨਾਲ ਫੋਨ 269-615-0216 'ਤੇ ਕੀਤਾ ਜਾ ਸਕਦਾ ਹੈ।

# ਮਾਨ ਦਲ ਵਲੋਂ ਭਾਜਪਾ ਦੀ ਸ਼ਮੂਲੀਅਤ ਵਿਰੁਧ ਪ੍ਰਦਰਸ਼ਨ

**ਫਤਿਹਗੜ੍ਹ ਸਾਹਿਬ:** ਸਰਹਿੰਦ ਫਤਿਹ ਦਿਵਸ ਦੀ ਤ੍ਰੈਸ਼ਤਾਬਦੀ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਵਿਚ ਸ਼੍ਰੋਮਣੀ ਕਮੇਟੀ ਤੇ ਪੰਜਾਬ ਪੁਲਿਸ ਨੂੰ ਉਸ ਸਮੇਂ ਹੱਥਾਂ ਪੈਰਾਂ ਦੀ ਪੈ ਗਈ ਜਦੋਂ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੂੰ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਵਲੋਂ ਸਨਮਾਨਿਤ ਕਰਨ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਲਗਭਗ ਡੇਢ ਦਰਜਨ ਕਾਰਕੁੰਨਾਂ ਨੇ ਗਡਕਰੀ ਤੇ ਪੰਜਾਬ ਸਰਕਾਰ ਵਿਰੁਧ ਅਤੇ ਖਾਲਿਸਤਾਨ ਪੱਖੀ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।

ਸਥਿਤੀ ਉਤੇ ਕਾਬੂ ਪਾਉਣ ਲਈ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਅਤੇ ਪੁਲਿਸ ਨੂੰ ਕਾਫੀ ਜਦੋ ਜਹਿਦ ਕਰਨੀ ਪਈ ਪਰ ਵਿਖਾਵਾਕਾਰੀ ਲਗਾਤਾਰ ਕੁਝ ਸਮੇਂ ਲਈ ਨਾਅਰੇਬਾਜ਼ੀ ਕਰਦੇ ਰਹੇ। ਟਾਸਕ ਫੋਰਸ ਅਤੇ ਪੁਲਿਸ ਨੇ ਵਿਖਾਵਾਕਾਰੀਆਂ ਨੂੰ ਬੜੀ ਜਦੋਜਹਿਦ ਕਰਨ ਤੋਂ ਬਾਅਦ ਸਮਾਗਮ ਵਾਲੀ ਥਾਂ ਤੋਂ ਬਾਹਰ ਕੱਢਿਆ।

ਇੱਥੇ ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਕੁਝ ਦਿਨ ਪਹਿਲਾਂ ਚੇਤਾਵਨੀ ਦਿੱਤੀ ਸੀ ਕਿ ਜੇਕਰ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਇਸ ਸਮਾਗਮ ਵਿਚ ਸ਼ਾਮਲ ਹੋਣਗੇ ਤਾਂ ਉਹ ਵਿਰੋਧ ਵਿਚ ਰੋਸ ਪ੍ਰਦਰਸ਼ਨ ਕਰਨਗੇ। ਪਰ ਸਮਾਗਮ ਮੌਕੇ ਹੋਈ ਨਾਅਰੇਬਾਜ਼ੀ ਨੇ ਪੰਜਾਬ ਪੁਲਿਸ ਪ੍ਰਸ਼ਾਸਨ ਅਤੇ ਖੁਫੀਆ ਏਜੰਸੀਆਂ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ ਲਗਾ ਦਿੱਤਾ ਹੈ। ਸੂਤਰਾਂ ਅਨੁਸਾਰ ਪੁਲਿਸ ਨੂੰ ਜਾਣਕਾਰੀ ਮਿਲੀ ਸੀ ਕਿ ਸਿਮਰਨਜੀਤ ਸਿੰਘ ਮਾਨ ਸਮਾਗਮ ਵਿਚ ਸ਼ਾਮਲ ਹੋਣ ਲਈ ਜਾ ਰਹੇ ਹਨ, ਜਿਨ੍ਹਾਂ ਨੂੰ ਪੁਲਿਸ ਨੇ ਉਨ੍ਹਾਂ ਨੂੰ ਕਰੀਬ 70 ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ। ਇੱਥੇ ਇਹ ਵੀ ਦੱਸਣਯੋਗ ਹੈ ਕਿ 13 ਅਤੇ 14 ਮਈ ਦੀ ਰਾਤ ਨੂੰ ਪੁਲਿਸ ਨੇ ਉਨ੍ਹਾਂ ਦੀ ਰਿਹਾਇਸ਼ ਕਿਲਾ ਹਰਨਾਮ ਸਿੰਘ ਵਿਖੇ ਨੂੰ ਘੇਰਾ ਪਾ ਲਿਆ ਸੀ ਪ੍ਰੰਤੂ ਸੁਰੱਖਿਆ ਏਜੰਸੀਆਂ ਦੀ ਉਦੋਂ ਫੂਕ ਨਿਕਲ ਗਈ ਜਦੋਂ ਸਿਮਰਨਜੀਤ ਸਿੰਘ ਮਾਨ ਆਪਣੇ ਸਾਥੀਆਂ ਸਮੇਤ ਸਮਾਗਮ ਵਾਲੀ ਥਾਂ ਨੇੜੇ ਆ ਪਹੁੰਚੇ ਜਦੋਂਕਿ ਪੁਲਿਸ ਵਾਲੇ ਉਨ੍ਹਾਂ ਦੀ ਰਿਹਾਇਸ਼ ਨੂੰ ਇਸ ਵਕਤ ਵੀ ਘੇਰਾ ਪਾਈ ਬੈਠੇ ਸਨ। ਜਦੋਂ ਇਹ ਸੂਚਨਾ ਜ਼ਿਲ੍ਹੇ ਦੇ ਪੁਲਿਸ ਮੁਖੀ ਨੂੰ ਮਿਲੀ ਕਿ ਸਿਮਰਨਜੀਤ ਸਿੰਘ ਮਾਨ ਸਮਾਗਮ ਵਾਲੀ ਥਾਂ 'ਤੇ ਪਹੁੰਚ ਰਹੇ ਹਨ ਤਾਂ ਪੁਲਿਸ ਮੁਖੀ ਨੇ ਪੈਦਲ ਉਸ ਸਥਾਨ ਉਤੇ ਪਹੁੰਚ ਕੇ ਮੌਕਾ ਸਾਂਭ ਲਿਆ ਅਤੇ ਸਿਮਰਨਜੀਤ ਸਿੰਘ ਮਾਨ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਮਾਗਮ ਵਾਲੀ ਥਾਂ ਤੋਂ 200 ਗਜ ਦੀ ਦੂਰੀ 'ਤੇ ਹੀ ਰੋਕ ਲਿਆ, ਪਰ ਸਿਮਰਨਜੀਤ ਸਿੰਘ ਮਾਨ ਸ਼ਾਂਤੀ ਪੂਰਵਕ ਢੰਗ ਨਾਲ ਭੱਖਦੀ ਸੜਕ ਉਪਰ ਹੀ ਆਪਣੇ ਵਰਕਰਾਂ ਸਮੇਤ ਬੈਠ ਗਏ ਅਤੇ ਧਰਨਾ ਲਗਾ ਦਿੱਤਾ। ਇਸ ਮੌਕੇ ਪਟਿਆਲਾ ਰੇਂਜ ਦੇ ਆਈ ਜੀ ਅਤੇ ਡੀ ਆਈ ਜੀ ਭਾਰੀ ਫੋਰਸ ਸਮੇਤ ਧਰਨੇ ਵਾਲੀ ਥਾਂ 'ਤੇ ਪਹੁੰਚ ਗਏ।

ਧਰਨੇ ਵਾਲੀ ਜਗ੍ਹਾ ਉਤੇ ਮਾਨ ਦਲ ਦੇ ਕਾਰਕੁੰਨ ਪੰਜਾਬੀ ਵਿਚ ਛਪਵਾਏ ਇਸ਼ਤਿਹਾਰ, ਜਿਨ੍ਹਾਂ ਉਤੇ ਲਿਖਿਆ ਹੋਇਆ ਸੀ "ਨਾ ਅਸੀਂ ਹਿੰਦੂ ਨਾ ਮੁਸਲਮਾਨ ਸਾਡੀ ਮੰਜ਼ਿਲ ਖਾਲਿਸਤਾਨ", ਅੱਗੇ ਲਿਖਿਆ ਸੀ "1710 ਨੂੰ ਪਹਿਲੀ ਆਜ਼ਾਦ ਸਿੱਖ ਬਾਦਸ਼ਾਹੀ ਖਾਲਿਸਤਾਨ ਦੀ ਸਥਾਪਨਾ ਬਾਬਾ ਬੰਦਾ ਸਿੰਘ ਬਹਾਦਰ, 1799 ਦੂਜੀ ਆਜ਼ਾਦ ਸਿੱਖ ਬਾਦਸ਼ਾਹੀ ਖਾਲਿਸਤਾਨ ਦੀ ਕਾਇਮੀ ਮਹਾਰਾਜਾ ਰਣਜੀਤ ਸਿੰਘ, 1973 ਆਜ਼ਾਦ ਸਿੱਖ ਰਾਜ ਖਾਲਿਸਤਾਨ ਦੀ ਸਥਾਪਤੀ ਲਈ ਯਤਨ, ਕਪੂਰ ਸਿੰਘ ਆਈ ਸੀ ਐਸ, 1984 ਅਜ਼ਾਦ ਸਿੱਖ ਰਾਜ ਖਾਲਿਸਤਾਨ ਲਈ ਸ਼ਹਾਦਤ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ।" ਕੁਝ ਸਮੇਂ ਬਾਅਦ ਹੀ ਪੁਲਿਸ ਸ. ਮਾਨ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰਕੇ ਲੈ ਗਈ। ਬਾਅਦ ਵਿਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।



*ਸ. ਮਾਨ ਪੁਲਿਸ ਵਲੋਂ ਰੋਕੇ ਜਾਣ ਸਮੇਂ*

# ਹਵਾਈ ਅੱਡੇ ਦੇ ਉਦਘਾਟਨ ਵੇਲੇ ਅਕਾਲੀ ਕਾਂਗਰਸੀ ਸਰਕਸ

**ਲੁਧਿਆਣਾ :** ਭਾਰਤ ਦੇ ਮਾਨਚੈਸਟਰ ਲੁਧਿਆਣਾ ਦਾ ਦਿੱਲੀ ਨਾਲ ਹਵਾਈ ਸੰਪਰਕ ਦਾ ਸੁਪਨਾ ਪੂਰਾ ਹੋ ਗਿਆ। ਬੀਤੀ 13 ਮਈ ਨੂੰ ਦਿੱਲੀ ਤੋਂ 11.40 ਮਿੰਟ 'ਤੇ ਚੱਲਿਆ ਏਅਰ ਇੰਡੀਆ ਦਾ ਏਟੀਆਰ ਜਹਾਜ਼ 12.40 ਮਿੰਟ 'ਤੇ ਸਾਹਨੇਵਾਲ ਹਵਾਈ ਅੱਡੇ 'ਤੇ 46 ਯਾਤਰੀਆਂ ਨੂੰ ਲੈ ਕੇ ਉਤਰਿਆ।



ਸਿਵਲ ਏਵੀਏਸ਼ਨ ਵਿਭਾਗ ਅਨੁਸਾਰ ਇਹ ਜਹਾਜ਼ ਰੋਜ਼ਾਨਾ ਲੁਧਿਆਣਾ ਤੋਂ ਦਿੱਲੀ ਅਤੇ ਦਿੱਲੀ ਤੋਂ ਲੁਧਿਆਣਾ ਲਈ ਬਕਾਇਦਾ ਉਡਾਣ ਭਰਿਆ ਕਰੇਗਾ। ਇਸ ਨਾਲ ਪੰਜਾਬ ਦੇਸ਼ ਦੀ ਰਾਜਧਾਨੀ ਨਾਲ ਹਵਾਈ ਸਫ਼ਰ ਰਾਹੀਂ ਜੁੜ ਸਕੇਗਾ। ਇਸ ਉਡਾਣ ਦੇ ਸ਼ੁਰੂ ਹੋਣ ਨਾਲ ਜਿੱਥੇ ਲੁਧਿਆਣੇ ਦਾ ਵਪਾਰੀ ਤੇ ਉਦਯੋਗਪਤੀ ਵਰਗ ਖੁਸ਼ ਹੈ, ਉਥੇ ਟੂਰਿਜ਼ਮ ਵਿਭਾਗ ਵੀ ਆਪਣੇ ਖੇਤਰ ਵਿਚ ਵਾਧੇ ਹੋਣ ਦੀ ਗੱਲ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਲੁਧਿਆਣਾ ਦੇ ਇਸ ਹਵਾਈ ਅੱਡੇ ਤੋਂ ਪਹਿਲਾਂ ਵੀ ਕਈ ਵਾਰ ਦਿੱਲੀ ਨਾਲ ਹਵਾਈ ਸੰਪਰਕ ਜੋੜਿਆ ਗਿਆ ਪਰ ਇਸ ਵਾਰ ਲਗਭਗ 20 ਸਾਲਾਂ ਤੋਂ ਬਾਅਦ ਲੁਧਿਆਣਾ ਵਾਸੀਆਂ ਦੀ ਲਟਕਦੀ ਆ ਰਹੀ ਮੰਗ ਪੂਰੀ ਹੋ ਗਈ ਹੈ। ਦੂਸਰੇ ਪਾਸੇ ਪੰਜਾਬ ਦੀ ਰੂਲਿੰਗ ਪਾਰਟੀ ਅਕਾਲੀ ਦਲ ਬਾਦਲ, ਭਾਜਪਾ ਤੇ ਦੇਸ਼ ਦੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਕਾਂਗਰਸ ਵਿਚ ਇਸ ਉਪਲਬਧੀ ਦਾ ਕਰੈਡਿਟ ਲੈਣ ਲਈ ਭੱਦੀ ਰਾਜਨੀਤੀ ਦਾ ਖੇਡ ਦੇਖਣ ਨੂੰ ਮਿਲਿਆ। ਯਾਦ ਰਹੇ 1998 ਦੇ ਬਾਅਦ ਇਕ ਵਾਰ ਫਿਰ ਚਾਲੂ ਹੋਏ ਸਾਹਨੇਵਾਲ ਏਅਰਪੋਰਟ ਤੋਂ 13 ਮਈ ਨੂੰ ਭਾਵੇਂ ਲੁਧਿਆਣਾ-ਦਿੱਲੀ ਹਵਾਈ ਸੇਵਾ ਦੀ ਸ਼ੁਰੂਆਤ ਦਾ ਮੌਕਾ ਸੀ ਪਰ ਇਸ ਨਾਲੋਂ ਕਿਤੇ ਜ਼ਿਆਦਾ ਉਥੇ ਸਿਆਸੀ ਜੰਗ ਦੇ ਮੈਦਾਨ ਦਾ ਨਜ਼ਾਰਾ ਦਿਖਾਈ ਦਿੱਤਾ, ਜਿਸ ਦਾ ਇਕੋ-ਇਕ ਕਾਰਨ ਇਸ ਹਵਾਈ ਸੇਵਾ ਨੂੰ ਲੈ ਕੇ ਅਕਾਲੀ ਦਲ ਤੇ ਕਾਂਗਰਸ ਵਿਚ ਛਿੜੀ ਕ੍ਰੈਡਿਟ ਵਾਰ ਹੈ।

ਮਹਾਨਗਰ ਦੇ ਉਦਯੋਗਿਕ ਵਿਕਾਸ ਤੇ ਵਿਦੇਸ਼ਾਂ ਦੇ ਨਾਲ ਵੱਡੇ ਪੱਧਰ 'ਤੇ ਦਰਾਮਦ-ਬਰਾਮਦ ਹੋਣ ਦੇ ਬਾਵਜੂਦ ਦਿੱਲੀ ਤਕ ਹਵਾਈ ਸੰਪਰਕ ਦੀ ਘਾਟ ਨੂੰ ਪੂਰਾ ਕਰਨ ਦੇ ਨਾਂਅ 'ਤੇ ਸ਼ੁਰੂ ਹੋਈ ਇਸ ਹਵਾਈ ਸੇਵਾ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਨੂੰ ਲੈ ਕੇ ਅਕਾਲੀ ਦਲ ਤੇ ਕਾਂਗਰਸ ਵਿਚ ਰੱਸਾਕਸ਼ੀ ਫਲਾਈਟ ਦੇ ਦਿਨ ਤੋਂ ਹੀ ਸ਼ੁਰੂ ਹੋ ਗਈ ਸੀ ਕਿਉਂਕਿ ਪਹਿਲਾਂ ਕਾਂਗਰਸ ਦੇ ਰਾਸ਼ਟਰੀ ਬੁਲਾਰੇ ਮੁਨੀਸ਼ ਤਿਵਾੜੀ ਹਵਾਈ ਸੇਵਾ ਆਪਣੀਆਂ ਕੋਸ਼ਿਸ਼ਾਂ ਨਾਲ ਸ਼ੁਰੂ ਹੋਣ ਦੇ ਦਾਅਵੇ ਕਰਨ ਸਮੇਤ ਨਾਗਰਿਕ ਹਵਾਬਾਜ਼ੀ ਮੰਤਰਾਲੇ ਦੇ ਹਵਾਲੇ ਨਾਲ ਸਮੇਂ-ਸਮੇਂ 'ਤੇ ਸ਼ੈਡਿਊਲ ਵੀ ਜਾਰੀ ਕਰਦੇ ਰਹੇ ਪਰ ਟ੍ਰਾਇਲ ਫਲਾਈਟ ਸਮੇਂ ਪਾਇਲਟਾਂ ਨੂੰ ਸਿਰੋਪੇ ਦੇਣ ਪਹੁੰਚੇ ਅਕਾਲੀ ਨੇਤਾਵਾਂ ਨੂੰ ਕੇਕ ਕੱਟਣ ਦੀ ਇਜਾਜ਼ਤ ਨਾ ਮਿਲਣ ਨਾਲ ਚੰਗਿਆੜੀ ਨੇ ਅੱਗ ਦਾ ਰੂਪ ਧਾਰਨ ਕਰ ਲਿਆ, ਜਿਸ ਵਿਚ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਹਵਾਈ ਸੇਵਾ ਆਪਣੀਆਂ ਕੋਸ਼ਿਸ਼ਾਂ ਨਾਲ ਸ਼ੁਰੂ ਹੋਣ ਦਾ ਦਾਅਵਾ ਕਰ ਕੇ ਇਸ ਗੱਲ 'ਤੇ ਘਿਓ ਪਾਉਣ ਦਾ ਕੰਮ ਕੀਤਾ। ਇਸ ਦੇ ਮੱਦੇਨਜ਼ਰ ਤਿਵਾੜੀ ਸਮਰਥਕਾਂ ਨੇ ਅਕਾਲੀਆਂ ਨੂੰ ਹਵਾਈ ਜਹਾਜ਼ ਤੋਂ ਦੂਰ ਕਰਨ ਲਈ ਜਲਦਬਾਜ਼ੀ ਵਿਚ ਆਪਣੇ ਸਮਰਥਕਾਂ ਲਈ 30 ਟਿਕਟਾਂ ਬੁੱਕ ਕਰਵਾ ਦਿੱਤੀਆਂ ਪਰ ਪੰਜਾਬ ਦੀ ਉਦਯੋਗਿਕ ਰਾਜਧਾਨੀ ਵਿਚ ਸਿਆਸੀ ਰੋਟੀਆਂ ਸੇਕਣ ਦੀ ਹੋੜ ਵਿਚ ਅਕਾਲੀਆਂ ਨੇ ਵੀ ਅੱਡੀ-ਚੋਟੀ ਦਾ ਜ਼ੋਰ ਲਾ ਕੇ ਟਿਕਟਾਂ ਹਾਸਲ ਕਰ ਲਈਆਂ, ਜਿਸ ਦਾ ਨਤੀਜਾ ਸੀ ਕਿ ਸੁਖਬੀਰ ਬਾਦਲ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ, ਅਵਿਨਾਸ਼ ਰਾਏ ਖੰਨਾ, ਪਰਮਜੀਤ ਕੌਰ ਗੁਲਸ਼ਨ, ਰਤਨ ਸਿੰਘ ਅਜਨਾਲਾ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਨਾਲ ਦਿੱਲੀ ਤੋਂ ਲੁਧਿਆਣਾ ਆਉਣ ਵਾਲੀ ਪਹਿਲੀ ਫਲਾਈਟ ਨਾਲ ਇਥੇ ਪਹੁੰਚੇ ਤੇ ਸਭ ਤੋਂ ਪਹਿਲਾਂ ਹਵਾਈ ਜਹਾਜ਼ ਤੋਂ ਹੇਠਾਂ ਉਤਰ ਆਏ ਜਦਕਿ ਉਨ੍ਹਾਂ ਦੇ ਬਾਅਦ ਉਤਰਨ ਵਾਲਿਆਂ ਵਿਚ ਤਿਵਾੜੀ ਦੇ ਇਲਾਵਾ ਸੰਸਦ ਮੈਂਬਰ ਸੁਖਦੇਵ ਸਿੰਘ ਲਿਬੜਾ, ਸਾਬਕਾ ਮੰਤਰੀ ਸੁਰਿੰਦਰ ਡਾਬਰ, ਨਾਹਰ ਸਿੰਘ ਗਿੱਲ, ਕੇ.ਕੇ. ਬਾਵਾ, ਸਤੀਸ਼ ਸ਼ਰਮਾ ਸ਼ੋਅਮੈਨ, ਪਵਨ ਦੀਵਾਨ, ਰਾਜਾ ਵਾਰਮ ਲਾਈਨ, ਟੋਨੀ ਕਪੂਰ, ਸੁਸ਼ੀਲ ਮਲਹੋਤਰਾ, ਕਰਤਾਰ ਸਿੰਘ ਪਟਨਾ, ਪਲਵਿੰਦਰ ਤੱਗੜ, ਜਗਜੀਵਨਪਾਲ ਗਿੱਲ ਆਦਿ ਕਾਂਗਰਸੀ ਪ੍ਰਮੁੱਖ ਸਨ। ਉਧਰ ਹਵਾਈ ਸੇਵਾ ਨੂੰ ਲੈ ਕੇ ਛਿੜੀ ਕ੍ਰੈਡਿਟ ਵਾਰ ਦੇ ਚਲਦੇ ਸ਼ਕਤੀ ਪ੍ਰਦਰਸ਼ਨ ਲਈ ਅਕਾਲੀ ਦਲ ਤੇ ਕਾਂਗਰਸ ਨੇ ਆਪਣੇ-ਆਪਣੇ ਸਮਰਥਕਾਂ ਦੀ ਭਾਰੀ ਭੀੜ ਇਕੱਠੀ ਕੀਤੀ ਸੀ, ਜਿਨ੍ਹਾਂ ਨੂੰ ਸੰਬੋਧਨ ਕਰਨ ਲਈ ਦੋਨਾਂ ਹੀ ਪਾਰਟੀਆਂ ਦੇ ਨੇਤਾਵਾਂ ਨੇ ਏਅਰਪੋਰਟ ਦੇ ਆਸ-ਪਾਸ ਰੈਲੀਆਂ ਵੀ ਕੀਤੀਆਂ, ਜਿਸ ਦੇ ਮੱਦੇਨਜ਼ਰ ਪੁਲਸ ਨੇ ਸਖਤ ਪ੍ਰਬੰਧ ਕੀਤੇ ਹੋਏ ਸਨ, ਜਿਸ ਦੀ ਨਿਗਰਾਨੀ ਖੁਦ ਪੁਲਸ ਕਮਿਸ਼ਨਰ ਈਸ਼ਵਰ ਸਿੰਘ, ਡੀ.ਸੀ.ਪੀ. ਪ੍ਰਮੋਦ ਬਾਨ, ਡੀ.ਸੀ. ਰਾਹੁਲ ਤਿਵਾੜੀ ਤੇ ਏ.ਡੀ.ਸੀ. ਕੁਲਦੀਪ ਸਿੰਘ ਆਦਿ ਅਫਸਰ ਕਰ ਰਹੇ ਸਨ, ਜਦਕਿ ਏਅਰਪੋਰਟ ਨੂੰ ਜਾਣ ਵਾਲੀ ਸੜਕ 'ਤੇ ਆਮ ਵਾਹਨਾਂ ਦੀ ਐਂਟਰੀ ਬੰਦ ਹੋਣ ਕਾਰਨ ਚਾਰੋਂ ਪਾਸੇ ਸਿਆਸੀ ਪਾਰਟੀਆਂ ਦੇ ਵਰਕਰਾਂ ਦੀ ਭੀੜ ਨਾਲ ਮੇਲੇ ਵਰਗਾ ਮਾਹੌਲ ਸੀ ਪਰ ਇਸ ਰਾਜਨੀਤਿਕ ਜੰਗ ਦਾ ਖਮਿਆਜ਼ਾ ਆਮ ਜਨਤਾ ਨੂੰ ਵੀ ਭੁਗਤਣਾ ਪਿਆ ਕਿਉਂਕਿ ਸਿਕਸ ਲੇਨ ਪ੍ਰਾਜੈਕਟ ਕਾਰਨ ਪਹਿਲਾਂ ਤੋਂ ਦਿੱਲੀ ਜੀ.ਟੀ. ਰੋਡ 'ਤੇ ਲੰਬਾ ਟ੍ਰੈਫਿਕ ਜਾਮ ਲੱਗਣ ਕਾਰਨ ਲੋਕ ਗਰਮੀ ਨਾਲ ਬੇਹਾਲ ਹੋਏ।

# ਮਰਦਮਸ਼ੁਮਾਰੀ ਬਹਾਨੇ ਡਾਕਾ

**ਜਲੰਧਰ:** ਸ਼ਹਿਰ ਦੇ ਕੇਂਦਰੀ ਟਾਊਨ 'ਚ ਬੀਤੀ 16 ਮਈ ਨੂੰ ਮਰਦਮਸ਼ੁਮਾਰੀ ਕਰਨ ਬਹਾਨੇ ਆਏ ਕੁਝ ਲੁਟੇਰੇ ਇਕ ਘਰ ਦੇ ਮੈਂਬਰਾਂ ਨੂੰ ਬੰਧਕ ਬਣਾ ਕੇ 90 ਹਜ਼ਾਰ ਦੀ ਨਕਦੀ, ਸੋਨੇ ਦੀਆਂ ਵਾਲੀਆਂ ਤੇ ਮਾਰੂਤੀ ਕਾਰ ਲੈ ਕੇ ਫਰਾਰ ਹੋ ਗਏ। ਘਟਨਾ ਦਾ ਪਤਾ ਲੱਗਦਿਆਂ ਹੀ ਇਲਾਕੇ 'ਚ ਦਹਿਸ਼ਤ ਫੈਲ ਗਈ ਅਤੇ ਪੁਲਿਸ ਵਾਲੇ ਇਸ 'ਕਥਿਤ ਮਰਦਮਸ਼ੁਮਾਰੀ ਟੀਮ ਦੀ ਭਾਲ ਕਰਨ ਲਈ ਛਾਪਾਮਾਰੀ ਕਰ ਰਹੇ ਹਨ। ਪੁਲਿਸ ਮੁਤਾਬਕ ਕੇਂਦਰੀ ਟਾਊਨ 'ਚ ਐਮ ਡੀ ਪਬਲਿਕ ਸਕੂਲ ਚਲਾਉਣ ਵਾਲੇ ਰਜਿੰਦਰ ਭਾਰਦਵਾਜ ਦੇ ਘਰ ਸਵੇਰੇ 7.30 ਵਜੇ ਦੇ ਕਰੀਬ ਦੋ ਵਿਅਕਤੀ ਆਏ, ਜਿਨ੍ਹਾਂ ਨੇ ਖ਼ੁਦ ਨੂੰ ਮਰਦਮਸ਼ੁਮਾਰੀ ਕਰਨ ਵਾਲੇ ਅਧਿਕਾਰੀ ਦੱਸਦਿਆਂ ਪਰਿਵਾਰ ਵਾਲਿਆਂ ਤੋਂ ਜਾਣਕਾਰੀ ਮੰਗੀ। ਘਰ 'ਚ ਉਸ ਸਮੇਂ ਭਾਰਦਵਾਜ ਦੀ ਪਤਨੀ ਤੇ ਨੌਕਰ ਹੀ ਸਨ।

ਪੁਲਿਸ ਮੁਤਾਬਕ ਘਰ ਵਾਲਿਆਂ ਨੇ ਲੁਟੇਰਿਆਂ ਨੂੰ ਮਰਦਮਸ਼ੁਮਾਰੀ ਸਬੰਧੀ ਜਾਣਕਾਰੀ ਦੇਣ ਦੀ ਗੱਲ ਕਹੀ, ਪਰ ਲੁਟੇਰਿਆਂ ਨੇ ਫੁਰਤੀ ਵਰਤਦਿਆਂ ਕਿਹਾ ਕਿ ਉਨ੍ਹਾਂ ਨੇ ਘਰ ਦੀ ਕੁਝ ਫੋਟੋਗਰਾਫ਼ੀ ਕਰਨੀ ਹੈ, ਜਿਸ ਦੀ ਪਰਿਵਾਰ ਵਾਲਿਆਂ ਨੇ ਇਜਾਜ਼ਤ ਦੇ ਦਿੱਤੀ। ਇਸੇ ਦੌਰਾਨ ਇਸ ਟੀਮ ਦੇ ਦੋ ਹੋਰ ਬੰਦੇ ਘਰ 'ਚ ਦਾਖ਼ਲ ਹੋ ਗਏ, ਜਿਨ੍ਹਾਂ ਨੇ ਪੂਰੇ ਪਰਿਵਾਰ ਵਾਲਿਆਂ ਨੂੰ ਇਕ ਕਮਰੇ 'ਚ ਬੰਦ ਕਰ ਦਿੱਤਾ। ਲੁਟੇਰਿਆਂ ਨੇ ਉਨ੍ਹਾਂ ਦੇ ਮੋਬਾਇਲ ਫੋਨ ਖੋਹ ਕੇ ਹੱਥ ਪੈਰ ਤੇ ਮੂੰਹ ਬੰਨ੍ਹ ਦਿੱਤੇ। ਮਰਦਮਸ਼ੁਮਾਰੀ ਵਾਲੀ ਇਸ ਕਥਿਤ ਟੀਮ ਨੇ ਬੜੀ ਤਸੱਲੀ ਨਾਲ ਦੋ ਘੰਟੇ ਤੱਕ ਘਰ ਨੂੰ ਫਰੋਲਿਆ। ਇਸ ਫਰੋਲਾ-ਫਰਾਲੀ ਦੌਰਾਨ ਉਨ੍ਹਾਂ ਦੇ ਹੱਥ 90 ਹਜ਼ਾਰ ਦੀ ਨਕਦੀ ਤੇ ਸੋਨੇ ਦੀਆਂ ਦੋ ਵਾਲੀਆਂ ਲੱਗ ਗਈਆਂ, ਜਦਕਿ ਜਾਂਦੇ ਸਮੇਂ ਉਹ ਮਾਰੂਤੀ ਕਾਰ ਵੀ ਨਾਲ ਲੈ ਗਏ।




# ਨਿਰਮਲ ਕੁਟੀਆ ਦੇ ਮੁਖੀ ਬਾਬਾ ਪ੍ਰਧਾਨ ਦਾਸ ਦਾ ਕਤਲ

**ਮਾਹਿਲਪੁਰ :** ਇਥੋਂ ਨਜ਼ਦੀਕੀ ਪਿੰਡ ਬੱਡੋਂ ਵਿਖੇ ਕੁੱਝ ਅਣ-ਪਛਾਤੇ ਵਿਅਕਤੀਆਂ ਨੇ ਪਿੰਡ ਵਿਚ ਹੀ ਬਣੀ 'ਨਿਰਮਲ ਕੁਟੀਆ ਦੇ ਸੰਤ 109 ਮਣੀਆ ਦਾਸ' ਦੇ ਮੁਖੀ ਬਾਬਾ ਪ੍ਰਧਾਨ ਦਾਸ ਦੀ ਗੋਲੀਆਂ ਮਾਰ ਕੇ ਹਤਿਆ ਕਰ ਦਿਤੀ। ਇਕੱਤਰ ਕੀਤੀ ਜਾਣਕਾਰੀ ਅਨੁਸਾਰ 'ਨਿਰਮਲ ਕੁਟੀਆ ਮਾਈ ਦਾਸ' ਦੇ ਮੁੱਖ ਸੇਵਾਦਾਰ 'ਸੰਤ' ਪ੍ਰਧਾਨ ਦਾਸ ਨੇ ਰੋਜ਼ਾਨਾ ਵਾਂਗ ਲੰਘੀ17 ਮਈ ਨੂੰ ਸਵੇਰੇ ਚਾਰ ਵਜੇ ਉੱਠ ਕੇ ਨਿਤਨੇਮ ਕੀਤਾ। ਨਿਤਨੇਮ ਤੋਂ ਪਿੱਛੋਂ ਰੋਜ਼ਾਨਾ ਵਾਂਗ ਮੁੱਖ ਗੇਟ ਖੋਲ੍ਹਣ ਗਏ ਤਾਂ ਕੁਝ ਹਥਿਆਰਬੰਦ ਵਿਅਕਤੀਆਂ ਨੇ ਉਨ੍ਹਾਂ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ।



ਗੁਆਂਢੀਆਂ ਨੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਪਰ ਆਸ-ਪਾਸ ਦੇ ਲੋਕ ਇਹ ਹੀ ਸਮਝੇ ਕਿ ਸ਼ਾਇਦ ਕਿਸੇ ਨੇ ਟਰੈਕਟਰ-ਟਰਾਲੀ ਵਿਚ ਇੱਟਾਂ ਰੋੜੇ ਮਾਰੇ ਹਨ। ਕੋਈ ਵੀ ਕੁਟੀਆ ਵਲ ਨਾ ਗਿਆ। ਜਦੋਂ ਸ਼ਰਧਾਲੂਆਂ ਦਾ ਆਉਣਾ ਸ਼ੁਰੂ ਹੋਇਆ ਤਾਂ ਲੋਕਾਂ ਨੇ ਬਾਬੇ ਦੀ ਲਾਸ਼ ਵੇਖ ਕੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ। 'ਸੰਤ' ਪ੍ਰਧਾਨ ਦਾਸ ਦੇ ਸਰੀਰ ਵਿਚ ਕਰੀਬ 4 ਤੋਂ 6 ਗੋਲੀਆਂ ਵੱਜੀਆਂ ਵੇਖੀਆਂ ਗਈਆਂ। ਹਮਲਾਵਰਾਂ ਨੇ ਡੇਰੇ ਅੰਦਰ ਖੜੀ ਨਵੀਂ ਸਵਿਫ਼ਟ ਡਿਜ਼ਾਈਨਰ ਗੱਡੀ ਜਿਸ ਦਾ ਅਜੇ ਨੰਬਰ ਵੀ ਨਹੀਂ ਲਗਿਆ, ਦੇ ਪਿਛਲੇ ਟਾਇਰ ਵਿਚ ਅਤੇ ਬੰਪਰ ਵਿਚ ਵੀ ਗੋਲੀਆਂ ਮਾਰੀਆਂ। ਬਾਬਾ ਪ੍ਰਧਾਨ ਦਾਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹੁਸ਼ਿਆਰਪੁਰ ਦੇ ਐਸ.ਐਸ.ਪੀ. ਰਾਕੇਸ਼ ਅਗਰਵਾਲ, ਡੀ.ਐਸ.ਪੀ. ਅਤੇ ਥਾਣਾ ਮਹੇਟੀਆਣਾ ਦੇ ਐਸ.ਐਚ.ਓ. ਦਲਜੀਤ ਸਿੰਘ ਖੱਖ ਤੁਰੰਤ ਘਟਨਾ ਸਥਾਨ 'ਤੇ ਪਹੁੰਚ ਗਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ.ਐਸ.ਪੀ. ਰਾਕੇਸ਼ ਅਗਰਵਾਲ ਨੇ ਦਸਿਆ ਕਿ ਗੋਲੀ ਏ.ਕੇ. 47 ਰਾਈਫ਼ਲ ਨਾਲ ਚਲਾਈ ਗਈ ਹੈ।

ਕੁਟੀਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਤੇ ਇਲਾਕੇ ਵਿਚ 'ਸੰਤ' ਪ੍ਰਧਾਨ ਦਾਸ ਸਮਾਜ ਸੇਵੀ ਕੰਮਾਂ ਅਤੇ ਦਾਨੀ ਪੁਰਸ਼ ਵਜੋਂ ਜਾਣੇ ਜਾਂਦੇ ਸਨ। ਉਹ ਡੇਰੇ ਵਿਚ ਕਰੀਬ 10-12 ਸਾਲ ਤੋਂ ਰਹਿ ਰਹੇ ਸਨ। ਇਥੇ ਉਹ ਇਕੱਲੇ ਹੀ ਰਹਿੰਦੇ ਸਨ।

ਵਰਨਣਯੋਗ ਹੈ ਕਿ ਨਿਰਮਲੇ ਸੰਪਰਦਾਇ ਦੇ ਇਸ ਡੇਰੇ ਵਿਚ ਮੁਖੀ ਥਾਪਣ ਦੀ ਕਵਾਇਦ ਹਰਿਦੁਆਰ ਤੋਂ ਪੂਰੀ ਕੀਤੀ ਜਾਂਦੀ ਹੈ। ਏ.ਕੇ. 47 ਹਥਿਆਰ ਤੋਂ ਲਗਦਾ ਹੈ ਕਿ ਇਹ ਕਿਸੇ ਵੱਡੀ ਜਥੇਬੰਦੀ ਦਾ ਕੰਮ ਹੈ।



**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਿਤਿਨ ਗਡਕਰੀ ਦੀ ਬੇਤੁਕੀ ਬਿਆਨਬਾਜ਼ੀ ਦੇ ਸਿਆਪੇ

ਇਸ ਤੋਂ ਪਹਿਲਾਂ ਸਮਾਜਵਾਦੀ ਪਾਰਟੀ ਨੇ ਉਨ੍ਹਾਂ ਨੂੰ ਅਦਾਲਤ 'ਚ ਘੜੀਸਣ ਦੀ ਗੱਲ ਆਖੀ ਸੀ। ਕਾਂਗਰਸ ਨੇ ਇਸ 'ਤੇ ਟਿਪਣੀ ਕਰਦਿਆਂ ਆਖਿਆ ਸੀ ਕਿ ਗਡਕਰੀ ਕਿਸੇ ਕੌਮੀ ਪਾਰਟੀ ਦਾ ਮੁੱਖੀ ਬਣਨ ਦੇ ਯੋਗ ਨਹੀਂ ਹੈ। ਲਾਲੂ ਯਾਦਵ ਨੇ ਗਡਕਰੀ ਦੀ ਨਿੰਦਾ ਕਰਦਿਆਂ ਕਿਹਾ ਕਿ ਭਾਜਪਾ ਪ੍ਰਧਾਨ ਮਾਨਸਿੱਖ ਤੌਰ 'ਤੇ ਦੀਵਾਲੀਆ ਹੋ ਗਿਆ ਹੈ, ਉਸ ਦੇ ਇਲਾਜ ਲਈ ਉਹ ਪਹਿਲਾਂ ਉਹਨੂੰ ਗੋਲੀਆਂ ਦੇਣਗੇ, ਫਿਰ ਕੈਪਸੂਲ ਦੇਣਗੇ ਤੇ ਜੇਕਰ ਫਿਰ ਵੀ ਗੱਲ ਨਾ ਬਣੀ ਤਾਂ ਉਹ ਉਹਦੇ ਟੀਕਾ ਲਾਉਣਗੇ।

ਜ਼ਿਕਰਯੋਗ ਹੈ ਕਿ ਭਾਜਪਾ ਲਈ ਸ਼ਰਮਿੰਦਗੀ ਮਹਿਸੂਸ ਕਰਨ ਦਾ ਇਹ ਪਹਿਲਾ ਮੌਕਾ ਨਹੀਂ, ਇਸ ਤੋਂ ਹਫਤਾ ਭਰ ਪਹਿਲਾਂ ਲੋਕ ਸਭਾ 'ਚ ਭਾਜਪਾ ਦੇ ਜਨਰਲ ਸਕੱਤਰ ਅਨੰਤ ਕੁਮਾਰ ਨੇ ਵੀ ਲਾਲੂ ਯਾਦਵ ਦੇ ਵਿਰੁੱਧ ਟਿੱਪਣੀ ਕੀਤੀ ਸੀ। ਉਦੋਂ ਮਾਮਲੇ ਨੂੰ ਰਫਾ-ਦਫਾ ਕਰਨ ਲਈ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਨੂੰ ਮਾਫੀ ਮੰਗਣੀ ਪਈ ਸੀ ਪਰ ਹੁਣ ਪਾਰਟੀ ਪ੍ਰਧਾਨ ਹੀ ਆਪਣੀ ਜ਼ੁਬਾਨ 'ਤੇ ਕਾਬੂ ਨਹੀਂ ਰਖ ਸਕੇ ਜਿਸ ਲਈ ਪਾਰਟੀ ਨੂੰ ਸ਼ਰਮਿੰਦਗੀ ਉਠਾਉਣੀ ਪਈ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਅਜਿਹੀ ਅਸੱਭਿਅਕ ਟਿਪਣੀ ਪਿਛੇ ਜਿਹੇ ਸਾਬਕਾ ਪ੍ਰਧਾਨ ਮੰਤਰੀ ਐਚ.ਡੀ. ਦੇਵਗੌੜਾ ਨੇ ਕਰਨਾਟਕ ਦੇ ਮੁੱਖ ਮੰਤਰੀ ਯੁਦੀਰੱਪਾ ਬਾਰੇ ਕੀਤੀ ਸੀ। ਦੇਵਗੌੜਾ ਨੇ ਉਸ ਨੂੰ 'ਹਰਾਮੀ' ਤੇ 'ਕੁੱਤੀ ਦਾ ਪੁੱਤਰ' ਤਕ ਕਹਿ ਦਿੱਤਾ ਸੀ। ਉਦੋਂ ਸਮੁੱਚੀ ਭਾਜਪਾ ਲੀਡਰਸ਼ਿਪ ਭੜਕ ਪਈ ਸੀ ਤੇ ਉਨ੍ਹਾਂ ਨੇ ਦੇਵਗੌੜਾ ਨੂੰ ਇਕ ਗੰਵਾਰ ਤੇ ਅਸੱਭਿਅ ਇਨਸਾਨ ਐਲਾਨਿਆ ਸੀ ਜਿਸ ਨੂੰ ਸਿਆਸੀ ਸੱਭਿਆਚਾਰ ਦੇ ਮੁੱਢਲੇ ਅਸੂਲਾਂ ਦੀ ਵੀ ਪਰਵਾਹ ਨਹੀਂ। ਪਰ ਅਜਿਹੀ ਹੀ ਗੁਲਤੀ ਉਸੇ ਭਾਜਪਾ ਦੇ ਕੌਮੀ ਪ੍ਰਧਾਨ ਨੇ ਕੀਤੀ ਹੈ, ਜਿਹੜੀ ਪਾਰਟੀ ਇਹ ਸਮਝਦੀ ਹੈ ਕਿ ਉਸ ਦਾ ਸਿਆਸੀ ਸੱਭਿਆਚਾਰ ਬਾਕੀ ਪਾਰਟੀਆਂ ਨਾਲੋਂ ਸਾਫ-ਸੁਥਰਾ ਤੇ ਸੱਭਿਅਕ ਹੈ। ਸ੍ਰੀ ਗਡਕਰੀ ਦੇ ਬਿਆਨ ਨੇ ਪਾਰਟੀ ਦੇ ਇਨ੍ਹਾਂ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ।

ਸ੍ਰੀ ਗਡਕਰੀ ਦੀ ਸਪਾ ਅਤੇ ਰਾਜਦ ਮੁਖੀਆਂ ਖਿਲਾਫ ਟਿਪਣੀ ਦਾ ਮਾਮਲਾ ਅਜੇ ਠੰਢਾ ਨਹੀਂ ਸੀ ਪਿਆ ਕਿ ਉਨ੍ਹਾਂ ਨੇ 13 ਮਈ ਨੂੰ ਚੰਡੀਗੜ੍ਹ 'ਚ ਦਰਿਆਈ ਪਾਣੀਆਂ 'ਤੇ ਪੰਜਾਬ ਦੇ ਰਾਇਪੇਰੀਅਨ ਹੱਕ ਨੂੰ ਮੁੱਢੋਂ ਨਕਾਰ ਕੇ ਨਵਾਂ ਵਿਵਾਦ ਛੇੜ ਲਿਆ ਹੈ। ਉਨ੍ਹਾਂ ਕਿਹਾ ਕਿ ਦਰਿਆਵਾਂ ਨੂੰ ਆਪਸ ਵਿਚ ਜੋੜ ਕੇ ਦੂਜੇ ਰਾਜਾਂ ਲਈ ਵਰਤਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਹਰ ਸਾਲ ਮੀਂਹ ਦਾ ਪਾਣੀ ਦਰਿਆਵਾਂ ਵਿਚ ਰੁੜ੍ਹ ਜਾਂਦਾ ਹੈ ਅਤੇ 125000 ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ। ਪਰ ਜੇ ਸਾਰੇ ਦਰਿਆਵਾਂ ਨੂੰ ਉਤਰ ਪੂਰਬੀ, ਉਤਰ ਦੱਖਣੀ ਅਤੇ ਪੱਛਮ ਦੱਖਣੀ ਹਿੱਸਿਆਂ ਨਾਲ ਜੋੜ ਕੇ ਪਾਣੀ ਦਾ ਸਹੀ ਪ੍ਰਬੰਧ ਕੀਤਾ ਜਾਵੇ ਤਾਂ ਦੇਸ਼ ਦੀ ਖੇਤੀ ਦਾ ਸੁਧਾਰ ਹੋ ਜਾਵੇਗਾ ਅਤੇ ਅਰਬਾਂ ਰੁਪਏ ਦੀ ਬਿਜਲੀ ਵੀ ਬਚੇਗੀ। ਉਨ੍ਹਾਂ ਕਿਹਾ ਜੇ ਪੰਜਾਬ ਕੋਲ ਵਾਧੂ ਪਾਣੀ ਹੈ ਤਾਂ ਇਸ ਦੇ ਸਤਲੁਜ-ਰਾਵੀ-ਬਿਆਸ ਪਾਣੀਆਂ ਨੂੰ ਜੋੜ ਕੇ ਕਮੀ ਵਾਲੇ ਰਾਜਾਂ ਨੂੰ ਦਿੱਤਾ ਜਾਵੇ ਤਾਂ ਨੁਕਸਾਨ ਦੀ ਬਜਾਏ ਕਿਸਾਨਾਂ ਦਾ ਫਾਇਦਾ ਹੋਵੇਗਾ।

ਜ਼ਿਕਰਯੋਗ ਹੈ ਕਿ ਪੰਜਾਬ 'ਚ ਪਿਛਲੀ ਕਾਂਗਰਸ ਸਰਕਾਰ ਵੇਲੇ 2004 ਵਿਚ ਪੰਜਾਬ ਅਸੈਂਬਲੀ ਵਿਚ ਪਾਸ ਕੀਤੇ ਪਾਣੀਆਂ ਦੇ ਸਮਝੌਤੇ ਨੂੰ ਰੱਦ ਕਰਨ ਵਾਲੇ ਫੈਸਲੇ ਸਮੇਂ ਭਾਜਪਾ ਨੇ ਸਹਿਮਤੀ ਪ੍ਰਗਟਾਈ ਸੀ ਪਰ ਹੁਣ ਗਡਕਰੀ ਵੱਲੋਂ ਪਾਣੀਆਂ ਬਾਰੇ ਕੀਤੀ ਬਿਆਨਬਾਜ਼ੀ ਨੇ ਪੰਜਾਬ ਭਾਜਪਾ ਲਈ ਵੀ ਕੰਡੇ ਖਿਲਾਰ ਦਿਤੇ ਹਨ। ਗਡਕਰੀ ਨੇ ਸਤਲੁਜ-ਰਾਵੀ-ਬਿਆਸ ਦੇ ਨਾਲ ਨਾਲ ਕੇਂਦਰ ਸਰਕਾਰ ਨੂੰ ਬ੍ਰਹਮਪੁੱਤਰ-ਗੰਗਾ ਦਰਿਆ ਤੇ ਗੰਗਾ-ਯਮੁਨਾ ਜੋੜ ਕੇ ਹੋਰ ਰਾਜਾਂ ਵਿਚ ਵੀ ਲਿੰਕ ਕਰਨ ਦੀ ਸਕੀਮ ਨੂੰ ਅਮਲ ਵਿਚ ਲਿਆਉਣ ਦੀ ਵਕਾਲਤ ਕੀਤੀ ਹੈ। ਉਨ੍ਹਾਂ ਗੁਜਰਾਤ ਵਿਚ ਦਰਿਆਵਾਂ ਦੇ ਪਾਣੀਆਂ ਨੂੰ ਜੋੜ ਕੇ ਖੇਤੀ ਵਿਚ ਹੋਏ 14 ਫੀਸਦੀ ਵਿਕਾਸ ਦੀ ਸ਼ਲਾਘਾ ਕੀਤੀ ਜਦਕਿ ਬਾਕੀ ਦੇਸ਼ ਵਿਚ ਵਿਕਾਸ ਦੀ ਇਹ ਦਰ 2 ਫੀਸਦੀ ਹੈ। ਗਡਕਰੀ ਨੇ ਸਿੰਚਾਈ ਵਿਭਾਗ ਤੇ ਹੋਰ ਸੰਬੰਧਿਤ ਮਹਿਕਮਿਆਂ ਨੂੰ ਰਾਜ ਸੂਚੀ ਵਿਚੋਂ ਕੱਢ ਕੇ ਸਾਂਝੀ ਸੂਚੀ ਵਿਚ ਪਾਉਣ ਦੀ ਵਕਾਲਤ ਵੀ ਕੀਤੀ। ਉਨ੍ਹਾਂ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚਾਲੇ ਪਾਣੀ ਦੇ ਝਗੜੇ ਹੱਲ ਕਰਨ ਲਈ ਕੇਂਦਰ ਸਰਕਾਰ ਨੂੰ ਦ੍ਰਿੜ ਇਰਾਦਾ ਰੱਖਣ ਦੀ ਸਲਾਹ ਦਿੱਤੀ ਹੈ।

ਭਾਜਪਾ ਪ੍ਰਧਾਨ ਦੇ ਇਸ ਬਿਆਨ ਦੀ ਭਾਰਤੀ ਕਿਸਾਨ ਯੂਨੀਅਨ ਅਤੇ ਸਿੱਖ ਜਥੇਬੰਦੀਆਂ ਨੇ ਸਖਤ ਨਿਖੇਧੀ ਕੀਤੀ ਹੈ। ਕਿਸਾਨ ਯੂਨੀਅਨ ਦੇ ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਅਤੇ ਜਨਰਲ ਸਕੱਤਰ ਅਜਮੇਰ ਸਿੰਘ ਗਿੱਲ ਨੇ ਕਿਹਾ ਹੈ ਕਿ ਭਾਜਪਾ ਦੇ ਕੌਮੀ ਪ੍ਰਧਾਨ ਦੇ ਇਸ ਬਿਆਨ ਵਿਚੋਂ ਫਿਰਕਾਪ੍ਰਸਤੀ ਦੀ ਬੋਅ ਆ ਰਹੀ ਹੈ ਅਤੇ ਭਾਜਪਾ ਦਾ ਕਿਸਾਨ ਵਿਰੋਧੀ ਚਿਹਰਾ ਵੀ ਨੰਗਾ ਹੋਇਆ ਹੈ। ਸ. ਲੱਖੋਵਾਲ ਨੇ ਕਿਹਾ ਕਿ ਰਿਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਵਿਚ ਵਗਦੇ ਦਰਿਆਵਾਂ 'ਤੇ ਪੰਜਾਬ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਰਿਆਵਾਂ ਨਾਲ ਜੇ ਹੜ੍ਹਾਂ ਵਿਚ ਨੁਕਸਾਨ ਪੰਜਾਬੀ ਉਠਾਉਂਦੇ ਹਨ ਤਾਂ ਇਸ ਦਾ ਪਾਣੀ ਵਰਤਣ ਦਾ ਹੱਕ ਵੀ ਇਨ੍ਹਾਂ ਦਾ ਹੀ ਬਣਦਾ ਹੈ।

## ਲਕਸ਼ਮੀ ਕਾਂਤਾ ਦੇ ਵਿਭਾਗ 'ਚ ਤਬਦੀਲੀ ਤੈਅ, ਸਾਹਨੀ ਮੁਅੱਤਲ

**ਚੰਡੀਗੜ੍ਹ:** ਭਾਜਪਾ ਦੇ ਜਗਦੀਸ਼ ਸਾਹਨੀ ਨੇ ਭਾਵੇਂ ਮੁੱਖ ਪਾਰਲੀਮਾਨੀ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਤੇ ਪਾਰਟੀ ਵਲੋਂ ਉਨ੍ਹਾਂ ਨੂੰ ਮੁਢਲੀ ਮੈਂਬਰਸ਼ਿਪ ਤੋਂ ਮੁਅੱਤਲ ਵੀ ਕਰ ਦਿੱਤਾ ਗਿਆ ਹੈ, ਪ੍ਰੰਤੂ ਇਸ ਨਾਲ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਦੀਆਂ ਮੁਸ਼ਕਲਾਂ ਹੱਲ ਨਹੀਂ ਹੋਈਆਂ। ਸਾਹਨੀ, ਜੋ ਆਪਣੇ ਸੁਭਾਅ ਮੁਤਾਬਕ ਗਰਮ ਸੁਭਾਅ ਦੇ ਆਗੂ ਹਨ, ਨੇ ਹੁਣ ਚਾਵਲਾ 'ਤੇ ਹਮਲੇ ਹੋਰ ਤਿੱਖੇ ਕਰ ਦਿੱਤੇ ਹਨ। ਇਕ ਵਿਧਾਇਕ ਵਜੋਂ ਉਹ ਚਾਵਲਾ 'ਤੇ ਪਹਿਲਾਂ ਵੀ ਕਈ ਤਰ੍ਹਾਂ ਹਮਲੇ ਕਰਦੇ ਰਹਿੰਦੇ ਹਨ। ਸਿਆਸੀ ਮਾਹਰਾਂ ਅਨੁਸਾਰ ਚਾਵਲਾ-ਸਾਹਨੀ ਵਿਵਾਦ 'ਚ ਪਿੱਠ ਭਾਵੇਂ ਸਾਹਨੀ ਦੀ ਹੀ ਲੱਗੀ ਹੈ, ਪਰ ਉਹ ਹੁਣ ਵੀ ਟਿੱਕ ਕੇ ਬੈਠਣ ਵਾਲੇ ਨਹੀਂ। ਸਾਹਨੀ ਦੀ ਪਿੱਠ ਲੱਗਣ ਪਿੱਛੇ ਸੂਬਾ ਲੀਡਰਸ਼ਿੱਪ ਦਾ ਉਨ੍ਹਾਂ ਨੂੰ ਸਮਰਥਨ ਨਾ ਮਿਲਣਾ ਵੀ ਇਕ ਮੁੱਖ ਕਾਰਨ ਸਮਝਿਆ ਜਾ ਰਿਹਾ ਹੈ।

ਭਾਜਪਾ ਦੇ ਸੂਤਰਾਂ ਦੀ ਗੱਲ 'ਤੇ ਜੇਕਰ ਯਕੀਨ ਕੀਤਾ ਜਾਵੇ ਤਾਂ ਸਾਹਨੀ ਵਲੋਂ ਲਾਏ ਦੋਸ਼ਾਂ ਨੂੰ ਦੇਖਦੇ ਹੋਏ ਪਾਰਟੀ ਨੇ ਚਾਵਲਾ ਦਾ ਵਿਭਾਗ ਬਦਲਣ ਦਾ ਫੈਸਲਾ ਕਰ ਲਿਆ ਹੈ। ਸੂਤਰਾਂ ਅਨੁਸਾਰ ਚਾਵਲਾ ਤੋਂ ਸਿਹਤ ਵਿਭਾਗ ਲੈ ਕੇ ਤੀਕਸ਼ਣ ਸੂਦ ਨੂੰ ਦੇਣ ਬਾਰੇ ਸਹਿਮਤੀ ਬਣ ਗਈ ਹੈ, ਜਦੋਂਕਿ ਸੂਦ ਤੋਂ ਜੰਗਲਾਤ ਵਿਭਾਗ ਲੈ ਕੇ ਬੀਬੀ ਚਾਵਲਾ ਨੂੰ ਦਿੱਤਾ ਜਾ ਸਕਦਾ ਹੈ।

ਪਾਰਟੀ ਦੇ ਉੱਚ ਹਲਕਿਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਇੰਨੇ ਦੋਸ਼ ਲੱਗਣ 'ਤੇ ਚਾਵਲਾ ਦਾ ਵਿਭਾਗ ਬਦਲਣਾ ਪਾਰਟੀ ਦੀ ਮਜ਼ਬੂਰੀ ਬਣ ਗਈ ਹੈ, ਕਿਉਂਕਿ ਆਪਣੀ ਹੀ ਪਾਰਟੀ ਦੇ ਵਿਧਾਇਕ ਵਲੋਂ ਖੁੱਲ੍ਹੇਆਮ ਮੰਤਰੀ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਉਣ ਨਾਲ ਪਾਰਟੀ ਦਾ ਅਕਸ ਵੀ ਖਰਾਬ ਹੁੰਦਾ ਹੈ। ਪੰਜਾਬ ਭਾਜਪਾ ਲੀਡਰਸ਼ਿਪ ਚਾਵਲਾ-ਸਾਹਨੀ ਵਿਵਾਦ ਨਾਲ ਪਾਰਟੀ ਨੂੰ ਹੋਏ ਨੁਕਸਾਨ 'ਚ ਵੀ ਭਰਪਾਈ ਲਈ ਚਾਵਲਾ ਦਾ ਵਿਭਾਗ ਬਦਲੇ ਜਾਣ ਦੀ ਸਿਫਾਰਸ਼ ਹਾਈ-ਕਮਾਂਡ ਨੂੰ ਕਰ ਚੁੱਕੀ ਹੈ। ਸੂਬਾ ਭਾਜਪਾ ਲੀਡਰਸ਼ਿਪ ਨੇ ਦੋਵਾਂ ਆਗੂਆਂ ਦੇ ਸੁਭਾਅ ਨੂੰ ਦੇਖਦੇ ਹੋਏ ਸਾਰਾ ਮਾਮਲਾ ਪਹਿਲਾਂ ਹੀ ਹਾਈਕਮਾਂਡ ਦੇ ਸਿਰ ਮੜ੍ਹ ਦਿੱਤਾ ਸੀ। ਸਾਹਨੀ ਵੱਲੋਂ ਖਾਲੀ ਕੀਤੇ ਮੁੱਖ ਪਾਰਲੀਮਾਨੀ ਸਕੱਤਰ ਦੇ ਅਹੁਦੇ ਲਈ ਵੀ ਕੀ ਵਿਧਾਇਕਾਂ ਨੇ ਲਾਬਿੰਗ ਸ਼ੁਰੂ ਕਰ ਦਿੱਤੀ ਹੈ।

ਇਸ ਦੌਰਾਨ ਖਬਰ ਹੈ ਕਿ ਬੀਬੀ ਲਕਸ਼ਮੀ ਕਾਂਤਾ ਚਾਵਲਾ ਨਾਲ ਤਕਰਾਰ ਦੌਰਾਨ ਖੁੱਲ੍ਹੇਆਮ ਦੂਸ਼ਣਬਾਜ਼ੀ ਕਰਨ ਵਾਲੇ ਭਾਜਪਾ ਵਿਧਾਇਕ ਜਗਦੀਸ਼ ਸਾਹਨੀ ਨੂੰ ਅਨੁਸ਼ਾਸਨਹੀਣਤਾ ਦੇ ਦੋਸ਼ਾਂ ਅਧੀਨ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ।

ਬਟਾਲਾ ਅਸੰਬਲੀ ਹਲਕੇ ਤੋਂ ਵਿਧਾਇਕ ਸਾਹਨੀ, ਜਿਸ ਨੇ ਸੋਮਵਾਰ ਨੂੰ ਆਪਣੇ ਮੁੱਖ ਪਾਰਲੀਮਾਨੀ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭੇਜ ਦਿੱਤਾ ਸੀ, ਨੂੰ ਦਿੱਤੇ ਗਏ ਨੋਟਿਸ ਵਿਚ ਪੰਜਾਬ ਭਾਜਪਾ ਦੇ ਮੁੱਖੀ ਅਸ਼ਵਨੀ ਸ਼ਰਮਾ ਨੇ ਉਨ੍ਹਾਂ ਕੋਲੋਂ ਸੱਤ ਦਿਨ ਦੇ ਅੰਦਰ-ਅੰਦਰ ਸਪੱਸ਼ਟੀਕਰਨ ਮੰਗਿਆ ਹੈ।

ਇਸ ਨੋਟਿਸ ਵਿਚ ਸ਼ਰਮਾ ਨੇ ਕਿਹਾ ਹੈ ਕਿ ਜੇ ਇਸ ਸਮੇਂ ਦੇ ਅੰਦਰ-ਅੰਦਰ ਤੁਸੀਂ ਕੋਈ ਜਵਾਬ ਨਹੀਂ ਦਿੰਦੇ, ਤਾਂ ਇਹ ਸਮਝ ਲਿਆ ਜਾਵੇਗਾ ਕਿ ਤੁਹਾਡੇ ਵਿਰੁਧ ਲਾਏ ਗਏ ਦੋਸ਼ ਸਹੀ ਹਨ ਅਤੇ ਪਾਰਟੀ ਤੁਹਾਡੇ ਵਿਰੁੱਧ ਇਕਤਰਫਾ ਫੈਸਲਾ ਲਵੇਗੀ। ਸਾਹਨੀ ਨੇ ਸਿਹਤ ਮੰਤਰੀ ਚਾਵਲਾ ਵਿਰੁਧ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਾਏ ਸਨ, ਜਿਨ੍ਹਾਂ ਤੋਂ ਬੀਬੀ ਚਾਵਲਾ ਨੇ ਇਨਕਾਰ ਕੀਤਾ ਹੈ। ਪਾਰਟੀ ਦੇ ਅੰਦਰੂਨੀ ਮਾਮਲੇ ਮੀਡੀਆ ਵਿਚ ਲਿਜਾਣ ਲਈ ਸ਼ਰਮਾ ਨੇ ਸਾਹਨੀ ਦੀ ਸਖਤ ਖਿਚਾਈ ਕੀਤੀ ਹੈ।

## ਔਰਤਾਂ ਦੇ ਹੱਕਾਂ ਲਈ ਭੂਮੀ ਸੁਧਾਰਾਂ ਨੂੰ ਹਰੀ ਝੰਡੀ

**ਚੰਡੀਗੜ੍ਹ:** ਬੀਤੀ 17 ਮਈ ਨੂੰ ਇਥੇ ਇੱਥੇ ਹੋਈ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਵਿਚ ਕਈ ਅਹਿਮ ਫੈਸਲੇ ਲਏ ਗਏ, ਜਿਨ੍ਹਾਂ ਵਿਚ ਕਬੱਡੀ ਖਿਡਾਰੀਆਂ ਨੂੰ ਨੌਕਰੀ ਦੇਣ ਲਈ ਨਿਯਮਾਂ 'ਚ ਸੋਧ ਕਰਨ ਤੋਂ ਇਲਾਵਾ ਔਰਤਾਂ ਦੇ ਹੱਕਾਂ ਲਈ ਸੋਧੇ ਭੂ-ਕਾਨੂੰਨਾਂ ਨੂੰ ਵੀ ਹਰੀ ਝੰਡੀ ਦਿੱਤੀ ਗਈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਭਾਰਤ ਦੇ ਉਪ-ਰਾਸ਼ਟਰਪਤੀ ਸ੍ਰੀ ਭੈਰੋਂ ਸਿੰਘ ਸ਼ੇਖਾਵਤ, ਜੋ ਕਿ 15 ਮਈ ਨੂੰ ਅਕਾਲ ਚਲਾਣਾ ਕਰ ਗਏ, ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ। ਮੰਤਰੀ ਪ੍ਰੀਸ਼ਦ ਨੇ ਸ੍ਰੀ ਸ਼ੇਖਾਵਤ ਨੂੰ ਇਕ ਬਹੁਤ ਹੀ ਸੁਲਝੇ ਸਿਆਸਤਦਾਨ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਨੇ ਆਪਣੇ ਜੀਵਨ ਦਾ ਲੰਮਾ ਪੰਧ ਸਿਆਸਤ ਦੇ ਲੇਖੇ ਲਗਾਇਆ। ਵਿਸ਼ਵ ਕੱਪ ਕਬੱਡੀ 2010 ਵਿਚ ਭਾਰਤੀ ਟੀਮ ਦੀ ਵਿਲੱਖਣ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਮੰਤਰੀ ਮੰਡਲ ਨੇ ਜੇਤੂ ਟੀਮ ਦੇ ਸਾਰੇ ਖਿਡਾਰੀਆਂ ਨੂੰ ਪੰਜਾਬ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ (ਕਲਾਸ-3) ਸਰਵਿਸ ਰੂਲਜ਼, 1989 ਅਤੇ ਪੰਜਾਬ ਮਾਰਕਿਟ ਕਮੇਟੀਜ਼ (ਕਲਾਸ-3) ਸਰਵਿਸ ਰੂਲ, 1989 ਵਿਚ ਢਿੱਲ ਦੇ ਕੇ ਪੰਜਾਬ ਮੰਡੀ ਬੋਰਡ/ਮਾਰਕਿਟ ਕਮੇਟੀਆਂ ਵਿਚ ਨਿਯੁਕਤ ਕਰਨ ਨੂੰ ਸਿਧਾਂਤਕ ਪ੍ਰਵਾਨਗੀ ਦਿੱਤੀ ਗਈ।

ਇੱਕ ਹੋਰ ਮਹੱਤਵਪੂਰਨ ਫੈਸਲੇ ਵਿਚ ਮੰਤਰੀ ਪ੍ਰੀਸ਼ਦ ਨੇ ਲੈਂਡ ਰਿਫੌਰਮਜ਼ ਐਕਟ, 1972 ਪੰਜਾਬ ਸਕਿਉਰਿਟੀ ਆਫ ਲੈਂਡ ਟਨਿਓਰ ਐਕਟ, 1953 ਅਤੇ ਪੈਪਸੂ ਟੈਨੇਂਸੀ ਅਤੇ ਐਗਰੀਕਲਚਰਲ ਲੈਂਡ ਐਕਟ, 1955 ਵਿਚ ਸੋਧਾਂ ਨੂੰ ਮਨਜ਼ੂਰੀ ਦਿੱਤੀ ਗਈ। ਇਨ੍ਹਾਂ ਸੋਧਾਂ ਮੁਤਾਬਕ ਪੰਜਾਬ ਲੈਂਡ ਰਿਫਾਰਮਜ਼ ਐਕਟ, 1972 ਅਧੀਨ ਬਾਲਗ ਪੁੱਤਰੀਆਂ ਨੂੰ ਬਾਲਗ ਪੁੱਤਰਾਂ ਵਾਂਗ ਹੀ ਆਪਣੇ ਪਿਤਾ ਦੀ ਜ਼ਮੀਨ ਵਿਚੋਂ ਯੋਗ ਰਕਬਾ ਰੱਖਣ ਦਾ ਹੱਕ ਪ੍ਰਾਪਤ ਹੋ ਜਾਵੇਗਾ। ਇਸ ਤੋਂ ਇਲਾਵਾ ਕਿਸੇ ਮੁਜਾਰੇ ਦੀ ਮੌਤ ਤੋਂ ਬਾਅਦ ਉਸ ਦੀ ਟੈਨੇਂਸੀ ਜੋ ਕਿ ਸਿਰਫ ਉਸ ਦੇ ਪੁਰਸ਼ ਵਾਰਸਾਂ, ਮਾਤਾ ਜਾਂ ਵਿਧਵਾ ਨੂੰ ਹੀ ਮਿਲਦੀ ਸੀ ਅਤੇ ਜਿਸ ਨਾਲ ਮਹਿਲਾ ਵਾਰਸਾਂ ਪ੍ਰਤੀ ਘੋਰ ਵਿਤਕਰਾ ਪਾਇਆ ਗਿਆ ਹੈ, ਨੂੰ ਦੂਰ ਕਰਨ ਲਈ ਪੰਜਾਬ ਮੰਤਰੀ ਮੰਡਲ ਵਲੋਂ ਪੰਜਾਬ ਸਕਿਉਰਿਟੀ ਆਫ ਲੈਂਡ ਟਨਿਓਰ ਐਕਟ, 1953 ਅਤੇ ਪੈਪਸੂ ਟੈਨੇਂਸੀ ਅਤੇ ਐਗਰੀਕਲਚਰਲ ਲੈਂਡ ਐਕਟ, 1955 ਅਧੀਨ ਮਨਜ਼ੂਰੀ ਦਿੰਦੇ ਹੋਏ ਦੋ ਹੋਰ ਫੈਸਲੇ ਲਏ ਗਏ ਹਨ ਕਿ ਕਿਸੇ ਮੁਜਾਰੇ ਦੀ ਮੌਤ ਤੋਂ ਬਾਅਦ ਜੇਕਰ ਉਹ ਆਪਣੇ ਪਿੱਛੇ ਪੁਰਸ਼ ਵਾਰਸ ਨਹੀਂ ਛੱਡਦਾ ਤਾਂ ਮਹਿਲਾ ਵਾਰਸਾਂ ਨੂੰ ਵੀ ਉਸ ਦੀ ਟੈਨੇਂਸੀ ਪ੍ਰਾਪਤ ਹੋ ਸਕੇਗੀ। ਮੰਤਰੀ ਮੰਡਲ ਨੇ ਪ੍ਰਾਈਵੇਟ ਸਰਵਿਸ ਗੱਡੀਆਂ, ਪਰਮਿਟ ਗੱਡੀਆਂ ਦੇ ਟੈਕਸਾਂ ਵਿਚ ਇਕਸਾਰਤਾ ਲਿਆਉਣ ਲਈ 1-12 ਸੀਟਾਂ ਦੀ ਸਮਰੱਥਾ 30,000 ਰੁਪਏ ਦੀ ਦਰ ਨਾਲ 13 ਤੋਂ 30 ਸੀਟਾਂ ਲਈ 45000 ਅਤੇ 31 ਤੋਂ ਵੱਧ ਸੀਟਾਂ ਲਈ 60000 ਰੁਪਏ ਵਸੂਲਣ ਦਾ ਫੈਸਲਾ ਕੀਤਾ ਹੈ। ਜਦ ਕਿ ਪਹਿਲਾਂ ਟ੍ਰੇਡ ਅਤੇ ਬਿਜ਼ਨਸ ਲਈ ਵਰਤੀਆਂ ਜਾਣ ਵਾਲੀਆਂ ਗੱਡੀਆਂ 'ਤੇ ਇਹ ਟੈਕਸ ਉਕਾ-ਪੁੱਕਾ 45000 ਰੁਪਏ ਸਾਲਾਨਾ ਸੀ।

## ਨਵੀਂ ਕਾਰ 'ਚ ਸਵਾਰ ਟੱਬਰ ਭਾਖੜਾ 'ਚ ਡੁੱਬਿਆ

**ਸਮਾਣਾ :** ਸਮਾਣਾ ਦੇ ਇਕ ਆੜ੍ਹਤੀ ਦਾ ਪਰਵਾਰ ਕਾਰ ਸਣੇ ਭਾਖੜਾ ਨਹਿਰ ਵਿਚ ਡਿੱਗਣ ਕਾਰਨ ਲਾਪਤਾ ਹੋ ਗਿਆ। ਇਸ ਘਟਨਾ ਵਿਚ ਆੜ੍ਹਤੀ ਪ੍ਰਸ਼ੋਤਮ ਦਾਸ ਭੋਲਾ (52), ਉਸ ਦੀ ਪਤਨੀ ਸ਼ਸ਼ੀ ਬਾਲਾ (50) ਅਤੇ ਧੀ ਮੋਨਿਕਾ (20) ਵੀ ਮੌਤ ਦੇ ਮੂੰਹ ਜਾ ਪਏ। ਆੜਤੀ ਨੇ ਕੁੱਝ ਦਿਨ ਪਹਿਲਾਂ ਨਵੀਂ ਸੈਂਟਰੋ ਕਾਰ ਖ਼ਰੀਦੀ ਸੀ। 18 ਮਈ ਨੂੰ ਉਹ ਮੰਦਰ ਮਾਈਸਰ ਅਤੇ ਗੁਰਦਵਾਰਾ ਗੜ੍ਹੀ ਸਾਹਿਬ ਵਿਖੇ ਮੱਥਾ ਟੇਕ ਕੇ ਵਾਪਸ ਆ ਰਿਹਾ ਸੀ ਤਾਂ ਗੜ੍ਹੀ ਸਾਹਿਬ ਨੇੜੇ ਹੀ ਉਸ ਦੀ ਕਾਰ ਨਹਿਰ ਵਿਚ ਜਾ ਡਿੱਗੀ।

## ਵੀਆਨਾ ਕਾਂਡ ਦੇ ਮੁਲਜ਼ਮਾਂ ਖਿਲਾਫ ਦੋਸ਼ ਆਇਦ

**ਵੀਆਨਾ:** ਆਸਟਰੀਆ ਦੇ ਅਧਿਕਾਰੀਆਂ ਨੇ ਪਿਛਲੇ ਸਾਲ 24 ਮਈ ਨੂੰ ਵੀਆਨਾ ਵਿਖੇ ਇਕ ਗੁਰਦੁਆਰੇ 'ਚ ਧਾਰਮਿਕ ਸਮਾਗਮ ਦੌਰਾਨ ਗੋਲੀਬਾਰੀ ਕਰਨ ਦੇ ਮਾਮਲੇ ਵਿਚ ਛੇ ਵਿਅਕਤੀਆਂ ਵਿਰੁਧ ਦੋਸ਼ ਆਇਦ ਕੀਤੇ ਹਨ। ਵਰਨਣਯੋਗ ਹੈ ਕਿ ਇਸ ਘਟਨਾ ਵਿਚ ਡੇਰਾ ਬੱਲਾਂ ਦੇ ਸੰਤ ਰਾਮਾਨੰਦ ਦੀ ਮੌਤ ਹੋ ਗਈ ਸੀ, ਜਦਕਿ ਡੇਰੇ ਦੇ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਸਣੇ ਦਰਜਨ ਦੇ ਕਰੀਬ ਜ਼ਖ਼ਮੀ ਹੋ ਗਏ ਸਨ। ਇਸ ਘਟਨਾ ਕਾਰਨ ਪੰਜਾਬ ਵਿਚ ਹਿੰਸਾ ਫੈਲ ਗਈ ਸੀ ਤੇ ਹਜ਼ਾਰਾਂ ਕਰੋੜ ਰੁਪਏ ਦੀ ਸੰਪਤੀ ਦਾ ਨੁਕਸਾਨ ਹੋਇਆ ਸੀ।

ਇਨ੍ਹਾਂ ਛੇ ਜਣਿਆਂ 'ਚੋਂ ਇਕ ਨੂੰ ਮਾਮਲੇ ਦੀ ਸੁਣਵਾਈ ਤੋਂ ਪਹਿਲਾਂ ਹਿਰਾਸਤ ਵਿਚ ਲਿਆ ਜਾ ਚੁੱਕਿਆ ਹੈ ਉਸ ਉਪਰ ਕਤਲ ਕਰਨ ਤੇ ਇਰਾਦਾ-ਏ-ਕਤਲ ਦੇ ਦੋ ਮਾਮਲੇ ਹਨ। ਜਦਕਿ ਬਾਕੀਆਂ ਉਪਰ ਕਤਲ ਕਰਨ 'ਚ ਸ਼ਾਮਲ ਹੋਣ ਤੇ ਇਰਾਦਤਨ ਹਿੰਸਾ ਫੈਲਾਉਣ ਦਾ ਦੋਸ਼ ਹੈ। ਇਨ੍ਹਾਂ ਸਾਰਿਆਂ ਦੀ ਪਛਾਣ ਗੁਪਤ ਰੱਖੀ ਗਈ ਹੈ। ਅਦਾਲਤ ਦੇ ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਖਿਲਾਫ ਅਗਲੇ ਕੁਝ ਹਫਤਿਆਂ ਵਿਚ ਮੁਕਦਮਾ ਸ਼ੁਰੂ ਹੋ ਜਾਵੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ

ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਲੋਕ ਦੁੱਧ ਦੇ ਰੂਪ 'ਚ ਪੀ ਰਹੇ ਹਨ ਜ਼ਹਿਰ**

-ਪਾਣੀ ਦੇ ਰੂਪ 'ਚ ਵੀ ਜ਼ਹਿਰ ਹੀ ਪੀ ਰਹੇ ਨੇ ਬਾਦਸ਼ਾਹੋ।

***ਚੱਪੜਚਿੜੀ ਵਿਚ ਜਿਸ ਰੁੱਖ ਨਾਲ ਵਜ਼ੀਰ ਖਾਨ ਨੂੰ ਲਟਕਾਇਆ ਗਿਆ ਸੀ, ਉਹ ਹਾਲੇ ਤੱਕ ਹਰਾ ਹੈ**

-ਕਾਰ ਸੇਵਾ ਵਾਲੇ ਬਾਬਿਆਂ ਦੀ ਨਿਗ੍ਹਾ ਨਹੀਂ ਚੜ੍ਹਿਆ ਹੋਣੈ।

***ਇਤਿਹਾਸ ਤੋਂ ਨਾ-ਵਾਕਫ ਲੋਕਾਂ ਨੂੰ ਧਾਰਮਿਕ ਸਟੇਜਾਂ ਤੋਂ ਬੋਲਣ ਲਈ ਕਿਉਂ ਸੱਦਾ ਦਿੱਤਾ ਜਾਂਦਾ ਹੈ? ਮੋਹਕਮ ਸਿੰਘ**

-ਤਾਂ ਕਿ ਉਹ ਸੰਗਤਾਂ ਨੂੰ ਗੁਮਰਾਹ ਕਰ ਸਕਣ।

***ਸੁਖਬੀਰ ਬਾਦਲ ਨੂੰ ਮਿਲਣ ਗਈ ਪੰਥ ਦੀ ਧੀ ਹਿਰਾਸਤ ਵਿਚ**

-ਪੰਥ ਦੇ ਦੋਖੀਆਂ ਨੂੰ ਉਚੇ ਅਹੁਦਿਆਂ ਨਾਲ ਨਿਵਾਜਣ ਵਾਲੇ ਪੰਥ ਦੇ ਧੀਆਂ-ਪੁੱਤਰਾਂ ਨਾਲ ਇਹੀ ਹਾਲ ਕਰਨਗੇ।

***ਪੰਥ ਦੇ ਪ੍ਰਚਾਰਕ ਯੂਰਪੀਅਨ ਦੇਸ਼ਾਂ 'ਚ ਤਾਂ ਪ੍ਰਚਾਰ ਲਈ ਜਾਂਦੇ ਹਨ ਪਰ ਪਾਕਿਸਤਾਨ ਕਿਉਂ ਨਹੀਂ ਜਾਂਦੇ?**

-ਕਿਉਂਕਿ ਉਥੋਂ ਦੀ ਕਰੰਸੀ ਵੀ ਰੁਪਈਆਂ 'ਚ ਹੈ।

***'ਸਪੋਕਸਮੈਨ' ਦੇ ਸੰਪਾਦਕ ਵਿਰੁਧ ਦਰਜ ਮੁਕੱਦਮਾ ਪੰਦਰਾਂ ਦਿਨਾਂ 'ਚ ਵਾਪਿਸ ਲੈਣ ਦਾ ਸਰਕਾਰ ਨੂੰ ਅਕਾਲੀ ਦਲ-ਯੂ ਕੇ ਵਲੋਂ ਅਲਟੀਮੇਟਮ**

-ਮੇਲੇ 'ਚ ਚੱਕੀਰਾਹੇ ਨੂੰ ਕੌਣ ਪੁੱਛਦੈ!

***ਦੱਖਣ ਦੀਆਂ ਫਿਲਮਾਂ 'ਚ ਨਜ਼ਰ ਆਵੇਗੀ ਬਿਪਾਸ਼ਾ ਬਸੂ**

-ਸ਼ੁਕਰ ਐ ਕਿਤੇ ਪੰਜਾਬੀ ਫਿਲਮਾਂ 'ਚ ਨਹੀਂ ਕਹਿ 'ਤਾ।

# ਪ੍ਰੇਮ ਦੇ ਕਾਰਨ ਧੀ ਤੇ ਸੱਸ ਦਾ ਕਤਲ, ਜਵਾਈ ਜ਼ਖ਼ਮੀ

**ਪੱਟੀ:** ਸਬ-ਡਵੀਜ਼ਨ ਪੱਟੀ ਦੇ ਪਿੰਡ ਬਾਹਮਣੀਵਾਲਾ ਵਿਖੇ ਬੀਤੀ 12 ਮਈ ਦੀ ਰਾਤ ਕਰੀਬ 2 ਵਜੇ ਹਮਲਾਵਰਾਂ ਨੇ ਘਰ ਵਿਚ ਦਾਖ਼ਲ ਹੋ ਕੇ ਆਪਣੀ ਧੀ ਤੇ ਉਸਦੀ ਸੱਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਤੇ ਜਵਾਈ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਮੌਕੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਾਹਮਣੀਵਾਲਾ ਵਾਸੀ ਅਮਰਪ੍ਰੀਤ ਸਿੰਘ ਪੁੱਤਰ ਬਲਜੀਤ ਸਿੰਘ ਜੋ ਕਿ ਅੱਡਾ ਸਬਾਜਪੁਰ ਵਿਖੇ ਮੋਬਾਇਲ ਰਿਪੇਅਰ ਦੀ ਦੁਕਾਨ ਕਰਦਾ ਸੀ, ਜਿਸ ਦੌਰਾਨ ਉਸਦਾ ਆਉਣ-ਜਾਣ ਪਿੰਡ ਡਿਆਲ ਦੇ ਵਾਸੀ ਜੋਗਿੰਦਰ ਸਿੰਘ ਪੁੱਤਰ ਅਜੈਬ ਸਿੰਘ ਦੇ ਘਰ ਬਣ ਗਿਆ।

ਇਸੇ ਦੌਰਾਨ ਹੀ ਉਸਦੇ ਜੋਗਿੰਦਰ ਸਿੰਘ ਦੀ ਲੜਕੀ ਗੁਰਲੀਨ ਕੌਰ ਨਾਲ ਪ੍ਰੇਮ ਸਬੰਧ ਬਣ ਗਏ। ਉਨ੍ਹਾਂ ਤਿੰਨ ਮਹੀਨੇ ਪਹਿਲਾਂ ਕੋਰਟ ਮੈਰਿਜ ਕਰਵਾ ਲਈ ਅਤੇ ਦੋਵੇਂ ਜਣੇ ਕੁਝ ਸਮਾਂ ਘਰ ਤੋਂ ਬਾਹਰ ਰਹੇ। ਇਸ ਦੌਰਾਨ ਕੁਝ ਰਿਸ਼ਤੇਦਾਰ ਤੇ ਮੋਹਤਬਰ ਵਿਅਕਤੀਆਂ ਨੇ ਦੋਵਾਂ ਪਰਿਵਾਰਾਂ ਦੇ ਵਿਚਾਲੇ ਬੈਠ ਕੇ ਸਮਝੌਤਾ ਕਰਵਾ ਦਿੱਤਾ, ਜਿਸ 'ਤੇ ਗੁਰਲੀਨ ਦੇ ਪਰਿਵਾਰ ਨੇ ਕਰੀਬ ਦੋ ਮਹੀਨੇ ਪਹਿਲਾਂ ਗੁਰਦੁਆਰਾ ਲਕੀਰ ਸਾਹਿਬ ਤਰਨ ਤਾਰਨ ਵਿਖੇ ਮਰਿਆਦਾ ਦੇ ਅਨੁਸਾਰ ਅਮਰਪ੍ਰੀਤ ਤੇ ਗੁਰਲੀਨ ਦਾ ਆਨੰਦ ਕਾਰਜ ਕਰਵਾ ਦਿੱਤਾ। ਅਚਾਨਕ ਬੀਤੀ 12 ਮਈ ਨੂੰ ਇਸ ਪ੍ਰੇਮ ਵਿਆਹ ਨੇ ਉਸ ਵੇਲੇ ਨਵਾਂ ਮੋੜ ਲੈ ਲਿਆ ਜਦੋਂ ਲੜਕੀ ਦੇ ਪੇਕੇ ਪਰਿਵਾਰ ਦੇ ਮੈਂਬਰਾਂ ਨੇ ਆਪਣੇ ਜਵਾਈ ਦੇ ਘਰ ਕੰਧ ਟੱਪ ਕੇ ਪਰਿਵਾਰ ਉਪਰ ਹਮਲਾ ਕਰ ਦਿੱਤਾ। ਇਸ ਦੌਰਾਨ ਹਮਲਾਵਰਾਂ ਨੇ ਗੁਰਲੀਨ ਕੌਰ ਦੀ ਸੱਸ ਕੁਲਜੀਤ ਕੌਰ ਜੋ ਕਿ ਘਰ ਦੇ ਵਿਹੜੇ ਵਿਚ ਸੁੱਤੀ ਪਈ ਸੀ, ਨੂੰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਮਾਰ ਦਿੱਤਾ। ਇਸ ਤੋਂ ਬਾਅਦ ਹਮਲਾਵਰਾਂ ਨੇ ਦਰਿੰਦਗੀ ਦਾ ਨੰਗਾ ਨਾਚ ਨੱਚਦਿਆਂ ਚੁਬਾਰੇ ਵਿਚ ਸੁੱਤੇ ਹੋਏ ਆਪਣੇ ਧੀ-ਜਵਾਈ ਉਪਰ ਵੀ ਹਮਲਾ ਕਰ ਦਿੱਤਾ। ਸਭ ਤੋਂ ਪਹਿਲਾਂ ਉਨ੍ਹਾਂ ਨੇ ਅਮਰਪ੍ਰੀਤ 'ਤੇ ਦਰਵਾਜ਼ਾ ਤੋੜ ਕੇ ਫ਼ਾਇਰ ਕੀਤਾ ਜੋ ਦੀਵਾਰ ਵਿਚ ਲੱਗਾ। ਹਮਲੇ ਤੋਂ ਘਬਰਾ ਕੇ ਜਦ ਅਮਰਪ੍ਰੀਤ ਬਾਹਰ ਵਲ ਭੱਜਣ ਲੱਗਾ ਤਾਂ ਹਮਲਾਵਰਾਂ ਨੇ ਕਿਰਪਾਨਾਂ ਨਾਲ ਹਮਲਾ ਕਰਕੇ ਜ਼ਖ਼ਮੀ ਕਰ ਦਿੱਤਾ, ਜਿਸ ਦੇ ਬਾਵਜੂਦ ਉਹ ਬਚ ਕੇ ਪੌੜੀਆਂ ਉਤਰਨ ਵਿਚ ਸਫ਼ਲ ਹੋ ਗਿਆ। ਉਸ ਵਕਤ ਹਮਲਾਵਰ ਗੁਰਲੀਨ ਉਪਰ ਟੁੱਟ ਪਏ ਤੇ ਮੌਕੇ 'ਤੇ ਹੀ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਵਾਪਸ ਜਾਂਦੇ ਸਮੇਂ ਹਮਲਾਵਰਾਂ ਨੇ ਬਾਹਰ ਗਲੀ ਵਿਚ ਜਾ ਰਹੇ ਜ਼ਖ਼ਮੀ ਅਮਰਪ੍ਰੀਤ ਉਪਰ ਰਾਈਫ਼ਲ ਨਾਲ ਗੋਲੀ ਚਲਾਈ ਅਤੇ ਉਸ ਨੂੰ ਵੀ ਮਰਿਆ ਸਮਝ ਕੇ ਦੌੜ ਗਏ।



ਚਾਵਾਂ ਨਾਲ ਖਿੱਚੀ ਇਕ ਤਸਵੀਰ ਵਿਚ ਕਤਲ ਹੋਈ ਨੂੰਹ-ਸੱਸ ਤੇ ਜ਼ਖਮੀ ਜਵਾਈ

ਉਸ ਸਮੇਂ ਗੰਭੀਰ ਰੂਪ ਵਿਚ ਜ਼ਖ਼ਮੀ ਅਮਰਪ੍ਰੀਤ ਨੇੜੇ ਰਹਿੰਦੇ ਆਪਣੇ ਚਾਚੇ ਦੇ ਘਰ ਅੱਗੇ ਡਿੱਗ ਪਿਆ। ਸਾਰਾ ਰੌਲਾ ਸੁਣ ਕੇ ਜਦੋਂ ਉਹ ਬਾਹਰ ਨਿਕਲੇ ਤਾਂ ਉਨ੍ਹਾਂ ਵਲੋਂ ਤੁਰੰਤ ਇਸ ਘਟਨਾ ਦੀ ਸੂਚਨਾ ਪੁਲਿਸ ਚੌਕੀ ਕੈਰੋਂ ਦੇ ਇੰਚਾਰਜ ਏ ਐਸ ਆਈ ਰਾਬਿੰਦਰ ਸਿੰਘ ਨੂੰ ਦਿੱਤੀ, ਜਿਸ 'ਤੇ ਉਹ ਪੁਲਿਸ ਪਾਰਟੀ ਸਮੇਤ ਥਾਣਾ ਮੁਖੀ ਹਰਦੀਪ ਸਿੰਘ ਦੀ ਅਗਵਾਈ ਵਿਚ ਘਟਨਾ ਸਥਾਨ 'ਤੇ ਪਹੁੰਚ ਗਏ ਅਤੇ ਤੁਰੰਤ ਜ਼ਖਮੀ ਨੂੰ ਅਮਨਦੀਨ ਹਸਪਤਾਲ ਅੰਮ੍ਰਿਤਸਰ ਵਿਚ ਦਾਖ਼ਲ ਕਰਵਾਉਣ ਲਈ ਲੈ ਗਏ। ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ।

ਇਸ ਮੌਕੇ ਜ਼ਿਲ੍ਹਾ ਤਰਨਤਾਰਨ ਦੇ ਪੁਲਿਸ ਮੁਖੀ ਪ੍ਰੀਤਪਾਲ ਸਿੰਘ ਵਿਰਕ ਅਤੇ ਮਲਵਿੰਦਰ ਸਿੰਘ ਸਿੱਧੂ ਐਸ ਪੀ (ਡੀ) ਘਟਨਾ ਸਥਾਨ 'ਤੇ ਪਹੁੰਚ ਗਏ।

ਇਸ ਘਟਨਾ ਮੌਕੇ ਅਮਰਪ੍ਰੀਤ ਦੇ ਪਿਤਾ ਬਲਜੀਤ ਸਿੰਘ ਜੋ ਕਿ ਰੇਲਵੇ ਪ੍ਰੋਟੈਕਸ਼ਨ ਫੋਰਸ (ਆਰ ਪੀ ਐਫ਼) ਫਰੀਦਕੋਟ ਵਿਖੇ ਡਿਊਟੀ 'ਤੇ ਸੀ। ਪੁਲਿਸ ਥਾਣਾ ਪੱਟੀ ਵਿਚ ਇਸ ਸਬੰਧੀ ਜ਼ਖ਼ਮੀ ਅਮਰਪ੍ਰੀਤ ਸਿੰਘ ਦੇ ਬਿਆਨਾਂ 'ਤੇ ਉਸ ਦੇ ਸਹੁਰੇ ਪਰਿਵਾਰ ਦੇ ਮੈਂਬਰਾਂ ਜਿਨ੍ਹਾਂ ਵਿਚ ਜੋਗਿੰਦਰ ਸਿੰਘ ਪੁੱਤਰ ਅਜੈਬ ਸਿੰਘ (ਸਹੁਰਾ), ਸੋਨੀ ਪੁੱਤਰ ਜੋਗਿੰਦਰ ਸਿੰਘ (ਸਾਲਾ), ਪ੍ਰੀਤਮ ਸਿੰਘ ਤੇ ਮਹਿੰਦਰ ਸਿੰਘ ਪੁੱਤਰ ਅਜੈਬ ਸਿੰਘ (ਚਾਚੇ), ਦੇਬਾ ਤੇ ਲਾਲ ਪੁੱਤਰ ਪ੍ਰੀਤਮ ਸਿੰਘ, ਹਰਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਸਾਰੇ ਵਾਸੀ ਛਿਆਲ ਅਤੇ ਸਰਵਨ ਸਿੰਘ ਬਾਹਮਣੀਵਾਲਾ ਉਪਰ ਮੁਕੱਦਮਾ ਨੰਬਰ 73, ਜੇਰੇ ਧਾਰਾ 302, 307, 148, 149 ਆਈ ਪੀ ਸੀ, 25, 25, 54, 59 ਅਸਲਾ ਐਕਟ ਅਧੀਨ ਪਰਚਾ ਦਰਜ ਕਰ ਲਿਆ ਤੇ ਛਾਪਾਮਾਰੀ ਕੀਤੀ ਜਾ ਰਹੀ ਹੈ।

## ਹਰਪਾਲ ਘੱਗਾ ਨਹੀਂ ਰਹੇ

**ਪਾਤੜਾਂ :** ਪੰਜਾਬ ਦੇ ਕਮਿਊਨਿਸਟ ਅਤੇ ਸਮਾਜ ਸੇਵੀ ਹਲਕਿਆਂ ਵਿਚ ਇਹ ਖ਼ਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਪ੍ਰਸਿੱਧ ਸਮਾਜ ਸੇਵੀ ਤੇ ਬਜ਼ੁਰਗ ਕਮਿਊਨਿਸਟ ਆਗੂ ਕਾਮਰੇਡ ਹਰਪਾਲ ਸਿੰਘ ਘੱਗਾ (80) ਨਹੀਂ ਰਹੇ।

ਵਰਨਣਯੋਗ ਹੈ ਕਿ ਕਾਮਰੇਡ ਘੱਗਾ ਕੈਂਸਰ ਦੀ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ, ਜਿਸਦਾ ਪਤਾ ਕੁਝ ਦਿਨ ਪਹਿਲਾਂ ਉਦੋਂ ਲੱਗਾ, ਜਦੋਂ ਉਨ੍ਹਾਂ ਨੇ ਪੇਟ 'ਚ ਦਰਦ ਮਹਿਸੂਸ ਕੀਤਾ। ਕੁਝ ਦਿਨਾਂ ਦੇ ਇਲਾਜ ਉਪਰੰਤ ਜਦੋਂ ਰਾਹਤ ਮਹਿਸੂਸ ਨਾ ਹੋਈ ਤਾਂ ਉਨ੍ਹਾਂ ਨੂੰ ਪੀਜੀਆਈ ਚੰਡੀਗੜ੍ਹ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਫੇਫੜਿਆਂ ਦੇ ਕੈਂਸਰ ਤੋਂ ਪੀੜਤ ਦੱਸਿਆ।

ਦੱਸਣਯੋਗ ਹੈ ਕਿ ਕਾਮਰੇਡ ਹਰਪਾਲ ਸਿੰਘ ਘੱਗਾ 1952 ਵਿਚ ਸੀਪੀਆਈ ਦੇ ਮੈਂਬਰ ਬਣੇ ਅਤੇ ਲਗਾਤਾਰ 25 ਸਾਲ ਉਹ ਪਿੰਡ ਘੱਗਾ ਦੇ ਸਰਪੰਚ ਰਹੇ। ਉਹ ਪਿਛਲੇ 45 ਸਾਲਾਂ, ਜਦੋਂ ਤੋਂ ਟਰੱਕ ਯੂਨੀਅਨ ਪਾਤੜਾਂ ਹੋਂਦ ਵਿਚ ਆਈ, ਦੇ ਲਗਾਤਾਰ ਸਰਬਸੰਮਤੀ ਨਾਲ ਪ੍ਰਧਾਨ ਚਲੇ ਆ ਰਹੇ ਸਨ ਅਤੇ ਉਹ ਦੋ ਵਾਰ ਟਰੱਕ ਓਪਰੇਟਰ ਯੂਨੀਅਨ ਪੰਜਾਬ ਦੇ ਪ੍ਰਧਾਨ ਵੀ ਬਣੇ। ਕਾਮਰੇਡ ਘੱਗਾ ਨੇ ਦੋ ਵਾਰ ਲੋਕ ਸਭਾ ਹਲਕਾ ਪਟਿਆਲਾ ਤੋਂ ਚੋਣ ਵੀ ਲੜੀ। ਉਹ ਸੀ ਪੀ ਆਈ ਦੇ ਕੌਮੀ ਐਗਜੈਕਟਿਵ ਕਮੇਟੀ ਦੇ ਮੈਂਬਰ ਡਾ. ਜੋਗਿੰਦਰ ਦਿਆਲ ਦੇ ਸਹੁਰਾ ਸਨ। ਇੱਥੇ ਜ਼ਿਕਰਯੋਗ ਹੈ ਕਿ ਕਾਮਰੇਡ ਹਰਪਾਲ ਸਿੰਘ ਘੱਗਾ ਨੇ ਮਰਨ ਉਪਰੰਤ ਮੈਡੀਕਲ ਖੋਜਾਂ ਲਈ ਆਪਣਾ ਸਰੀਰ ਦਾਨ ਕਰਨ ਦੀ ਵਸੀਅਤ ਕੀਤੀ ਹੋਈ ਸੀ, ਪਰ ਕੈਂਸਰ ਉਨ੍ਹਾਂ ਦੇ ਸਰੀਰ ਵਿਚ ਪੂਰੀ ਤਰ੍ਹਾਂ ਫੈਲ ਜਾਣ ਕਾਰਨ ਸਸਕਾਰ ਕੀਤਾ ਗਿਆ ਹੈ।

## ਮੱਤੇਵਾਲ ਨੂੰ ਦਿਲ ਦਾ ਦੌਰਾ

**ਚੰਡੀਗੜ੍ਹ :** ਪੰਜਾਬ ਦੇ ਐਡਵੋਕੇਟ ਜਨਰਲ ਐਚ ਐਸ ਮੱਤੇਵਾਲ ਨੂੰ ਬੀਤੇ ਦਿਨੀਂ ਦਿਲ ਦਾ ਦੌਰਾ ਪੈਣ ਕਾਰਨ ਫੋਰਟਿਸ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਸ. ਮੱਤੇਵਾਲ ਨੂੰ ਗੰਭੀਰ ਦਿਲ ਦਾ ਦੌਰਾ ਪਿਆ ਸੀ ਪਰ ਹੁਣ ਉਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Rana
Cell:916-502-7733

4585 Pell Dr. Secramento CA, 95838



Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public

e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਅਣਥੱਕ ਸਮਾਜਿਕ ਤੇ ਧਾਰਮਿਕ ਆਗੂ ਸਨ ਸੰਤ ਪ੍ਰੇਮ ਸਿੰਘ

**ਬਰਸੀ 'ਤੇ ਵਿਸ਼ੇਸ਼**

ਸੰਤ ਪ੍ਰੇਮ ਸਿੰਘ ਮੁਰਾਲੇਵਾਲੇ ਲੁਬਾਣਾ ਭਾਈਚਾਰੇ ਦੇ ਬਹੁਤ ਹੀ ਅਹਿਮ ਸਮਾਜਿਕ, ਸਿਆਸੀ ਅਤੇ ਧਾਰਮਿਕ ਆਗੂ ਹੋਏ ਹਨ, ਜਿਨ੍ਹਾਂ ਨੇ ਇਸ ਭਾਈਚਾਰੇ ਦੇ ਉਭਾਰ ਲਈ 20ਵੀਂ ਸਦੀ ਦੇ ਪਹਿਲੇ ਅੱਧ ਦੌਰਾਨ ਅਣਥੱਕ ਕੰਮ ਕੀਤਾ। ਭਾਵੇਂ ਸੰਤ ਪ੍ਰੇਮ ਸਿੰਘ ਲੁਬਾਣਾ ਭਾਈਚਾਰੇ ਦੇ ਆਗੂ ਵਜੋਂ ਉਭਰੇ ਪਰ ਉਨ੍ਹਾਂ ਹਮੇਸ਼ਾ ਗੁਰੂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਜਾਤ-ਪਾਤ ਤੋਂ ਉਪਰ ਉਠਣ ਦਾ ਹੋਕਾ ਦਿੱਤਾ। ਸੰਤ ਪ੍ਰੇਮ ਸਿੰਘ 1926 ਤੋਂ 1950 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ ਇਸ ਅਰਸੇ ਦੌਰਾਨ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਬਹੁਤ ਹੀ ਉਸਾਰੂ ਭੂਮਿਕਾ ਨਿਭਾਈ।

ਹੁਣ ਪਾਕਿਸਤਾਨ ਰਹਿ ਗਏ ਜ਼ਿਲ੍ਹਾ ਗੁਜਰਾਤ ਦੇ ਪਿੰਡ ਖੋਰੀ ਦੂਨਾ ਸਿੰਘ ਵਿਚ ਪੈਦਾ ਹੋਏ ਸੰਤ ਪ੍ਰੇਮ ਸਿੰਘ ਦਾ ਬਚਪਨ ਪਿੰਡ ਵਿਚ ਹੀ ਗੁਜ਼ਰਿਆ। ਉਹ ਅਜੇ ਬਹੁਤ ਛੋਟੇ ਸਨ ਜਦੋਂ ਉਨ੍ਹਾਂ ਦੀ ਮਾਤਾ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪਿਤਾ ਨੇ ਦੂਜਾ ਵਿਆਹ ਕਰਵਾ ਲਿਆ ਅਤੇ ਜਿਵੇਂ ਕਿ ਅਕਸਰ ਹੁੰਦਾ ਹੀ ਹੈ ਮਤਰੇਈ ਮਾਂ ਨੇ ਉਨ੍ਹਾਂ ਨੂੰ ਕਦੇ ਵੀ ਮਾਂ ਵਾਲਾ ਬਣਦਾ ਪਿਆਰ ਦੁਲਾਰ ਨਾ ਦਿੱਤਾ। ਚੰਗੇ ਭਾਗਾਂ ਨੂੰ ਉਨ੍ਹਾਂ ਦੀ ਪਰਵਰਿਸ਼ ਆਪਣੇ ਦਾਦਾ ਜੀ ਸ. ਅਰੂੜ ਸਿੰਘ ਦੇ ਹੱਥਾਂ ਵਿਚ ਹੋਈ। ਅਜੇ ਬਾਬਾ ਜੀ ਪੰਦਰਾਂ ਸਾਲਾਂ ਦੇ ਵੀ ਨਹੀਂ ਸਨ ਹੋਏ ਕਿ ਉਨ੍ਹਾਂ ਦੇ ਦਾਦਾ ਜੀ ਵੀ ਚਲਾਣਾ ਕਰ ਗਏ। ਉਨ੍ਹਾਂ ਦੇ ਗਵਾਂਢੀ ਸ. ਬੀਰ ਸਿੰਘ ਨੇ ਇਸ ਬਾਲਕ ਦੀ ਕਾਫੀ ਮਦਦ ਕੀਤੀ। ਉਨ੍ਹਾਂ ਦੇ ਪਿੰਡ ਅਕਸਰ ਡੱਗੀ ਵਾਲੇ ਸਾਈਕਲਾਂ ਉਤੇ ਕੱਪੜਾ ਵੇਚਣ ਆਇਆ ਕਰਦੇ ਸਨ। ਅਜਿਹੇ ਹੀ ਇਕ ਡੱਗੀ ਵਾਲੇ ਸ. ਰਾਮ ਸਿੰਘ ਨਾਲ ਬਾਬਾ ਪ੍ਰੇਮ ਸਿੰਘ ਹੋਰਾਂ ਨੇ ਕੰਮ ਕਰਨਾ ਸ਼ੁਰੂ ਕਰ ਦਿਤਾ।

ਸੰਤ ਪ੍ਰੇਮ ਸਿੰਘ ਹੋਰਾਂ ਦੇ ਰੁਹਾਨੀ ਜੀਵਨ ਦਾ ਅਰੰਭ ਡੇਰਾ ਮੁਰਾਲਾ ਸਾਹਿਬ ਤੋਂ ਅਰੰਭ ਹੋਇਆ। ਸੰਤ ਬਾਬਾ ਪ੍ਰੇਮ ਸਿੰਘ ਬਾਬਾ ਬਿਸ਼ਨ ਸਿੰਘ ਦੀ ਰੂਹਾਨੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਇਸ ਨੌਜਵਾਨ ਨੇ ਮੁਰਾਲਾ ਸਾਹਿਬ ਰਹਿ ਕੇ ਪੰਜਾਬੀ ਦੀ ਪੜ੍ਹਾਈ ਅਤੇ ਕੀਰਤਨ ਦੀ ਸਿਖਲਾਈ ਅਰੰਭ ਕਰ ਦਿੱਤੀ। ਕੁਝ ਲੋਕਾਂ ਦਾ ਖਿਆਲ ਹੈ ਕਿ ਬਾਬਾ ਪ੍ਰੇਮ ਸਿੰਘ 1905 ਵਿਚ ਡੇਰੇ ਦੇ ਰੂਹਾਨੀ ਆਗੂ ਬਣੇ ਅਤੇ 1907 ਵਿਚ ਬਾਬਾ ਬਿਸ਼ਨ ਸਿੰਘ ਦੇ ਅਕਾਲ ਚਲਾਣਾ ਕਰਨ ਉਪਰੰਤ ਸੰਤ ਪ੍ਰੇਮ ਸਿੰਘ ਹੋਰਾਂ ਡੇਰੇ ਦਾ ਕੰਮ ਸੰਭਾਲ ਲਿਆ। ਉਨ੍ਹਾਂ ਅੰਮ੍ਰਿਤ ਸੰਚਾਰ ਨੂੰ ਆਪਣਾ ਮੂਲ ਮਕਸਦ ਬਣਾ ਲਿਆ ਅਤੇ 1911-12 ਵਿਚ ਅੰਮ੍ਰਿਤ ਸੰਚਾਰ ਦਾ ਕੰਮ ਆਪਣੇ ਪਿੰਡ ਖੋਰੀ ਦੂਨਾ ਸਿੰਘ ਤੋਂ ਅਰੰਭ ਕੀਤਾ। 1921 ਵਿਚ ਉਨ੍ਹਾਂ ਨਨਕਾਣਾ ਸਾਹਿਬ ਵਿਖੇ ਇਕ ਬੁੰਗਾ ਬਣਵਾਇਆ। 1926 ਵਿਚ ਸੰਤ ਪ੍ਰੇਮ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ



ਬਣੇ। 1937 ਅਤੇ 1945 ਵਿਚ ਉਹ ਦੋ ਵਾਰ ਵਿਧਾਨ ਸਭਾ ਮੈਂਬਰ ਚੁਣੇ ਗਏ ਅਤੇ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਪੀਲੀ ਭੀਤ ਤੇ ਹਜ਼ੂਰ ਸਾਹਿਬ ਅੰਮ੍ਰਿਤ ਸੰਚਾਰ ਲਈ ਮੁਹਿੰਮ ਚਲਾਈ।

ਸੰਤ ਪ੍ਰੇਮ ਸਿੰਘ ਨੇ ਸਿੱਖ ਮੱਤ ਦਾ ਪ੍ਰਚਾਰ ਕਰਦਿਆਂ ਸਿਆਸਤ ਵਿਚ ਵੀ ਅਹਿਮ ਭੂਮਿਕਾ ਨਿਭਾਈ। 1926 ਤੋਂ 1950 ਤੱਕ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ 1937 ਵਿਚ ਕਾਰਜਕਾਰਨੀ ਮੈਂਬਰ ਬਣੇ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਉਸਾਰੀ ਵੇਲੇ ਬਾਬਾ ਜੀ ਇਸ ਮਕਸਦ ਲਈ ਉਸ ਵੇਲੇ ਬਣਾਈ ਗਈ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਬਣੇ ਅਤੇ ਹਰਮਿੰਦਰ ਸਾਹਿਬ ਵਿਖੇ ਹਰਿ ਕੀ ਪਾਉੜੀ ਦੀ ਸੇਵਾ ਕਰਵਾਈ।

ਸੰਤ ਪ੍ਰੇਮ ਸਿੰਘ ਅਕਾਲੀ ਮੋਰਚੇ ਵੇਲੇ ਲੁਬਾਣਾ ਭਾਈਚਾਰੇ ਦੇ ਇਕ ਅਹਿਮ ਨੁਮਾਇੰਦੇ ਵਜੋਂ ਵਿਚਰਦੇ ਰਹੇ। ਗਿਆਨੀ ਚੇਤ ਸਿੰਘ ਦੀ ਅਗਵਾਈ ਹੇਠ ਉਨ੍ਹਾਂ 25 ਸਿੰਘਾਂ ਦਾ ਇਕ ਜਥਾ ਮੋਰਚੇ ਵਿਚ ਭੇਜਿਆ। ਵਿਹਾਰ ਸੁਧਾਰ ਲਹਿਰ ਵਿਚ ਉਹ ਇਕ ਉਘੇ ਆਗੂ ਵਜੋਂ ਉਭਰੇ। ਚੁਗਲੀਆਂ ਕਰਨ ਜਾਂ ਨਸ਼ੇ ਪੱਤੇ ਕਰਨ, ਸ਼ਰਾਬ ਪੀਣ, ਨਿੱਕੀਆਂ ਬੱਚੀਆਂ ਦਾ ਵਿਆਹ ਕਰਨ, ਦਾਜ, ਜੈ ਮਾਲਾ ਅਤੇ ਸਤੀ ਪ੍ਰਥਾ ਜਿਹੀਆਂ ਕੁਰੀਤੀਆਂ ਵਿਰੁੱਧ ਉਨ੍ਹਾਂ ਜ਼ਬਰਦਸਤ ਮੁਹਿੰਮ ਚਲਾਈ। ਇਸ ਮਕਸਦ ਨੂੰ ਲੈ ਕੇ ਇਕ ਨਿਸ਼ਕਾਮ ਸੇਵਕ ਵਜੋਂ ਉਨ੍ਹਾਂ ਸ਼ੇਖੂਪੁਰਾ, ਸਿਆਲਕੋਟ, ਗੁਜਰਾਂਵਾਲਾ ਅਤੇ ਲਾਹੌਰ ਵਿਚ ਕਈ ਕਾਨਫਰੰਸਾਂ ਕਰਵਾਈਆਂ। ਬਾਬਾ ਜੀ ਨੇ ਅੰਮ੍ਰਿਤ ਸੰਚਾਰ ਕਰਦਿਆਂ ਹਮੇਸ਼ਾ ਇਹ ਆਖਿਆ ਕਿ ਸਾਰੇ ਸਿੱਖ ਗੁਰੂ ਦੇ ਸਨਮੁਖ ਬਰਾਬਰ ਹਨ ਅਤੇ ਜਾਤ ਪਾਤ ਦਾ ਕੋਈ ਭਿੰਨ ਭੇਦ ਨਹੀਂ। ਉਨ੍ਹਾਂ ਰਮਦਾਸੀਏ ਸਿੱਖਾਂ ਅਤੇ ਮੇਘ ਭਾਈਚਾਰੇ ਦੇ ਸਿੱਖਾਂ ਵਿਚ ਵੀ ਅੰਮ੍ਰਿਤ ਸੰਚਾਰ ਕੀਤਾ। 1927 ਵਿਚ ਉਨ੍ਹਾਂ ਸ਼੍ਰੋਮਣੀ ਕਮੇਟੀ ਪਾਸੋਂ ਜਾਤ-ਪਾਤ ਤੋੜੂ ਮਤਾ ਵੀ ਪਾਸ ਕਰਵਾਇਆ।

ਸੰਤ ਪ੍ਰੇਮ ਸਿੰਘ ਨੇ ਹਮੇਸ਼ਾ ਸਿਖਿਆ ਦਾ ਚਾਨਣ ਵੰਡਣ ਉਤੇ ਜ਼ੋਰ ਦਿੱਤਾ। 1921 ਵਿਚ ਉਨ੍ਹਾਂ ਜ਼ਿਲ੍ਹਾ ਗੁਜਰਾਤ ਦੇ ਪਿੰਡ ਟਾਂਡਾ ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ ਹਾਈ ਸਕੂਲ ਖੋਲ੍ਹਿਆ। ਇਸ ਤੋਂ ਬਾਅਦ ਉਨ੍ਹਾਂ 1944 ਬਾਬਕਵਾਲ, ਜ਼ਿਲ੍ਹਾ ਸ਼ੇਖੂਪੁਰਾ, 1945 ਖੋਰੀ ਦੂਨਾ ਜ਼ਿਲ੍ਹਾ ਗੁਜਰਾਤ ਅਤੇ 1946 ਵਿਚ ਜਲੰਧਰ ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਖੋਲ੍ਹੇ। ਇਸ ਤੋਂ ਇਲਾਵਾ ਹੋਰ ਵੀ ਕਈ ਸਕੂਲ ਉਨ੍ਹਾਂ ਖੋਲ੍ਹੇ। ਉਹ ਕਿਹਾ ਕਰਦੇ ਸਨ ਕਿ ਸਮਾਜ ਨੂੰ ਤਰੱਕੀ ਦੇ ਰਾਹ ਪਾਉਣ ਅਤੇ ਸਹੀ ਰਸਤਾ ਦਿਖਾਉਣ ਲਈ ਵਿਦਿਆ ਤੋਂ ਵੱਡਾ ਕੋਈ ਚਾਨਣ ਨਹੀਂ। ਸੰਤ ਪ੍ਰੇਮ ਸਿੰਘ ਜੀ 2 ਜੂਨ 1950 ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਹਰ ਸਾਲ 2 ਜੂਨ ਨੂੰ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਉਨ੍ਹਾਂ ਦੀ ਬਰਸੀ ਮਨਾਈ ਜਾਂਦੀ ਹੈ।

# ਚਿਦੰਬਰਮ ਨੇ ਕੀਤੀ ਨਕਸਲੀਆਂ ਨੂੰ ਮੁੜ ਗੱਲਬਾਤ ਦੀ ਪੇਸ਼ਕਸ਼

**ਨਵੀਂ ਦਿੱਲੀ:** ਹਿੰਸਾ ਛੱਡਣ ਸਬੰਧੀ ਕੇਂਦਰ ਸਰਕਾਰ ਦੀਆਂ ਅਪੀਲਾਂ ਨੂੰ ਵਾਰ-ਵਾਰ ਅਣਗੌਲਣ ਵਾਲੇ ਨਕਸਲੀਆਂ ਨੂੰ ਇਕ ਵਾਰ ਫਿਰ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਗੱਲਬਾਤ ਦੀ ਪੇਸ਼ਕਸ਼ ਕੀਤੀ। ਛੱਤੀਸਗੜ੍ਹ ਦੇ ਦਾਂਤੇਵਾੜੇ ਜ਼ਿਲ੍ਹੇ 'ਚ ਨਕਸਲੀ ਹਮਲੇ ਤੋਂ ਇਕ ਦਿਨ ਬਾਅਦ ਇਕ ਇੰਟਰਵਿਊ ਦੌਰਾਨ ਸ੍ਰੀ ਚਿਦੰਬਰਮ ਨੇ ਕਿਹਾ ਕਿ ਅਸੀਂ ਨਕਸਲੀਆਂ ਨਾਲ ਗੱਲਬਾਤ ਲਈ ਤਿਆਰ ਹਾਂ, ਪਰ ਇਸ ਲਈ ਉਨ੍ਹਾਂ ਨੂੰ 72 ਘੰਟੇ ਲਈ ਹਿੰਸਾ ਦਾ ਰਾਹ ਛੱਡ ਕੇ ਗੱਲਬਾਤ ਲਈ ਅੱਗੇ ਆਉਣਾ ਹੋਵੇਗਾ।

ਸ੍ਰੀ ਚਿਦੰਬਰਮ ਨੇ ਕਿਹਾ ਕਿ ਜੇਕਰ ਨਕਸਲੀ ਹਿੰਸਾ ਦਾ ਰਾਹ ਛੱਡਕੇ ਗੱਲਬਾਤ ਲਈ ਅੱਗੇ ਆਉਂਦੇ ਨੇ ਤਾਂ ਅਸੀਂ ਉਨ੍ਹਾਂ ਦਾ ਸਵਾਗਤ ਕਰਾਂਗੇ। ਉਨ੍ਹਾਂ ਨਾਲ ਹੀ ਕਿਹਾ ਕਿ ਗੱਲਬਾਤ ਨੂੰ ਸਿਰੇ ਚਾੜ੍ਹਨ ਲਈ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਗੱਲਬਾਤ ਲਈ ਇਕ ਤਰੀਕ, ਸਮਾਂ ਤੇ ਥਾਂ ਵੀ ਨਿਰਧਾਰਤ ਕਰ ਲਈ ਜਾਵੇਗੀ। ਇਹ ਪ੍ਰਬੰਧ ਕਰਨ ਤੋਂ ਬਾਅਦ ਹਰ ਮੁੱਦੇ 'ਤੇ ਖੁੱਲ੍ਹੇ ਵਿਚਾਰਾਂ ਨਾਲ ਗੱਲਬਾਤ ਕੀਤੀ ਜਾਵੇ।

ਸ੍ਰੀ ਚਿਦੰਬਰਮ ਨੇ ਭਰੋਸਾ ਦਿਵਾਇਆ ਕਿ ਜਦੋਂ ਤੱਕ ਗੱਲਬਾਤ ਦੀ ਪ੍ਰਕਿਰਿਆ ਚੱਲੇਗੀ, ਉਦੋਂ ਤੱਕ ਨਕਸਲੀਆਂ ਖ਼ਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਸ੍ਰੀ ਚਿਦੰਬਰਮ ਨੇ ਕਿਹਾ ਕਿ ਇਥੇ ਹਿੰਸਾ ਦਾ ਰਾਹ ਛੱਡਣ ਦਾ ਮਤਲਬ ਮੁਕੰਮਲ ਹਿੰਸਾ ਛੱਡਣਾ ਹੈ ਅਤੇ ਇਸ ਗੱਲਬਾਤ ਦੌਰਾਨ ਨਕਸਲੀਆਂ ਨੂੰ ਬੁਨਿਆਦੀ ਢਾਂਚੇ ਤੇ ਸਰਕਾਰੀ ਸੰਪਤੀ ਨੂੰ ਨੁਕਸਾਨ ਨਾ ਪਹੁੰਚਾਉਣ ਦੀ ਗਰੰਟੀ ਦੇਣੀ ਹੋਵੇਗੀ। ਨਕਸਲੀਆਂ ਵਿਰੁੱਧ ਹਵਾਈ ਫੌਜ ਦੀ ਵਰਤੋਂ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਅਸੀਂ ਅਜਿਹਾ ਕੁਝ ਵੀ ਨਹੀਂ ਕਰਾਂਗੇ। ਹਾਲਾਂਕਿ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਐਨਾ ਜ਼ਰੂਰ ਕਿਹਾ ਕਿ ਜੇਕਰ ਨਕਸਲੀ ਗੱਲਬਾਤ ਲਈ ਤਿਆਰ ਨਹੀਂ ਹੁੰਦੇ ਤਾਂ ਸਰਕਾਰ ਉਨ੍ਹਾਂ ਖ਼ਿਲਾਫ ਕੋਈ ਵੀ ਸਖ਼ਤ ਕਦਮ ਚੁੱਕਣ ਲਈ ਮਜਬੂਰ ਹੋਵੇਗੀ।

## ਨਕਸਲੀਆਂ ਦਾ ਦੋ ਰੋਜ਼ਾ ਬੰਦ

**ਰਾਏਪੁਰ:** ਨਕਸਲੀਆਂ ਵੱਲੋਂ 48 ਘੰਟੇ ਦੇ ਬੰਦ ਦੇ ਸੱਦੇ ਤਹਿਤ ਪਹਿਲੇ ਦਿਨ ਮੰਗਲਵਾਰ ਨੂੰ ਛੱਤੀਸਗੜ੍ਹ ਦੇ ਕਈ ਖੇਤਰਾਂ 'ਚ ਜਨਜੀਵਨ ਪ੍ਰਭਾਵਿਤ ਹੋਇਆ, ਜਦਕਿ ਇਸੇ ਦੌਰਾਨ ਸੁਰੱਖਿਆ ਦਸਤਿਆਂ ਨੇ ਬੰਦ ਦੇ ਮੱਦੇਨਜ਼ਰ ਸੂਬੇ 'ਚ ਕਈ ਥਾਂ ਨਕਸਲੀ ਹਮਲੇ ਹੋਣ ਦਾ ਖ਼ਦਸ਼ਾ ਵੀ ਪ੍ਰਗਟਾਇਆ। ਬੰਦ ਦੇ ਸੱਦੇ ਦੌਰਾਨ ਤਾਜ਼ਾ ਨਕਸਲੀ ਹਮਲੇ ਹੋਣ ਦੀ ਸੰਭਾਵਨਾ ਵਧ ਗਈ ਹੈ। ਮਿਲੀਆਂ ਰਿਪੋਰਟਾਂ ਮੁਤਾਬਕ ਇਸ ਬੰਦ ਕਾਰਨ ਕਈ ਥਾਈਂ ਰੇਲ ਤੇ ਸੜਕੀ ਆਵਾਜਾਈ ਪ੍ਰਭਾਵਿਤ ਹੋਈ।

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਫਰੀਮਾਂਟ ਦੀ ਸੌ ਏਕੜ ਜ਼ਮੀਨ ਸਬੰਧੀ ਭਾਈ ਹਰਜੋਤ ਸਿੰਘ ਖਾਲਸਾ ਨੂੰ ਖਤ

ਭਾਈ ਹਰਜੋਤ ਸਿੰਘ ਖਾਲਸਾ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਇਸ ਪੱਤਰ ਰਾਹੀਂ ਮੈਂ ਇਕ ਅਖਬਾਰ ਵਿਚ ਛਪੇ ਬਿਆਨ ਦੇ ਹਵਾਲੇ ਨਾਲ ਆਪ ਜੀ ਨਾਲ ਸੰਪਰਕ ਸਾਧ ਰਿਹਾ ਹਾਂ:

1. ਤੁਸੀਂ 100 ਏਕੜ ਜ਼ਮੀਨ ਅਤੇ ਨਾਲ ਲਗਦੇ ਘਰ ਬਾਰੇ ਲਿਖਿਆ ਹੈ ਕਿ ਉਸ ਉਪਰ 2 ਮਿਲੀਅਨ ਡਾਲਰ ਖਰਚ ਆ ਚੁੱਕਾ ਹੈ। ਕਿਰਪਾ ਕਰਕੇ ਵੇਰਵਾ ਦਿਓ ਕਿ ਇਹ ਰਕਮ ਤੁਸੀਂ ਕਿਵੇਂ ਗਿਣਦੇ ਹੋ?

2. ਵੈਸੇ ਤੁਹਾਨੂੰ ਯਾਦ ਹੋਵੇਗਾ ਕਿ ਮੈਂ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਦੌਰਾਨ ਤੁਹਾਡੇ ਵਲੋਂ ਜ਼ਮੀਨ ਵਾਲੇ ਸੌਦੇ ਨੂੰ ਵਾਰ ਵਾਰ ਘਾਟੇਵੰਦਾ ਕਰਕੇ ਦੱਸੇ ਜਾਣ ਦੇ ਜਵਾਬ ਵਿਚ ਇਹ ਕਿਹਾ ਸੀ ਕਿ ਅਸੀਂ ਜ਼ਮੀਨ ਵਾਲਾ ਸੌਦਾ ਇਕ ਲੱਖ ਡਾਲਰ ਵੱਧ ਦੇ ਕੇ ਖਰੀਦਣ ਲਈ ਤਿਆਰ ਹਾਂ।

3. ਤੁਸੀਂ ਉਸੇ ਪੇਸ਼ਕਸ਼ ਦੇ ਆਧਾਰ ਉਪਰ ਇਕ ਅਖਬਾਰੀ ਬਿਆਨ ਰਾਹੀਂ ਮੈਨੂੰ ਜ਼ਮੀਨ ਅਤੇ ਘਰ ਖਰੀਦਣ ਲਈ ਕਿਹਾ ਸੀ ਪਰ ਹੁਣ ਜਾਪਦਾ ਹੈ ਕਿ ਤੁਸੀਂ ਸੌਦੇ ਦੀ ਕੀਮਤ ਵਧਾ ਕੇ ਆਪਣੀ ਗੱਲ ਤੋਂ ਮੁਕਰਨਾ ਚਾਹੁੰਦੇ ਹੋ।

4. ਸਾਡੀ ਬੇਨਤੀ ਹੈ ਕਿ ਤੁਸੀਂ ਸਾਨੂੰ 2 ਮਿਲੀਅਨ (ਵੀਹ ਲੱਖ) ਡਾਲਰ ਖਰਚੇ ਦਾ ਵੇਰਵਾ ਦਿਓ। ਤੁਸੀਂ ਵੇਰਵੇ ਸਹਿਤ ਸਮਝਾਓ ਕਿ ਇਹ ਦੋ ਮਿਲੀਅਨ ਡਾਲਰ ਕਿਸ ਤਰ੍ਹਾਂ ਬਣਿਆ। ਅਸੀਂ ਆਪਣੇ ਵਿਚਾਰ ਤੁਹਾਡੇ ਸਾਹਮਣੇ ਰੱਖਾਂਗੇ। ਜਾਇਜ਼ ਅਡਜਸਟਮੈਂਟ ਵੀ ਕੀਤੀ ਜਾ ਸਕਦੀ ਹੈ।

5. ਸਾਡੀ ਸਮਝ ਵਿਚ ਸਾਡੇ ਵਲੋਂ ਖਰੀਦਿਆ ਘਰ ਪਿਛਲੇ ਪੰਜ ਸਾਲ ਤੋਂ ਵਸੇਬੇ ਵਾਸਤੇ ਵਰਤਿਆ ਜਾ ਰਿਹਾ ਹੈ। ਪੰਜਾਂ ਸਾਲਾਂ ਦੇ ਕਿਰਾਏ ਦੀ ਰਕਮ ਹੀ 1 ਲੱਖ 20 ਹਜ਼ਾਰ ਡਾਲਰ ਦੇ ਕਰੀਬ ਬਣਦੀ ਹੈ। ਉਪਰ ਅਸੀਂ ਦੱਸਿਆ ਹੈ ਕਿ ਇਕ ਲੱਖ ਡਾਲਰ ਵਧ ਦੇ ਕੇ ਅਸੀਂ ਜ਼ਮੀਨ ਅਤੇ ਘਰ ਖਰੀਦਣ ਲਈ ਤਿਆਰ ਹਾਂ। ਇਸ ਤਰ੍ਹਾਂ ਗੁਰੂ ਘਰ ਨੂੰ 2 ਲੱਖ 20 ਹਜ਼ਾਰ ਡਾਲਰ ਦੇ ਕਰੀਬ ਫਾਇਦਾ ਹੋਵੇਗਾ।

6. ਅਗਰ ਅਮਰੀਕਾ ਵਿਚ ਰੀਅਲ ਅਸਟੇਟ ਦੀਆਂ ਡਿੱਗੀਆਂ ਕੀਮਤਾਂ ਵੱਲ ਵੇਖੀਏ ਤਾਂ 2005 ਦੇ ਮੁਕਾਬਲੇ ਅੱਜ ਪ੍ਰਾਪਰਟੀ ਦੀ ਕੀਮਤ ਕੋਈ 35 ਤੋਂ 40% ਡਾਊਨ ਹੈ। ਭਾਵ 15 ਲੱਖ ਦੀ ਪ੍ਰਾਪਰਟੀ ਤਕਰੀਬਨ 9 ਲੱਖ ਦੇ ਕਰੀਬ ਰਹਿ ਗਈ ਹੈ ਪਰ ਅਸੀਂ ਫਿਰ ਵੀ ਪੂਰੀ ਕੀਮਤ ਦੇ ਰਹੇ ਹਾਂ। ਇਸ ਸੌਦੇ ਨਾਲ ਗੁਰੂ ਘਰ ਨੂੰ 6 ਲੱਖ ਡਾਲਰ ਦਾ ਫਾਇਦਾ ਹੋਵੇਗਾ।

7. ਕੁਲ ਮਿਲਾ ਕੇ (ਨੰਬਰ 5 ਵਿਚ ਦੱਸੇ ਕਿਰਾਏ ਸਮੇਤ) ਗੁਰੂ ਘਰ ਨੂੰ 8 ਲੱਖ 20 ਹਜ਼ਾਰ ਡਾਲਰ ਦਾ ਫਾਇਦਾ ਹੋਵੇਗਾ।

8. ਸਾਡੀ ਸਮਝ ਵਿਚ ਜ਼ਮੀਨ ਵਾਲਾ ਸੌਦਾ ਗੁਰਦੁਆਰਾ ਸਾਹਿਬ ਲਈ ਅਤੇ ਕਮਿਊਨਿਟੀ ਲਈ ਲਾਹੇਵੰਦ ਹੈ ਪਰ ਤੁਹਾਡੀ ਨਜ਼ਰੇ ਬੇਕਾਰ ਹੈ। ਅਗਰ ਤੁਹਾਡੀ ਨਜ਼ਰੇ ਅਸੀਂ ਗਲਤ ਸੌਦਾ ਕੀਤਾ ਹੈ, ਅਸੀਂ ਉਸ ਸੌਦੇ ਨੂੰ ਵਾਪਸ ਲੈਣ ਲਈ ਤਿਆਰ ਹਾਂ ਤਾਂ ਕਿ ਕਮਿਊਨਿਟੀ ਅਤੇ ਗੁਰਦੁਆਰਾ ਸਾਹਿਬ ਨੂੰ ਕੋਈ ਨੁਕਸਾਨ ਨਾ ਝੱਲਣਾ ਪਵੇ। ਤੁਸੀਂ ਵੀ ਆਪਣਾ ਹਲਫੀਆ ਬਿਆਨ ਤਿਆਰ ਰੱਖੋ।

9. ਸੰਗਤ ਜਾਣਦੀ ਹੈ ਕਿ ਤੁਹਾਡੀਆਂ ਨਾਲਾਇਕੀਆਂ, ਬੇਈਮਾਨੀਆਂ ਅਤੇ ਉਮਰ ਭਰ ਗੁਰਦੁਆਰਾ ਸਾਹਿਬ 'ਤੇ ਕਬਜ਼ਾ ਕਰਨ ਦੀ ਭਾਵਨਾ ਨਾਲ ਗੁਰਦੁਆਰਾ ਸਾਹਿਬ ਦਾ ਲੱਖਾਂ ਡਾਲਰਾਂ ਦਾ ਨੁਕਸਾਨ ਹੋਇਆ ਹੈ, ਜਿਵੇਂ:

(ੳ) ਤੁਸੀਂ 1996 ਵਿਚ ਗੁਰੂ ਘਰ ਦੇ ਪ੍ਰਬੰਧ 'ਤੇ ਕਾਬਜ਼ ਹੋਣ ਪਿਛੋਂ 2004 ਤੱਕ ਇਹ ਕਹਿ ਕੇ ਚੋਣਾਂ ਕਰਵਾਉਣ ਤੋਂ ਇਨਕਾਰੀ ਰਹੇ ਕਿ ਚੋਣਾਂ ਸਿੱਖ ਸਿਧਾਂਤਾਂ ਦੇ ਉਲਟ ਹਨ ਜਦਕਿ ਪੂਰੀ ਸਿੱਖ ਕੌਮ ਜਾਣਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਮੁੱਢ ਤੋਂ ਹੀ ਹੋ ਰਹੀਆਂ ਹਨ ਪਰ ਤੁਸੀਂ ਕਬਜ਼ਾ ਨਹੀਂ ਸੀ ਛੱਡਣਾ ਚਾਹੁੰਦੇ, ਸੋ ਚੋਣਾਂ ਤੋਂ ਇਨਕਾਰੀ ਰਹੇ। ਜੇ ਤੁਸੀਂ ਸਿਧਾਂਤ ਦੇ ਏਡੇ ਹੀ ਪੱਕੇ ਸੀ ਤਾਂ ਫਿਰ ਸਿੱਧੇ-ਅਸਿੱਧੇ ਤੌਰ 'ਤੇ ਚੋਣਾਂ ਕਿਉਂ ਲੜਦੇ ਆ ਰਹੇ ਹੋ? 2008 ਅਤੇ 2010 ਵਿਚ ਤੁਸਾਂ ਸਿੱਧੀਆਂ ਚੋਣਾਂ ਲੜੀਆਂ। ਤੁਹਾਡੀ ਇਸ ਬੇਈਮਾਨ ਪਹੁੰਚ ਨੇ ਗੁਰੂ ਘਰ ਦਾ 4 ਲੱਖ 81 ਹਜ਼ਾਰ ਡਾਲਰ ਬਰਬਾਦ ਕੀਤਾ। ਹੁਣ ਫੇਰ ਚੋਣਾਂ ਵਿਚ ਬੇਨਿਯਮੀਆਂ ਕਰਕੇ ਹੋਰ ਅਦਾਲਤੀ ਖਰਚੇ ਲਈ ਰਾਹ ਖੋਲ੍ਹ ਦਿੱਤਾ ਹੈ। ਇਹ ਬੇਨਿਯਮੀਆਂ ਤੁਹਾਡੀ ਜ਼ਿਦ ਕਰਕੇ ਹੋਈਆਂ ਹਨ, ਇਸ ਲਈ ਅਦਾਲਤ ਵਿਚ ਹੋਣ ਵਾਲਾ ਸਾਰਾ ਖਰਚਾ ਤੁਹਾਨੂੰ ਆਪਣੀ ਜੇਬ ਵਿਚੋਂ ਹੀ ਦੇਣਾ ਚਾਹੀਦਾ ਹੈ ਤਾਂ ਕਿ ਗੁਰੂ ਘਰ ਦਾ ਕੋਈ ਨੁਕਸਾਨ ਨਾ ਹੋਵੇ।

(ਅ) ਤੁਹਾਡੀ ਅਤੇ ਤੁਹਾਡੇ ਪ੍ਰਬੰਧਕਾਂ ਦੀ ਨਾਲਾਇਕੀ ਅਤੇ ਮਿਲੀਭੁਗਤ ਨਾਲ ਗ੍ਰੰਥੀ ਚੰਨਣ ਸਿੰਘ 84 ਹਜ਼ਾਰ ਡਾਲਰ ਲੈ ਕੇ ਫਰਾਰ ਹੋ ਗਿਆ।

(ੲ) ਮਹਾਰਾਜਾ ਰਣਜੀਤ ਸਿੰਘ ਟਰਸਟ ਦਾ ਬਾਨੀ, ਜੋ ਕਿ ਤੁਹਾਡੇ ਇਕ ਕਮੇਟੀ ਮੈਂਬਰ ਦਾ ਰਿਸ਼ਤੇਦਾਰ ਸੀ, 10,000 ਡਾਲਰ ਲੈ ਕੇ ਗਿਆ ਕਿ ਉਹ ਦਸਮ ਪਾਤਸ਼ਾਹ ਦੇ ਅਸਤਰ-ਬਸਤਰ ਲੈ ਕੇ ਆਵੇਗਾ ਪਰ ਕਦੇ ਨਾ ਬਹੁੜਿਆ। ਨਤੀਜਾ 10,000 ਡਾਲਰ ਦਾ ਨੁਕਸਾਨ।

(ਸ) ਕਿਚਨ ਦੀ ਵਿਸਥਾਰ ਵਾਸਤੇ ਡਰਾਇੰਗਾਂ ਤਿਆਰ ਕੀਤੀਆਂ ਗਈਆਂ, ਜਿਸ 'ਤੇ 70 ਹਜ਼ਾਰ ਡਾਲਰ ਦਾ ਖਰਚਾ ਆਇਆ ਪਰ ਡਰਾਇੰਗਾਂ ਛੁਪਾ ਲਈਆਂ ਗਈਆਂ ਜਾਂ ਗਵਾ ਲਈਆਂ ਗਈਆਂ। ਇਸ ਤਰ੍ਹਾਂ 70 ਹਜ਼ਾਰ ਡਾਲਰ ਦਾ ਵਾਧੂ ਉਜਾੜਾ ਹੋਇਆ।

(ਹ) ਗੁਰੂ ਘਰ ਦਾ ਟੈਂਟ ਜਿਸ ਦੀ ਕੀਮਤ ਕੋਈ 15 ਹਜ਼ਾਰ ਡਾਲਰ ਦੱਸੀ ਜਾਂਦੀ ਹੈ, ਲਾਪਤਾ ਹੈ। ਇਹ 15 ਹਜ਼ਾਰ ਡਾਲਰ ਦਾ ਉਜਾੜਾ ਹੈ।

(ਕ) ਅਗਰ ਉਪਰੋਕਤ ਵੇਰਵੇ (ੳ, ਅ, ੲ, ਸ, ਅਤੇ ਹ) ਨੂੰ ਜੋੜਿਆ ਜਾਵੇ ਤਾਂ ਇਸ ਦਾ ਪੂਰਾ ਜੋੜ 6 ਲੱਖ 60 ਹਜ਼ਾਰ ਡਾਲਰ ਬਣਦਾ ਹੈ। ਸੋ ਮੇਰੀ ਬੇਨਤੀ ਹੈ ਕਿ ਆਪ ਜੀ ਅਤੇ ਆਪ ਜੀ ਦੇ ਸਹਿਯੋਗੀਆਂ ਵਲੋਂ ਗੁਰੂ ਘਰ ਦੇ ਕੀਤੇ ਨੁਕਸਾਨ ਦੀ ਪੂਰਤੀ ਕੀਤੀ ਜਾਵੇ ਅਤੇ ਇਹ ਰਕਮ ਗੁਰੂ ਕੀ ਗੋਲਕ ਵਿਚ ਜਮ੍ਹਾ ਕਰਵਾਈ ਜਾਵੇ ਤਾਂ ਕਿ ਆਪਾਂ ਪਾਰਕਿੰਗ ਅਤੇ ਹੋਰ ਉਸਾਰੀ ਦੇ ਕੰਮ ਕਰ ਸਕੀਏ।

100 ਏਕੜ ਜ਼ਮੀਨ ਅਤੇ ਨਾਲ ਲਗਦੇ ਘਰ ਤੇ 2 ਮਿਲੀਅਨ ਡਾਲਰ ਦਾ ਹਕੀਕੀ ਵੇਰਵਾ ਜ਼ਰੂਰ ਚਾਹੁੰਦੇ ਹਾਂ। ਸਾਡੀ ਬੇਨਤੀ ਹੈ ਕਿ ਅਗਰ ਅਸੀਂ ਤੁਹਾਡੀ ਗੱਲ ਮੰਨ ਕੇ ਗੁਰਦੁਆਰਾ ਸਾਹਿਬ ਦੇ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਤਿਆਰ ਹਾਂ ਤਾਂ ਤੁਹਾਨੂੰ ਵੀ ਗੁਰੂ ਦਾ ਭੈਅ ਰੱਖ ਕੇ 6 ਲੱਖ 60 ਹਜ਼ਾਰ ਡਾਲਰ ਦਾ ਪ੍ਰਬੰਧ ਤੁਰੰਤ ਕਰ ਲੈਣਾ ਚਾਹੀਦਾ ਹੈ। ਤੁਹਾਨੂੰ ਕਿਸੇ ਛੋਟ ਦੀ ਆਸ ਨਹੀਂ ਰੱਖਣੀ ਚਾਹੀਦੀ।

10. ਸਾਡੇ ਪੈਸੇ ਦਾ ਬੰਦੋਬਸਤ ਹੋ ਚੁੱਕਾ ਹੈ। ਉਸ ਦੀ ਚਿੰਤਾ ਨਾ ਕਰੋ। ਤੁਸੀਂ ਸਾਡੇ ਸੁਲਝਾਏ ਹਲਫਨਾਮੇ 'ਤੇ ਸਾਈਨ ਕਰੋ ਅਤੇ ਸਾਨੂੰ ਦੱਸੋ ਤੁਸੀਂ ਗੁਰੂ ਘਰ ਨੂੰ ਪਾਇਆ ਘਾਟਾ ਕਦੋਂ ਜਮ੍ਹਾ ਕਰਵਾ ਰਹੇ ਹੋ? ਕਿਰਪਾ ਕਰਕੇ ਸੰਗਤ ਨੂੰ ਫੌਰੀ ਤੌਰ 'ਤੇ ਦੱਸੋ।

ਅਸੀਂ ਜ਼ਮੀਨ ਅਤੇ ਘਰ ਖਰੀਦ ਕੇ ਗੁਰੂ ਘਰ ਦਾ ਇਕ ਪੈਸੇ ਦਾ ਨੁਕਸਾਨ ਨਹੀਂ ਹੋਣ ਦਿਆਂਗੇ। ਤੁਸੀਂ ਵੀ ਘਾਟਾ ਪੂਰਾ ਕਰ ਕੇ ਇਮਾਨਦਾਰੀ ਦਾ ਸਬੂਤ ਦਿਓ।

*ਗੁਰੂ ਪੰਥ ਦਾ ਦਾਸ-ਗੁਰਮੀਤ ਸਿੰਘ ਖਾਲਸਾ*

# ਪੰਜਾਬ ਸਰਕਾਰ ਹੁਣ ਗਰਮ ਦਲੀਆਂ ਪ੍ਰਤੀ ਨਰਮ ਹੋਣ ਲਗੀ

**ਬਠਿੰਡਾ :** ਪੰਜਾਬ ਦੀ ਸਿਆਸੀ ਫਿਜ਼ਾ ਵਿਚ ਤੇਜ਼ੀ ਨਾਲ ਆ ਰਹੀ ਤਬਦੀਲੀ ਦਾ ਹੀ ਇਹ ਸਿੱਟਾ ਹੈ, ਕਿ ਡੇਰਾ ਸੱਚਾ ਸੌਦਾ ਦੇ ਮੁੱਖੀ ਵਿਰੁਧ ਤਿੰਨ ਸਾਲ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਨੂੰ ਲਾਗੂ ਕਰਵਾਉਣ ਅਤੇ ਇਸ ਜੱਦੋਜਹਿਦ ਅਧੀਨ ਗ੍ਰਿਫਤਾਰ ਕੀਤੇ ਆਪਣੇ ਸਾਥੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਗਰਮ ਸੁਰ ਵਾਲੀਆਂ ਸਿੱਖ ਜਥੇਬੰਦੀਆਂ ਵਲੋਂ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਬਠਿੰਡਾ ਤੱਕ ਕੀਤੇ ਰੋਹ ਭਰਪੂਰ ਮਾਰਚ ਵਿਚ ਕਿਸੇ ਕਿਸਮ ਦੀ ਰੁਕਾਵਟ ਪਾਉਣ ਦੇ ਉਲਟ ਮੰਗ ਪੱਤਰ ਹਾਸਲ ਕਰਨ ਲਈ ਪ੍ਰਸਾਸਨ ਖੁਦ ਚੱਲ ਕੇ ਉਨ੍ਹਾਂ ਦਰਮਿਆਨ ਹਾਜ਼ਰ ਹੋਇਆ।

ਇਥੇ ਇਹ ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਸਾਜੇ ਖਾਲਸਾ ਪੰਥ ਦੀ ਤਰਜ਼ 'ਤੇ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਗੁਰਮੀਤ ਸਿੰਘ ਵਲੋਂ ਪੰਜਾਬ ਵਿਚਲੇ ਆਪਣੇ ਹੈਡ ਕੁਆਟਰ ਸਲਾਬਤਪੁਰਾ ਵਿਖੇ ਛਕਾਏ ਜਾਮ ਏ ਇੰਸਾਂ ਦੇ ਪ੍ਰਤੀਕਰਮ ਵਜੋਂ ਅੱਜ ਤੋਂ 3 ਸਾਲ ਪਹਿਲਾਂ 17 ਮਈ 2007 ਨੂੰ ਤਖਤ ਸ੍ਰੀ ਦਮਦਮਾ ਸਾਹਿਬਵਿਖੇ ਹੋਈ ਇਕ ਵਿਸ਼ਾਲ ਇਕੱਤਰਤਾ ਦੌਰਾਨ ਪੰਜ ਸਿੰਘ ਸਾਹਿਬਾਨ ਨੇ ਉਸ ਦਾ ਅਤੇ ਉਸ ਦੀ ਸੰਪਰਦਾਇ ਦਾ ਧਾਰਮਿਕ ਸਮਾਜਿਕ ਅਤੇ ਸਿਆਸੀ ਬਾਈਕਾਟ ਕੀਤਾ ਸੀ। ਪੰਜਾਬ ਵਿਚਲੇ ਉਸ ਦੇ ਡੇਰਿਆਂ ਨੂੰ ਬੰਦ ਕਰਵਾਉਣ ਲਈ ਹੁਕਮਨਾਮਾ ਜਾਰੀ ਕੀਤਾ ਗਿਆ ਸੀ।

ਇਸ ਹੁਕਮਨਾਮੇ ਨੂੰ ਲਾਗੂ ਕਰਵਾਉਣ ਦੇ ਨਾਂਅ ਹੇਠ ਸ਼ੁਰੂ-ਸ਼ੁਰੂ ਵਿਚ ਤਾਂ ਡੇਰਾ ਪ੍ਰੇਮੀਆਂ 'ਤੇ ਡਾਢਾ ਕਹਿਰ ਵਰਤਾਇਆ, ਪਰ ਉਨ੍ਹਾਂ ਦੇ ਵੋਟ ਬੈਂਕ ਨੂੰ ਧਿਆਨ ਵਿਚ ਰੱਖਦਿਆਂ ਮੱਠੀ ਪੈਂਦੀ ਪੈਂਦੀ ਇਹ ਮੁਹਿੰਮ ਮੌਜੂਦ ਲੋਕ ਸਭਾ ਦੀਆਂ ਚੋਣਾਂ ਤੱਕ ਪਹੁੰਚ ਕੇ ਪੂਰੀ ਤਰ੍ਹਾਂ ਦਮ ਹੀ ਨਹੀਂ ਤੋੜ ਗਈ, ਬਲਕਿ ਸਰਕਾਰੀ ਸੁਰੱਖਿਆ ਨਾਲ ਉਨ੍ਹਾਂ ਦੀਆਂ ਨਾਮ ਚਰਚਾਵਾਂ ਮੁੜ ਸ਼ੁਰੂ ਹੋ ਗਈਆਂ।

ਇਸੇ ਅਰਸੇ ਦੌਰਾਨ ਹੁਕਮਨਾਮੇ ਨੂੰ ਲਾਗੂ ਕਰਾਉਣ ਲਈ ਗਰਮ ਸੁਰ ਵਾਲੀਆਂ ਕੁਝ ਸਿੱਖ ਜਥੇਬੰਦੀਆਂ ਨੇ ਆਪਣੀ ਜੱਦੋਜਹਿਦ ਜਾਰੀ ਰੱਖੀ ਅਤੇ ਉਹ ਹਰ ਐਤਵਾਰ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਲਗਾਤਾਰ ਸ਼ਹੀਦੀ ਜਥੇ ਤੋਰਦੀਆਂ ਆ ਰਹੀਆਂ ਹਨ, ਜਿਨ੍ਹਾਂ ਨੂੰ ਗ੍ਰਿਫਤਾਰ ਕਰਕੇ ਪੁਲਸ ਜੇਲ੍ਹ ਭਿਜਵਾ ਦਿੰਦੀ ਸੀ। ਹੁਕਮਨਾਮੇ ਨੂੰ ਜਾਰੀ ਹੋਣ ਦੇ ਤੀਜੇ ਵਰ੍ਹੇ ਦੇ ਅੰਤ 'ਤੇ 15 ਮਈ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਇਨ੍ਹਾਂ ਜਥੇਬੰਦੀਆਂ ਨੇ ਇਕ ਸਮਾਗਮ ਰਚਾਇਆ, ਜਿਸ ਦੀ ਸਮਾਪਤੀ ਉਪਰੰਤ ਹੁਕਮਨਾਮਾ ਲਾਗੂ ਕਰਵਾਉਣ ਲਈ ਹੋਈਆਂ ਹਿੰਸਕ ਘਟਨਾਵਾਂ ਵਿਚ ਮਾਰੇ ਗਏ ਨੌਜਵਾਨਾਂ ਅਤੇ ਜੇਲ੍ਹਾਂ ਵਿਚ ਬੰਦ ਸਿੱਖ ਕਾਰਕੁਨਾਂ ਦੀਆਂ ਪਰਿਵਾਰਕ ਔਰਤਾਂ ਦੇ ਇਕ 21 ਮੈਂਬਰੀ ਜਥੇ ਨੇ ਸਵਰਨ ਸਿੰਘ ਕੋਟ ਧਰਮੂ ਦੀ ਮਾਤਾ ਸ੍ਰੀਮਤੀ ਬਲਵੀਰ ਕੌਰ ਦੀ ਅਗਵਾਈ ਹੇਠ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ, ਜਿਸ ਨੂੰ ਪੁਲਸ ਇਕ ਗੱਡੀ ਵਿਚ ਬਿਠਾ ਕੇ ਲੈ ਗਈ। ਜ਼ਿਕਰਯੋਗ ਹੈ ਕਿ ਗ੍ਰਿਫਤਾਰੀ ਤੋਂ ਪਹਿਲਾਂ ਇਨ੍ਹਾਂ ਔਰਤਾਂ ਨੇ ਸਿੰਘ ਸਾਹਿਬਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਲੋਂ ਹੁਕਮਨਾਮਾ ਲਾਗੂ ਨਾ ਕਰਵਾਉਣ ਦੇ ਵਿਰੋਧ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਗੇਟ 'ਤੇ ਚੂੜੀਆਂ ਲਹਿਰਾਈਆਂ।

ਦੂਜੇ ਪਾਸੇ ਸੈਂਕੜੇ ਸਿੱਖਾਂ ਦਾ ਇਕ ਕਾਫਲਾ ਗੱਡੀਆਂ ਰਾਹੀਂ ਬਠਿੰਡਾ ਨੂੰ ਰਵਾਨਾ ਹੋਇਆ, ਅਤੀਤ ਵਿਚ ਅਜਿਹੇ ਜਥਿਆਂ ਨੂੰ ਰਾਹ ਵਿਚ ਰੋਕ ਕੇ ਹੀ ਪੁਲਸ ਤਿੱਤਰ-ਬਿੱਤਰ ਕਰ ਦਿੰਦੀ ਸੀ, ਪਰ ਉਨ੍ਹਾਂ ਦੇ ਰਾਹ ਵਿਚ ਕਿਸੇ ਕਿਸਮ ਦੀ ਰੁਕਾਵਟ ਖੜੀ ਕਰਨੀ ਮੁਨਾਸਿਬ ਨਾ ਸਮਝੀ ਗਈ। ਰਾਜਨੀਤਕ ਵਿਸ਼ਲੇਸ਼ਕ ਪੁਲਸ ਦੇ ਇਸ ਰਵੱਈਏ ਨੂੰ ਪੰਜਾਬ ਦੀ ਤੇਜ਼ੀ ਨਾਲ ਬਦਲ ਰਹੀ ਸਿਆਸੀ ਫਿਜ਼ਾ ਨਾਲ ਜੋੜ ਕੇ ਦੇਖਦੇ ਹਨ।

ਇਥੇ ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਸੁਪਰੀਮ ਕੋਰਟ ਵਲੋਂ ਵਿਧਾਨ ਸਭਾ ਦੀ ਮੈਂਬਰੀ ਬਹਾਲ ਕਰਨ ਉਪਰੰਤ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਰਾਜ ਦੇ ਲੋਕਾਂ ਵਲੋਂ ਜੋ ਵਿਆਪਕ ਸਮਰਥਨ ਮਿਲ ਰਿਹਾ ਹੈ, ਰਾਜ ਸਰਕਾਰ ਅਤੇ ਪ੍ਰਸਾਸਨਿਕ ਅਧਿਕਾਰੀ ਉਸਨੂੰ ਵੀ ਬਹੁਤ ਬਾਰੀਕੀ ਨਾਲ ਦੇਖ ਰਹੇ ਹਨ, ਸ਼ਾਇਦ ਇਹੀ ਕਾਰਨ ਹੈ ਕਿ ਅੰਦੋਲਨਕਾਰੀਆਂ 'ਤੇ ਤਸ਼ੱਦਦ ਕਰਕੇ ਉਹ ਸਿੱਖਾਂ ਵਿਚ ਆਪਣਾ ਅਕਸ ਖਰਾਬ ਹੋਣ ਤੋਂ ਡਰ ਮਹਿਸੂਸ ਕਰ ਰਹੀਆਂ ਹਨ।

ਇਸ ਕਾਫਲੇ ਦੀ ਅਗਵਾਈ ਕਾਲੇ ਵਸਤਰਾਂ ਵਾਲੇ ਅਜਿਹੇ ਪੰਜ ਪਿਆਰੇ ਕਰ ਰਹੇ ਸਨ, ਆਪਣੇ-ਆਪ ਨੂੰ ਸੰਗਲਾਂ ਨਾਲ ਜਕੜ ਕੇ ਜੋ ਇਹ ਪ੍ਰਭਾਵ ਦੇ ਰਹੇ ਸਨ, ਕਿ ਪੰਜਾਬ ਵਿਚ ਜਮਹੂਰੀਅਤ ਨੂੰ ਬੁਰੀ ਤਰ੍ਹਾਂ ਕੁਚਲਿਆ ਜਾ ਰਿਹਾ ਹੈ। ਇਥੇ ਹੀ ਬੱਸ ਨਹੀਂ ਉਹ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨੂੰ ਮੁਰਦਾਬਾਦ ਦੇ ਨਾਅਰਿਆਂ ਰਾਹੀਂ ਆਪਣਾ ਨਿਸ਼ਾਨਾ ਬਣਾ ਰਹੇ ਸਨ। ਇਸ ਮਾਰਚ ਦਾ ਰੌਚਕ ਪੱਖ ਇਹ ਵੀ ਹੈ ਕਿ ਅੰਦੋਲਨਕਾਰੀਆਂ ਨੇ ਅਜਿਹੇ ਮਾਟੋ ਚੁੱਕੇ ਹੋਏ ਸਨ, ਜਿਨ੍ਹਾਂ ਉਪਰ ਇਹ ਲਿਖਿਆ ਹੋਇਆ ਸੀ, 'ਅਖੌਤੀ ਜਥੇਦਾਰੋ ਪੰਥ ਦੇ ਗਦਾਰੋ ਸਿਰਾਂ 'ਤੇ ਲੈ ਲਓ ਚੁੰਨੀਆਂ ਬਾਹੀਂ ਪਾ ਲਓ ਚੂੜੀਆਂ, ਹੁਕਮਨਾਮਾ ਲਾਗੂ ਕਰਵਾਉਣ ਲਈ ਬੀਬੀਆਂ ਬੰਨ੍ਹ ਦਸਤਾਰਾਂ ਤੁਰੀਆਂ।'

ਜਦ ਅੰਦੋਲਨਕਾਰੀਆਂ ਦਾ ਕਾਫ਼ਲਾ ਸਥਾਨਕ ਬੱਸ ਅੱਡੇ ਸਾਹਮਣੇ ਆ ਕੇ ਰੁਕ ਗਿਆ ਤਾਂ ਬਿਨਾਂ ਦੇਰ ਕੀਤਿਆਂ ਪੁਲਸ ਅਧਿਕਾਰੀ ਜ਼ਿਲ੍ਹੇ ਦੇ ਕਾਇਮ ਮੁਕਾਮ ਡਿਪਟੀ ਕਮਿਸ਼ਨਰ ਸ੍ਰੀ ਸਿੰਬਨ ਨੂੰ ਘਟਨਾ ਸਥਾਨ ਤੇ ਲੈ ਆਏ। ਜਿਨ੍ਹਾਂ ਨੇ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂਆਂ ਸਰਵਸ੍ਰੀ ਹਰਪਾਲ ਸਿੰਘ ਚੀਮਾ, ਦਰਸਨ ਸਿੰਘ ਜਗਾ ਰਾਮ ਤੀਰਥ, ਖਾਲਸਾ ਐਕਸ਼ਨ ਕਮੇਟੀ ਦੇ ਆਗੂ ਬਾਬਾ ਹਰਦੀਪ ਸਿੰਘ ਮਹਿਰਾਜ ਅਤੇ ਏਕਨੂਰ ਖਾਲਸਾ ਫੌਜ ਦੇ ਮੁਖੀ ਬਲਜਿੰਦਰ ਸਿੰਘ ਤੋਂ ਉਹ ਮੈਮੋਰੰਡਮ ਪ੍ਰਾਪਤ ਕੀਤਾ, ਜਿਸ ਰਾਹੀਂ ਹੁਕਮਨਾਮੇ ਨੂੰ ਲਾਗੂ ਕਰਾਉਣ ਅਤੇ ਜੇਲ੍ਹਾਂ ਵਿਚ ਬੰਦ ਸਿੱਖ ਕਾਰਕੁੰਨਾਂ ਨੂੰ ਰਿਹਾਅ ਕਰਨ ਦੀ ਮੰਗ 'ਤੇ ਜ਼ੋਰ ਦਿੱਤਾ ਗਿਆ ਹੈ।

## ਸਿੱਖ ਇਤਿਹਾਸ ਦੀ ਸੁਧਾਈ ਲਈ ਕਮੇਟੀ ਗਠਿਤ

**ਧਨੌਲਾ :** ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਹਿੰਦੀ ਵਿਚ ਪ੍ਰਕਾਸ਼ਤ 'ਸਿੱਖ ਇਤਿਹਾਸ' ਕਿਤਾਬ ਵਿਚ ਗੁਰੂਆਂ ਬਾਰੇ ਦਿਤੀ ਗਈ ਊਲ-ਜਲੂਲ ਜਾਣਕਾਰੀ ਦੀ ਪਛਾਣ ਕਰ ਕੇ ਸੁਧਾਈ ਕਰਨ ਲਈ ਪੰਜ ਮੈਂਬਰੀ ਕਮੇਟੀ ਬਣਾ ਦਿਤੀ ਗਈ ਹੈ।

ਇਹ ਜਾਣਕਾਰੀ ਇਥੇ ਅਕਾਲ ਤਖ਼ਤ ਸਹਿਬ ਦੇ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਨੇ ਗੁਰਦਵਾਰਾ ਪਾਤਸ਼ਾਹੀ ਨੌਵੀਂ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿਤੀ। ਉਨ੍ਹਾਂ ਕਿਹਾ ਕਿ 'ਸਿੱਖ ਇਤਿਹਾਸ' ਜਿਸ ਵਿਚ ਗੁਰੂ ਨਾਨਕ ਸਾਹਿਬ ਨੂੰ ਸਨਿਆਸੀ ਦਸਿਆ ਗਿਆ, ਵਿਚ ਸਿੱਖ ਧਰਮ ਬਾਰੇ ਲਿਖੀਆਂ ਗ਼ਲਤੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਦੱਸਣ ਵਾਲਾ ਕੋਈ ਹੋਰ ਵਿਅਕਤੀ ਸੀ ਜਦਕਿ ਕਿਤਾਬ ਨੂੰ ਲਿਖਣ ਵਾਲਾ ਮੁਸਲਮਾਨ ਬੂਟੇ ਸ਼ਾਹ ਮੌਲਵੀ ਸੀ।

ਉਸ ਨੇ ਕਿਸੇ ਦਬਾਅ ਹੇਠ ਆ ਕੇ ਕਿਤਾਬ ਵਿਚ 'ਕੁਝ ਹੋਰ' ਹੀ ਛਾਪ ਦਿਤਾ। ਇਸ ਦੀ ਸੋਧ ਕਰਨ ਲਈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ 5 ਮੈਂਬਰੀ ਕਮੇਟੀ ਬਣਾ ਦਿਤੀ ਹੈ। ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਪਹਿਲਾਂ ਪੰਜਾਬ ਦੇ ਪਿੰਡਾਂ ਵਿਚ 80 ਫ਼ੀ ਸਦੀ ਬੱਚੇ ਪਤਿਤ ਸਨ।

## Matrimonials

US Jat Sikh Parents seek US citizen match for their India based B.Tech (CSE) CCNP (CISCO) 3G Mob.Tech. 27, 5'11", son, Contact: 425-609-8431 or e-mail: bahader.grewal@gmail.com

Ramgarhia Sikh family looking for Medico/ Engineer/ professionally qualified, under 35, issueless match from US/Canada for their Dentist (D.D.S) daughter, 31, 5'-5", PR Canada, divorced/ issueless.Contact:Email: match2k@gmail.com

Jat Sikh parents from Midwest seek suitable match for their US born, handsome, clean shaven, 26, 6'-1" Engineer son, manager in a large national corporation. Please contact: sikh5family@gmail.com

## Public Notice

**Change of Name**

I Daljeet Kaur W/O Kehar Singh Chauhan, resident of Jyoti Surup Chowk, near Jassar Filling Station, W. No. 6, Sirhind, Distt. Fatehgarh Sahib, (Pb), India, currently living at 6039 N. Augusta St. #203, Fresno, CA, 93710, have changed my name to Daljeet Kaur Chauhan. All concerned please note.


**MRP TRAVEL**
*Lowest International and Domestic Fares*
ARC FLY ANY AIRLINE OF YOUR CHOICE IATA
*Providing the lowest Air-fare, Cruise and Travel Packages to Asia, Africa, Europe, the Middle East and North America*
408-929-8005
E-mail:mrptravel@gmail.com
2123 Port Way, San Jose, CA 95133
*CST: 2097308-40*

Emirates Asiana Airlines Korean Air Singapore Airlines Cathay Pacific Lufthansa China Airlines
**We Also Offer Notary Service**



**B & Sons Travel**
➢All Airlines ➢International and Domestic
➢Wholesale Fares Around the World
**We Will Beat or Match any Fare !**
Office Hours
Mon-Fri: 9am -6pm
Saturday 9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



*To Advertise with us*
*Call: 847-359-0746*
*Fax:847-705-9388*
*e-mial: punjabtimes1@sbcglobal.net*
*Visit us on the web:*
*punjabtimesusa.com*



NCP College of Nursing
Educate | Grow | Succeed
100% NCLEX-PN Pass Rate! SSF Campus 5 Consecutive Quarters January 1008 - March 2009
Affordable Payment Plans! Up to 10 years Repayment Terms on Approved Credit
Start your career now! Find a job fast using our Job Placement Office.
Full Time
Part Time
Day & Evening
Start Your Nursing Career Today!

12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Peninsula Campus 257 Longford Drive #5 So. San Francisco, CA 94080 1.800.339.5145
East Bay Campus 21615 Hesperian Blvd, Ste A Hayward, CA 94541 1.800.611.4054
Choose which is right for you...
Your career is a call away. **Call today!**
www.ncpcollegeofnursing.com



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਯੁਨਾਈਟਿਡ ਸਿੱਖਸ ਵਲੋਂ ਹੇਤੀ ਵਿਚ ਭੂਚਾਲ ਪੀੜਿਤਾਂ ਦੀ ਮਦਦ

**ਪੋਰਟ ਔ ਪ੍ਰਿੰਸ (ਪੰਜਾਬ ਟਾਈਮਜ਼ ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ ਯੁਨਾਈਟਡ ਸਿੱਖਸ ਨੇ ਹੇਤੀ ਵਿਚ ਪਿਛਲੇ ਕੁਝ ਹਫਤਿਆਂ ਅੰਦਰ 5000 ਤੋਂ ਵੱਧ ਭੁਚਾਲ ਪੀੜਤ ਵਲ ਅਜੇ ਕਿਸੇ ਦਾ ਧਿਆਨ ਨਹੀਂ ਸੀ ਗਿਆ। ਇਨ੍ਹਾਂ ਇਲਾਕਿਆਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਪਰਿਵਾਰ ਅਜਿਹੇ ਆਰਜੀ ਬਸੇਰਿਆਂ ਵਿਚ ਰਹਿ ਰਹੇ ਸਨ ਜੋ ਸਿਰਫ ਚਾਰ ਸੋਟੀਆਂ ਅਤੇ



*ਜੈਪਾਲ ਸਿੰਘ ਕੈਂਪ ਦੌਰਾਨ*

ਹੇਤੀ ਨਿਵਾਸੀਆਂ ਲਈ ਸਿਰਲੁਕਾਵੇ ਦਾ ਬੰਦੋਬਸਤ ਕੀਤਾ ਹੈ। ਜਥੇਬੰਦੀ ਦੀ ਸ਼ਹਿਰੀ ਡਿਜਾਈਨ ਅਤੇ ਵਿਕਾਸ ਟੀਮ ਨੇ ਜੈਪਾਲ ਸਿੰਘ ਦੀ ਅਗਵਾਈ ਹੇਠ ਪੰਜ ਨਵੀਆਂ ਟੈਂਟ ਬਸਤੀਆਂ ਕਾਇਮ ਕੀਤੀਆਂ ਹਨ, ਜਿਨ੍ਹਾਂ ਵਿਚ ਯੁਨਾਈਟਡ ਸਿਖਸ, ਟੋਰਾਂਟੋ ਵਲੋਂ ਮੁਹੱਈਆ ਕੀਤੇ 680 ਟੈਂਟ ਲਾਏ ਗਏ ਹਨ। ਇਥੇ ਜ਼ਿਕਰਯੋਗ ਹੈ ਕਿ ਹੇਤੀ ਵਿਚ ਜਨਵਰੀ ਮਹੀਨੇ ਆਏ ਭੂਚਾਲ ਵਿਚ ਹਜ਼ਾਰਾਂ ਲੋਕ ਮਾਰੇ ਗਏ ਸਨ ਅਤੇ ਲੱਖਾਂ ਬੇਘਰ ਹੋ ਗਏ ਸਨ।

ਯੁਨਾਈਟਡ ਸਿਖਸ ਦੀ ਟੀਮ ਨੇ ਸੰਯੁਕਤ ਰਾਸ਼ਟਰ ਵਰਕਰਾਂ, ਸਥਾਨਕ ਭਾਈਚਾਰਕ ਜਥੇਬੰਦੀਆਂ ਅਤੇ ਧਾਰਮਕ ਆਗੂਆਂ ਦੇ ਸਹਿਯੋਗ ਨਾਲ ਇਸ ਸ਼ਹਿਰ ਦੇ ਬਾਹਰਵਾਰ ਉਨ੍ਹਾਂ ਇਲਾਕਿਆਂ ਵਿਚ ਰਾਹਤ ਮੁਹੱਈਆ ਕੀਤੀ ਜਿਨ੍ਹਾਂ ਇਕ ਸੂਤੀ ਚਾਦਰ ਦੇ ਬਣੇ ਹੋਏ ਸਨ। ਅਜਿਹੇ ਬਸੇਰਿਆਂ ਵਿਚ 5 ਤੋਂ 6 ਜੀਆਂ ਦੇ ਪਰਿਵਾਰ ਦਾ ਤਪਤੇ ਸੂਰਜ ਦੇ ਕਹਿਰ ਤੋਂ ਬਚਾਅ ਹੋਣਾ ਮੁਸ਼ਕਿਲ ਸੀ। ਇਹ ਸਭ ਦੇਖਦਿਆਂ ਯੁਨਾਈਟਡ ਸਿਖਸ ਦੇ ਸੇਵਾਦਾਰਾਂ ਨੇ ਫੌਰੀ ਸਹਾਇਤਾ ਲਈ ਉਪਰਾਲੇ ਕੀਤੇ ਤੇ ਕੁਝ ਹੀ ਦਿਨਾਂ ਵਿਚ ਲੀਲਾਵਾਇਸ-47 ਵਿਚ ਐਡਜ਼ਰ ਲੂਇਸ ਦੇ ਕੈਂਪ ਵਿਚ 500 ਤੋਂ ਵੱਧ ਪਰਿਵਾਰਾਂ ਨੂੰ ਪੀਣ ਵਾਲਾ ਪਾਣੀ, ਚੌਲ, ਬੀਨ, ਖਾਣਾ ਪਕਾਉਣ ਵਾਲਾ ਤੇਲ ਅਤੇ ਕਿਚਨ ਦਾ ਸਮਾਨ ਮੁਹੱਈਆ ਕਰ ਦਿੱਤਾ। ਇਨ੍ਹਾਂ ਪਰਿਵਾਰਾਂ ਨੂੰ 500 ਤੋਂ ਵੱਧ ਟੈਂਟ ਮੁਹੱਈਆ ਕੀਤੇ ਗਏ ਜਿਥੇ ਉਨ੍ਹਾਂ ਦਾ ਸੂਰਜ ਦੀ ਗਰਮੀ ਤੋਂ ਬਚਾਅ ਹੋ ਸਕਦੈ ਅਤੇ ਉਹ ਸਿਰ ਉਚਾ ਕਰ ਕੇ ਰਹਿ ਸਕਦੇ ਹਨ। ਸਿੱਖ ਵਲੰਟੀਅਰਾਂ ਨੇ ਇਹ ਟੈਂਟ ਖੜੇ ਕਰਨ ਲਈ ਸਥਾਨਕ ਭਾਈਚਾਰੇ ਨੂੰ ਸਿਖਲਾਈ ਦੇਣ ਲਈ ਅਣਥਕ ਮਿਹਨਤ ਕੀਤੀ।

ਯੁਨਾਈਟਡ ਸਿਖਸ ਦੀ ਸ਼ਹਿਰੀ ਡਿਜ਼ਾਈਨ ਅਤੇ ਵਿਕਾਸ ਟੀਮ ਦੇ ਕੋ-ਆਰਡੀਨੇਟਰ ਸ੍ਰੀ ਜੈਪਾਲ ਸਿੰਘ, ਜੋ ਕਿ ਆਪ ਇਕ ਆਰਕੀਟੈਕਟ ਹਨ, ਨੇ ਇਨ੍ਹਾਂ ਯਤਨਾਂ ਉਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਅਸੀਂ ਸਾਡੀ ਟੀਮ ਨੂੰ ਮਿਲੇ ਸਹਿਯੋਗ ਲਈ ਲਾਈਟ ਆਫ ਦੀ ਵਰਲਡ, ਲਾਈਫ ਚਰਚ ਮਿਸ਼ਨ ਅਤੇ ਐਮ ਡੀ ਐਮ ਗਰੀਸ ਅਤੇ ਪੁਰਤਗਾਲ ਦੇ ਮੈਂਬਰਾਂ ਦੇ ਧੰਨਵਾਦੀ ਹਾਂ। ਅਸੀਂ ਸਥਾਨਕ ਆਗੂ ਸ਼ਿਨਾਈ ਦੇ ਵੀ ਧੰਨਵਾਦੀ ਹਾਂ ਜਿਸਨੇ ਸਾਡੇ ਲਈ ਤਰਜ਼ਮਾਕਾਰ ਦਾ ਕੰਮ ਕੀਤਾ।

ਜਥੇਬੰਦੀ ਦੇ ਵਲੰਟੀਅਰਾਂ ਕਿਰਪੌਲ ਸਿੰਘ ਅਤੇ ਚਰਨਪ੍ਰੀਤ ਸਿੰਘ ਨੇ ਟੈਂਟਾਂ, ਪਲਾਸਟਿਕ ਦੀਆਂ ਤਰਪਾਲਾਂ ਅਤੇ ਹੋਰ ਰਾਹਤ ਸਾਮਗਰੀ ਮੁਹੱਈਆ ਕਰਨ ਵਾਲੀ ਸੰਯੁਕਤ ਰਾਸ਼ਟਰ ਦੀ ਡਿਵੀਜ਼ਨ ਨਾਲ ਤਾਲ-ਮੇਲ ਕੀਤਾ। ਯੁਨਾਈਟਡ ਸਿਖਸ ਦੇ ਵਲੰਟੀਅਰਾਂ ਨੂੰ ਫੌਜੀ ਤਰਜ ਦੇ 1123 ਟੈਂਟ ਅਤੇ ਪਲਾਸਟਿਕ ਤਰਪਾਲਾਂ ਮੁਹੱਈਆ ਕੀਤੀਆਂ ਗਈਆਂ, ਜੋ ਜਥੇਬੰਦੀ ਨੇ ਅਗੋਂ ਤਿੰਨ ਵਖ ਵਖ ਬਸਤੀਆਂ ਵਿਚ ਵੰਡੀਆਂ ਅਤੇ ਭੁਚਾਲ ਨਾਲ ਬੇਘਰ ਹੋਏ ਹਜਾਰਾਂ ਹੇਤੀ ਨਿਵਾਸੀਆਂ ਨੂੰ ਸੂਰਜ ਦੀ ਤਪਸ਼ ਤੋਂ ਰਾਹਤ ਦਵਾਈ। ਚਰਨਪ੍ਰੀਤ ਸਿੰਘ ਨੇ ਪਹਿਲਾਂ ਮਿਥੇ ਨਾਲੋਂ ਹੇਤੀ ਵਿਚ ਬਹੁਤੇ ਦਿਨ ਗੁਜ਼ਾਰੇ ਅਤੇ ਸਥਾਨਕ ਜਥੇਬੰਦੀਆਂ ਨਾਲ ਸਬੰਧ ਬਣਾਉਣ ਲਈ ਅਣਥਕ ਕੰਮ ਕੀਤਾ। ਹੁਣ ਧਰਮ ਸਿੰਘ ਵਲੋਂ ਸਥਾਨਕ ਲੋਕਾਂ ਨਾਲ ਤਾਲ-ਮੇਲ ਕਾਇਮ ਕਰਨ ਅਤੇ ਸਬੰਧ ਬਣਾਉਣ ਲਈ ਦਿਨ-ਰਾਤ ਇਕ ਕਰ ਕੇ ਕੰਮ ਕੀਤਾ ਜਾ ਰਿਹਾ ਹੈ।

ਗੁਰੂ ਨਾਨਕ ਸਿੱਖ ਗੁਰਦੁਆਰਾ, ਸਰੀ ਦੇ ਪ੍ਰਧਾਨ ਬਿਕਰਮਜੀਤ ਸਿੰਘ ਨੇ ਹੇਤੀ ਵਿਚ ਸਿੱਖ ਸੇਵਾਦਾਰਾਂ ਦੇ ਯਤਨਾਂ ਉਤੇ ਟਿਪਣੀ ਕਰਦਿਆਂ ਆਖਿਆ ਕਿ ਸਿਰ ਉਤੇ ਛੱਤ ਯਾਨਿ ਕੁਲੀ ਗੁਲੀ ਅਤੇ ਜੁਲੀ ਵਾਂਗ ਸਭ ਲਈ ਜਰੂਰੀ ਹੈ। ਹੇਤੀ ਵਿਚ ਭੁਚਾਲ ਨੇ ਬਹੁਤ ਵਡੀ ਗਿਣਤੀ ਵਿਚ ਲੋਕਾਂ



*ਰਮੀਲਾ ਕੌਰ*

ਨੂੰ ਬੇਘਰੇ ਕਰ ਦਿਤਾ ਸੀ। ਇਨ੍ਹਾਂ ਬੇਆਸਰਾ ਹੋਏ ਬੱਚਿਆਂ, ਔਰਤਾਂ ਅਤੇ ਬਜੁਰਗਾਂ ਨੂੰ ਛੱਤ ਮੁਹੱਈਆ ਕਰਨ ਦੇ ਕੰਮ ਵਿਚ ਸਾਨੂੰ ਸਭ ਨੂੰ ਸਿੱਖੀ ਅਸੂਲਾਂ ਤੇ ਪਹਿਰਾ ਦਿੰਦਿਆਂ ਹਿੱਸਾ ਪਾਉਣਾ ਚਾਹੀਦਾ ਹੈ। ਸਾਨੂੰ ਇਸ ਗੱਲ ਤੇ ਮਾਣ ਹੈ ਕਿ ਗੁਰੂ ਨਾਨਕ ਸਿੱਖ ਗੁਰਦੁਆਰਾ ਅਤੇ ਬ੍ਰਿਟਿਸ਼ ਕੋਲੰਬੀਆ ਦੀ ਸਿੱਖ ਸੰਗਤ ਨੇ ਇਸ ਮੌਕੇ ਹੇਤੀ ਵਾਸੀਆਂ ਦੀ ਮਦਦ ਕੀਤੀ ਹੈ।

ਵਾਲੰਟੀਅਰ ਰਮੀਤਾ ਕੌਰ ਦਾ ਕਹਿਣਾ ਸੀ ਕਿ ਅਸੀਂ ਭੂਚਾਲ ਪੀੜਿਤ ਲੋਕਾਂ ਦੀ ਜਿੰਨੀ ਵੀ ਥੋੜ੍ਹੀ-ਬਹੁਤ ਮਦਦ ਕਰ ਸਕੇ ਅਤੇ ਜਿਸ ਤਰ੍ਹਾਂ ਉਹ ਸਾਡੇ ਸ਼ੁਕਰਗੁਜ਼ਾਰ ਸਨ ਉਸ ਨੂੰ ਦੇਖ ਕੇ ਦਿਲ ਪਸੀਜਦਾ ਹੈ। ਅਜੇ ਕਰਨ ਵਾਲਾ ਕੰਮ ਬਹੁਤ ਬਾਕੀ ਹੈ ਅਤੇ ਵਾਪਸ ਜਾਣ ਬਾਰੇ ਸੋਚ ਕੇ ਵੀ ਦਿਲ ਦੁਖੀ ਹੁੰਦਾ ਹੈ। ਇਨ੍ਹਾਂ ਬੇਘਰੇ ਲੋਕਾਂ ਪਾਸ ਸਾਨੂੰ ਦੇਣ ਲਈ ਕੁਝ ਨਹੀਂ ਪਰ ਜਿਹੜੀਆਂ ਉਹ ਅਸੀਸਾਂ ਦਿੰਦੇ ਹਨ ਉਸ ਦਾ ਕੋਈ ਮੁਕਾਬਲਾ ਨਹੀਂ।

ਜੈਪਾਲ ਸਿੰਘ ਨੇ ਜਥੇਬੰਦੀ ਦੇ ਹੇਤੀ ਮਿਸ਼ਨ ਬਾਰੇ ਆਖਿਆ ਕਿ ਅਸੀਂ ਸਿਰਫ ਗੁਰੂ ਨਾਨਕ ਪਾਤਸ਼ਾਹ ਦੇ ਮਿਸ਼ਨ ਨੂੰ ਹੀ ਅੱਗੇ ਲੈ ਕੇ ਜਾਣ ਦਾ ਨਿਮਾਣਾ ਜਿਹਾ ਯਤਨ ਕਰ ਰਹੇ ਸਾਂ। ਇਹ ਠੀਕ ਹੈ ਕਿ ਅਸੀਂ ਇਨ੍ਹਾਂ ਲੋਕਾਂ ਨੂੰ ਕੁਝ ਰਾਸ਼ਨ-ਪਾਣੀ ਅਤੇ ਕੁਝ ਟੈਂਟ ਦੇ ਸਕੇ ਪਰ ਇਸ ਦੇ ਮੁਕਾਬਲੇ ਜੋ ਪਿਆਰ ਇਨ੍ਹਾਂ ਲੋਕਾਂ ਨੇ ਦਿੱਤਾ ਅਤੇ ਜੋ ਸਬੰਧ ਅਸੀਂ ਆਪਣੇ ਹੇਤੀ ਵਾਸੀ ਭੈਣਾਂ-ਭਰਾਵਾਂ ਨਾਲ ਬਣਾ ਸਕੇ ਹਾਂ, ਉਹ ਉਮਰ ਭਰ ਯਾਦ ਰਹਿਣਗੇ। ਗੁਰੂ ਸਾਹਿਬ ਦਾ ਹੁਕਮ ਹੈ 'ਮਾਨਸ ਕੀ ਜਾਤ ਏਕੋ ਪਹਿਚਾਨਬੋ' ਅਤੇ ਇਸ ਇਸੇ ਹੁਕਮ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰ ਰਹੇ ਸਾਂ। ਸਾਡਾ ਇਹ ਮਿਸ਼ਨ ਕੋਈ ਨਿਰ੍ਹਾ ਕੁੱਲੀ, ਗੁੱਲੀ ਅਤੇ ਜੁੱਲੀ ਦਾ ਹੀ ਨਹੀਂ ਸੀ ਬਲਕਿ ਮੁਸੀਬਤ ਮਾਰੇ ਹੇਤੀ ਵਾਸੀਆਂ ਨੂੰ ਮਨੁੱਖੀ ਸਦਭਾਵਨਾ ਹੀ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਸਾਂ।

ਯੂਨਾਈਟਿਡ ਸਿੱਖਸ ਦੇ ਡਿਜ਼ਾਈਨ ਅਤੇ ਵਿਕਾਸ ਟੀਮ ਵਿਚ ਸ਼ਾਮਲ ਸਨ ਧਰਮ ਸਿੰਘ ਖਾਲਸਾ (ਐਸਪਾਇਨੋਲਾ), ਜੈਪਾਲ ਸਿੰਘ (ਸਿਨਸਿਨੈਟੀ), ਰਮੀਤਾ ਕੌਰ (ਡਿਟਰਾਇਟ), ਕਿਰਪੌਲ ਸਿੰਘ (ਨਿਊ ਯਾਰਕ), ਹਰਚਰਨ ਸਿੰਘ (ਟੋਰਾਂਟੋ), ਸਾਹਿਬ ਸਿੰਘ (ਟੋਰਾਂਟੋ), ਦਿਲਰਾਜ ਸਿੰਘ ਡੀ ਸੀ, ਇਸ਼ਮੀਤ ਸਿੰਘ (ਸੈਨ ਫਰਾਂਸਿਸਕੋ), ਹਰਸ਼ਰਨ ਸਿੰਘ (ਮੁਹਾਲੀ) ਅਤੇ ਡਾ. ਗੁਰਿੰਦਰ ਸਿੰਘ।



# ਗਡਕਰੀ ਨੇ ਪਾਣੀਆਂ 'ਤੇ ਪੰਜਾਬ ਦਾ ਹੱਕ ਰੱਦ ਕੀਤਾ

**ਚੰਡੀਗੜ੍ਹ:** ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਅਪਣੀ 3 ਦਿਨਾ ਚੰਡੀਗੜ੍ਹ ਫੇਰੀ ਦੌਰਾਨ ਬੀਤੀ 13 ਮਈ ਨੂੰ ਪ੍ਰੈੱਸ ਕਲੱਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਰਿਆਈ ਪਾਣੀਆਂ 'ਤੇ ਪੰਜਾਬ ਦੇ ਹੱਕ ਯਾਨੀ ਰਾਇਪੇਰੀਅਨ ਹੱਕ ਨੂੰ ਮੁਢੋਂ ਨਕਾਰਦਿਆਂ ਵਾਰ-ਵਾਰ ਕਿਹਾ ਕਿ ਇਨ੍ਹਾਂ ਨੂੰ ਆਪਸ ਵਿਚ ਜੋੜ ਕੇ ਬਾਕੀ ਰਾਜਾਂ ਲਈ ਵਰਤਣਾ ਬਹੁਤ ਜ਼ਰੂਰੀ ਹੈ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿਚ ਨਿਤਿਨ ਗਡਕਰੀ ਨੇ ਖ਼ੁਦ ਨੂੰ ਕਿਸਾਨ ਦਾ ਪੁੱਤਰ ਦੱਸਿਆ ਅਤੇ ਦੁਖ ਪ੍ਰਗਟ ਕੀਤਾ ਕਿ ਹਰ ਸਾਲ ਮੀਂਹ ਦਾ ਪਾਣੀ ਦਰਿਆਵਾਂ ਵਿਚ ਰੁੜ੍ਹ ਜਾਂਦਾ ਹੈ ਅਤੇ 125000 ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ ਪਰ ਜੇ ਸਾਰੇ ਦਰਿਆਵਾਂ ਨੂੰ ਉਤਰ ਪੂਰਬੀ, ਉਤਰ ਦਖਣੀ ਅਤੇ ਪੱਛਮ ਦਖਣੀ ਹਿੱਸਿਆਂ ਨਾਲ ਜੋੜ ਕੇ ਪਾਣੀ ਦਾ ਸਹੀ ਪ੍ਰਬੰਧ ਕੀਤਾ ਜਾਵੇ ਤਾਂ ਦੇਸ਼ ਦੀ ਖੇਤੀ ਦਾ ਸੁਧਾਰ ਹੋ ਜਾਵੇਗਾ ਅਤੇ ਅਰਬਾਂ ਰੁਪਏ ਦੀ ਬਿਜਲੀ ਵੀ ਬਚੇਗੀ। ਪੰਜਾਬ ਦੇ ਪਾਣੀਆਂ ਨੂੰ ਦੂਜੇ ਰਾਜਾਂ ਨੂੰ ਦੇਣ ਲਈ ਸੱਤਾਧਾਰੀ ਭਾਜਪਾ ਨਾਲ ਸਾਥੀ ਅਕਾਲੀ ਦਲ ਵਲੋਂ ਡਟ ਕੇ ਵਿਰੋਧ ਕਰਨ ਸਬੰਧੀ ਪੁੱਛਣ 'ਤੇ ਗਡਕਰੀ ਨੇ ਜ਼ੋਰ ਦੇ ਕੇ ਆਖਿਆ ਕਿ ਜੇ ਪੰਜਾਬ ਕੋਲ ਵਾਧੂ ਪਾਣੀ ਹੈ ਤਾਂ ਇਸ ਦੇ ਸਤਲੁਜ-ਰਾਵੀ-ਬਿਆਸ ਪਾਣੀਆਂ ਨੂੰ ਜੋੜ ਕੇ ਕਮੀ ਵਾਲੇ ਰਾਜਾਂ ਨੂੰ ਦਿਤਾ ਜਾਵੇ ਤਾਂ ਨੁਕਸਾਨ ਦੀ ਬਜਾਏ ਕਿਸਾਨਾਂ ਦਾ ਫ਼ਾਇਦਾ ਹੋਵੇਗਾ। ਗਡਕਰੀ ਦਾ ਕਹਿਣਾ ਸੀ ਕਿ ਪਾਣੀ ਦੀ ਘੱਟ ਵਰਤੋਂ ਵਾਲੀਆਂ ਫ਼ਸਲਾਂ ਬੀਜਣ ਤੇ ਤੁਪਕਾ ਸਿੰਚਾਈ ਸਕੀਮਾਂ ਨੂੰ ਤਰਜੀਹ ਦੇ ਕੇ ਪਾਣੀ ਦੀ ਸਹੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।



ਜਦੋਂ ਪਿਛਲੀ ਕਾਂਗਰਸ ਸਰਕਾਰ ਵੇਲੇ 2004 ਵਿਚ ਪੰਜਾਬ ਅਸੈਂਬਲੀ ਵਿਚ ਪਾਸ ਕੀਤੇ ਪਾਣੀਆਂ ਦੇ ਸਮਝੌਤੇ ਨੂੰ ਰੱਦ ਕਰਨ ਵਾਲੇ ਫ਼ੈਸਲੇ ਬਾਰੇ ਸਵਾਲ ਪੁਛਿਆ ਗਿਆ ਤਾਂ ਗਡਕਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਬ੍ਰਹਮਪੁੱਤਰ - ਗੰਗਾ ਦਰਿਆ ਤੇ ਗੰਗ-ਯਮੁਨਾ ਜੋੜ ਕੇ ਅਤੇ ਹੋਰ ਰਾਜਾਂ ਵਿਚ ਵੀ ਲਿੰਕ ਕਰਨ ਦੀ ਸਕੀਮ ਨੂੰ ਅਮਲ ਵਿਚ ਲਿਆਉਣਾ ਬਣਦਾ ਹੈ। ਗਡਕਰੀ ਨੇ ਗੁਜਰਾਤ ਵਿਚ ਦਰਿਆਵਾਂ ਦੇ ਪਾਣੀਆਂ ਨੂੰ ਜੋੜ ਕੇ ਖੇਤੀ ਵਿਚ 14 ਫ਼ੀ ਸਦੀ ਵਿਕਾਸ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਬਾਕੀ ਮੁਲਕ ਵਿਚ ਵਿਕਾਸ ਦੀ ਇਹ ਦਰ 2 ਫ਼ੀ ਸਦੀ ਹੈ।

ਗਡਕਰੀ ਨੇ ਸਿੰਚਾਈ ਵਿਭਾਗ ਤੇ ਹੋਰ ਸਬੰਧਤ ਮਹਿਕਮਿਆਂ ਨੂੰ ਰਾਜ ਸੂਚੀ ਵਿਚੋਂ ਕੱਢ ਕੇ ਸਾਂਝੀ ਸੂਚੀ ਵਿਚ ਪਾਉਣ ਦੀ ਵਕਾਲਤ ਕੀਤੀ। ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚ ਪਾਣੀ ਦੇ ਝਗੜੇ ਹੱਲ ਕਰਨ ਸਬੰਧੀ ਸਵਾਲ ਦੇ ਜਵਾਬ ਵਿਚ ਗਡਕਰੀ ਨੇ ਸਪੱਸ਼ਟ ਕੀਤਾ ਕਿ ਸਰਕਾਰ ਕੋਲ ਮਸਲਿਆਂ ਨੂੰ ਨਿਬੜੇਨ ਦਾ ਦ੍ਰਿੜ ਇਰਾਦਾ ਹੋਣਾ ਜ਼ਰੂਰੀ ਹੈ ਨਾ ਕਿ ਵੋਟ ਸਿਆਸਤ ਖੇਡਣੀ ਬਣਦੀ ਹੈ। ਉਨ੍ਹਾਂ ਕਿਹਾ ਕਿ ਭਲਕੇ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੀਟਿੰਗ ਕਰਨਗੇ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਹਮੇਸ਼ਾ ਅਕਾਲੀ ਦਲ ਨਾਲ ਸਾਂਝ ਪੁਗਾਵੇਗੀ। ਇਸ ਸਾਂਝ ਨੂੰ ਹਿੰਦੂ-ਸਿੱਖ ਏਕਤਾ ਦਾ ਪ੍ਰਤੀਕ ਮੰਨ ਕੇ ਅਸੈਂਬਲੀ ਤੇ ਪਾਰਲੀਮੈਂਟ ਵਿਚ ਕਾਮਯਾਬੀ ਹਾਸਲ ਕਰਦੀ ਰਹੇਗੀ। ਪੰਜਾਬ ਅੰਦਰ ਭਾਜਪਾ ਲੀਡਰਾਂ ਦੇ ਆਪਸੀ ਝਗੜੇ ਸਬੰਧੀ ਗਡਕਰੀ ਨੇ ਸਖ਼ਤ ਸ਼ਬਦਾਂ ਵਿਚ ਇਨ੍ਹਾਂ ਆਗੂਆਂ ਨੂੰ ਤਾੜਨਾ ਕੀਤੀ ਕਿ ਪਾਰਟੀ ਦੇ ਅੰਦਰੂਨੀ ਝਗੜੇ ਮੀਡੀਆ ਵਿਚ ਨਾ ਉਛਾਲਣ ਅਨੁਸ਼ਾਸਨਹੀਣਤਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਪ੍ਰੈੱਸ ਕਾਨਫ਼ਰੰਸ ਦੌਰਾਨ ਨਿਤਿਨ ਗਡਕਰੀ ਨੇ ਮਹਿੰਗਾਈ, ਸਿੱਕਾ ਪਸਾਰ, ਅਨਾਜ ਭੰਡਾਰ 'ਚ 58000 ਕਰੋੜ ਰੁਪਏ ਦੀ ਬਰਬਾਦੀ, ਗੁਦਾਮਾਂ ਦੀ ਮਾੜੀ ਹਾਲਤ ਅਤੇ ਹੋਰ ਮੁੱਦਿਆਂ 'ਤੇ ਕੇਂਦਰ ਸਰਕਾਰ ਦੇ ਫ਼ੇਲ੍ਹ ਹੋਣ ਦੀ ਗੱਲ ਕਹੀ।


**Realtor & Mortgage Specialist**
**Bay Area & Central Valley**

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ੁਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

**Doing Short Sale is much better than Forclosure home.**

**RAJ SINGH**

**Cell:510-452-7370**

MISSIONPEAK

RAJ SINGH
M.A., M.Ed Retd. Principal
Realtor & Financial Adviser
Lic#01776459 & OG22467

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

46560 Fremont Blvd.,
Suite #111 Fremont, CA 94538
singhrajpaul@yahoo.com

# ਕੈਪਟਨ ਵਲੋਂ ਕਮੇਟੀ ਚੋਣਾਂ 'ਚ ਹਿਸਾ ਲੈਣ ਦੀ ਜ਼ਿੱਦ

**ਪਟਿਆਲਾ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਕੱਲੇ ਬਾਦਲ ਪਰਵਾਰ ਦੀ ਜਾਗੀਰ ਨਹੀਂ ਹੈ ਕਿ ਇਸ ਦੀਆਂ ਚੋਣਾਂ ਵਿਚ ਕਾਂਗਰਸੀ ਬਤੌਰ ਸਿੱਖ ਹਿੱਸਾ ਨਹੀਂ ਲੈ ਸਕਦੇ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਪਾਰਟੀ ਭਾਵੇਂ ਸਿੱਧੇ ਜਾਂ ਅਸਿੱਧੇ ਤੌਰ ਉਤੇ ਸ਼੍ਰੋਮਣੀ ਕਮੇਟੀ ਚੋਣਾਂ 'ਚ ਹਿੱਸਾ ਨਹੀਂ ਲਵੇਗੀ ਪਰ ਉਹ ਬਤੌਰ ਸਿੱਖ ਅਪਣੀ ਨਿੱਜੀ ਹੈਸੀਅਤ 'ਚ ਅਗਾਮੀ ਸ਼੍ਰੋਮਣੀ ਕਮੇਟੀ ਚੋਣਾਂ 'ਚ ਬਾਦਲ ਨੂੰ ਹਰਾਉਣ ਲਈ ਅਕਾਲੀ ਦਲ ਬਾਦਲ ਦੀਆਂ ਵਿਰੋਧੀ ਪਾਰਟੀਆਂ ਦੀ ਮਦਦ ਕਰਨਗੇ।

ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਪਹਿਲੀ ਵਾਰ ਪਟਿਆਲਾ ਪਹੁੰਚੇ ਕੈਪਟਨ ਅਮਰਿੰਦਰ ਸਿੰਘ ਦਾ ਬੀਤੇ ਦਿਨੀਂ ਇਥੇ ਹਵਾਈ ਅੱਡੇ 'ਤੇ ਮਾਲਵੇ ਦੇ ਇਕ ਦਰਜਨ ਦੇ ਕਰੀਬ ਵਿਧਾਇਕਾਂ ਤੋਂ ਇਲਾਵਾ ਸਾਬਕਾ ਵਿਧਾਇਕਾਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਪੁਜੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਹਾਰਦਿਕ ਸਵਾਗਤ ਕੀਤਾ। ਦਿੱਲੀ ਤੋਂ ਪ੍ਰਾਈਵੇਟ ਏਅਰ ਲਾਈਨ ਦੇ ਜਹਾਜ਼ ਰਾਹੀਂ ਪਟਿਆਲਾ ਪੁਜੇ ਕੈਪਟਨ ਅਮਰਿੰਦਰ ਸਿੰਘ ਨਾਲ ਉਨ੍ਹਾਂ ਦੀ ਧਰਮ ਪਤਨੀ ਅਤੇ ਕੇਂਦਰੀ ਵਿਦੇਸ਼ ਰਾਜ ਮੰਤਰੀ ਬੀਬੀ ਪ੍ਰਨੀਤ ਕੌਰ, ਸੰਗਰੂਰ ਤੋਂ ਲੋਕ ਸਭਾ ਮੈਂਬਰ ਵਿਜੇ ਇੰਦਰ ਸਿੰਗਲਾ, ਸਾਬਕਾ ਵਿਧਾਇਕ ਅਰਵਿੰਦ ਖੰਨਾ, ਖਰੜ ਦੇ ਵਿਧਾਇਕ ਬਲਬੀਰ ਸਿੰਘ ਸਿੱਧੂ, ਤਲਵੰਡੀ ਸਾਬੋ ਦੇ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ, ਰਾਣਾ ਗੁਰਜੀਤ ਸਿੰਘ ਅਤੇ ਮੇਜਰ ਅਮਰਦੀਪ ਸਿੰਘ ਵੀ ਮੌਜੂਦ ਸਨ। ਇਸ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਭਾਵੁਕ ਹੁੰਦਿਆਂ ਆਖਿਆ ਕਿ ਉਨ੍ਹਾਂ ਨੂੰ ਕਾਂਗਰਸੀ ਵਰਕਰਾਂ ਤੇ ਆਗੂਆਂ ਸਮੇਤ ਪੰਜਾਬ ਦੇ ਲੋਕਾਂ ਨੇ ਜੋ ਭਰਵਾਂ ਪਿਆਰ ਦਿਤਾ ਹੈ, ਇਸ ਦੇ ਉਹ ਸਦਾ ਰਿਣੀ ਰਹਿਣਗੇ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿਚ ਕਾਂਗਰਸ ਪੱਖੀ ਲਹਿਰ ਚੱਲ ਰਹੀ ਹੈ ਕਿਉਂਕਿ ਸੂਬੇ ਦਾ ਹਰ ਵਰਗ ਬਾਦਲ ਸਰਕਾਰ ਤੋਂ ਤੰਗ ਆ ਚੁੱਕਾ ਹੈ। ਉਨ੍ਹਾਂ ਵਿਧਾਨ ਸਭਾ 'ਚ ਅਪਣੀ ਬਹਾਲੀ ਮਗਰੋਂ ਅਗਲੀ ਰਣਨੀਤੀ ਦਾ ਐਲਾਨ ਕਰਦਿਆਂ ਆਖਿਆ ਕਿ ਅਗਲੇ ਵਿਧਾਨ ਸਭਾ ਸ਼ੈਸ਼ਨ 'ਚ ਸਰਕਾਰ ਨੂੰ ਉਹ ਹਰ ਪੱਖ ਤੋਂ ਘੇਰਨਗੇ। ਸੂਬੇ ਦੀ ਮਾੜੀ ਮਾਲੀ ਸਥਿਤੀ ਨੇ ਵਿੱਤੀ ਐਮਰਜੈਂਸੀ ਵਾਲੇ ਹਾਲਾਤ ਪੈਦਾ ਕਰ ਦਿਤੇ ਹਨ ਜਦਕਿ ਪੰਜਾਬ 'ਚੋਂ ਉਦਯੋਗ ਪਹਿਲਾਂ ਹੀ ਹਿਜਰਤ ਕਰ ਚੁਕੇ ਹਨ। ਬਿਜਲੀ ਲੋਕਾਂ ਨੂੰ ਨਹੀਂ ਮਿਲ ਰਹੀ। ਬੇਰੁਜ਼ਗਾਰੀ ਕਾਰਨ ਪੰਜਾਬ ਦਾ ਨੌਜਵਾਨ ਵਰਗ ਬੇਹਾਲ ਹੈ, ਸਰਕਾਰ ਦਾ ਹਰ ਪੱਖੋਂ ਭੱਠਾ ਬੈਠ ਚੁੱਕਾ ਹੈ ਪਰ ਦੋਵੇਂ ਬਾਦਲ ਫਿਰ ਵੀ ਆਪਣਾ ਘਰ ਭਰਨ 'ਤੇ ਲੱਗੇ ਹੋਏ ਹਨ। ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦਿਮਾਗ਼ ਹੁਣ ਕੰਮ ਨਹੀਂ ਕਰ ਰਿਹਾ ਜਾਂ ਉਹ ਬੁੱਢੇ ਹੋਣ ਕਾਰਨ ਅਪਣੀ ਯਾਦਦਾਸ਼ਤ ਗਵਾ ਚੁਕੇ ਹਨ ਕਿਉਂਕਿ ਉਨ੍ਹਾਂ ਵਿਰੁਧ ਵਿਧਾਨ ਸਭਾ 'ਚ ਮਤਾ ਖ਼ੁਦ ਲਿਆ ਕੇ ਉਹ ਇਸ ਤੋਂ ਹੁਣ ਮੁਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਉਨ੍ਹਾਂ ਦੇ ਮਾਮਲੇ 'ਚ ਸਾਫ਼ ਤੌਰ 'ਤੇ ਆਖ ਦਿਤਾ ਹੈ ਕਿ ਬਾਦਲ ਸਰਕਾਰ ਨੇ ਵਿਧਾਨ ਸਭਾ 'ਚ ਬਹੁਮਤ ਦੀ ਦੁਰਵਰਤੋਂ ਕਰਦਿਆਂ ਉਨ੍ਹਾਂ ਨੂੰ ਬਰਖ਼ਾਸਤ ਕਰਨ ਵਰਗਾ ਗ਼ੈਰ-ਵਿਧਾਨਕ ਕਦਮ ਚੁਕਿਆ। ਇਕ ਸਵਾਲ ਦੇ ਜਵਾਬ 'ਚ ਸਾਬਕਾ ਮੁੱਖ ਮੰਤਰੀ ਨੇ ਆਖਿਆ ਕਿ ਬਾਦਲ ਸਰਕਾਰ ਜਾਣ ਬੁਝ ਕੇ ਲੋਕ ਸੇਵਾ ਕਮਿਸ਼ਨ ਦੀਆਂ ਭਰਤੀਆਂ ਸਬੰਧੀ ਜਾਂਚ ਵਿਜੀਲੈਂਸ ਤੋਂ ਬਦਲਾਖੋਰੀ ਤਹਿਤ ਹੀ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਧਾਨਕ ਅਦਾਰੇ ਨਾਲ ਅਜਿਹਾ ਨਹੀਂ ਹੋਣਾ ਚਾਹੀਦਾ ਪਰ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੂੰ ਅਪਣੀ ਮਨ-ਮਰਜ਼ੀ ਨਾਲ ਚਲਾ ਰਹੇ ਹਨ। ਇਸ ਦਾ ਉਨ੍ਹਾਂ ਨੂੰ ਜਵਾਬ ਦੇਣਾ ਹੀ ਪਵੇਗਾ। ਪੰਜਾਬ ਕਾਂਗਰਸ ਦੀ ਪ੍ਰਧਾਨਗੀ ਸਬੰਧੀ ਪੁਛੇ ਗਏ ਇਕ ਸਵਾਲ ਦੇ ਜਵਾਬ 'ਚ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਕਾਂਗਰਸ ਦੀ ਇਕ



## ਪੰਜਾਬ 'ਚ ਸਿਰ ਚੁੱਕ ਰਿਹੈ ਨਕਸਲਵਾਦ- ਕੈਪਟਨ

ਰਿਵਾਇਤ ਰਹੀ ਹੈ ਕਿ ਸੂਬਾਈ ਇਕਾਈਆਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਨੇ ਹੀ ਇਸ ਸਬੰਧੀ ਫ਼ੈਸਲਾ ਲੈਣਾ ਹੁੰਦਾ ਹੈ। ਇਸ ਲਈ ਉਹ ਵੀ ਚਾਹੁੰਦੇ ਹਨ ਕਿ ਪੰਜਾਬ ਸਬੰਧੀ ਸਾਰੇ ਅਧਿਕਾਰ ਸ੍ਰੀਮਤੀ ਸੋਨੀਆਂ ਗਾਂਧੀ ਨੂੰ ਸੌਂਪ ਦਿਤੇ ਜਾਣ। ਉਹ ਜੋ ਵੀ ਫ਼ੈਸਲਾ ਕਰਨਗੇ, ਉਹ ਸਭ ਨੂੰ ਮਨਜ਼ੂਰ ਹੋਵੇਗਾ। ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਨੂੰ ਕਾਂਗਰਸੀ ਵਰਕਰਾਂ ਵਲੋਂ ਕਾਫ਼ਲੇ ਦੇ ਰੂਪ ਵਿਚ ਸ਼ਹਿਰ ਵਿਚ ਰੋਡ ਸ਼ੋਅ ਕਰਦਿਆਂ ਲਿਆਂਦਾ ਗਿਆ। ਰਸਤੇ ਵਿਚ ਥਾਂ-ਥਾਂ ਸੀਨੀਅਰ ਕਾਂਗਰਸੀ ਆਗੂਆਂ ਵਲੋਂ ਵਿਸ਼ੇਸ਼ ਟੈਂਟ ਲਗਾ ਕੇ ਸਵਾਗਤ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਸ਼ਹਿਰ ਅਤੇ ਇਲਾਕਾ ਵਾਸੀਆਂ ਨੇ ਉਨ੍ਹਾਂ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਦਿਤਾ ਅਤੇ ਇਸ ਦੌਰਾਨ ਜ਼ੋਰ-ਸ਼ੋਰ ਨਾਲ ਕਾਂਗਰਸ ਅਤੇ ਕੈਪਟਨ ਅਮਰਿੰਦਰ ਸਿੰਘ ਹੱਕ ਵਿਚ ਨਾਹਰੇਬਾਜ਼ੀ ਕਰਦਿਆਂ ਆਤਿਸ਼ਾਬਾਜ਼ੀ ਵੀ ਕੀਤੀ ਗਈ। ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਨਕਸਲਵਾਦੀਆਂ ਵਲੋਂ ਅਪਣਾ ਨੈੱਟਵਰਕ ਸਥਾਪਤ ਕਰਨ ਦਾ ਦਾਅਵਾ ਕਰਦਿਆਂ ਚੇਤਾਵਨੀ ਦਿਤੀ ਕਿ ਸੂਬੇ ਵਿਚ ਨਕਸਲਵਾਦ ਮੁੜ ਸਿਰ ਚੁੱਕ ਸਕਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਹ ਵਿਵਾਦਗ੍ਰਸਤ ਗੱਲ ਵੀ ਕਹੀ ਕਿ ਜਗਦੀਸ਼ ਟਾਈਟਲਰ ਅਤੇ ਕਮਲ ਨਾਥ ਦਿੱਲੀ ਦੰਗਿਆਂ ਦੇ ਮਾਮਲੇ ਵਿਚ ਦੋਸ਼ੀ ਨਹੀਂ ਹਨ ਸਿੱਖ ਭਾਈਚਾਰੇ ਨੂੰ ਇਸ ਮਾਮਲੇ 'ਚ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ।

# ਕੈਪਟਨ ਅਮਰਿੰਦਰ ਸਿੰਘ ਦਾ ਪੱਖ ਸਹੀ ਨਹੀਂ-ਫੂਲਕਾ

**ਨਵੀਂ ਦਿੱਲੀ:** ਸਿੱਖ ਵਿਰੋਧੀ ਕਤਲੇਆਮ ਲਈ ਕਾਨੂੰਨੀ ਲੜਾਈ ਦੇ ਲੰਮੇ ਸੰਘਰਸ਼ ਵਿਚੋਂ ਨਿਕਲੇ ਵਕੀਲ ਐਚ.ਐਸ. ਫੂਲਕਾ ਨੇ ਅਮਰਿੰਦਰ ਸਿੰਘ ਨੂੰ ਇਕ ਚਿੱਠੀ ਲਿਖ ਕੇ ਦੰਗਿਆਂ ਦੇ ਕਥਿਤ ਦੋਸ਼ੀਆਂ ਬਾਰੇ ਸਾਬਕਾ ਮੁੱਖ ਮੰਤਰੀ ਦੀਆਂ ਟਿੱਪਣੀਆਂ ਦਾ ਜਵਾਬ ਦਿੱਤਾ ਹੈ। ਅਮਰਿੰਦਰ ਸਿੰਘ ਵਲੋਂ ਇਕ ਅਖਬਾਰ 'ਚ ਨਵੰਬਰ '84 ਦੇ ਮਾਮਲਿਆਂ 'ਚ ਅਦਾਲਤਾਂ ਅੰਦਰ ਚੱਕਰ ਕੱਟ ਰਹੇ ਕਾਂਗਰਸੀ ਆਗੂਆਂ ਜਗਦੀਸ਼ ਟਾਈਟਲਰ ਤੇ ਕਮਲ ਨਾਥ ਨੂੰ ਬੇਕਸੂਰ ਦੱਸਿਆ ਗਿਆ ਹੈ।

ਸ੍ਰੀ ਫੂਲਕਾ ਨੇ ਆਪਣੀ ਚਿੱਠੀ 'ਚ ਯਾਦ ਕਰਵਾਇਆ ਕਿ ਜਦੋਂ ਕੈਪਟਨ ਸਿੱਖ ਫੋਰਮ ਦੇ ਕਨਵੀਨਰ ਸਨ ਤਾਂ ਉਦੋਂ ਸਿੱਖ ਫੋਰਮ ਵਲੋਂ ਉਨ੍ਹਾਂ (ਸ੍ਰੀ ਫੂਲਕਾ) ਨੂੰ ਟਾਈਟਲਰ ਖਿਲਾਫ ਕੇਸ ਦਲੇਰੀ ਨਾਲ ਲੜਨ ਦੀ ਹਦਾਇਤ ਦਿੱਤੀ ਸੀ। ਵਕੀਲ ਨੇ ਦਲੀਲਾਂ ਦਿੱਤੀਆਂ ਕਿ 2 ਨਵੰਬਰ 1984 ਦੀ ਇਕ ਅੰਗਰੇਜ਼ੀ ਕੌਮੀ ਅਖਬਾਰ ਵਿਚ ਕਮਲ ਨਾਥ ਦੀ ਗੁਰਦੁਆਰਾ ਰਕਾਬ ਗੰਜ ਨੇੜੇ ਹਾਜ਼ਰ ਹੋਣ ਦੀ ਰਿਪੋਰਟ ਤਾਂ ਛਾਪੀ ਹੀ ਗਈ ਸੀ, ਨਾਲ ਹੀ ਰਿਪੋਰਟਰ ਵਲੋਂ ਕਮਿਸ਼ਨ ਅੱਗੇ ਗਵਾਹੀ ਵੀ ਦਿੱਤੀ ਗਈ ਸੀ। ਇਸ ਲਈ ਕੈਪਟਨ ਅਮਰਿੰਦਰ ਸਿੰਘ ਵਲੋਂ ਕਮਲ ਨਾਥ ਦਾ ਨਾਂ ਇੰਨੀ ਦੇਰ ਬਾਅਦ ਲੈਣਾ ਗਲਤ ਹੈ। ਸ੍ਰੀ ਫੂਲਕਾ ਨੇ ਤੱਥਾਂ ਸਹਿਤ ਦੱਸਿਆ ਕਿ ਪੀੜਤਾਂ ਨੇ ਰਾਹਤ ਕੈਂਪਾਂ 'ਚ ਰਹਿੰਦੇ ਹੋਏ ਮਨੁੱਖੀ ਅਧਿਕਾਰਾਂ ਦੀਆਂ ਸੰਸਥਾਵਾਂ ਤੇ ਐਮ.ਐਮ. ਸਿਕਰੀ (ਸਾਬਕਾ ਚੀਫ ਜਸਟਿਸ ਸੁਪਰੀਮ ਕੋਰਟ) ਕਮੇਟੀ ਅੱਗੇ ਵੀ ਟਾਈਟਲਰ ਦਾ ਨਾਂਅ ਲਿਆ ਸੀ ਤੇ ਨਾਨਾਵਤੀ ਕਮਿਸ਼ਨ ਵਲੋਂ ਵੀ ਟਾਈਟਲਰ ਬਾਰੇ ਟਿੱਪਣੀਆਂ ਕੀਤੀਆਂ ਗਈਆਂ ਸਨ। ਗੁਰਬਚਨ ਸਿੰਘ ਨਾਂ ਦੇ ਵਿਅਕਤੀ ਵਲੋਂ ਵੀ ਕਾਂਗਰਸੀ ਆਗੂਆਂ ਦਾ ਜ਼ਿਕਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜਦੋਂ ਕੈਪਟਨ ਨੇ ਜੂਨ 1984 ਦੀਆਂ ਘਟਨਾਵਾਂ ਦੇ ਰੋਸ ਵਜੋਂ ਸੰਸਦ 'ਚੋਂ ਅਸਤੀਫਾ ਦੇ ਕੇ ਆਪਣੀ ਇੱਜ਼ਤ ਬਣਾਈ ਸੀ ਪਰ ਹੁਣ 'ਇਤਰਾਜ਼ਯੋਗ' ਟਿੱਪਣੀ ਕਰਕੇ ਨਿਰਾਸ਼ ਕੀਤਾ ਹੈ।

ਸ੍ਰੀ ਫੂਲਕਾ ਨੇ ਅਮਰਿੰਦਰ ਸਿੰਘ ਨੂੰ ਸਲਾਹ ਦਿੱਤੀ ਹੈ ਕਿ ਉਹ ਉਨ੍ਹਾਂ ਦੀ ਲਿਖੀ ਕਿਤਾਬ 'ਜਦੋਂ ਇਕ ਦਰੱਖਤ ਨੇ ਦਿੱਲੀ ਹਿਲਾਈ' ਪੜ੍ਹ ਲੈਣ ਤਾਂ ਸਾਰੇ ਤੱਥ ਪਤਾ ਲੱਗ ਜਾਣਗੇ।


Wraich Transport LLS
North American Truck Stop
14320 Slover Ave., Fontana, CA 92337
ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ



*We have trailer engine for carrier and thermo king *North american truck stop offer all kind of truck repair @ economy price. *We have special deal on oil change $189 +
ਤੁਰਤ ਕਾਲ ਕਰੋ:800-746-6201, 9093-350-3310



ਆਪਣਾ ਕਰੈਡਿਟ ਬਚਾਉ / FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE



Manjit Gill
President
CA Lic#0B23990
- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law
Law Offices Of Jaspreet Singh
37-18, 73 Street, Suite 401 (Near Subzi Mandi) Jackson Hts, NY-11372 Ph:718-533-8444 Fax: 718-533-8460
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

# ਭਾਰਤੀ ਰਾਜਨੀਤੀ ਵਿਚ ਪਰਿਵਾਰਵਾਦ ਦਾ ਇਹ ਬਹੁ-ਪਾਰਟੀ ਰੰਗ




ਸੋਨੀਆ ਗਾਂਧੀ ਤੇ ਉਸ ਦੀ ਦਰਾਣੀ ਮੇਨਕਾ ਗਾਂਧੀ।




ਨਟਵਰ ਸਿੰਘ ਤੇ ਉਸਦਾ ਰਿਸ਼ਤੇਦਾਰ ਕੈਪਟਨ ਅਮਰਿੰਦਰ ਸਿੰਘ।

**-ਜਤਿੰਦਰ ਪਨੂੰ**

ਭਾਰਤੀ ਰਾਜਨੀਤੀ ਦਾ ਇਹ ਪੱਖ ਲਗਾਤਾਰ ਚਰਚਾ ਵਿਚ ਰਹਿੰਦਾ ਹੈ ਕਿ ਇਥੇ ਪਿਤਾ-ਪੁਰਖੀ ਚੱਲ ਰਹੀ ਹੈ, ਪਰ ਇਹ ਪਿਤਾ-ਪੁਰਖੀ ਬਾਰੇ ਵੀ ਸਿਰਫ ਇਕਤਰਫਾ ਗੱਲ ਹੁੰਦੀ ਹੈ, ਦੂਜਾ ਪੱਖ ਨਹੀਂ ਛੋਹਿਆ ਜਾਂਦਾ। ਜਿਨ੍ਹਾਂ ਲੋਕਾਂ ਦੀ ਕਿਸੇ ਪਾਰਟੀ ਵਿਸ਼ੇਸ਼ ਵਿਚ ਜਕੜ ਹੁੰਦੀ ਹੈ, ਉਹ ਤਾਂ ਉਸ ਪਾਰਟੀ ਦੇ ਅੰਦਰ ਹੀ ਪਰਿਵਾਰਵਾਦ ਚਲਾਉਂਦੇ ਹਨ, ਪਰ ਜਿਨ੍ਹਾਂ ਦੀ ਉਸ ਪਾਰਟੀ ਅੰਦਰ ਟੀਸੀ ਤੱਕ ਪੁੱਜਣ ਦੀ ਹੈਸੀਅਤ ਸ਼ੱਕੀ ਹੋਵੇ, ਉਹ ਆਪਣੀ ਰਾਜਨੀਤਕ ਅਤੇ ਆਰਥਿਕ ਸੁਰੱਖਿਆ ਲਈ ਪਰਵਾਰਵਾਦ ਦੀਆਂ ਸ਼ਾਖਾਂ ਵੱਖ-ਵੱਖ ਪਾਸੀਂ ਖਿਲਾਰ ਕੇ ਰਾਜਨੀਤੀ ਕਰਦੇ ਹਨ। ਪਰਿਵਾਰ ਦਾ ਇਕ ਜੀਅ ਇਕ ਪਾਰਟੀ ਵਿਚ ਤੇ ਦੂਜਾ ਕਿਸੇ ਹੋਰ ਪਾਰਟੀ ਵਿਚ ਹੁੰਦਾ ਹੈ।

ਸੋਨੀਆ ਗਾਂਧੀ ਤੇ ਉਸ ਦੀ ਦਰਾਣੀ ਮੇਨਕਾ ਗਾਂਧੀ ਦਾ ਦੋ ਵੱਖ-ਵੱਖ ਪਾਰਟੀਆਂ ਵਿਚ ਜਾਣਾ ਪਰਿਵਾਰਵਾਦ ਦੀ ਰਾਜਨੀਤੀ ਦੀ ਦੋਗਲੀ ਚਾਲ ਚੱਲਣ ਵਾਲੀ ਵੰਨਗੀ ਨਹੀਂ, ਸਗੋਂ ਮੇਨਕਾ ਗਾਂਧੀ ਅਤੇ ਕਾਂਗਰਸ ਦੇ ਵਿਰੋਧੀਆਂ ਦੀ ਮੌਕਾਪ੍ਰਸਤੀ ਹੈ। ਇੰਦਰਾ ਗਾਂਧੀ ਦੇ ਜਿਉਂਦੇ ਜੀਅ ਮੇਨਕਾ ਗਾਂਧੀ ਵੱਖ ਹੋ ਗਈ ਸੀ ਤੇ ਓਦੋਂ ਤੋਂ ਲੈ ਕੇ ਉਹ ਨਹਿਰੂ ਪਰਿਵਾਰ ਦੇ ਉਨ੍ਹਾਂ ਵਿਰੋਧੀਆਂ ਦੀ ਖੇਡ ਦਾ ਪਿਆਦਾ ਬਣੀ ਪਈ ਹੈ, ਜਿਹੜੇ ਐਮਰਜੈਂਸੀ ਦਾ ਜ਼ਿਕਰ ਕਰਕੇ ਉਸ ਦੇ ਮਰਹੂਮ ਪਤੀ ਸੰਜੇ ਗਾਂਧੀ ਨੂੰ ਵੀ ਭੰਡਣ ਦਾ ਕੋਈ ਮੌਕਾ ਨਹੀਂ ਛੱਡਦੇ। ਓਮ ਪ੍ਰਕਾਸ਼ ਚੌਟਾਲੇ ਤੇ ਉਸ ਦੇ ਭਰਾਵਾਂ ਦਾ ਪਾਟਕ ਵੀ ਇਸ ਖਾਨੇ ਵਿਚ ਨਹੀਂ ਆਉਂਦਾ, ਜਿਨ੍ਹਾਂ ਦਾ ਰਾਜਸੀ ਮਤਭੇਦ ਕੋਈ ਨਹੀਂ, ਕੋਈ ਕੰਮ ਕਰਵਾ ਕੇ ਫਿਰ 'ਧੰਨਵਾਦ' ਕਰਨ ਆਏ ਇਕ ਐਕਸੀਅਨ ਤੋਂ ਝਗੜਾ ਹੋਇਆ ਸੀ, ਜਿਹੜਾ ਗਲਤੀ ਨਾਲ ਇਕ ਭਰਾ ਦਾ ਧੰਨਵਾਦ ਕਰਨ ਆਇਆ, ਪਰ ਦੂਜੇ ਦੀ ਘਰ ਵਾਲੀ ਅੱਗੇ 'ਮੱਥਾ ਟੇਕ ਕੇ' ਮੁੜ ਗਿਆ ਸੀ। ਲਾਲੂ ਪ੍ਰਸਾਦ ਦਾ ਸਾਲਾ ਵੀ ਚੋਣਾਂ ਮੌਕੇ ਰੁੱਸ ਗਿਆ ਤਾ ਉਹ ਕੋਈ ਰਾਜਨੀਤਕ ਮੱਤਭੇਦ ਵੀ ਨਹੀਂ ਸੀ ਤੇ ਅੰਦਰੋਂ ਅੱਖ ਮਿਲਾ ਕੇ ਚੱਲੀ ਗਈ ਰਾਜਸੀ ਚਾਲ ਵੀ ਨਹੀਂ ਸੀ। ਇੰਝ ਹੀ ਬਾਲ ਠਾਕਰੇ ਤੇ ਉਸ ਦੇ ਭਤੀਜੇ ਰਾਜ ਠਾਕਰੇ ਦਾ ਟਕਰਾਅ ਵੀ ਇਸ ਰਾਜਨੀਤਕ ਦੋਗਲੇਪਣ ਵਾਲੀ ਚਾਲ ਦਾ ਨਾਟਕ ਨਹੀਂ ਮੰਨਿਆ ਜਾ ਸਕਦਾ।

ਜਿਹੜੇ ਲੋਕ ਇਸ ਖਾਤੇ ਵਿਚ ਆਉਂਦੇ ਹਨ, ਉਨ੍ਹਾਂ ਵਿਚੋਂ ਕਾਂਗਰਸ ਦੇ ਆਗੂ ਰਾਜੀਵ ਸ਼ੁਕਲਾ ਤੇ ਭਾਜਪਾ ਦੇ ਰਵੀ ਸ਼ੰਕਰ ਪ੍ਰਸਾਦ ਦਾ ਤਮਾਸ਼ਾ ਤੁਸੀਂ ਪਿਛਲੇ ਮਹੀਨੇ ਵੇਖਿਆ ਹੋਵੇਗਾ। ਕ੍ਰਿਕਟ ਦੇ ਆਈ. ਪੀ. ਐਲ. ਦੌਰਾਨ ਜਦੋਂ ਕੋਚੀ ਸ਼ਹਿਰ ਦੀ ਟੀਮ ਨਾਲ ਓਦੋਂ ਦੇ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਦਾ ਨਾਂ ਜੁੜਿਆ, ਸਭ ਤੋਂ ਵੱਧ ਇਹ ਮਾਮਲਾ ਭਾਜਪਾ ਦੇ ਆਗੂ ਰਵੀ ਸ਼ੰਕਰ ਪ੍ਰਸਾਦ ਨੇ ਚੁੱਕਿਆ ਸੀ। ਕਾਂਗਰਸ ਵਲੋਂ ਵੀ ਤੇ ਕ੍ਰਿਕਟ ਕੰਟਰੋਲ ਬੋਰਡ ਵਲੋਂ ਵੀ ਇਸ ਚਾਂਦਮਾਰੀ ਦਾ ਮੱਠਾ-ਮੱਠਾ ਜੁਆਬ ਦੇਣ ਲਈ ਰਾਜੀਵ ਸ਼ੁਕਲਾ ਅੱਗੇ ਆਉਂਦੇ ਰਹੇ। ਫਿਰ ਸ਼ਸ਼ੀ ਥਰੂਰ ਦੀ ਕੁਰਸੀ ਖੁੱਸ ਗਈ। ਉਸ ਬਾਰੇ ਅੰਤਿਮ ਫੈਸਲਾ ਜਦੋਂ ਲਿਆ ਜਾ ਰਿਹਾ ਸੀ, ਐਨ ਓਸੇ ਮੌਕੇ ਰਾਜੀਵ ਸ਼ੁਕਲਾ ਤੇ ਰਵੀ ਸ਼ੰਕਰ ਪ੍ਰਸਾਦ ਆਪੋ ਵਿਚ ਗੱਲਾਂ ਕਰ ਰਹੇ ਸਨ। ਸ਼ਸ਼ੀ ਥਰੂਰ ਦਾ ਝਟਕਾ ਹੋਣ ਤੋਂ ਥੋੜ੍ਹੀ ਦੇਰ ਬਾਅਦ ਰਵੀ ਸ਼ੰਕਰ ਪ੍ਰਸਾਦ ਨੂੰ ਪੁੱਛਿਆ ਗਿਆ ਕਿ ਹੁਣ ਇਸ ਵਿਵਾਦ ਬਾਰੇ ਅੱਗੋਂ ਕੀ ਹੋਣਾ ਚਾਹੀਦਾ ਹੈ? ਉਨ੍ਹਾਂ ਝੱਟ ਕਿਹਾ, ਹੁਣ ਤਾਂ ਕੁਝ ਕਰਨ ਦੀ ਲੋੜ ਹੀ ਨਹੀਂ ਰਹਿ ਗਈ। ਜਦੋਂ ਇਹ ਸਾਫ ਹੋ ਚੁੱਕਾ ਸੀ ਕਿ ਕਈ ਸੌ ਕਰੋੜ ਰੁਪਏ ਦੀ ਹੇਰਾਫੇਰੀ ਆਈ. ਪੀ. ਐਲ. ਕ੍ਰਿਕਟ ਦੇ ਨਾਂ 'ਤੇ ਕਰ ਦਿੱਤੀ ਗਈ ਹੈ, ਫਿਰ ਇਸ ਦੀ ਅਗਲੀ ਕਾਰਵਾਈ ਦੀ ਜਾਂ ਜਾਂਚ ਦੀ ਲੋੜ ਕਿਉਂ ਨਹੀਂ ਸੀ ਰਹਿ ਗਈ? ਇਕ ਟੀ. ਵੀ. ਚੈਨਲ ਨੇ ਕਹਿ ਦਿੱਤਾ ਕਿ ਕਾਂਗਰਸ ਤੇ ਭਾਜਪਾ ਵਲੋਂ ਸਾਹਮਣੇ ਆ ਰਹੇ ਰਾਜੀਵ ਸ਼ੁਕਲਾ ਤੇ ਰਵੀ ਸ਼ੰਕਰ ਪ੍ਰਸਾਦ ਆਪਸ ਵਿਚ ਸਾਲਾ-ਜੀਜਾ ਹਨ, ਦੋਵਾਂ ਦਾ ਕਿਹਾ ਦੋਵਾਂ ਦੀ ਪਾਰਟੀ ਮੋੜਦੀ ਨਹੀਂ, ਇਸ ਕਰਕੇ ਜੋ ਕੁਝ ਉਹ ਦੋਵੇਂ ਕਹਿ ਚੁੱਕੇ ਹਨ, ਉਸ ਤੋਂ ਵਧ ਕਹਿਣ ਦੀ ਦੋਵਾਂ ਪਾਰਟੀਆਂ ਨੇ ਲੋੜ ਨਹੀਂ ਸਮਝਣੀ। ਤੇ ਹੋਇਆ ਵੀ ਇੰਝ ਹੀ ਸੀ। ਤਦ ਕੀ ਇਹ ਨਹੀਂ ਕਿਹਾ ਜਾ ਸਕਦਾ ਕਿ ਦੋ ਵੱਖ ਵੱਖ ਪਾਰਟੀਆਂ 'ਚ ਬੈਠ ਕੇ ਇਕੋ ਪਰਿਵਾਰ ਦੇ ਦੋਵੇਂ ਬੰਦੇ ਇਕ ਵੱਡੀ ਰਾਜਸੀ ਖੇਡ ਖੇਡ ਰਹੇ ਸਨ? ਰਿਸ਼ਤੇਦਾਰੀਆਂ ਨੂੰ ਦੋ-ਦੋ ਥਾਈਂ ਵੰਡਣ ਦਾ ਲਾਭ ਵੀ ਬਹੁਤ ਹੁੰਦਾ ਹੈ। ਇਸ ਗਲੀ ਨੂੰ ਜਾਣਨ ਵਾਲੇ ਜਾਣਦੇ ਹਨ। ਬੇਅੰਤ ਸਿੰਘ ਮੁੱਖ ਮੰਤਰੀ ਦੇ ਰਾਜ ਵਿਚ ਇਕ ਕਾਂਗਰਸੀ ਵਿਧਾਇਕ ਨੇ, ਜੋ ਪਿਛੋਂ ਮੰਤਰੀ ਵੀ ਬਣਿਆ ਤੇ ਫਿਰ ਪਾਰਲੀਮੈਂਟ ਦਾ ਮੈਂਬਰ ਵੀ, ਆਪਣੇ ਛੋਟੇ ਭਰਾ ਨੂੰ ਉਚੀ ਸਿਫਾਰਸ਼ ਕਰਕੇ ਪੁਲਿਸ ਦੇ ਅਫ਼ਸਰਾਂ ਮੂਹਰੇ ਪੇਸ਼ ਕਰਵਾਇਆ ਸੀ। ਭਰਾ 'ਤੇ ਖਾਲਿਸਤਾਨ ਦੇ ਦੌਰ ਦੇ ਇਕ ਖ਼ਤਰਨਾਕ ਗਿਰੋਹ ਨਾਲ ਸਾਂਝ ਰੱਖਣ ਅਤੇ ਕਿਸੇ ਵੱਡੇ ਅਫਸਰ ਦੇ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਇਲਜ਼ਾਮ ਸੀ। ਉਸ ਕਾਂਗਰਸੀ ਵਿਧਾਇਕ ਨੂੰ ਦੱਸਿਆ ਗਿਆ ਸੀ ਕਿ 'ਤੁਹਾਡੇ ਭਰਾ ਦਾ ਕਹਿਣਾ ਹੈ ਕਿ ਉਸ ਨੇ ਇਹ ਸੰਬੰਧ ਤੁਹਾਡੇ ਕਹਿਣ 'ਤੇ ਰੱਖੇ ਸਨ।' ਵਿਧਾਇਕ ਦਾ ਜਵਾਬ ਸੀ ਕਿ 'ਉਸ ਇਲਾਕੇ ਵਿਚ ਏਦਾਂ ਦੀਆਂ ਸਾਂਝਾਂ ਨਾ ਰੱਖਦੇ ਤਾਂ ਅਸੀਂ ਜਿਉਂਦੇ ਹੀ ਨਹੀਂ ਸਾਂ ਰਹਿ ਸਕਦੇ। ਕਹਿਣ ਦਾ ਭਾਵ ਕਿ ਜਿਉਂਦੇ ਰਹਿਣ ਲਈ ਉਹ ਉਨ੍ਹਾਂ ਲੋਕਾਂ ਨਾਲ ਵੀ ਸਾਂਝਾ ਰੱਖਣ ਨੂੰ ਤਿਆਰ ਸਨ, ਜਿਨ੍ਹਾਂ ਨੂੰ ਸਟੇਜਾਂ 'ਤੇ ਕਾਤਲ ਕਹਿੰਦੇ ਸਨ ਅਤੇ ਰਾਤ ਦਿਨ ਸੁਰੱਖਿਆ ਘੇਰਾ ਹੋਰ ਤੋਂ ਹੋਰ ਪੱਕਾ ਕਰਨ ਲਈ ਕੇ. ਪੀ. ਐਸ. ਗਿੱਲ ਦੇ ਤਰਲੇ ਕੱਢਦੇ ਰਹਿੰਦੇ ਸਨ।

ਅੱਜ ਕੱਲ੍ਹ ਅਕਾਲੀ ਪਾਰਟੀ ਦਾ ਦੋਆਬੇ ਦਾ ਇਕ ਵਿਧਾਇਕ ਨਾਜਾਇਜ਼ ਕਬਜ਼ਿਆਂ ਦੇ ਮਾਮਲੇ ਵਿਚ ਕਾਫੀ ਬਦਨਾਮੀ ਖੱਟ ਰਿਹਾ ਹੈ। ਹਲਕੇ ਦਾ ਕੋਈ ਪਿੰਡ ਇਹੋ ਜਿਹਾ ਨਹੀਂ, ਜਿਥੇ ਉਸ ਦਾ ਵਿਰੋਧ ਨਾ ਹੋ ਰਿਹਾ ਹੋਵੇ। ਪਿਛਲੇ ਦਿਨੀਂ ਉਸ ਨੂੰ ਕਿਸੇ ਨੇ ਕਿਹਾ ਕਿ ਅਕਾਲੀ ਸਰਕਾਰ ਜੇ ਕੱਲ੍ਹ ਨੂੰ ਨਾ ਰਹੀ, ਫੇਰ ਤੇਰਾ ਕੀ ਬਣੇਗਾ? ਉਸ ਨੇ ਹੱਸ ਕੇ ਕਿਹਾ, ''ਮੇਰਾ ਛੋਟਾ ਭਰਾ ਕਾਂਗਰਸ ਪਾਰਟੀ ਦੇ ਤਿੰਨ ਵੱਡੇ ਲੀਡਰਾਂ ਨਾਲ ਨੇੜਤਾ ਰੱਖਦਾ ਹੈ, ਅੱਜ ਉਹਨੂੰ ਮੈਂ ਬਚਾਉਂਦਾ, ਓਦੋਂ ਮੈਨੂੰ ਉਹ ਬਚਾਏਗਾ।''

ਕੈਪਟਨ ਅਮਰਿੰਦਰ ਸਿੰਘ ਤੇ ਨਟਵਰ ਸਿੰਘ ਦੀ ਵੀ ਰਾਜੀਵ ਸ਼ੁਕਲਾ ਅਤੇ ਰਵੀ ਸ਼ੰਕਰ ਪ੍ਰਸਾਦ ਵਾਲੀ ਰਿਸ਼ਤੇਦਾਰੀ ਹੈ। ਇਕ ਸਮਾਂ ਸੀ, ਜਦੋਂ ਕੈਪਟਨ ਅਮਰਿੰਦਰ ਸਿੰਘ ਅਕਾਲੀ ਸਫਾਂ ਵਿਚ ਉਭਰਵਾਂ ਨਾਂਅ ਸੀ ਤੇ ਕਾਂਗਰਸ ਵਿਰੁਧ ਚਾਂਦਮਾਰੀ ਕਰਦਾ ਰਹਿੰਦਾ ਸੀ। ਬੇਅੰਤ ਸਿੰਘ ਮੁੱਖ ਮੰਤਰੀ ਦੀ ਮਜ਼ਬੂਤ ਇੱਛਾ ਸੀ ਕਿ ਹੁਣ ਪਿਛਲਾ ਹਿਸਾਬ ਬਰਾਬਰ ਕਰ ਦੇਣਾ ਚਾਹੀਦਾ ਹੈ। ਆਖਰੀ ਪਲਾਂ 'ਤੇ ਗੱਲ ਬਾਹਰ ਨਿਕਲ ਆਈ। ਦਿੱਲੀ ਵਲ ਨੂੰ ਤਾਰਾਂ ਖੜਕ ਗਈਆਂ ਤੇ ਕਿਹਾ ਜਾਂਦਾ ਹੈ ਕਿ ਨਟਵਰ ਸਿੰਘ ਹੁਰੀਂ ਨਰਸਿਮ੍ਹਾ ਰਾਓ ਕੋਲ ਜਾ ਪਹੁੰਚੇ ਸਨ ਕਿ ਬੇਅੰਤ ਸਿੰਘ ਨੂੰ ਇੰਝ ਨਾ ਕਰਨ ਦਿਓ। ਸਮਾਂ ਪਾ ਕੇ ਕੈਪਟਨ ਅਮਰਿੰਦਰ ਸਿੰਘ ਪੰਜਾਬ ਦਾ ਮੁੱਖ ਮੰਤਰੀ ਬਣ ਗਿਆ, ਤੇ ਮੁੱਖ ਮੰਤਰੀ ਵੀ ਧੜੱਲੇ ਵਾਲਾ ਗਿਣਿਆ ਜਾਂਦਾ ਸੀ। ਡਾਕਟਰ ਮਨਮੋਹਨ ਸਿੰਘ ਸਰਕਾਰ ਦੇ ਵਿਦੇਸ਼ ਮੰਤਰੀ ਨਟਵਰ ਸਿੰਘ 'ਤੇ ਇਰਾਕ ਨਾਲ ਤੇਲ ਬਦਲੇ ਅਨਾਜ ਦੇ ਲੈਣ-ਦੇਣ ਵਿਚ ਪੁੱਤਰ ਦੇ ਲੈਣ-ਦੇਣ ਦਾ ਕੇਸ ਖੁੱਲ੍ਹ ਗਿਆ। ਉਸ ਨੂੰ ਸਿਰਫ ਵਜ਼ੀਰੀ ਹੀ ਛੱਡਣੀ ਪਈ ਸੀ, ਗ੍ਰਿਫ਼ਤਾਰੀ ਤੋਂ ਬਚਾਅ ਹੋ ਗਿਆ ਸੀ, ਕਿਉਂਕਿ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਹਾਈਕਮਾਨ ਨੂੰ ਹਾਲੇ ਲੋੜ ਸੀ।

ਹਰਿਆਣੇ ਵਿਚ ਚੌਧਰੀ ਬੰਸੀ ਲਾਲ ਦਾ ਕਿਸੇ ਸਮੇਂ ਡੰਕਾ ਵੱਜਦਾ ਹੁੰਦਾ ਸੀ। ਫਿਰ ਉਹ ਐਮਰਜੈਂਸੀ ਦੇ ਦਿਨਾਂ ਵਿਚ ਸੰਜੇ ਗਾਂਧੀ ਦਾ ਨੇੜੂ ਬਣ ਕੇ ਏਨੀ ਕੁ ਬਦਨਾਮੀ ਖੱਟ ਗਿਆ ਕਿ ਕਾਂਗਰਸ ਪਾਰਟੀ ਨੂੰ ਵੀ ਉਸ ਨੂੰ ਪਾਸੇ ਕਰਨਾ ਪੈ ਗਿਆ। ਸਮਾਂ ਪਾ ਕੇ ਉਹ ਫੇਰ ਉਭਰਿਆ, ਪਰ ਕਾਂਗਰਸ ਪਾਰਟੀ ਦੇ ਆਗੂ ਵਜੋਂ ਨਹੀਂ ਸਗੋਂ ਉਸ ਨੇ ਹਰਿਆਣਾ ਵਿਕਾਸ ਪਾਰਟੀ ਬਣਾ ਲਈ ਸੀ। ਆਪ ਉਹ ਭਾਰਤੀ ਜਨਤਾ ਪਾਰਟੀ ਨਾਲ ਸਾਂਝੀ ਸਰਕਾਰ ਚਲਾ ਰਿਹਾ ਸੀ ਤੇ ਪਰਿਵਾਰ ਦੇ ਦੋ ਤਿੰਨ ਮੈਂਬਰ ਕਾਂਗਰਸ ਹਾਈਕਮਾਨ ਦੇ ਦਫ਼ਤਰ ਦੇ ਕਰਿੰਦੇ ਸਨ, ਜਿਨ੍ਹਾਂ 'ਚੋਂ ਇਕ ਅੱਜਕਲ ਹਰਿਆਣੇ ਦੀ ਕਾਂਗਰਸੀ ਸਰਕਾਰ ਵਿਚ ਮੰਤਰੀ ਵੀ ਹੈ। ਬੰਸੀ ਲਾਲ ਦਾ ਪੈਂਤੜਾ ਇਹ ਸੀ ਕਿ ''ਹਰਿਆਣੇ 'ਚ ਮੈਂ ਕਾਂਗਰਸੀਆਂ ਨੂੰ ਕੁੱਟਦਾ ਰਹਾਂਗਾ, ਕੇਂਦਰ ਦੀ ਕਾਂਗਰਸ ਨੂੰ ਤੁਸੀਂ ਕਹੀ ਜਾਓ ਕਿ ਮੈਂ ਉਨ੍ਹਾਂ ਦੇ ਨਾਲ ਹਾਂ।'' ਇਸੇ ਦਾ ਲਾਭ ਲੈ ਕੇ ਉਹ ਭਾਜਪਾ ਦੇ ਹਮਾਇਤ ਵਾਪਸ ਲੈਣ ਮਗਰੋਂ ਕਾਂਗਰਸ ਦੀ ਹਮਾਇਤ ਆਸਰੇ ਵੀ ਮੁੱਖ ਮੰਤਰੀ ਬਣਿਆ ਰਹਿ ਗਿਆ ਸੀ।

ਗਵਾਲੀਅਰ ਦਾ ਸਿੰਧੀਆ ਪਰਿਵਾਰ ਇਸ ਮਾਮਲੇ ਵਿਚ ਬਹੁਤ ਸਿਆਣੀਆਂ ਚਾਲਾਂ ਚੱਲਦਾ ਹੈ। ਮਹਾਰਾਣੀ ਵਿਜੇ ਰਾਜੇ ਸਿੰਧੀਆ ਦੇ ਵਕਤ ਤਾਂ ਮਾਂ-ਪੁੱਤਰ 'ਚ ਸੱਚਮੁਚ ਮਤਭੇਦ ਸਨ ਕਿ ਉਹ ਆਪਣੇ ਪੁੱਤਰ ਮਾਧਵ ਰਾਓ ਸਿੰਧੀਆ ਨਾਲ ਬੋਲਦੀ ਵੀ ਨਹੀਂ ਸੀ ਪਰ ਉਸ ਪਿਛੋਂ ਸਾਰੇ ਰਲ ਕੇ ਰਾਜਨੀਤੀ ਖੇਡਦੇ ਨਜ਼ਰ ਆਉਂਦੇ ਹਨ। ਇਹੋ ਕਾਰਨ ਹੈ ਕਿ ਪਰਿਵਾਰ ਦਾ ਕੋਈ ਜੀਅ ਜੇ ਭਾਜਪਾ ਦੀ ਟਿਕਟ ਪਹਿਲਾਂ ਲੈ ਆਵੇ, ਦੂਜਾ ਕਾਂਗਰਸ ਦੀ ਟਿਕਟ ਨਹੀਂ ਮੰਗਦਾ ਤੇ ਜੇ ਪਹਿਲਾਂ ਕਾਂਗਰਸ ਟਿਕਟ ਪਰਿਵਾਰ ਦੇ ਕਿਸੇ ਜੀਅ ਨੂੰ ਮਿਲ ਜਾਵੇ, ਦੂਸਰਾ ਭਾਜਪਾ ਦੀ ਟਿਕਟ ਨਹੀਂ ਲੈਂਦਾ। ਨਤੀਜੇ ਵਜੋਂ ਸੀਟ ਹਮੇਸ਼ਾ ਪਰਿਵਾਰ ਦੇ ਕਬਜ਼ੇ 'ਚ ਰਹਿੰਦੀ ਹੈ। ਬਾਹਰ ਉਹ ਰਾਜਸੀ ਸਟੇਜਾਂ 'ਤੇ ਇਕ-ਦੂਜੇ ਦੇ ਵਿਰੁਧ ਬੋਲਦੇ ਹਨ ਪਰ ਆਹਮੋ-ਸਾਹਮਣੇ ਆ ਜਾਣ ਤਾਂ ਪਰਿਵਾਰਕ ਤੰਦ ਨਾਲ ਬੱਝ ਕੇ ਇਕ ਦੂਜੇ ਦੇ ਪੈਰ ਛੂੰਹਦੇ ਤੇ ਇਕ ਦੂਜੇ ਦਾ ਬਚਾਅ ਕਰਦੇ ਹਨ।

ਏਦਾਂ ਤੇ ਬਹੁਤ ਕਿੱਸੇ ਹਨ, ਜਿਨ੍ਹਾਂ ਦੀ ਚਰਚਾ ਕੀਤੀ ਜਾ ਸਕਦੀ ਹੈ। ਪਰ ਇਕ ਹੋਰ ਦੀ ਕਹਾਣੀ ਨਾਲ ਕਿੱਸਾ ਖ਼ਤਮ ਕਰਨਾ ਠੀਕ ਰਹੇਗਾ। ਪ੍ਰਤਾਪ ਸਿੰਘ ਕੈਰੋਂ ਦੇ ਮੁੱਖ ਮੰਤਰੀ ਹੁੰਦਿਆਂ ਕਾਂਗਰਸ ਪਾਰਟੀ ਅੰਦਰ ਪੰਜਾਬ ਤੋਂ ਲੈ ਕੇ ਦਿੱਲੀ ਤੱਕ ਉਸ ਪਰਿਵਾਰ ਦੇ ਦੁਸ਼ਮਣ ਬਣ ਗਏ ਸਨ। ਜਦੋਂ ਉਸ ਦਾ ਕਤਲ ਕਰ ਦਿੱਤਾ ਗਿਆ, ਅਗਲੀਆਂ ਚੋਣਾਂ ਮੌਕੇ ਕਾਂਗਰਸ ਪਾਰਟੀ ਕੈਰੋਂ ਪਰਿਵਾਰ ਦੇ ਕਿਸੇ ਜੀਅ ਨੂੰ ਟਿਕਟ ਦੇਣ ਨੂੰ ਤਿਆਰ ਨਹੀਂ ਸੀ। ਓਦੋਂ ਤਕ ਦਾ ਕਮਿਊਨਿਸਟ ਪਾਰਟੀ ਦਾ ਕਾਰਡ ਹੋਲਡਰ ਜਸਵੰਤ ਸਿੰਘ, ਜੋ ਪ੍ਰਤਾਪ ਸਿੰਘ ਕੈਰੋਂ ਦਾ ਛੋਟਾ ਭਰਾ ਸੀ, ਰਾਤੋ-ਰਾਤ ਕਮਿਊਨਿਸਟ ਪਾਰਟੀ ਛੱਡ ਕੇ ਕਾਂਗਰਸੀ ਹੋ ਗਿਆ ਤੇ ਉਸ ਦੇ ਚੰਗੇ ਕਿਰਦਾਰ ਅਤੇ ਪਰਿਵਾਰ ਦੇ ਨਾਂਅ ਦਾ ਹਵਾਲਾ ਦੇ ਕੇ ਕਾਂਗਰਸ ਪਾਰਟੀ ਦੀ ਟਿਕਟ ਉਸ ਨੂੰ ਦੇ ਦਿੱਤੀ ਗਈ। ਪ੍ਰਤਾਪ ਸਿੰਘ ਕੈਰੋਂ ਦਾ ਵੱਡਾ ਪੁੱਤਰ ਸੁਰਿੰਦਰ ਸਿੰਘ ਅਕਾਲੀ ਹੋ ਗਿਆ ਤੇ ਸੰਤ ਫਤਹਿ ਸਿੰਘ ਤੋਂ ਟਿਕਟ ਲੈ ਆਇਆ। ਚਾਚਾ ਕਾਂਗਰਸੀ, ਭਤੀਜਾ ਅਕਾਲੀ ਉਮੀਦਵਾਰ ਤੇ ਤੀਜਾ ਬੰਦਾ ਜਿਹੜਾ ਕਮਿਊਨਿਸਟਾਂ ਦੀ ਮੱਦਦ ਨਾਲ ਉਨ੍ਹਾਂ ਦੋਵਾਂ ਦੇ ਮੁਕਾਬਲੇ 'ਤੇ ਖੜ੍ਹਾ ਸੀ, ਉਹ ਸੁਰਿੰਦਰ ਕੈਰੋਂ ਦਾ ਫੁੱਫੜ ਲੱਗਦਾ ਸੀ। ਸਾਫ ਸੀ ਕਿ ਤਿੰਨਾਂ 'ਚੋਂ ਕੋਈ ਵੀ ਜਿੱਤ ਜਾਂਦਾ, ਉਹ ਸੀਟ ਕੈਰੋਂ ਪਰਿਵਾਰ ਦੇ ਕੋਲ ਹੀ ਰਹਿਣੀ ਸੀ ਤੇ ਸਮਾਂ ਪਾ ਕੇ ਬਾਦਲ ਪਰਿਵਾਰ ਨਾਲ ਰਿਸ਼ਤੇਦਾਰੀ ਨੇ ਇਹ ਗੱਲ ਹੋਰ ਵੀ ਪੱਕੀ ਕਰ ਦਿੱਤੀ ਸੀ।

ਇਹ ਸਾਰੀਆਂ ਮਿਸਾਲਾਂ ਦੇ ਕੇ ਅਸੀਂ ਭਾਰਤ ਦੀ ਜਾਂ ਪੰਜਾਬ ਦੀ ਰਾਜਨੀਤੀ ਦੇ ਕਿਸੇ ਮੌਜੂਦਾ ਵਹਿਣ ਜਾਂ ਇਸ ਦੇ ਹੇਠਾਂ ਵਗਦੀ ਲਹਿਰ ਵਲ ਇਸ਼ਾਰਾ ਨਹੀਂ ਕਰ ਰਹੇ, ਸਗੋਂ ਇਹ ਕਹਿਣਾ ਚਾਹੁੰਦਾ ਹਾਂ ਕਿ ਰਾਜਨੀਤੀ ਵਿਚ ਪਰਿਵਾਰਵਾਦ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਹਨ ਕਿ ਉਨ੍ਹਾਂ ਦਾ ਇਕ ਪਾਸੇ ਦਾ ਖਿਲਾਰ ਤਾਂ ਹਰ ਕਿਸੇ ਨੂੰ ਦਿਸਦਾ ਹੈ, ਦੂਜੇ ਪਾਸੇ ਦਾ ਕਦੇ ਕਿਸੇ ਨੇ ਧਿਆਨ ਹੀ ਨਹੀਂ ਕੀਤਾ। ਜਿੰਨੀ ਨੁਕਸਾਨਦੇਹ ਗੱਦੀ ਲਈ ਪਿਤਾ-ਪੁਰਖੀ ਦੀ ਰਾਜਨੀਤੀ ਹੈ, ਰਾਜਨੀਤੀ ਵਿਚ ਦੋ ਬੇੜੀਆਂ ਦੀ ਸਵਾਰੀ ਜਾਂ ਦੋ ਰਾਜਸੀ ਧਿਰਾਂ ਵਿਚ ਚਵਾਨੀ-ਪੱਤੀ ਹਿੱਸਾ ਰੱਖਣਾ ਵੀ ਉਸ ਤੋਂ ਘੱਟ ਨਹੀਂ ਸਮਝਣਾ ਚਾਹੀਦਾ।

# ਸਿੱਖ ਕੌਮ ਦੀ ਆਜ਼ਾਦੀ ਦੀ ਪ੍ਰਾਪਤੀ ਦਾ ਅਹਿਦ ਲਿਆ

**ਫ਼ਤਿਹਗੜ੍ਹ ਸਾਹਿਬ :** ਦਲ ਖਾਲਸਾ ਨੇ 12 ਮਈ ਨੂੰ ਖਾਲਸਾ ਰਾਜ ਦੀ ਤੀਜੀ ਸ਼ਤਾਬਦੀ ਮੌਕੇ ਚੱਪੜਚਿੜੀ ਤੋਂ ਸਰਹਿੰਦ ਤੱਕ 'ਖਾਲਸਾ ਰਾਜ' ਮਾਰਚ ਦੌਰਾਨ ਸਿੱਖ ਕੌਮ ਦੀ ਆਜ਼ਾਦੀ ਦੇ ਨਿਸ਼ਾਨੇ ਦੀ ਪ੍ਰਾਪਤ ਲਈ ਅਹਿਦ ਲਿਆ। ਮਾਰਚ ਦੀ ਸਮਾਪਤੀ ਖਾਲਸਾਈ ਝੰਡੇ ਨੂੰ ਤਲਵਾਰਾਂ ਨਾਲ ਸਲਾਮੀ ਦੇ ਕੇ ਕੀਤੀ ਗਈ। ਸਿੱਖ ਸੰਘਰਸ਼ ਨਾਲ ਸੰਬੰਧਿਤ ਵੱਖ-ਵੱਖ ਧਿਰਾਂ, ਸੰਸਥਾਵਾਂ ਅਤੇ ਵਿਅਕਤੀਆਂ ਨੇ 'ਖਾਲਸਾ ਰਾਜ' ਮਾਰਚ ਵਿਚ ਹਿੱਸਾ ਲਿਆ ਅਤੇ ਸਿੱਖ ਕੌਮ ਲਈ ਖੁਦਮੁਖਤਿਆਰ ਖਿੱਤੇ ਦੀ ਵਕਾਲਤ ਕੀਤੀ। ਮਾਰਚ ਦੀ ਆਰੰਭਤਾ ਚੱਪੜ ਚਿੜੀ ਤੋਂ ਹੋਈ।

ਮਾਰਚ ਦੀ ਅਗਵਾਈ 5 ਸਿੰਘਾਂ ਭਾਈ ਹਰਪਾਲ ਸਿੰਘ ਚੀਮਾ, ਭਾਈ ਸਤਿਨਾਮ ਸਿੰਘ ਪਾਉਂਟਾ ਸਾਹਿਬ, ਭਾਈ ਕੰਵਰ ਸਿੰਘ ਧਾਮੀ, ਭਾਈ ਕੁਲਬੀਰ ਸਿੰਘ ਬੜਾ ਪਿੰਡ ਅਤੇ ਭਾਈ ਮੋਹਕਮ ਸਿੰਘ ਨੇ ਕੀਤੀ। ਸਿੱਖ ਸੰਘਰਸ਼ ਦੇ ਸ਼ਹੀਦਾਂ ਦੇ ਪਰਿਵਾਰ ਵੀ ਵੱਡੀ ਗਿਣਤੀ ਵਿਚ ਪਹੁੰਚੇ ਹੋਏ ਸਨ। ਮਾਰਚ ਵਿਚ ਸੰਗਤਾਂ ਲਈ ਖਿਚ ਦਾ ਕੇਂਦਰ ਬਾਬਾ ਬੰਦਾ ਸਿੰਘ ਬਹਾਦਰ, ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ ਅਤੇ ਮੌਜੂਦਾ ਸੰਘਰਸ਼ ਦੇ ਨਾਇਕਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਸੁਖਦੇਵ ਸਿੰਘ ਬੱਬਰ, ਤਲਵਿੰਦਰ ਸਿੰਘ ਬੱਬਰ, ਭਾਈ ਦਿਲਾਵਰ ਸਿੰਘ, ਜਗਤਾਰ ਸਿੰਘ ਹਵਾਰਾ, ਭਾਈ ਬਲਵੰਤ ਸਿੰਘ ਅਤੇ ਹੋਰ ਆਗੂਆਂ ਦੀਆਂ ਤਸਵੀਰਾਂ ਸਨ। ਗਜਿੰਦਰ ਸਿੰਘ ਦੀ ਰਚੀ ਕਵਿਤਾ ਵਾਲਾ ਪੋਸਟਰ ਵੰਡਿਆ ਗਿਆ। ਮਾਰਚ ਦਾ ਸਿਖਰ ਫਤਿਹਗੜ੍ਹ ਸਾਹਿਬ ਵਿਖੇ ਖਾਲਸਾ ਰਾਜ ਦੇ ਝੰਡੇ ਨੂੰ ਝੁਲਾਉਣ ਅਤੇ ਸਲਾਮੀ ਦੇਣ ਦੀ ਰਸਮ ਮੌਕੇ ਪੁੱਜਾ, ਜਦੋਂ ਬੈਂਡ ਦੀ ਧੁੰਨ ਉਤੇ 'ਦੇਹਿ ਸ਼ਿਵਾ ਬਰ ਮੋਹਿ' ਸ਼ਬਦ ਵਜਾਇਆ ਗਿਆ। ਸਮਾਗਮ ਵਿਚ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ, ਖਾਲਸਾ ਐਕਸ਼ਨ ਕਮੇਟੀ, ਦਮਦਮੀ ਟਕਸਾਲ, ਸਿੱਖ ਸਟੂਡੈਂਟਸ ਫੈਡਰੇਸ਼ਨ, ਅਕਾਲ ਫੈਡਰੇਸ਼ਨ ਸ਼ਾਮਲ ਸਨ। ਇਸ ਮੌਕੇ ਸ਼ਹੀਦ ਭਾਈ ਦਿਲਾਵਰ ਸਿੰਘ ਨੂੰ 'ਬਾਬਾ ਬੰਦਾ ਸਿੰਘ ਬਹਾਦਰ ਐਵਾਰਡ' ਨਾਲ ਸਨਮਾਨਿਆ ਗਿਆ। ਇਹ ਸਨਮਾਨ ਭਾਈ ਕੰਵਰ ਸਿੰਘ ਧਾਮੀ ਨੇ ਹਾਸਲ ਕੀਤਾ ਕਿਉਂਕਿ ਭਾਈ ਦਿਲਾਵਰ ਸਿੰਘ ਦਾ ਪਰਿਵਾਰ ਇਸ ਵਕਤ ਕੈਨੇਡਾ ਵਿਚ ਹੈ। ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਅੱਜ ਵੀ ਔਕੜਾਂ ਦੇ ਬਾਵਜੂਦ ਆਪਣੀ ਆਜ਼ਾਦੀ ਲਈ ਸੰਘਰਸ਼ ਕਰ ਰਹੀ ਹੈ। ਹਰਪਾਲ ਸਿੰਘ ਚੀਮਾ ਨੇ ਸਿੱਖ ਸੰਗਤਾਂ ਨੂੰ ਉਸ ਲੀਡਰਸ਼ਿਪ ਨੂੰ ਪਛਾਣ ਅਤੇ ਰੱਦ ਕਰਨ ਦਾ ਹੋਕਾ ਦਿੱਤਾ ਜਿਹੜੀ ਆਪਣੇ ਸਵਾਰਥਾਂ ਲਈ ਸਿੱਖ ਕੌਮ ਦੇ ਸਾਂਝੇ ਕੌਮੀ ਮਕਸਦ ਦਾ ਘਾਣ ਕਰਨ ਉਤੇ ਤੁਲੀ ਹੋਈ ਹੈ।

ਦਮਦਮੀ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਨੇ ਅਕਾਲੀ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਸ਼ਤਾਬਦੀ ਮੌਕੇ ਉਨ੍ਹਾਂ ਸਾਰੇ ਨਜ਼ਰਬੰਦਾਂ ਨੂੰ ਰਿਹਾਅ ਕਰੇ ਜਿਨ੍ਹਾਂ ਨੇ ਹਾਲ ਹੀ ਵਿਚ ਸਿੱਖ ਰਾਜ ਕਾਇਮ ਕਰਨ ਲਈ ਜੁਝਾਰੂ ਸੰਘਰਸ਼ ਵਿਚ ਹਿੱਸਾ ਲਿਆ ਸੀ। ਕੰਵਰਪਾਲ ਸਿੰਘ ਨੇ ਕਿਹਾ ਕਿ ਉਹ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਦੇ ਅਨੈਤਿਕ ਅਤੇ ਨਸਲਵਾਦੀ ਰਵੱਈਏ ਦੀ ਸਖਤੀ ਨਾਲ ਨਿੰਦਾ ਕਰਦੇ ਹਨ। ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮਾਨ, ਮੀਤ ਪ੍ਰਧਾਨ ਪ੍ਰਭਜੋਤ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟਾਏ।


ਸਟੋਰ ਵਿਕਾਊ ਹਨ

ਲਿੱਕਰ ਸਟੋਰ
ਸੇਲ 32000 ਡਾਲਰ ਪ੍ਰਤੀ ਮਹੀਨਾ
ਕਿਰਾਇਆ 2000 ਡਾਲਰ
Asking Price $90,000 + Inventory
2300 ਸਕੇਅਰ ਫੁੱਟ ਲੰਮੀ ਲੀਜ਼

99 ਸੈਂਟ ਸਟੋਰ
ਸੇਲ 35000 ਪ੍ਰਤੀ ਮਹੀਨਾ
ਕਿਰਾਇਆ 3200 ਡਾਲਰ
4000 ਸਕੇਅਰ ਫੁੱਟ ਲੰਮੀ ਲੀਜ਼
Asking Price $150,000 + Inventory
60% profit margin.

Call:661-910-3677 or 661-889-1927

# Worrying About Your Ancestral Property In India?

**Geomedia Engineering and Consultancy Services (India)**
is here to help you

ਇੰਡੀਆ ਵਾਲੀ ਜੱਦੀ ਜਾਇਦਾਦ ਦੀ ਪਲਾਨਿੰਗ ਲਈ ਸਾਡੇ ਨਾਲ ਸੰਪਰਕ ਕਰੋ

*Please Call:*

G S Bath (India)
**011-91-95694-70701**

Harjinder Paul Singh (USA)
**209- 456- 2285**

e-mail: geomediaengineering@gmail.com

**"Geomedia" is a Well-Established and Experienced Team of Engineers, Architects, Planners and Builders Well Versed with Foreign & Local Projects**

*We Offer Services In:*

- SURVEYING
- CONCEPTUAL PLANS
- REVENUE(TEHSIL) RECORDS
- DESIGN AND APPROVALS
- TESTING- SOIL/MATERIALS
- CONSTRUCTION

We can personally meet you at your convenience in United States or in India






ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

ਅਤੇ ਲਾਈਫ ਇੰਸ਼ੋਰੈਂਸ
ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

## ਮੇਜਰ ਸਿੰਘ ਚੌਹਾਨ

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



Cell:916-337-1683
Off :661-369-4865
Off :916-983-4890
Fax :916-984-0110
Fax :888-327-6115

**Major Singh Chauhan**
**AGENT**
CA Ins. Lic #0D36632
New York Life Insurance Company

mc101048@gmail.com

THE COMPANY YOU KEEP



# JAGDEEP SINGH

## INSURANCE AGENCY

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ

*We Can Beat Any Rates*

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ



*Jagdeep Singh*
CA Lic #0E42884

Ph : 559.277.5580
Fax : (888) 227-6988
email: jagdeep@jsinghagency.com
www.jsinghagency.com

**Fresno Location : 4491 W. Shaw Ave. #300A Fresno CA 93722**

**Our New Location : GOLD RIVER**

**Ph : 916-220-2128**

2377 Gold Meadow, Ste #157, Gold River CA 95670



# ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜਿਹੜੇ ਕੈਲੀਫੋਰਨੀਆ ਤੋਂ ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ ਆਦਿ ਸ਼ਹਿਰਾਂ ਵਿਚ ਆ-ਜਾ ਸਕਦੇ ਹੋਣ।

ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।

ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ

ਫੋਨ:(510) 881-8008
ਸੈਲ:408-896-4518



**Email:** cctransinc@gmail.com

# C and C Trans Inc.

**Hayward, CA**

# ਪੰਜਾਬ ਟਾਈਮਜ਼

ਸਨਿਚਰਵਾਰ, 22 ਮਈ, 2010


*ਤੁਸੀਂ ਸਿਰਫ ਆਪਣੇ ਕਹੇ ਹੋਏ ਸ਼ਬਦਾਂ ਲਈ ਜ਼ਿੰਮੇਵਾਰ ਨਹੀਂ ਹੁੰਦੇ ਸਗੋਂ ਉਸ ਲਈ ਵੀ ਜ਼ਿੰਮੇਵਾਰ ਹੁੰਦੇ ਹੋ, ਜੋ ਤੁਸੀਂ ਅਣਕਿਹਾ ਛੱਡ ਦਿੱਤਾ ਹੈ। -ਮਾਰਟਿਨ ਲੂਥਰ*

## ਫਤਿਹ ਸਮਾਗਮਾਂ ਦਾ ਅਰਥ

2500 ਕਿਲੋਮੀਟਰ ਲੰਮਾ ਪੈਂਡਾ ਤੈਅ ਕਰਕੇ ਬੀਤੇ ਦਿਨੀਂ ਫਤਹਿਗੜ੍ਹ ਸਾਹਿਬ ਵਿਖੇ ਪੁੱਜੇ ਇਤਿਹਾਸਕ ਮਾਰਚ ਮੌਕੇ ਹੋਏ ਇਕ ਸਮਾਗਮ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਤਕਰੀਬਨ ਸਮੁੱਚੀ ਸਿੱਖ ਲੀਡਰਸ਼ਿਪ ਨੇ ਆਪਣੇ ਵਿਚਾਰ ਰੱਖੇ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬਾਨ ਵੀ ਸਮਾਗਮ ਵਿਚ ਬੋਲੇ। ਇਸ ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਨਿਤਨ ਗਡਗਰੀ ਨੇ ਵੀ ਸਮਾਗਮ ਵਿਚ ਸ਼ਮੂਲੀਅਤ ਕੀਤੀ ਅਤੇ ਆਪਣੇ ਵਿਚਾਰ ਪ੍ਰਗਟ ਕੀਤੇ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸ. ਸਿਮਰਨਜੀਤ ਸਿੰਘ ਮਾਨ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਮਾਗਮ ਦੌਰਾਨ ਪ੍ਰਦਰਸ਼ਨ ਕੀਤਾ ਅਤੇ ਧਰਨਾ ਦਿੱਤਾ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ 13-14 ਮਈ ਦੀ ਰਾਤ ਨੂੰ ਪੁਲਿਸ ਨੇ ਉਨ੍ਹਾਂ ਦੀ ਕਿਲਾ ਹਰਨਾਮ ਸਿੰਘ ਵਿਖੇ ਰਿਹਾਇਸ਼ ਨੂੰ ਵੀ ਘੇਰਾ ਪਾ ਲਿਆ ਸੀ ਪਰ ਸੁਰੱਖਿਆ ਏਜੰਸੀਆਂ ਉਦੋਂ ਹੱਕੀਆਂ-ਬੱਕੀਆਂ ਰਹਿ ਗਈਆਂ ਜਦੋਂ ਸਿਮਰਨਜੀਤ ਸਿੰਘ ਆਪਣੇ ਸਾਥੀਆਂ ਸਮੇਤ ਸਮਾਗਮ ਵਾਲੀ ਥਾਂ ਦੇ ਨੇੜੇ ਪਹੁੰਚ ਗਏ। ਪੁਲਿਸ ਨੇ ਉਨ੍ਹਾਂ ਨੂੰ ਸਮਾਗਮ ਤੋਂ 200 ਗਜ਼ ਦੀ ਦੂਰੀ 'ਤੇ ਰੋਕ ਲਿਆ। ਇਸ ਤੋਂ ਪਿੱਛੋਂ ਸ. ਮਾਨ ਸ਼ਾਂਤੀਪੂਰਵਕ ਢੰਗ ਨਾਲ ਤਪਦੀ ਸੜਕ 'ਤੇ ਹੀ ਆਪਣੇ ਵਰਕਰਾਂ ਸਮੇਤ ਬੈਠ ਗਏ ਅਤੇ ਧਰਨਾ ਦੇਣ ਲੱਗੇ। ਰਿਪੋਰਟਾਂ ਅਨੁਸਾਰ ਇਸ ਦੌਰਾਨ ਉਨ੍ਹਾਂ ਨੇ ਆਪਣੇ ਛਪਾਏ ਹੋਏ ਖਾਲਿਸਤਾਨ ਪੱਖੀ ਇਸ਼ਤਿਹਾਰ ਵੀ ਵੰਡੇ। ਉਧਰ ਅਕਾਲੀ ਦਲ (ਬਾਦਲ) ਦੇ ਮੁੱਖ ਸਮਾਗਮ ਵਿਚ ਬੁਲਾਰਿਆਂ ਨੇ ਆਪਣੇ ਭਾਸ਼ਣਾਂ ਦੌਰਾਨ ਪੰਜਾਬ ਵਿਚੋਂ ਨਸ਼ਾਖੋਰੀ ਖ਼ਤਮ ਕਰਨ, ਨੌਜਵਾਨਾਂ ਨੂੰ ਸਿੱਖੀ ਧਾਰਨ ਕਰਨ ਅਤੇ ਹੋਰ ਸਮਾਜਿਕ ਬੁਰਾਈਆਂ ਖਿਲਾਫ਼ ਜੰਗ ਛੇੜਨ ਦੀਆਂ ਗੱਲਾਂ ਕੀਤੀਆਂ। ਇਸ ਤੋਂ ਸਿਵਾਏ ਅਕਾਲੀਆਂ ਨੇ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਕਾਂਗਰਸ ਨੂੰ ਭੰਡਿਆ ਅਤੇ ਆਖਿਆ ਕਿ ਲੋਕ ਕਾਂਗਰਸ ਦੇ ਏਜੰਟਾਂ ਤੋਂ ਸੁਚੇਤ ਰਹਿਣ। ਅਸਲ ਵਿਚ ਇਹ ਉਨ੍ਹਾਂ ਦਾ ਵਿਰੋਧੀ ਸਿੱਖ ਆਗੂਆਂ ਵਲ ਇਸ਼ਾਰਾ ਸੀ।

ਅਕਾਲੀ ਦਲ (ਬਾਦਲ) ਨੇ ਇਥੇ ਵੀ ਆਪਣੀ ਉਹ ਸਿਆਸੀ ਪਹੁੰਚ ਅਪਨਾਈ, ਜਿਸ ਵਿਚ ਉਹ ਭਾਰਤੀ ਜਨਤਾ ਪਾਰਟੀ ਨਾਲ ਪੱਕੀ ਜੋਟੀ ਪਾ ਕੇ ਰੱਖਦੇ ਹਨ ਅਤੇ ਆਪਣੇ ਵਿਰੁਧ ਉਠਣ ਵਾਲੇ ਅਕਾਲੀ ਵਿਰੋਧੀਆਂ ਨੂੰ ਕਾਂਗਰਸ ਦੇ ਏਜੰਟ ਆਖ ਕੇ ਭੰਡਦੇ ਹਨ। ਸਮਾਗਮ ਦੌਰਾਨ ਮੁੱਖ ਮੰਤਰੀ ਬਾਦਲ ਨੇ ਜਿਥੇ ਕੈਦੀਆਂ ਨੂੰ ਕੈਦ ਤੋਂ ਕੁਝ ਮੁਕਤੀ ਦੇ ਐਲਾਨ ਕੀਤੇ, ਉਥੇ ਦੂਜੇ ਪਾਸੇ ਪੰਜਾਬ ਵਿਚ ਅਕਾਲੀ ਦਲ ਵਲੋਂ ਭਾਈਚਾਰਕ ਸਾਂਝ ਮਜ਼ਬੂਤ ਕਰਨ ਦਾ ਦਾਅਵਾ ਵੀ ਕੀਤਾ। ਉਨ੍ਹਾਂ ਕਾਂਗਰਸ 'ਤੇ ਉਲਟਾ ਦੋਸ਼ ਲਾਇਆ ਕਿ ਕਾਂਗਰਸ ਪਾਰਟੀ ਪੰਜਾਬ ਵਿਚ ਫਿਰਕੂ ਇਕਸੁਰਤਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਮਾਨ ਦਲ ਵਲੋਂ ਕੀਤੇ ਗਏ ਪ੍ਰਦਰਸ਼ਨ ਵਲ ਵੀ ਇਹੋ ਜਿਹੇ ਹੀ ਸੰਕੇਤ ਕੀਤੇ।

ਇਸ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਆਗੂ ਸ੍ਰੀ ਨਿਤਿਨ ਗਡਕਰੀ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਅਦੁੱਤੀ ਸ਼ਹਾਦਤ ਦੀ ਦੁਨੀਆਂ ਵਿਚ ਮਿਸਾਲ ਕਿਹਾ। ਇਵੇਂ ਸ੍ਰੀ ਬਲਬੀਰ ਪੁੰਜ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਸਿੱਖਿਆਵਾਂ 'ਤੇ ਚਲਦਿਆਂ ਦੇਸ਼ ਵਿਰੋਧੀ ਤਾਕਤਾਂ ਨੂੰ ਲਲਕਾਰਨ ਦੀ ਪੁਕਾਰ ਕੀਤੀ। ਦਮਦਮੀ ਟਕਸਾਲ ਦੇ ਆਗੂ ਬਾਬਾ ਹਰਨਾਮ ਸਿੰਘ ਧੁੰਮਾ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਮੌਕੇ 'ਤੇ ਤਕਰੀਬਨ ਸਾਰੇ ਹੀ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਹਾਜ਼ਰ ਸਨ। ਜੇ ਸਮਾਗਮ ਵਿਚ ਸਿਆਸਤਦਾਨਾਂ ਦੇ ਐਲਾਨਾਂ ਨੂੰ ਪਾਸੇ ਛੱਡ ਦਿੱਤਾ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ 14 ਮਈ ਨੂੰ ਖ਼ਤਮ ਹੋਏ ਸਰਹਿੰਦ ਫਤਹਿ ਦਿਵਸ ਦੀ ਤੀਸਰੀ ਸ਼ਤਾਬਦੀ ਨੂੰ ਮੁੱਖ ਰੱਖ ਕੇ ਕੀਤੇ ਗਏ ਇਹ ਸਮਾਗਮ ਕਾਫੀ ਸਫਲ ਰਹੇ ਅਤੇ ਲੋਕਾਂ ਨੇ ਵੱਡੀ ਪੱਧਰ 'ਤੇ ਇਨ੍ਹਾਂ ਵਿਚ ਸ਼ਮੂਲੀਅਤ ਕੀਤੀ। ਤੀਸਰੇ ਦਿਨ ਲੱਖਾਂ ਦੀ ਗਿਣਤੀ ਵਿਚ ਲੋਕ ਇਥੇ ਪਹੁੰਚੇ।

ਤ੍ਰੈਸ਼ਤਾਬਦੀ ਸਮਾਗਮਾਂ ਵਿਚ ਭਾਵੇਂ ਸੰਗਤ ਵੱਡੀ ਪੱਧਰ 'ਤੇ ਸ਼ਾਮਲ ਹੋਈ ਅਤੇ ਅਕਾਲੀ ਆਗੂਆਂ ਨੇ ਵੱਡੇ-ਵੱਡੇ ਐਲਾਨ ਵੀ ਕੀਤੇ, ਨੰਦੇੜ ਸਾਹਿਬ ਦੀ ਸੰਗਤ ਵਲੋਂ ਸੋਨੇ ਦੇ ਪੰਜ ਤੀਰ, ਨਗਾਰਾ ਅਤੇ ਨਿਸ਼ਾਨ ਸਾਹਿਬ ਵੀ ਇਸ ਦੌਰਾਨ ਭੇਟ ਕੀਤੇ ਗਏ ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਵਿਚਾਰਧਾਰਾ ਉਪਰ ਇਸ ਸਮੇਂ ਦੌਰਾਨ ਕੋਈ ਬਹੁਤੀ ਗੱਲਬਾਤ ਨਾ ਹੋਈ। ਅਸਲ ਵਿਚ ਬਾਬਾ ਬੰਦਾ ਬਹਾਦਰ ਸਿੱਖ ਰਾਜ ਦੇ ਮੋਢੀ ਸਨ ਅਤੇ ਉਨ੍ਹਾਂ ਨੇ ਆਪਣੇ ਰਾਜਕਾਲ ਦੇ ਸਮੇਂ ਵਿਚ ਤਿੱਖੇ ਜ਼ਮੀਨੀ ਸੁਧਾਰ ਕੀਤੇ ਸਨ। ਜਗੀਰਦਾਰਾਂ ਦੀਆਂ ਜ਼ਮੀਨਾਂ ਖੋਹ ਕੇ ਵਿਆਪਕ ਪੱਧਰ 'ਤੇ ਕਿਸਾਨੀ ਵਿਚ ਵੰਡੀਆਂ ਸਨ ਅਤੇ ਇਹ ਸ਼ਾਇਦ ਦੁਨੀਆਂ ਦੇ ਪਹਿਲੇ ਇਸ ਕਿਸਮ ਦੇ ਇਨਕਲਾਬੀ ਜ਼ਮੀਨੀ ਸੁਧਾਰ ਸਨ। 'ਜ਼ਮੀਨ ਹਲਵਾਹਕ ਦੀ' ਦਾ ਨਾਅਰਾ ਕਮਿਊਨਿਸਟਾਂ ਨੇ 20ਵੀਂ ਸਦੀ ਵਿਚ ਆਣ ਕੇ ਲਾਇਆ ਅਤੇ ਬਾਬਾ ਬੰਦਾ ਬਹਾਦਰ ਨੇ ਇਸ ਨੂੰ 18ਵੀਂ ਸਦੀ ਵਿਚ ਹੀ ਲਾਗੂ ਕਰ ਦਿੱਤਾ ਸੀ। ਉਨ੍ਹਾਂ ਨੇ ਆਪਣੇ ਰਾਜ ਸ਼ਾਸਨ ਨੂੰ ਦੱਬੇ-ਕੁਚਲੇ ਲੋਕਾਂ ਦੇ ਪੱਖ ਵਿਚ ਜਥੇਬੰਦ ਕੀਤਾ। ਇਸ ਤੋਂ ਇਲਾਵਾ ਵੱਡੇ ਫਿਰਕੂ ਤਣਾਵਾਂ ਦੇ ਬਾਵਜੂਦ ਧਾਰਮਿਕ ਪੱਖਪਾਤ ਨੂੰ ਨੇੜੇ ਨਾ ਫਟਕਣ ਦਿੱਤਾ। ਅਕਾਲੀ ਲੀਡਰਸ਼ਿਪ ਨੂੰ ਚਾਹੀਦਾ ਸੀ ਕਿ ਉਹ ਸਿੱਖ ਰਾਜ ਦੇ ਮੋਢੀ ਦੀ ਤੀਸਰੀ ਸ਼ਤਾਬਦੀ ਮਨਾਉਂਦਿਆਂ ਪ੍ਰਮੁੱਖ ਰੂਪ ਵਿਚ ਉਸ ਦੀ ਵਿਚਾਰਧਾਰਾ ਅਤੇ ਉਸਦੇ ਰਾਜਨੀਤਕ ਮਕਸਦਾਂ ਉਪਰ ਗੱਲ ਕਰਦੀ ਅਤੇ ਇਨ੍ਹਾਂ ਮਕਸਦਾਂ ਨੂੰ ਅੱਗੇ ਤੋਰਨ ਲਈ ਕੋਈ ਅਕੀਦਾ ਪੇਸ਼ ਕਰਦੀ। ਅਜਿਹੇ ਅਕੀਦਿਆਂ ਤੋਂ ਬਿਨਾਂ ਵੱਡੇ ਇਕੱਠ ਕਰਨੇ ਅਤੇ ਲੋਕਾਂ ਨੂੰ ਘਰਾਂ ਨੂੰ ਮੋੜ ਦੇਣਾ ਕੋਈ ਬਹੁਤੀ ਵੱਡੀ ਪ੍ਰਾਪਤੀ ਨਹੀਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅਖਬਾਰਾਂ ਗੁੰਮ ਕਿਉਂ ਹੁੰਦੀਆਂ ਨੇ?*

ਸਿਫਤ ਸੁਣੋ ਜੀ ਪਾਠਕੋ ਝੂਠਿਆਂ ਦੀ! ਖੱਟੀ ਕੂੜ ਦੀ ਨਿੱਤ ਜੋ ਖਾਈ ਜਾਂਦੇ।
ਸੱਚ ਸੁਣਨ ਦੀ ਉਨ੍ਹਾਂ ਨੂੰ ਨਹੀਂ ਆਦਤ, ਆਪੇ ਆਪਣੀ ਕਰੀ ਵਡਿਆਈ ਜਾਂਦੇ।
ਧਰਮ-ਕਰਮ ਦੇ ਪਹਿਨ ਮਖੌਟਿਆਂ ਨੂੰ, ਭਾਈਚਾਰੇ ਨੂੰ ਬੁੱਧੂ ਬਣਾਈ ਜਾਂਦੇ।
ਨਿੱਜੀ ਹਿੱਤਾਂ ਨੂੰ ਰੱਖਦੇ ਸਦਾ ਅੱਗੇ, ਹੇਜ ਕੌਮ ਦਾ ਉਤੋਂ ਜਤਾਈ ਜਾਂਦੇ।
ਚਾਨਣ ਭਾਵੇਂ ਨਾ ਤਿਨਾਂ ਦੇ ਦੀਦਿਆਂ ਨੂੰ, ਟੇਕ ਰੱਖਦੇ ਸਦਾ ਹਨੇਰ ਉਤੇ।
ਗੱਲਾਂ ਸੱਚੀਆਂ ਜਿਹਦੇ 'ਚ ਹੋਣ ਛਪੀਆਂ, ਉਹ ਅਖਬਾਰਾਂ ਸੁਟਵਾਉਂਦੇ ਨੇ ਢੇਰ ਉਤੇ!

# ਕੀ ਹਨ ਪੰਜਾਬ ਦੀ ਬਸਪਾ ਅੰਦਰਲੇ ਕਲੇਸ਼ ਦੇ ਕਾਰਨ?

**ਓ. ਪੀ. ਰਾਣਾ**

ਕਾਂਸ਼ੀ ਰਾਮ ਦੇ ਜਿਉਂਦੇ ਜੀਅ ਪੰਜਾਬ ਅੰਦਰ ਇਕ ਵਾਰ ਬਸਪਾ ਦੀ ਅਜਿਹੀ ਗੁੱਡੀ ਚੜ੍ਹੀ ਕਿ ਅਜਿਹਾ ਲੱਗਣ ਲੱਗ ਪਿਆ ਬਈ ਹੁਣ ਪੰਜਾਬ ਅੰਦਰ ਬਸਪਾ ਦੀ ਹੀ ਸਰਕਾਰ ਬਣੇਗੀ। ਪੰਜਾਬ ਦੀ ਰਾਜਨੀਤੀ ਕਾਂਸ਼ੀ ਰਾਮ ਦੇ ਆਲੇ-ਦੁਆਲੇ ਘੁੰਮਣ ਲੱਗੀ। ਬਸਪਾ ਦੀ ਵਧ ਰਹੀ ਤਾਕਤ ਨੂੰ ਰੋਕਣ ਲਈ ਵਿਰੋਧੀ ਪਾਰਟੀਆਂ ਵਲੋਂ ਜ਼ੋਰਦਾਰ ਹਮਲੇ ਸ਼ੁਰੂ ਕੀਤੇ ਗਏ। ਤਿੰਨ ਦਰਜਨ ਤੋਂ ਵਧ ਸਿਰਕੱਢ ਆਗੂਆਂ ਨੂੰ ਬਸਪਾ ਤੋਂ ਬਾਹਰ ਕਰ ਦਿੱਤਾ ਗਿਆ। ਅੱਜ ਬਸਪਾ ਪੰਜਾਬ ਦੇ ਰਾਜਨੀਤਕ ਨਕਸ਼ੇ ਤੋਂ ਅਲੋਪ ਹੋ ਰਹੀ ਹੈ। ਬਹੁਜਨ ਸਮਾਜ ਪਾਰਟੀ ਦੇ ਬਾਨੀ ਕਾਂਸ਼ੀ ਰਾਮ ਦੇ ਇਸ ਫਾਨੀ ਦੁਨੀਆਂ ਤੋਂ ਤੁਰ ਜਾਣ ਤੋਂ ਬਾਅਦ ਬਸਪਾ ਦੀ ਲਹਿਰ ਨੂੰ ਖੋਰਾ ਲਗਦਾ ਹੀ ਗਿਆ।

ਪਿੱਛਲ ਝਾਤ ਮਾਰੀਏ ਤਾਂ 1992 'ਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੇ 98 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਅਕਾਲੀ ਦਲ ਦਾ ਬਾਈਕਾਟ ਹੋਣ ਕਾਰਨ ਬਸਪਾ ਦੇ ਨੌਂ ਵਿਧਾਇਕ ਜਿੱਤ ਕੇ ਵਿਧਾਨ ਸਭਾ ਵਿਚ ਪਹੁੰਚੇ ਸਨ। ਭਾਜਪਾ ਦਾ ਨਾਂ ਉਸ ਸਮੇਂ ਪੰਜਾਬ ਅੰਦਰ ਨਾਂਹ ਦੇ ਬਰਾਬਰ ਹੀ ਸੀ। ਕਾਂਗਰਸ ਦੇ ਪੰਜ ਸਾਲ ਰਾਜ ਕਰਨ ਤੇ ਅਤਿਵਾਦ ਖਿਲਾਫ ਜ਼ਬਰਦਸਤ ਲੜਾਈ ਦੇਣ ਦੇ ਬਾਵਜੂਦ ਅਕਾਲੀਆਂ ਦੇ ਹੱਕ ਵਿਚ ਜ਼ਬਰਦਸਤ ਲਹਿਰ ਉਠੀ ਤੇ 1997 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ (ਬਾਦਲ) ਨੇ 70 ਸੀਟਾਂ ਤੋਂ ਵੱਧ 'ਤੇ ਜਿੱਤ ਪ੍ਰਾਪਤ ਕੀਤੀ ਤੇ ਭਾਜਪਾ ਨਾਲ ਸਮਝੌਤਾ ਹੋਣ ਕਾਰਨ ਭਾਜਪਾ ਦੇ ਪੈਰ ਥੱਲੇ ਵੀ ਬਟੇਰਾ ਆ ਗਿਆ। ਭਾਜਪਾ 18 ਸੀਟਾਂ 'ਤੇ ਜਿੱਤ ਪ੍ਰਾਪਤ ਕਰ ਕੇ ਰਾਜ ਦੀ ਭਾਈਵਾਲ ਪਾਰਟੀ ਬਣ ਗਈ।

2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਫਿਰ ਉਲਟ-ਫੇਰ ਹੋ ਗਿਆ। ਅਕਾਲੀ-ਭਾਜਪਾ ਬੁਰੀ ਤਰ੍ਹਾਂ ਹਾਰ ਗਏ ਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਅੰਦਰ ਕਾਂਗਰਸ ਦੀ ਸਰਕਾਰ ਬਣ ਗਈ। 2007 ਵਿਚ ਕੈਪਟਨ ਸਰਕਾਰ ਗਈ ਤੇ ਬਾਦਲ ਦੀ ਫਿਰ ਚੜ੍ਹਤ ਹੋ ਗਈ। ਭਾਵੇਂ ਕਾਂਗਰਸ ਤੇ ਅਕਾਲੀ ਦਲ ਦੀਆਂ ਲਗਪਗ ਸੀਟਾਂ ਬਰਾਬਰ ਰਹੀਆਂ ਪਰ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਦੀਆਂ 19 ਸੀਟਾਂ ਹੋਣ ਕਾਰਨ ਅਕਾਲੀ-ਭਾਜਪਾ ਸਰਕਾਰ ਹੋਂਦ ਵਿਚ ਆਈ। ਪ੍ਰਕਾਸ਼ ਸਿੰਘ ਬਾਦਲ ਵਲੋਂ ਮੁੱਖ ਮੰਤਰੀ ਦਾ ਅਹੁਦਾ ਸੰਭਾਲਦਿਆਂ ਹੀ ਆਪਣੇ ਮੁੰਡੇ ਸੁਖਬੀਰ ਬਾਦਲ ਨੂੰ ਅੱਗੇ ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ ਸੁਖਬੀਰ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਕਾਰਜਕਾਰੀ ਪ੍ਰਧਾਨ ਬਣਾਇਆ, ਵਿਰੋਧ ਦੀਆਂ ਸੁਰਾਂ ਨਾ ਉਠਣ ਕਾਰਨ ਪੱਕਾ ਪ੍ਰਧਾਨ ਬਣਾ ਦਿੱਤਾ ਤੇ ਨਾਲ ਹੀ ਉਪ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਠਾ ਦਿੱਤਾ। ਭਾਵੇਂ ਕਿ ਇਸ ਦਾ ਹਲਕਾ-ਫੁਲਕਾ ਵਿਰੋਧ ਭਾਜਪਾ ਦੀ ਪੰਜਾਬ ਲੀਡਰਸ਼ਿਪ ਨੇ ਕੀਤਾ ਕਿ ਸਮਝੌਤੇ ਤਹਿਤ ਇਕੋ ਪਾਰਟੀ ਦੇ ਦੋਵੇਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਕਿਉਂ? ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਇਹ ਵਿਰੋਧ ਦਬਾਅ ਦਿੱਤਾ।

ਉਪ ਮੁੱਖ ਮੰਤਰੀ ਬਣਦਿਆਂ ਹੀ ਸੁਖਬੀਰ ਨੇ ਇਹ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਕਿ ਪੰਜਾਬ ਅੰਦਰ ਅਕਾਲੀ 25 ਸਾਲ ਤਕ ਰਾਜ ਕਰਨਗੇ। ਅਕਾਲੀ ਲੀਡਰ ਹੁਣ ਖੁਦ ਮੰਨਦੇ ਹਨ ਕਿ 25 ਸਾਲ ਰਾਜ ਕਰਨ ਦੀ ਬਜਾਏ ਬਾਕੀ ਬਚਦੇ ਦੋ ਸਾਲ ਹੀ ਠੀਕ-ਠਾਕ ਨਿਕਲ ਜਾਣ ਤਾਂ ਹੀ ਭਲਾ ਹੈ। ਰਾਜ ਕਰ ਰਹੀਆਂ ਦੋਵੇਂ ਪਾਰਟੀਆਂ ਅੰਦਰ ਭਾਰੀ ਫੁੱਟ ਹੈ ਤੇ ਦੋਵਾਂ ਪਾਰਟੀਆਂ ਦੇ ਪ੍ਰਮੁੱਖ ਨੇਤਾ ਦੋ ਸਾਲਾਂ ਲਈ ਚਿੰਤਤ ਹਨ।

ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਤੇ ਕਾਂਗਰਸ ਦੀ ਉਥਲ-ਪੁਥਲ ਦੌਰਾਨ ਬਸਪਾ ਦੀ ਵੋਟ ਵਧਣ ਦੀ ਬਜਾਏ ਹਰ ਚੋਣ ਵਿਚ ਘਟਦੀ ਹੀ ਗਈ। ਅਵਤਾਰ ਸਿੰਘ ਕਰੀਮਪੁਰੀ ਨੇ ਫਰਵਰੀ 2003 ਵਿਚ ਪ੍ਰਧਾਨਗੀ ਦਾ ਅਹੁਦਾ ਸੰਭਾਲਿਆ ਸੀ ਤੇ 2004 ਵਿਚ ਲੋਕ ਸਭਾ ਚੋਣਾਂ ਕਰੀਮਪੁਰੀ ਦੀ ਪ੍ਰਧਾਨਗੀ ਹੇਠ ਲੜੀਆਂ ਗਈਆਂ। ਸਤਨਾਮ ਸਿੰਘ ਕੈਂਥ, ਦੇਵੀ ਦਾਸ ਨਾਹਰ ਆਪਣੀਆਂ ਆਪਣੀਆਂ ਪਾਰਟੀਆਂ ਭੰਗ ਕਰ ਕੇ ਬਸਪਾ ਵਿਚ ਸ਼ਾਮਲ ਹੋ ਗਏ। ਇਸ ਦੌਰਾਨ ਨਾਹਰ, ਪਵਨ ਟੀਨੂੰ ਤੇ ਕਾਂਗਰਸ ਵਿਚੋਂ ਆਏ ਚਰਨਜੀਤ ਚੰਨੀ ਸਾਬਕਾ ਐਮ.ਪੀ. ਸਮੇਤ 13 ਸੀਟਾਂ 'ਤੇ ਬਸਪਾ ਨੇ ਚੋਣ ਲੜੀ। ਜਲੰਧਰ ਤੇ ਹੁਸ਼ਿਆਰਪੁਰ ਤੋਂ ਹੀ ਜ਼ਮਾਨਤਾਂ ਬਚੀਆਂ, ਬਾਕੀ ਸਾਰੀਆਂ ਜ਼ਬਤ ਹੋ ਗਈਆਂ। ਬਸਪਾ ਨੂੰ 7.50 ਫੀਸਦੀ ਵੋਟ ਪਈ ਤੇ ਚੋਣਾਂ ਤੋਂ ਬਾਅਦ ਉਪਰੋਕਤ ਚਾਰੇ ਆਗੂ ਫਿਰ ਆਪਣੇ ਵੱਖਰੇ ਰਾਹ ਤੁਰ ਗਏ।

ਵਿਧਾਨ ਸਭਾ 2007 ਦੀਆਂ ਚੋਣਾਂ 'ਚ ਬਸਪਾ ਨੇ 117 ਉਮੀਦਵਾਰ ਖੜ੍ਹੇ ਕੀਤੇ, ਦੋ ਉਮੀਦਵਾਰ ਚੋਣਾਂ ਤੋਂ ਪਹਿਲਾਂ ਹੀ ਦੌੜ ਗਏ। ਸਿਰਫ ਦੋ ਹਲਕਿਆਂ, ਸ਼ਾਮ ਚੁਰਾਸੀ ਤੇ ਮਾਹਿਲਪੁਰ ਤੋਂ ਬਸਪਾ ਆਪਣੀ ਜ਼ਮਾਨਤ ਬਚਾਉਣ ਵਿਚ ਸਫਲ ਰਹੀ। ਬਾਕੀ 113 ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। 1992 ਦੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀਆਂ ਦੇ ਬਾਈਕਾਟ ਕਾਰਨ ਮਾਹਿਲਪੁਰ ਤੋਂ ਵਿਧਾਇਕ ਬਣੇ ਕਰੀਮਪੁਰੀ ਦਾ ਆਪਣੇ ਨਿੱਜੀ ਹਲਕੇ 'ਚ ਵੋਟਾਂ ਦਾ ਗਰਾਫ ਹਰ ਵਾਰ ਤਿੰਨ ਫੀਸਦੀ ਘਟਦਾ ਜਾ ਰਿਹਾ ਹੈ। ਬਸਪਾ ਦਾ ਵੋਟ ਬੈਂਕ ਪੰਜਾਬ ਅੰਦਰ 11 ਫੀਸਦੀ ਤੋਂ ਘੱਟ ਕੇ 3.75 ਫੀਸਦੀ ਰਹਿ ਗਿਆ।

ਇਸ ਦੌਰਾਨ ਬਸਪਾ ਪ੍ਰਧਾਨ ਦੇ ਹਲਕੇ ਵਿਚ ਕਾਂਗਰਸ ਲਗਾਤਾਰ ਅਗੇ ਵਧ ਰਹੀ ਹੈ। ਭਾਵੇਂ ਕਿ ਬਸਪਾ ਦੀ ਪ੍ਰਾਪਤੀ ਇਹ ਹੈ ਕਿ ਕਰੀਮਪੁਰੀ ਬੇਹੱਦ ਇਮਾਨਦਾਰ ਤੇ ਮਿਹਨਤੀ ਆਦਮੀ ਹੈ ਪਰ ਦੇਵੀ ਦਾਸ ਨਾਹਰ, ਸਤਨਾਮ ਸਿੰਘ ਕੈਂਥ, ਹਰਭਜਨ ਲਾਖਾ, ਪਵਨ ਟੀਨੂੰ, ਕਰਨਲ ਸੀ.ਡੀ. ਕੰਬੋਜ, ਸ਼ਿੰਗਾਰਾ ਰਾਮ ਸਹੁੰਗੜਾ, ਦਰਸ਼ਨ ਲਾਲ ਜੇਠੂਮਾਜਰਾ, ਲਾਲ ਸਿੰਘ ਸੁਲਹਾਨੀ, ਹਰਭਜਨ ਸਰੀਂਹ, ਸੁਖਬੀਰ ਸਿੰਘ ਸ਼ਾਲੀਮਾਰ, ਕੇਹਰ ਸਿੰਘ ਰਾਮਗੜ੍ਹੀਆ, ਮੰਗਤ ਰਾਏ ਬਾਂਸਲ, ਅਵਿਨਾਸ਼ ਚੰਦਰ, ਦੇਸ ਰਾਜ ਦੁੱਗਾ ਰਿਟਾਇਰਡ ਐਸ.ਪੀ., ਮਦਨਜੀਤ ਵਾਲੀਆ, ਬ੍ਰਾਹਮਣ ਭਾਈਚਾਰਾ ਸਟੇਟ ਦੇ ਪ੍ਰਧਾਨ ਅਵਤਾਰ ਸਿੰਘ ਇਆਲੀ, ਰਿਟਾਇਰਡ ਜੱਜ ਹਰਭਜਨ ਸਿੰਘ ਤੋਂ ਇਲਾਵਾ ਸੈਂਕੜੇ ਬਸਪਾ ਸਿਰਕੱਢ ਆਗੂ ਪਾਰਟੀ ਛੱਡ ਕੇ ਗਏ। ਜਿੰਨੇ ਵੀ ਪਾਰਟੀ ਛੱਡ ਕੇ ਗਏ ਸਾਰਿਆਂ ਨੇ ਬਸਪਾ ਛੱਡਣ ਦਾ ਕਾਰਨ ਕਰੀਮਪੁਰੀ ਹੀ ਦੱਸਿਆ। ਕਰੀਮਪੁਰੀ ਦੋਸ਼ੀ ਹੋਵੇ ਜਾਂ ਨਾ ਹੋਵੇ, ਪਰ ਉਸ ਦਾ ਅਕਸ ਆਮ ਜਨਤਾ ਦੀਆਂ ਨਜ਼ਰਾਂ ਵਿਚ ਗਿਰਾਉਣ ਲਈ ਇਹ ਸਫਲ ਰਹੇ। ਇਸ ਵਿਚ ਕਿੰਨਾ ਸੱਚ ਹੈ ਜਾਂ ਝੂਠ ਇਹ ਤਾਂ ਇਹ ਜਾਨਣ ਕਿਉਂਕਿ ਇਹ ਤਾਂ ਪਾਰਟੀ ਦੇ ਅੰਦਰ ਦੀ ਗੱਲ ਹੈ।

ਲੰਘੀ 14 ਅਪਰੈਲ ਨੂੰ ਡਾ. ਅੰਬੇਡਕਰ ਦੇ ਜਨਮ ਦਿਵਸ 'ਤੇ ਬਸਪਾ ਵਲੋਂ ਮਹਿਲਾ ਰਾਖਵਾਂਕਰਨ ਬਿੱਲ ਵਿਚ ਭਾਰੀ ਖਾਮੀਆਂ ਹੋਣ ਕਾਰਨ ਰਾਜ ਪੱਧਰੀ ਸ਼ਕਤੀ ਪ੍ਰਦਰਸ਼ਨ ਜਲੰਧਰ ਵਿਖੇ ਦਿੱਤਾ ਗਿਆ, ਜਿੱਥੇ ਬਸਪਾ ਦੇ ਕੌਮੀ ਜਨਰਲ ਸਕੱਤਰ ਪੰਜਾਬ ਪ੍ਰਭਾਰੀ ਨਰਿੰਦਰ ਕਸ਼ਯਪ ਨੇ ਇਥੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਸਮਝੌਤੇ ਦੇ ਸੰਕੇਤ ਦਿੱਤੇ। ਸਮਝੌਤਾ ਕਿਸ ਨਾਲ ਕੀਤਾ ਜਾਵੇਗਾ ਇਸ ਬਾਰੇ ਕੋਈ ਸੰਕੇਤ ਨਹੀਂ ਦਿੱਤਾ।

# ਦਿੱਲੀ ਗੁਰਦੁਆਰਾ ਕਮੇਟੀ ਦੇ ਪੰਥਕ ਚੌਧਰੀਆਂ ਦਾ ਕਮਾਲ!

**ਡਾ. ਦਰਸ਼ਨ ਸਿੰਘ ਹਰਵਿੰਦਰ**

ਕਹਿੰਦੇ ਨੇ ਜੱਟ ਤੇ ਸਾਨ੍ਹ ਕਦੀ ਖੋਰ ਨਹੀਂ ਗੁਆਉਂਦੇ। ਮੌਕਾ ਮਿਲਣ 'ਤੇ ਉਹ ਆਪਣੇ ਅਪਮਾਨ ਤੇ ਦੁਸ਼ਮਣੀ ਦਾ ਬਦਲਾ ਲੈ ਕੇ ਛੱਡਦੇ ਹਨ ਪਰ ਸਰਨਿਆਂ ਨੇ ਤਾਂ ਗੈਰ ਜੱਟ ਹੋ ਕੇ ਵੀ ਪੰਜ ਸਾਲਾਂ ਅੰਦਰ ਹੀ 'ਭਾਜੀ' ਮੋੜ ਦਿੱਤੀ ਹੈ ਆਪਣੇ ਸਿਆਸੀ ਸ਼ਰੀਕਾਂ ਨੂੰ। ਮੋੜੀ ਵੀ ਉਸੇ ਹੀ 'ਅੰਦਾਜ਼' ਅਤੇ ਉਹੋ ਜਿਹੇ ਹੀ ਈਵੈਂਟ ਸ਼ੋਅ ਵਿਚ। ਸਿਤਮ ਇਹ ਹੈ ਕਿ '300 ਸਾਲ ਗੁਰੂ ਦੇ ਨਾਲ' ਦਾ ਦਾਅਵਾ ਕਰਦਿਆਂ ਹਾਲ ਹੀ 'ਚ ਜੋਸ਼ੋ-ਖਰੋਸ਼ ਤੇ ਸ਼ਰਧਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੀਜੀ ਸ਼ਤਾਬਦੀ ਮਨਾ ਕੇ ਹਟੇ ਸਿੱਖ ਜਗਤ ਦੇ ਕੁਝ ਨੇਤਾ ਆਪਣੀ ਹਉਮੈ ਨੂੰ ਪੱਠੇ ਪਾਉਣ ਦੀ ਨੀਤੀ 'ਤੇ ਚਲਦਿਆਂ ਸਿਆਸੀ ਤੇ ਧਾਰਮਿਕ ਸ਼ਰੀਕੇ ਦੇ ਸਾੜੇ ਦੀ ਅੱਗ 'ਚੋ ਬਾਹਰ ਨਹੀਂ ਆ ਸਕੇ। ਈਰਖਾ ਨੂੰ ਲਾਂਭੇ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨ ਤੋਂ ਵੀ ਬੇਪ੍ਰਵਾਹ ਅਜਿਹੇ ਪੰਥਕ ਨੇਤਾਵਾਂ ਤੇ ਰਹਿਨੁਮਾਵਾਂ ਦੀ ਈਰਖਾ ਤੋਂ ਦੁਖੀ ਆਮ ਭੋਲੇ-ਭਾਲੇ ਸਿੱਖਾਂ ਨੇ ਤਾਂ ਇਨ੍ਹਾਂ ਦਾ ਕੁਝ ਨਹੀਂ ਵਿਗਾੜਿਆ?

ਦਸਵੇਂ ਸਿੱਖ ਗੁਰੂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਕਦੇ ਚਿੱਤ-ਚੇਤੇ ਵੀ ਨਹੀਂ ਹੋਣਾ ਕਿ ਉਨ੍ਹਾਂ ਵਲੋਂ ਸੇਧਿਤ ਰਹਿਨੁਮਾਈ 'ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ' ਦੇ ਫੁਰਮਾਨ ਤਹਿਤ 20ਵੀਂ ਸਦੀ ਦੇ ਅਖੀਰ ਤੱਕ ਅਜਿਹੇ ਹਾਲਾਤ ਵੀ ਬਣ ਜਾਣਗੇ ਜਦੋਂ ਉਨ੍ਹਾਂ ਦੇ ਕੁਝ ਚੁਸਤ ਸਿੱਖ ਆਪੋ-ਆਪਣੇ 'ਮੂਡ' ਤੇ ਹੁਕਮਾਂ-ਵੱਸ ਇਸ ਮਹਾਨ ਪਾਵਨ ਗ੍ਰੰਥ ਗੁਰੂ ਗ੍ਰੰਥ ਸਾਹਿਬ ਦਾ ਇਸ ਤਰ੍ਹਾਂ 'ਸਤਿਕਾਰ' ਕਰਨ ਲੱਗ ਪੈਣਗੇ। ਸਿੱਖ ਜਗਤ ਦੀ ਕਮਾਨ ਸੰਭਾਲਣ ਦਾ ਦਾਅਵਾ ਕਰਨ ਵਾਲੇ ਅਜਿਹੇ 'ਕਮਾਂਡਰ' ਦਸਮੇਸ਼ ਪਿਤਾ ਦੇ ਹੁਕਮ ਦੀ ਤਾਮੀਲ ਕਰਦਿਆਂ ਗੁਰੂ ਗ੍ਰੰਥ ਸਾਹਿਬ ਨੂੰ ਤਾਂ ਆਪਣਾ ਗੁਰੂ ਮੰਨਦੇ ਹਨ ਪਰ ਉਨ੍ਹਾਂ ਵਿਚ ਇਹ ਸੌੜੀ ਸੋਚ ਘਰ ਕਰਦੀ ਜਾ ਰਹੀ ਹੈ।

ਖ਼ੈਰ! ਇਨ੍ਹਾਂ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਤੋਂ ਲੈ ਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਇਸ ਗੱਲੋਂ ਖਫਾ ਹਨ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਾਗਡੋਰ ਪਰਮਜੀਤ ਸਿੰਘ ਸਰਨਾ ਤੇ ਉਨ੍ਹਾਂ ਦੇ ਭਰਾ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਦੇ ਹੱਥਾਂ 'ਚ ਚਲੀ ਆ ਰਹੀ ਹੈ। ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਫਤਹਿ ਦਿਵਸ ਦੀ ਤੀਜੀ ਸ਼ਤਾਬਦੀ ਮੌਕੇ ਤਖ਼ਤ ਹਜ਼ੂਰ ਸਾਹਿਬ ਨਾਂਦੇੜ ਤੋਂ ਸਰਹਿੰਦ ਤੱਕ ਸਜਾਏ ਗਏ ਨਗਰ ਕੀਰਤਨ ਦੇ ਦਿੱਲੀ 'ਚੋਂ ਲੰਘਣ ਸਮੇਂ 'ਫਤਹਿ ਮਾਰਚ' ਦੇ ਸੁਆਗਤ ਲਈ ਢੁਕਵੇਂ ਪ੍ਰਬੰਧ ਨਾ ਕਰਕੇ ਆਪਣੀ ਹੰਕਾਰੀ ਬਿਰਤੀ ਦਾ ਸਬੂਤ ਦਿੱਤਾ। ਅਕਾਲ ਤਖ਼ਤ ਦੇ ਜਥੇਦਾਰ ਵਲੋਂ ਇਸ ਗੱਲ ਦਾ ਗੰਭੀਰ ਨੋਟਿਸ (ਮੀਡੀਆ ਰਾਹੀਂ) ਲੈਣ ਕਿ ਸਿੱਖ ਜਗਤ 'ਚ ਵੰਡੀਆਂ ਪਾਉਣ ਵਾਲਿਆਂ ਨੂੰ ਗੁਰੂ ਗਰੰਥ ਸਾਹਿਬ ਤੇ ਪੰਜ ਪਿਆਰਿਆਂ ਦੇ ਅਦਬ-ਸਤਿਕਾਰ ਨਾਲ ਕੋਈ ਸਰੋਕਾਰ ਨਹੀਂ।

ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਥਾਨਕ ਤੇ ਕੌਮੀ ਨੇਤਾਵਾਂ ਓਂਕਾਰ ਸਿੰਘ ਥਾਪਰ, ਅਵਤਾਰ ਸਿੰਘ ਹਿੱਤ ਤੇ ਮਨਜੀਤ ਸਿੰਘ ਜੀ.ਕੇ. ਤੋਂ ਇਲਾਵਾ ਦਲ ਦੇ ਸੂਬਾਈ ਯੂਥ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵਲੋਂ ਵੀ ਸਰਨਾ ਭਰਾਵਾਂ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਲਈ ਜ਼ੋਰ-ਸ਼ੋਰ ਨਾਲ ਮੰਗ ਉਠਾਈ ਜਾ ਰਹੀ ਹੈ। ਇਨ੍ਹਾਂ ਨੇਤਾਵਾਂ ਦਾ ਕਹਿਣਾ ਹੈ ਕਿ ਸਰਨਿਆਂ ਨੇ ਹੈਂਕੜਵੱਸ ਔਰੰਗਜ਼ੇਬ ਤੇ ਜ਼ਕਰੀਆ ਖਾਨ ਵਰਗੇ ਜ਼ਾਲਿਮ ਬਾਦਸ਼ਾਹਾਂ ਦੇ ਸਮੇਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਦਿੱਲੀ ਕਮੇਟੀ ਦੇ ਨੰਗੀਆਂ ਕਿਰਪਾਨਾਂ ਵਾਲੇ ਸੇਵਾਦਾਰਾਂ ਦੀ ਬਦੌਲਤ ਗੁਰੂ ਨੂੰ ਆਪਣੇ ਹੀ ਘਰ (ਗੁਰਦੁਆਰੇ) ਨਾ ਵੜਨ ਦੇਣ ਤੋਂ ਇਲਾਵਾ ਹਜ਼ੂਰ ਸਾਹਿਬ ਤੋਂ ਚੱਲ ਕੇ ਆਏ ਗੁਰੂ ਦੇ ਪਾਵਨ ਇਤਿਹਾਸਕ ਸਰੂਪ ਨੂੰ ਦਿੱਲੀ ਕਮੇਟੀ ਦੇ ਕਿਸੇ ਵੀ ਪ੍ਰਬੰਧਕ ਨੇ ਸੌੜੇ ਸਿਆਸੀ ਮੁਫਾਦਾਂ ਕਾਰਨ ਨਤਮਸਤਕ ਹੋਣਾ ਵੀ ਜ਼ਰੂਰੀ ਨਹੀਂ ਸਮਝਿਆ।

ਹਾਲਾਂਕਿ ਸਰਨਾ ਭਰਾਵਾਂ ਨੇ ਇਸ 'ਫਤਿਹ ਮਾਰਚ' ਲਈ ਸਹਿਯੋਗ ਨਾ ਕਰਨ ਬਾਰੇ ਸ਼੍ਰੋਮਣੀ ਕਮੇਟੀ ਦੇ ਸਾਰੇ ਦੋਸ਼ਾਂ ਨੂੰ ਬੇ-ਬੁਨਿਆਦ ਕਹਿੰਦਿਆਂ ਪਲਟਵਾਰ ਇਲਜ਼ਾਮ ਲਾਇਆ ਹੈ। ਕਿਹਾ ਗਿਆ ਹੈ ਕਿ ਉਨ੍ਹਾਂ ਨੇ ਦਿੱਲੀ ਦੇ ਸਿੱਖਾਂ ਦੀ ਪ੍ਰਤੀਨਿਧ ਜਥੇਬੰਦੀ ਦਿੱਲੀ ਗੁਰਦੁਆਰਾ ਕਮੇਟੀ ਨੂੰ ਟਿੱਚ ਸਮਝਦਿਆਂ ਇਸ ਨਾਲ ਸੰਬੰਧਿਤ ਕੋਈ ਬੈਠਕ ਬੁਲਾਉਣ ਜਾਂ ਸਹਿਯੋਗ ਲਈ ਦਿੱਲੀ ਕਮੇਟੀ ਨੂੰ ਬਿਲਕੁਲ ਹੀ ਅਣਡਿੱਠ ਕਰੀ ਰੱਖਿਆ। ਜਦਕਿ ਓਂਕਾਰ ਸਿੰਘ ਥਾਪਰ ਦਾ ਦਾਅਵਾ ਹੈ ਕਿ ਇਸ ਸਬੰਧੀ 'ਨਿਉਂਦਾ ਪਾਉਣ' ਉਹ ਖੁਦ ਗਏ ਸਨ।

ਅਸਲ 'ਚ ਅਜਿਹਾ 'ਕਾਟੋ-ਕਲੇਸ਼' ਪਹਿਲੀ ਵਾਰ ਨਹੀਂ ਹੋਇਆ। ਨਵੰਬਰ 2005 'ਚ ਦਿੱਲੀ ਤੋਂ ਨਨਕਾਣਾ ਸਾਹਿਬ (ਪਾਕਿਸਤਾਨ) ਪਾਲਕੀ ਲਿਜਾਣ ਲਈ ਜਦੋਂ ਸਰਨਾ ਭਰਾ ਦਿੱਲੀਓਂ ਇਤਿਹਾਸਕ ਨਗਰ ਕੀਰਤਨ ਰਾਹੀਂ ਗੁਰੂ ਗ੍ਰੰਥ ਸਾਹਿਬ ਲੈ ਕੇ ਗਏ ਸਨ ਤਾਂ ਉਨ੍ਹਾਂ ਦਾ ਵੀ ਸਭ ਤੋਂ ਵੱਡਾ ਇਲਜ਼ਾਮ ਇਹੋ ਸੀ ਕਿ ਸ਼੍ਰੋਮਣੀ ਕਮੇਟੀ ਦੇ ਹਮ ਤੇ ਉਨ੍ਹਾਂ ਦਾ ਆਕਾ ਬਾਦਲ ਪਰਿਵਾਰ ਇੰਨਾ ਹੰਕਾਰ ਗਿਆ ਹੈ ਕਿ ਇਸ ਨਗਰ ਕੀਰਤਨ 'ਚ ਜਾ ਰਹੇ 'ਗੁਰੂ' ਅੱਗੇ ਆਪ ਤਾਂ ਕਿਸੇ ਨੇ ਕੀ ਨਤਮਸਤਕ ਹੋਣਾ ਸੀ, ਆਪਣੇ ਸਮਰਥਕਾਂ ਨੂੰ ਵੀ ਇਸ ਤੋਂ ਦੂਰ ਰਹਿਣ ਦੇ ਅਣ-ਐਲਾਨੇ ਆਦੇਸ਼ ਦਿੱਤੇ। ਫਿਰ ਵੀ ਦੋਹਾਂ ਪੰਜਾਬਾਂ ਦੇ ਮੁੱਖ ਮੰਤਰੀਆਂ ਕੈਪਟਨ ਅਮਰਿੰਦਰ ਸਿੰਘ ਤੇ ਪਰਵੇਜ਼ ਇਲਾਹੀ (ਪਾਕਿਸਤਾਨ) ਨੇ ਇਸ ਦੇ ਸਵਾਗਤ 'ਚ ਕੋਈ ਕਸਰ ਨਹੀਂ ਸੀ ਛੱਡੀ। ਉਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੰਘ ਸਾਹਿਬਾਨ ਅਤੇ ਅਕਾਲੀ ਦਲ ਨੇ ਵੀ ਸਰਨਿਆਂ ਵਰਗਾ ਹੀ ਰਵੱਈਆ ਅਪਨਾਇਆ ਸੀ।

# ਕਿਸ ਪਾਸੇ ਵਲ ਇਸ਼ਾਰੇ ਕਰਦੀ ਭੁੱਟੋ ਦੀ ਹੱਤਿਆ ਬਾਰੇ ਰਿਪੋਰਟ?

**ਸਜੀਅਦ ਤਲਤ ਹੁਸੈਨ**

ਲੱਖਾਂ ਕੋਸ਼ਿਸ਼ਾਂ ਦੇ ਬਾਅਦ ਵੀ ਜਿਹੜਾ ਕੰਮ ਨਾ ਵਾਸ਼ਿੰਗਟਨ ਕਰ ਸਕਿਆ ਅਤੇ ਨਾ ਹੀ ਨਵੀਂ ਦਿੱਲੀ, ਇਹ ਕੰਮ ਇਕ ਛੋਟੇ ਜਿਹੇ ਸਟਾਫ ਵਾਲੇ ਤਿੰਨ ਮੈਂਬਰੀ ਕਮਿਸ਼ਨ ਨੇ ਕਰ ਵਿਖਾਇਆ। ਹੈਰਾਨੀਜਨਕ ਗੱਲ ਤਾਂ ਇਹ ਹੈ ਕਿ ਕਮਿਸ਼ਨ ਪਾਕਿਸਤਾਨ ਦੇ ਕਰ ਦਾਤਾਵਾਂ ਦੇ ਧਨ ਨਾਲ ਚਲਦਾ ਹੈ ਅਤੇ ਇਸ ਮੁਲਕ ਦੇ ਰਾਸ਼ਟਰਪਤੀ ਦੀ ਮਾਨਤਾ ਹਾਸਲ ਹੈ। ਕਮਿਸ਼ਨ ਨੇ ਪਾਕਿਸਤਾਨ ਦੀ ਫੌਜ ਆਈ.ਐਸ.ਆਈ., ਐਮ.ਆਈ. ਅਤੇ ਆਈ.ਬੀ. ਜਿਹੀਆਂ ਖੁਫੀਆਂ ਏਜੰਸੀਆਂ, ਰਿਟਾਇਰਡ ਅਫਸਰਾਂ ਅਤੇ ਪੁਲਿਸ ਮਹਿਕਮਿਆਂ ਦੇ ਲੋਕਾਂ ਦੀ ਖੂੰਖਾਰ ਪ੍ਰਛਾਵਾਂ ਹਕੂਮਤ ਨੂੰ ਅੰਤ ਰਸਮੀ ਰੂਪ ਵਿਚ ਇਕ ਬਦਮਾਸ਼ ਸਾਸ਼ਨ ਤੰਤਰ ਦਾ ਹਿੱਸਾ ਐਲਾਨ ਕਰ ਦਿੱਤਾ ਹੈ। ਇਕ ਇਹੋ ਜਿਹਾ ਸ਼ਾਸਨ ਤੰਤਰ ਜੋ ਨਾ ਕੇਵਲ ਅੰਤਰਰਾਸ਼ਟਰੀ ਅਵਿਵਸਥਾ ਨੂੰ ਜਨਮ ਦਿੰਦਾ ਹੈ ਸਗੋਂ ਆਪਣੇ ਹੀ ਨੇਤਾਵਾਂ ਦੀ ਹੱਤਿਆ ਕਰਨ ਤੋਂ ਵੀ ਨਹੀਂ ਉਕਦਾ। ਇਹ ਵਿਨਾਸ਼ਕਾਰੀ ਨਤੀਜਾ ਸਾਬਕਾ ਪਾਕਿਸਤਾਨ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਹੱਤਿਆ ਦੇ ਤੱਥਾਂ ਅਤੇ ਪ੍ਰਸਥਿਤੀਆਂ ਦੀ ਜਾਂਚ ਦੇ ਲਈ ਬਣਾਏ ਗਏ ਸੰਯੁਕਤ ਰਾਸ਼ਟਰ ਜਾਂਚ ਕਮਿਸ਼ਨ ਦੀ ਰਿਪੋਰਟ ਦਾ ਹੈ। ਜੋ ਸ਼ੁਰੂ ਤੋਂ ਆਖਰ ਤੱਕ ਇਸ ਨੂੰ ਸਾਬਤ ਕਰਨ ਦੇ ਲਈ ਜੀਅ ਜਾਨ ਇਕ ਕਰ ਦਿੰਦੀ ਹੈ। ਜਿਸ ਪ੍ਰੈਸ ਕਾਨਫਰੰਸ ਵਿਚ ਇਹ ਰਿਪੋਰਟ ਜਾਰੀ ਕੀਤੀ ਗਈ, ਉਸ ਵਿਚ ਕਮਿਸ਼ਨ ਨੇ ਆਪਣੇ ਆਪ ਨੂੰ ਨਿਰਪੱਖ ਸਾਬਤ ਕਰਨ ਲਈ ਖਾਸਾ ਜ਼ੋਰ ਲਗਾਇਆ ਸੀ। ਪਰ ਜੇ ਰਿਪੋਰਟ ਅਤੇ ਉਸ ਦੇ ਮੰਤਵਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਸਾਫ ਹੋ ਜਾਂਦਾ ਹੈ ਕਿ ਇਸ ਦਾ ਸੰਦੇਸ਼ ਨਾ ਤਾਂ ਨਿਰਪੱਖ ਹੈ ਅਤੇ ਨਾ ਹੀ ਗੈਰ-ਰਾਜਨੀਤਕ। ਸਰਕਾਰੀ ਯੋਜਨਾਵਾਂ ਜਿਹੇ ਫੈਸਲਿਆਂ ਅਤੇ ਸ਼੍ਰੀਮਤੀ ਭੁੱਟੋ ਦੀ ਹੱਤਿਆ ਦੇ ਵਿਚਕਾਰ ਕੜੀਆਂ ਨੂੰ ਜਿਸ ਤਰ੍ਹਾਂ ਜੋੜਿਆ ਜਾ ਰਿਹਾ ਹੈ ਉਸ ਤੋਂ ਵੀ ਇਹ ਗੱਲ ਸਾਫ ਜ਼ਾਹਿਰ ਹੁੰਦੀ ਹੈ ਕਿ ਹੱਤਿਆ ਤੋਂ ਬਾਅਦ ਘਟਨਾ ਸਥਾਨ ਦੇ ਹਾਲਾਤ 'ਤੇ ਪਰਦਾ ਪਾਉਣ ਵਰਗੀਆਂ ਕੋਸ਼ਿਸ਼ਾਂ 'ਤੇ ਹੈਪਤੁਲਾ ਗਿਰੋਹ ਨੂੰ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ ਦੇ ਲਈ ਜ਼ਿੰਮੇਵਾਰ ਠਹਿਰਾਉਣ ਜਿਹਾ ਸਰਕਾਰੀ ਰਵੱਈਆ ਵੀ ਇਹੀ ਸਾਬਤ ਕਰਦਾ ਹੈ।

ਕਮਿਸ਼ਨ ਦਾ ਗਠਨ ਹਾਲਾਂਕਿ ਤੱਥ ਜੁਟਾਉਣ ਲਈ ਕੀਤਾ ਗਿਆ ਸੀ ਪਰ ਦੋਸ਼ੀ ਠਹਿਰਾਉਣ ਅਤੇ ਨਤੀਜੇ ਕੱਢਣ ਵਿਚ ਉਸ ਨੇ ਜਬਰਦਸਤ ਉਦਾਰਤਾ ਵਰਤੀ ਹੈ। ਇਹ ਨਤੀਜੇ ਵੈਸੇ ਤਾਂ ਉਚ ਅਹੁਦਿਆਂ 'ਤੇ ਤਾਇਨਾਤ ਲੋਕਾਂ ਦੇ ਖਿਲਾਫ ਦਿਖਾਈ ਦਿੰਦੇ ਹਨ ਪਰ ਅਸਲ ਵਿਚ ਹੱਤਿਆ ਵਿਚ ਸ਼ਮੂਲੀਅਤ ਲਈ ਫੌਜ ਅਤੇ ਖੁਫੀਆਂ ਏਜੰਸੀਆਂ ਦੇ ਸਮੁੱਚੇ ਢਾਂਚੇ ਨੂੰ ਹੀ ਕਟਹਿਰੇ ਵਿਚ ਖੜਾ ਕਰਦੇ ਹਨ। ਰਿਪੋਰਟ ਦੇ ਲੇਖਕਾਂ ਨੇ ਮਾਹਿਰ ਖੋਜੀਆਂ ਦੀ ਤਰ੍ਹਾਂ ਹੱਤਿਆ ਦੇ ਪੁਰਾਣੇ ਅਣਸੁਲਝੇ ਮਸਲਿਆਂ ਦਾ ਹਵਾਲਾ ਦਿੰਦੇ ਹੋਏ ਨਤੀਜੇ ਕੱਢੇ ਹਨ, ਦਰਅਸਲ ਫੈਸਲੇ ਦਿੱਤੇ ਹਨ। ਰਿਪੋਰਟ ਵਿਚ ਬਲੋਚ ਰਾਸ਼ਟਰਵਾਦੀ ਨੇਤਾਵਾਂ ਦੀ ਵਿਵਾਦਤ ਹੱਤਿਆ ਦਾ ਹਵਾਲਾ ਦਿੱਤਾ ਗਿਆ ਹੈ। ਇਕ ਮਹੱਤਵਪੂਰਨ ਮਸਲਾ ਹੋਣ ਦੇ ਬਾਵਜੂਦ ਇਸ ਦਾ ਸ਼੍ਰੀਮਤੀ ਭੁੱਟੋ ਦੀ ਹੱਤਿਆ ਨਾਲ ਕੋਈ ਸਬੰਧ ਨਹੀਂ ਸੀ। ਰਿਪੋਰਟ ਵਿਚ ਇਸ ਨੂੰ ਸ਼ਾਮਲ ਕਰਨ ਦਾ ਇਕ ਮਾਤਰ ਇਹੀ ਕਾਰਨ ਸਮਝ ਵਿਚ ਆਉਂਦਾ ਹੈ ਕਿ ਇਨ੍ਹਾਂ ਹੱਤਿਆਵਾਂ ਨਾਲ ਪਾਕਿਸਤਾਨ ਦੀਆਂ ਖੁਫੀਆਂ ਏਜੰਸੀਆਂ ਦੇ ਕਰਤਾ ਧਰਤਾਵਾਂ ਦਾ ਨਾਂ ਜੋੜਿਆ ਜਾਂਦਾ ਰਿਹਾ ਹੈ। ਅਜਿਹਾ ਕਹਿਣ ਵਾਲਿਆਂ ਵਿਚ ਬਲੋਚ ਰਾਸ਼ਟਰਵਾਦੀ ਗੁੱਟ ਪ੍ਰਮੁੱਖ ਹੈ। ਸ਼ੁਰੂ ਤੋਂ ਲੈ ਕੇ ਆਖਰੀ ਪੰਨੇ ਤੱਕ ਕਮਿਸ਼ਨ ਸੁਝਾਵਾਂ ਅਤੇ ਸੰਕੇਤਾਂ ਦੇ ਪ੍ਰਮਾਣ ਦੇ ਨਾਲ ਗਿਆਤ ਤੱਥਾਂ ਨੂੰ ਚਤੁਰਾਈ ਨਾਲ ਤੋੜਦੇ ਹੋਏ, ਬਦਮਾਸ਼ ਸਾਸ਼ਨਤੰਤਰ ਦੇ ਆਪਣੇ ਤਰਕ ਨਾਲ ਸਿੱਧ ਕਰ ਦੇਣਾ ਚਾਹੁੰਦਾ ਹੈ। ਰਿਪੋਰਟ ਵਿਚ ਕਮਿਸ਼ਨ ਦੀ ਮੂਲ ਭੂਤ ਸਥਾਪਨਾ ਇਹੀ ਹੈ ਕਿ ਬੀਤੇ ਸਮੇਂ ਵਿਚ ਹੋਈਆਂ ਹੱਤਿਆਵਾਂ ਅਤੇ ਸ਼੍ਰੀਮਤੀ ਭੁੱਟੋ ਦੀ ਹੱਤਿਆ ਰਾਜਨੀਤਕ ਹੱਤਿਆਵਾਂ ਦੀ ਸ਼੍ਰੇਣੀਆਂ ਵਿਚ ਆਉਂਦੀ ਹੈ।

ਇਸ ਦਾ ਇਹੀ ਨਤੀਜਾ ਨਿਕਲਦਾ ਹੈ ਕਿ ਹੱਤਿਆਵਾਂ ਲਈ ਉਹੀ ਲੋਕ ਜ਼ਿੰਮੇਵਾਰ ਹਨ ਜੋ ਉਸ ਵਕਤ ਸੱਤਾ ਵਿਚ ਰਹੇ ਸਨ। (ਰਿਪੋਰਟ ਵਿਚ ਇਸ ਉਪਰ ਕੇਂਦਰਿਤ ਹੈਡਿੰਗ ਹੈ 'ਪਾਕਿਸਤਾਨ 'ਚ ਰਾਜਨੀਤਕ ਹੱਤਿਆਵਾਂ ਅਤੇ ਦੰਡ ਮੁਕਤੀ') ਇਹ ਸਿੱਟਾ ਪਾਕਿਸਤਾਨ 'ਚ ਪ੍ਰਚਲਤ ਧਾਰਨਾ ਨਾਲ ਮੇਲ ਖਾਂਦਾ ਹੈ ਕਿ ਇਸ ਵਿਚ ਬੈਠਕਖਾਨਿਆਂ ਅਤੇ ਗਲੀਆਂ ਨੁਕਰਾਂ ਉਤੇ ਹੋਣ ਵਾਲੀ ਕਾਨਾਫੂਸੀ ਦੀ ਵੀ ਗੂੰਜ ਹੈ, ਜੋ ਆਪਣੇ ਅੰਦਾਜ਼ਿਆਂ ਵਿਚ ਹਮੇਸ਼ਾ ਹੀ ਗ਼ਲਤ ਨਹੀਂ ਹੁੰਦੀ।

ਦੇਖਿਆ ਜਾਵੇ ਤਾਂ ਜਨਰਲ ਪ੍ਰਵੇਜ਼ ਮੁਸ਼ੱਰਫ ਅਤੇ ਰਾਜਨੀਤਕ ਸੱਤਾ ਦੇ ਉਹਦੇ ਸਹਿਯੋਗੀਆਂ 'ਤੇ ਦੋਸ਼ ਮੜ੍ਹਨਾ ਹੁਣ ਕੋਈ ਨਵੀਂ ਗੱਲ ਨਹੀਂ ਹੈ। ਲੇਕਿਨ ਕਮਿਸ਼ਨ ਦੀ ਰਿਪੋਰਟ ਮਹਿਜ਼ ਸੀਨੀਅਰ ਲੋਕਾਂ ਨੂੰ ਹੀ ਸੰਦੇਹ ਦੇ ਦਾਇਰੇ ਵਿਚ ਖੜ੍ਹਾ ਕਰਦੀ ਹੈ। ਰਿਪੋਰਟ 'ਚ ਬਿਊਰੋ ਦੇ ਨਾਲ ਜੋ ਕਹਾਣੀ ਮੜ੍ਹੀ ਗਈ ਹੈ, ਉਸ ਮੁਤਾਬਕ ਇਹ ਘਟਨਾਵਾਂ ਸੰਸਥਾਗਤ ਮਿਲੀਭੁਗਤ ਅਤੇ ਛੜਯੰਤਰ ਦੇ ਬਿਨਾਂ ਮੁਨਕਰ ਨਹੀਂ ਹੈ। ਜਨਰਲ ਮੁਸ਼ੱਰਫ 'ਤੇ ਦੋਸ਼ ਲਗਾਉਂਦੇ ਹੋਏ ਕਮਿਸ਼ਨ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੰਦਾ ਹੈ ਜਿਸ ਵਿਚ ਆਈ ਐਸ ਆਈ ਦੇ ਪੂਰਬ ਡਾਇਰੈਕਟਰ ਜਨਰਲ ਅਤੇ ਵਰਤਮਾਨ ਸੈਨਾ ਪ੍ਰਮੁੱਖ ਜਨਰਲ ਅਸ਼ਫਾਕ ਪ੍ਰਵੇਜ਼ ਕਿਆਨੀ ਉਸ ਦੇ ਉਤਰਾਅਧਿਕਾਰੀ ਅਤੇ ਵਰਤਮਾਨ ਵਿਚ ਗੁਜਰਾਂਵਾਲਾਂ ਦੇ ਕਾਰਪਸ ਕਮਾਂਡਰ ਲੈਫਟੀਨੈਂਟ ਜਨਰਲ ਨਦੀਮ ਤਾਜ਼, ਐਮ.ਆਈ. ਦੇ ਤਤਕਾਲੀ ਡਾਇਰੈਕਟਰ ਜਨਰਲ ਮੇਜਰ ਨਦੀਮ ਏਜਾਜ਼ ਜੋ ਵਰਤਮਾਨ ਵਿਚ ਗੁਜਰਾਂਵਾਲਾ ਦੇ ਲਾਗ ਏਰੀਆ ਕਮਾਂਡਰ ਹਨ, ਸਮੇਤ ਹੋਰ ਉਤਰਾ ਅਧਿਕਾਰੀ ਸ਼ਾਮਿਲ ਹਨ। ਕਮਿਸ਼ਨ ਨੇ ਇਨ੍ਹਾਂ ਅਧਿਕਾਰੀਆਂ ਦੇ ਕੰਮਾਂ ਦਾ ਵਰਨਣ ਜ਼ਿਆਦਾਤਰ ਕਾਲੀ ਸਿਆਹੀ ਨਾਲ ਕੀਤਾ ਹੈ। ਉਨ੍ਹਾਂ ਦੀਆਂ ਕਾਰਵਾਈਆਂ ਨੂੰ ਹੱਤਿਆਵਾਂ ਦੇ ਇਕ ਨਿਯੋਜਤ ਪ੍ਰੰਤੂ ਜਲਦਬਾਜ਼ੀ ਵਿਚ ਪੂਰੇ ਕੀਤੇ ਗਏ ਛੜਯੰਤਰ ਦਾ ਹਿੱਸਾ ਦੱਸਿਆ ਗਿਆ ਹੈ। ਰਿਪੋਰਟ ਦੇ ਪੇਜ 30 ਪਹਿਰਾ 120 ਵਿਚ ਇਹ ਗੱਲ ਬਾਖੂਬੀ ਕਹੀ ਗਈ ਹੈ ਕਿ ਰਿਪੋਰਟ 'ਚ ਆਈ.ਐਸ.ਆਈ. ਦੇ ਤੱਤਕਾਲੀ ਡਿਪਟੀ ਡਾਇਰੈਕਟਰ ਮੇਜਰ ਜਨਰਲ ਨੁਸਰਤ ਨਾਇਮ ਨੂੰ ਝੂਠਾ ਦੱਸਿਆ ਗਿਆ ਹੈ। ਕਮਿਸ਼ਨ ਅਨੁਸਾਰ ਉਨ੍ਹਾਂ ਨੇ ਪਹਿਲਾਂ ਤਾਂ ਇਸ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਨੇ ਹਸਪਤਾਲ ਪ੍ਰਬੰਧਨ ਨੂੰ ਸ਼੍ਰੀਮਤੀ ਭੁੱਟੋ ਦੀ ਮੌਤ ਦੀ ਪੁਸ਼ਟੀ ਕਰਨ ਲਈ ਕਿਹਾ ਹੈ ਪਰ ਬਾਅਦ ਵਿਚ ਦਬਾਅ ਬਣਾਏ ਜਾਣ ਤੋਂ ਬਾਅਦ ਉਨ੍ਹਾਂ ਨੇ ਸਵੀਕਾਰ ਕੀਤਾ ਕਿ ਆਹਲਾ ਅਧਿਕਾਰੀਆਂ ਨੂੰ ਜਾਣਕਾਰੀ ਦੇਣ ਤੋਂ ਪਹਿਲਾਂ ਉਨ੍ਹਾਂ ਨੇ ਸਿੱਧਾ ਪ੍ਰੋਫੈਸਰ ਮੁਸਾਦਿਕ ਤੋਂ ਸ਼੍ਰੀਮਤੀ ਭੁੱਟੋ ਦੀ ਮੌਤ ਦੀ ਪੁਸ਼ਟੀ ਕੀਤੀ ਸੀ। ਇਸ ਤਰ੍ਹਾਂ ਪੇਜ 33 ਪਹਿਲਾ 133 ਉਤੇ ਇਕ ਹੋਰ ਅਤਿਅੰਤ ਵਿਵਾਦਤ ਮਸਲੇ ਨੂੰ ਨਿਰਪੱਖ ਤੱਤ ਦੀ ਤਰ੍ਹਾਂ ਪੇਸ਼ ਕੀਤਾ ਗਿਆ। ਅਗਿਆਤ ਸਰੋਤਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਇਹ ਵੀ ਕਹਿੰਦੀ ਹੈ ਕਿ ਨਗਰ ਪੁਲਿਸ ਪ੍ਰਮੁੱਖ ਸਾਊਦ ਅਜ਼ੀਜ਼ ਨੇ ਘਟਨਾ ਵਾਲੀ ਥਾਂ ਦੀ ਸਾਫ ਸਫਾਈ ਦਾ ਫੈਸਲਾ ਸੁਤੰਤਰ ਰੂਪ ਵਿਚ ਕਰਨ ਦੀ ਬਜਾਇ ਸੈਨਾ ਮੁੱਖ ਦਫਤਰ ਦੇ ਨਿਰਦੇਸ਼ ਤੋਂ ਬਾਅਦ ਹੀ ਅਜਿਹਾ ਕੀਤਾ।



ਇਕ ਹੋਰ ਬੇਨਾਮੀ ਸਰੋਤ ਦੇ ਹਵਾਲੇ ਨਾਲ ਇਹ ਫੈਸਲਾ ਜਨਰਲ ਨਦੀਮ ਇਜਾਦ ਦਾ ਦੱਸਿਆ ਜਾਂਦਾ ਹੈ। ਇਸੇ ਪਹਿਰੇ ਵਿਚ ਪੁਲਿਸ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਆਦੇਸ਼ ਕਿਸ ਨੇ ਦਿੱਤੇ। ਸਾਰਿਆਂ ਨੂੰ ਪਤਾ ਹੈ। ਰਿਪੋਰਟ ਦੇ ਇਹ ਅੰਸ਼ ਹੱਤਿਆ ਦੇ ਮਾਮਲੇ ਵਿਚ ਧਮਕੀਆਂ ਅਤੇ ਸੰਭਾਵਿਤ ਜ਼ਿੰਮੇਵਾਰੀ ਹੈਡਿੰਗ ਦੇ ਅਧਿਆਇ ਨਾਲ ਪੜ੍ਹਨ 'ਤੇ ਪਾਕਿਸਤਾਨੀ ਫੌਜ ਅਤੇ ਖੁਫੀਆਂ ਏਜੰਸੀਆਂ ਦੇ ਖਿਲਾਫ ਅੰਤਰਰਾਸ਼ਟਰੀ ਮੁਕੱਦਮੇ ਦੀ ਦਲੀਲ ਤਿਆਰ ਕਰਦੇ ਹਨ। ਪਹਿਰਾ 201, ਪੇਜ 47 ਵਿਚ ਕਮਿਸ਼ਨ ਦੀ ਰਿਪੋਰਟ ਇੰਟਰਨੈਸ਼ਨਲ ਕਰਾਈਸਿਸਿ ਗਰੁੱਪ ਜਿਹੀਆਂ ਸੰਸਥਾਵਾਂ ਦੇ ਤ੍ਰੈਮਾਸਿਕ ਮੁਲੰਕਣ ਦਾ ਸਵਰੂਪ ਤਿਆਰ ਕਰ ਲੈਂਦੀ ਹੈ। ਆਪਣੇ ਐਲਾਨੇ ਅਧਿਕਾਰ ਦਾ ਉਲੰਘਣ ਕਰਦੇ ਹੋਏ ਕਮਿਸ਼ਨ ਇਹ ਅਨੁਮਾਨ ਵੀ ਲਗਾਉਣ ਲੱਗਦਾ ਹੈ ਕਿ ਜਹਾਦੀ ਸਮੂਹਾਂ ਦੁਆਰਾ ਪਾਕਿਸਤਾਨੀ ਤੰਤਰ ਦੇ ਕੁਝ ਤੱਤਾਂ ਨਾਲ ਗੱਠਜੋੜ ਕਰ ਲਿਆ ਗਿਆ ਸੀ ਅਤੇ ਅਪਰਾਧ ਦੇ ਇਹ ਸਾਂਝੀਵਾਲ ਸ਼੍ਰੀਮਤੀ ਭੁੱਟੋ ਦੀ ਸੱਤਾ 'ਚ ਸੰਭਾਵਿਤ ਵਾਪਸੀ ਤੋਂ ਚਿੰਤਤ ਸਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕਮਿਸ਼ਨ ਮਹਿਜ਼ ਕੁਝ ਤੱਤਾਂ 'ਤੇ ਹੀ ਉਂਗਲੀਆਂ ਨਹੀਂ ਉਠਾਉਂਦਾ, ਅਗਲੇ ਪੰਨਿਆਂ 'ਤੇ ਕਮਿਸ਼ਨ ਪਾਕਿਸਤਾਨੀ ਤੰਤਰ ਦੀ ਬਹੁਤ ਵਿਆਪਕ ਪਰਿਭਾਸ਼ਾ ਪੇਸ਼ ਕਰਦਾ ਹੈ। ਪਾਕਿਸਤਾਨੀ ਤੰਤਰ ਦੇ ਕੇਂਦਰ ਵਿਚ ਉਚ ਅਧਿਕਾਰੀ ਅਤੇ ਖੁਫੀਆਂ ਏਜੰਸੀਆਂ ਹਨ...ਅਤੇ ਉਹ ਹੀ ਇਸ ਦੀਆਂ ਸਰਬ ਉਚ ਅਤੇ ਸਥਾਈ ਪ੍ਰਭਾਵੀ ਮੈਂਬਰ ਹਨ। ਰਿਪੋਰਟ ਦਾ ਇਹ ਪਹਿਲੂ ਯਕੀਨਨ ਉਸੇ ਹਾਲ ਵਿਚ ਪੇਸ਼ ਦਸਤਾਵੇਜ਼ਾਂ ਵਿਚ ਸਭ ਤੋਂ ਮਹੱਤਵਪੂਰਨ ਸਾਬਤ ਕਰਦਾ ਹੈ। ਇਕ ਇਹੋ ਜਿਹਾ ਦਸਤਾਵੇਜ਼ ਜਿਸ ਦਾ ਇਸਤੇਮਾਲ ਪਾਕਿਸਤਾਨੀ ਤੰਤਰ ਦੇ ਖਿਲਾਫ ਵਰਤਮਾਨ ਅਤੇ ਭਵਿੱਖ ਦੀਆਂ ਘਰੇਲੂ ਤੇ ਅੰਤਰਰਾਸ਼ਟਰੀ ਮੁਹਿੰਮਾਂ ਦੇ ਸੰਦਰਭ ਦੀ ਤਰ੍ਹਾਂ ਕੀਤਾ ਜਾ ਸਕਦਾ ਹੈ।

# ਆਂਧਰਾ ਵਿਚ ਇਤਿਹਾਸ ਦੁਹਰਾਉਣ ਦੀਆਂ ਤਿਆਰੀਆਂ ਫਿਰ ਸ਼ੁਰੂ

**ਵਿਜੇ ਕੁਮਾਰ ਚੋਪੜਾ**

ਸਿਆਸਤ ਵਿਚ ਆਪਣਾ ਗਲਬਾ ਬਣਾਉਣ ਅਤੇ ਸੱਤਾ ਪ੍ਰਾਪਤੀ ਦੀ ਲਾਲਸਾ ਨੇਤਾਵਾਂ ਤੇ ਉਨ੍ਹਾਂ ਦੀਆਂ ਔਲਾਦਾਂ ਤੇ ਹੋਰਨਾਂ ਰਿਸ਼ਤੇਦਾਰਾਂ ਦੇ ਮਨ ਵਿਚ ਹਮੇਸ਼ਾ ਬਣੀ ਰਹਿੰਦੀ ਹੈ ਅਤੇ ਕਦੋਂ ਉਹ ਸੱਤਾ ਸੰਘਰਸ਼ ਦੇ ਇਤਿਹਾਸ ਨੂੰ ਮੁੜ ਦੁਹਰਾ ਦੇਣ, ਕਿਹਾ ਨਹੀਂ ਜਾ ਸਕਦਾ।

80 ਦੇ ਦਹਾਕੇ 'ਚ ਆਂਧਰਾ ਪ੍ਰਦੇਸ਼ ਦੀ ਸਿਆਸਤ ਵਿਚ ਤੇਲਗੂਦੇਸ਼ਮ ਪਾਰਟੀ ਦੀ ਸਥਾਪਨਾ ਨਾਲ ਤਰਥੱਲੀ ਮਚਾ ਕੇ ਮੁੱਖ ਮੰਤਰੀ ਬਣੇ ਐਨ. ਟੀ. ਰਾਮਾਰਾਓ ਜਦੋਂ ਬੀਮਾਰੀ ਕਾਰਨ ਕਮਜ਼ੋਰ ਹੋ ਗਏ ਤਾਂ ਉਨ੍ਹਾਂ ਦੇ ਜਵਾਈ ਚੰਦਰਬਾਬੂ ਨਾਇਡੂ ਨੇ ਉਨ੍ਹਾਂ ਵਿਰੁਧ ਪਾਰਟੀ 'ਚ ਬਗਾਵਤ ਕਰਕੇ ਸੱਤਾ ਦੀ ਕਮਾਨ ਸੰਭਾਲ ਲਈ ਸੀ।

ਐਨ. ਟੀ. ਰਾਮਾਰਾਓ ਦੀ ਦੂਜੀ ਪਤਨੀ ਲਕਸ਼ਮੀ ਪਾਰਵਤੀ ਨੇ ਵੀ ਚੰਦਰ ਬਾਬੂ ਦਾ ਮੁਕਾਬਲਾ ਇਕ ਸਮਾਨਾਂਤਰ ਪਾਰਟੀ ਬਣਾ ਕੇ ਕੀਤਾ ਪਰ ਉਹ ਇਸ 'ਚ ਸਫਲ ਨਹੀਂ ਹੋ ਸਕੀ ਅਤੇ ਐਨ. ਟੀ. ਰਾਮਾਰਾਓ ਦੇ ਦੋਵੇਂ ਬੇਟੇ ਵੀ ਹਾਸ਼ੀਏ 'ਚ ਚਲੇ ਗਏ। ਹੁਣ ਆਂਧਰਾ ਪ੍ਰਦੇਸ਼ ਤੋਂ ਅਜਿਹੀਆਂ ਖਬਰਾਂ ਆ ਰਹੀਆਂ ਹਨ ਕਿ 2004 ਤੇ 2009 ਦੀਆਂ ਵਿਧਾਨ ਸਭਾ ਚੋਣਾਂ 'ਚ ਤੇਲਗੂ ਦੇਸ਼ਮ ਦੀ ਹਾਰ ਤੋਂ ਬਾਅਦ ਚੰਦਰਬਾਬੂ ਦੀ ਹਰਮਨਪਿਆਰਤਾ 'ਚ ਕਮੀ ਆਉਣ ਨਾਲ ਪਾਰਟੀ 'ਚ ਉਨ੍ਹਾਂ ਵਿਰੁਧ ਬਗਾਵਤ ਹੋ ਸਕਦੀ ਹੈ ਅਤੇ ਅਗਸਤ ਤਕ ਉਨ੍ਹਾਂ ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ।

ਅਜਿਹੀ ਵੀ ਚਰਚਾ ਹੈ ਕਿ ਚੰਦਰ ਬਾਬੂ ਵਿਰੁਧ ਬਗਾਵਤ ਦਾ ਝੰਡਾ ਬੁਲੰਦ ਕਰਨ ਦੀ ਤਿਆਰੀ ਉਨ੍ਹਾਂ ਦਾ ਛੋਟਾ ਸਾਲਾ ਨੰਦਮੂਰੀ ਬਾਲਕ੍ਰਿਸ਼ਨ ਕਰ ਰਿਹਾ ਹੈ। ਹੁਣੇ-ਹੁਣੇ ਬਾਲਕ੍ਰਿਸ਼ਨ ਨੇ ਇਹ ਬਿਆਨ ਵੀ ਦਿੱਤਾ ਹੈ ਕਿ ''ਦੇਰ-ਸਵੇਰ ਮੈਂ ਤੇਲਗੂ ਦੇਸ਼ਮ ਦੀ ਕਮਾਨ ਸੰਭਾਲਣੀ ਹੀ ਹੈ। ਜੇ ਲੋੜ ਪਈ ਤਾਂ ਮੈਂ ਪਾਰਟੀ ਦੀ ਕਮਾਨ ਸੰਭਾਲਣ ਤੋਂ ਜ਼ਰਾ ਵੀ ਨਹੀਂ ਝਿਜਕਾਂਗਾ। ਬੇਸ਼ੱਕ ਮੈਂ ਅਜੇ ਇਸ ਸੰਬੰਧੀ ਕੋਈ ਫੈਸਲਾ ਨਹੀਂ ਕੀਤਾ ਪਰ ਮੈਂ ਇਹ ਨਹੀਂ ਕਹਿ ਸਕਦਾ ਕਿ ਆਉਣ ਵਾਲੇ ਸਮੇਂ 'ਚ ਸਥਿਤੀਆਂ ਕੀ ਰੂਪ ਅਖਤਿਆਰ ਕਰਦੀਆਂ ਹਨ।''



ਐਨ.ਟੀ. ਰਾਮਾਰਾਓ ਬੀਤੇ ਦੀ ਗੱਲ

ਨੰਦਮੂਰੀ ਬਾਲਕ੍ਰਿਸ਼ਨ-ਇਤਿਹਾਸ ਦੁਹਰਾਉਣ ਦੀ ਤਿਆਰੀ 'ਚ

ਚੰਦਰਬਾਬੂ ਨਾਇਡੂ ਹਰਮਨਪਿਆਰਤਾ ਘਟੀ

ਇੰਨਾ ਹੀ ਨਹੀਂ, ਆਪਣੀ ਇਕ ਹਰਮਨ ਪਿਆਰੀ ਤੇਲਗੂ ਫਿਲਮ 'ਸਿਮਹਾ' 'ਚ ਬਾਲਕ੍ਰਿਸ਼ਨ ਇਕ ਦ੍ਰਿਸ਼ 'ਚ ਤੇਲਗੂ ਦੇਸਮ ਦੇ ਝੰਡੇ ਵਰਗੇ ਹੀ ਪਿਛੋਕੜ 'ਚ ਝੂਲਦੇ ਇਕ ਪੀਲੇ ਝੰਡੇ ਨਾਲ ਦਿਖਾਏ ਗਏ ਹਨ। ਕਿਹਾ ਜਾਂਦਾ ਹੈ ਕਿ ਫਿਲਮ 'ਚ ਇਸ ਦ੍ਰਿਸ਼ ਨੂੰ ਪਾਰਟੀ ਵਰਕਰਾਂ ਅਤੇ ਆਂਧਰਾ ਦੀ ਜਨਤਾ ਨੂੰ ਇਹ ਸੰਦੇਸ਼ ਦੇਣ ਲਈ ਜਾਣ-ਬੁੱਝ ਕੇ ਪਾਇਆ ਗਿਆ ਸੀ ਕਿ ਬਾਲਕ੍ਰਿਸ਼ਨ ਛੇਤੀ ਹੀ ਤੇਲਗੂ ਦੇਸ਼ਮ ਦਾ ਨੇਤਾ ਹੋਵੇਗਾ।

ਬਾਲਕ੍ਰਿਸ਼ਨ ਦੇ ਹਮਾਇਤੀਆਂ 'ਚ ਇਸ ਨਾਲ ਇਹ ਧਾਰਨਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਐਨ. ਟੀ. ਆਰ. ਦਾ ਬੇਟਾ ਹੋਣ ਦੇ ਨਾਤੇ ਉਹੀ ਉਨ੍ਹਾਂ ਦਾ ਸਿਆਸੀ ਵਾਰਿਸ ਤੇ ਤੇਲਗੂ ਦੇਸ਼ਮ ਦਾ ਸੁਭਾਵਕ ਨੇਤਾ ਤੇ ਭਵਿੱਖੀ ਮੁੱਖ ਮੰਤਰੀ ਹੈ। ਦੂਜੇ ਪਾਸੇ ਬਾਲਕ੍ਰਿਸ਼ਨ ਤੇ ਐਨ.ਟੀ. ਆਰ. ਦੀ ਵਿਧਵਾ ਲਕਸ਼ਮੀ ਪਾਰਵਤੀ ਦਰਮਿਆਨ ਸਮਝੌਤਾ ਵੀ ਹੋ ਗਿਆ ਹੈ ਤੇ ਦੋਵੇਂ ਹੀ ਪਾਰਟੀ ਵਰਕਰਾਂ ਨੂੰ ਰਿਝਾਉਣ ਦੇ ਯਤਨਾਂ 'ਚ ਲੱਗ ਗਏ ਹਨ। ਅਸਲ ਵਿਚ ਬਾਲਕ੍ਰਿਸ਼ਨ ਤੇ ਉਨ੍ਹਾਂ ਦਾ ਵੱਡਾ ਭਰਾ ਹਰੀਕ੍ਰਿਸ਼ਨ ਇਸ ਗੱਲ ਨੂੰ ਨਹੀਂ ਭੁੱਲੇ ਹਨ ਕਿ 1995 'ਚ ਉਨ੍ਹਾਂ ਦੇ ਜੀਜੇ ਚੰਦਰਬਾਬੂ ਨਾਇਡੂ ਨੇ ਉਨ੍ਹਾਂ ਦੇ ਪਿਤਾ ਤੋਂ ਕਿਸ ਤਰ੍ਹਾਂ ਗੱਦੀ ਖੋਹ ਕੇ ਉਨ੍ਹਾਂ ਨੂੰ ਪ੍ਰਭਾਵਹੀਣ ਬਣਾ ਦਿੱਤਾ ਸੀ। ਉਹ ਹੁਣ ਚੰਦਰਬਾਬੂ ਵਿਰੁਧ ਬਗਾਵਤ ਲਈ ਢੁਕਵੇਂ ਮੌਕੇ ਦੀ ਉਡੀਕ 'ਚ ਹਨ।

ਅਸਲ 'ਚ ਹਰੀਕ੍ਰਿਸ਼ਨ ਤੇ ਬਾਲਾਕ੍ਰਿਸ਼ਨ ਅਤੇ ਉਨ੍ਹਾਂ ਦੇ ਬੇਟਿਆਂ ਨੇ ਪਰਿਵਾਰ ਵਿਚ ਗੱਦੀ ਲਈ ਬਗਾਵਤ ਤੇ ਕਲੇਸ਼ ਹੁੰਦਾ ਦੇਖਿਆ ਹੈ, ਇਸ ਲਈ ਹੁਣ ਉਹ ਵੀ ਇਸੇ ਰਾਹ 'ਤੇ ਚੱਲ ਰਹੇ ਹਨ ਤਾਂ ਇਸ ਵਿਚ ਹੈਰਾਨੀ ਵਾਲੀ ਕਿਹੜੀ ਗੱਲ ਹੈ।

ਉਂਜ ਚੰਦਰ ਬਾਬੂ ਇਸ ਗੱਲ ਤੋਂ ਅਣਜਾਣ ਨਹੀਂ ਤੇ ਉਨ੍ਹਾਂ ਨੇ ਐਨ.ਟੀ.ਆਰ. ਪਰਿਵਾਰ ਨਾਲ ਨੇੜਤਾ ਬਣਾਉਣ ਤੇ ਉਨ੍ਹਾਂ ਨੂੰ ਸੰਤੁਸ਼ਟ ਕਰਨ ਦੇ ਯਤਨ ਸ਼ੁਰੂ ਕਰ ਦਿੱਤੇ ਹਨ। ਆਪਣੇ ਬੇਟੇ ਲੋਕੇਸ਼ ਦਾ ਵਿਆਹ ਬਾਲਾਕ੍ਰਿਸ਼ਨ ਦੀ ਧੀ ਬ੍ਰਾਹਮਣੀ ਨਾਲ ਕਰਵਾਇਆ ਤੇ ਹਰੀਕ੍ਰਿਸ਼ਨਨ ਨੂੰ ਰਾਜ ਸਭਾ 'ਚ ਭਿਜਵਾਇਆ ਅਤੇ ਉਨ੍ਹਾਂ ਦੇ ਬੇਟੇ ਨਾਲ ਆਪਣੀ ਭਤੀਜੀ ਦੀ ਧੀ ਦੀ ਕੁੜਮਾਈ ਕਰਵਾਈ ਪਰ ਇਹ ਗੱਲਾਂ ਵੀ 1995 ਤੋਂ ਬਣੀ ਦੂਰੀ ਨੂੰ ਮਿਟਾਉਣ 'ਚ ਸਫਲ ਨਹੀਂ ਹੋ ਰਹੀਆਂ ਹਨ।

ਅਸਲ 'ਚ ਰਾਜਨੇਤਾਵਾਂ ਵਲੋਂ ਆਪਣੀਆਂ ਪਾਰਟੀਆਂ 'ਚ ਆਪਣੀਆਂ ਔਲਾਦਾਂ ਨੂੰ ਆਪਣਾ ਸਿਆਸੀ ਵਾਰਸ ਬਣਾਉਣ ਜਾਂ ਪਾਰਟੀ 'ਚ ਆਪਣੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੂੰ ਹੀ ਪ੍ਰਮੁੱਖ ਅਹੁਦਿਆਂ 'ਤੇ ਲਿਆਉਣ ਕਰਕੇ ਹੀ ਪਾਰਟੀਆਂ ਵਿਚ ਬਗਾਵਤ ਹੁੰਦੀ ਹੈ ਤੇ ਉਹ ਪੁਰਾਣੇ ਰਾਜ-ਘਰਾਣਿਆਂ ਵਿਚ ਚੱਲਣ ਵਾਲੇ ਸੱਤਾ ਸੰਘਰਸ਼ ਵਾਂਗ ਹੀ ਬਗਾਵਤ ਜਾਂ ਅੰਦਰੂਨੀ ਕਲੇਸ਼ ਦਾ ਰਾਹ ਅਪਣਾਉਂਦੇ ਹਨ।

ਐਨ.ਟੀ.ਆਰ. ਦੇ ਬੀਮਾਰ ਹੋਣ 'ਤੇ ਉਨ੍ਹਾਂ ਦੇ ਪਰਿਵਾਰ ਵਿਚ ਹੋਏ ਕਲੇਸ਼ 'ਚ ਚੰਦਰ ਬਾਬੂ ਨਾਇਡੂ ਦਾ ਪਲੜਾ ਭਾਰੀ ਰਿਹਾ ਸੀ। ਉਸ ਤੋਂ ਬਾਅਦ ਬਾਲ ਠਾਕਰੇ ਵਲੋਂ ਆਪਣੇ ਬੇਟੇ ਊਧਵ ਨੂੰ ਆਪਣਾ ਸਿਆਸੀ ਉਤਰਾਧਿਕਾਰੀ ਬਣਾ ਲੈਣ ਨਾਲ ਭਤੀਜੇ ਰਾਜ ਠਾਕਰੇ ਨੇ ਬਗਾਵਤ ਦਾ ਝੰਡਾ ਬੁਲੰਦ ਕਰਕੇ ਮਹਾਰਾਸ਼ਟਰ ਨਵ-ਨਿਰਮਾਣ ਸੈਨਾ ਬਣਾ ਲਈ। ਉਧਰ ਕਰੁਣਾਨਿਧੀ ਦਾ ਸਿਆਸੀ ਵਾਰਿਸ ਬਣਨ ਲਈ ਹੁਣ ਉਨ੍ਹਾਂ ਦੇ ਪੁੱਤਰਾਂ ਅਝਾਗਿਰੀ ਤੇ ਸਟਾਲਿਨ ਦਰਮਿਆਨ ਸੰਘਰਸ਼ ਜਾਰੀ ਹੈ।

ਰਾਕਾਂਪਾ 'ਚ ਸ਼ਰਦ ਪਵਾਰ ਦਾ ਸਿਆਸੀ ਵਾਰਿਸ ਬਣਨ ਲਈ ਉਨ੍ਹਾਂ ਦੀ ਧੀ ਸੁਪ੍ਰੀਆ ਸੁਲੇ ਅਤੇ ਭਤੀਜੇ ਅਜੀਤ ਪਵਾਰ ਦਰਮਿਆਨ ਟਕਰਾਅ ਚੱਲ ਰਿਹਾ ਹੈ। ਝਾਰਖੰਡ 'ਚ ਸ਼ਿੱਬੂ ਸੋਰੇਨ ਦਾ ਬੇਟਾ ਹੇਮੰਤ ਸੱਤਾ 'ਚ ਬਣੇ ਰਹਿਣ ਲਈ ਆਪਣੇ ਪਿਤਾ ਦੀ ਇੱਛਾ ਦੇ ਵਿਰੁਧ ਭਾਜਪਾ ਨੇਤਾਵਾਂ ਦੀ ਪਨਾਹ 'ਚ ਚਲਾ ਗਿਆ ਹੈ। ਪੰਜਾਬ 'ਚ ਹੋਰਨਾਂ ਪਾਰਟੀ ਆਗੂਆਂ ਦੀ ਅਣਦੇਖੀ ਕਰਕੇ ਸੁਖਬੀਰ ਨੂੰ ਉਪ ਮੁੱਖ ਮੰਤਰੀ ਬਣਾਇਆ ਗਿਆ। ਸਪਾ 'ਚ ਮੁਲਾਇਮ ਦੇ ਪਰਿਵਾਰ ਪ੍ਰਤੀ ਮੋਹ ਕਾਰਨ ਅਮਰ ਸਿੰਘ ਨੂੰ ਪਾਰਟੀ 'ਚੋਂ ਕੱਢ ਦਿੱਤਾ ਗਿਆ। ਅਸਲ 'ਚ ਨੇਤਾਵਾਂ ਵਲੋਂ ਸਿਆਸਤ 'ਚ ਆਪਣੇ ਪੁੱਤਰਾਂ ਜਾਂ ਪਰਿਵਾਰਕ ਮੈਂਬਰਾਂ ਨੂੰ ਅੱਗੇ ਲਿਆਉਣ ਤੇ ਆਮ ਪਾਰਟੀ ਵਰਕਰਾਂ ਦੀ ਅਣਦੇਖੀ ਕਰਨ ਦਾ ਸਿਲਸਿਲਾ ਜਦੋਂ ਤਕ ਚੱਲਦਾ ਰਹੇਗਾ, ਉਦੋਂ ਤੱਕ ਲੀਡਰਸ਼ਿਪ ਤੇ ਸੱਤਾ ਲਈ ਉਨ੍ਹਾਂ ਦੀਆਂ ਔਲਾਦਾਂ ਅਤੇ ਪਰਿਵਾਰਕ ਮੈਂਬਰਾਂ 'ਚ ਰਾਜ-ਘਰਾਣਿਆਂ ਵਾਂਗ ਸੰਘਰਸ਼ ਚਲਦਾ ਹੀ ਰਹੇਗਾ ਤੇ ਇਤਿਹਾਸ ਖੁਦ ਨੂੰ ਦੁਹਰਾਉਂਦਾ ਰਹੇਗਾ।

# ਸਾਡੇ ਜੁੱਗ ਦੇ ਅਜਬ ਕਲੰਦਰਾਂ ਦੀ ਪ੍ਰੇਤ ਛਾਇਆ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਬੜਾ ਗਹਰਾ ਤਾਅਲੁਕ ਹੈ,
ਸਿਆਸਤ ਸੇ ਤਬਾਹੀ ਕਾ
ਕੋਈ ਭੀ ਸ਼ਹਰ ਜਲਤਾ ਹੈ,
ਤੋ ਦਿੱਲੀ ਮੁਸਕੁਰਾਤੀ ਹੈ!

ਇਸ ਸ਼ਿਅਰ ਦੀ ਦੂਸਰੀ ਸਤਰ ਵਿਚ ਦਿੱਲੀ ਸ਼ਹਿਰ ਦਾ ਨਾਂ ਆਉਣ ਕਰਕੇ, ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਕਿਸੇ ਸ਼ਾਇਰ ਨੇ ਇਹ ਸ਼ਿਅਰ, ਆਪਣੇ ਭਾਰਤ ਦੇਸ਼ ਦੀ ਸਿਆਸਤ ਨੂੰ ਮੁੱਖ ਰੱਖ ਕੇ ਹੀ ਲਿਖਿਆ ਹੋਵੇਗਾ। ਸਰਸਰੀ ਜਿਹੀ ਨਜ਼ਰ ਮਾਰੀਏ ਤਾਂ ਇਸ ਦੋ-ਸਤਰੀਏ ਵਿਚ ਬਿਆਨ ਕੀਤੀ ਗਈ ਸੱਚਾਈ, ਹਜ਼ਮ ਨਹੀਂ ਹੁੰਦੀ, ਕਿ ਕਿਸੇ ਸ਼ਹਿਰ ਨੂੰ ਸੜਦਾ-ਬਲਦਾ ਦੇਖ ਕੇ, ਦੇਸ਼ ਦੀ ਰਾਜਧਾਨੀ ਦਿੱਲੀ, ਮੁਸਕਰਾ ਕਿਵੇਂ ਸਕਦੀ ਹੈ? ਕਿਸੇ ਨਗਰ-ਖੇੜੇ ਵਿਚ ਵਸਦੇ-ਰਸਦੇ ਬੇਦੋਸ਼ੇ ਲੋਕਾਂ ਨੂੰ ਅੱਗ ਦੇ ਭਾਂਬੜਾਂ ਵਿਚ ਸੜਦੇ-ਮਰਦੇ ਦੇਖਦਿਆਂ, ਦਿੱਲੀ ਨੂੰ ਹਾਸਾ ਕਿਵੇਂ ਆ ਜਾਂਦਾ ਹੋਵੇਗਾ? ਕਿਉਂਕਿ ਅਜਿਹੇ ਮਨਹੂਸ ਮੌਕਿਆਂ 'ਤੇ ਅਕਸਰ ਦਿੱਲੀ ਬੈਠੇ ਹੁਕਮਰਾਨਾਂ ਦੇ ਬਿਆਨ-ਐਲਾਨ ਤਾਂ ਇਹੋ ਜਿਹੀ ਮਾਰਮਿਕ ਸ਼ਬਦਾਵਲੀ ਵਾਲੇ ਹੁੰਦੇ ਹਨ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਇਉਂ ਜਾਪਦਾ ਹੁੰਦੈ, ਬਈ ਨੇਤਾ ਲੋਗ ਖੁਦ ਅੱਗ ਵਿਚ ਘਿਰੇ ਹੋਏ ਮਹਿਸੂਸ ਕਰ ਰਹੇ ਨੇ! ਉਨ੍ਹਾਂ ਦੀ ਭਾਸ਼ਾ ਤੋਂ ਇਉਂ ਲੱਗਣ ਲੱਗ ਜਾਂਦਾ ਹੈ ਕਿ ਉਹ ਹੁਣ ਹਥਲੇ ਸਾਰੇ ਕੰਮ ਛੱਡ ਕੇ, ਅੱਗ ਮਚਾਉਣ ਵਾਲੇ ਦੋਸ਼ੀਆਂ ਨੂੰ ਫਾਂਸੀ ਦੇ ਫੰਦੇ ਤੱਕ ਪਹੁੰਚਾ ਕੇ ਹੀ ਦਮ ਲੈਣਗੇ! ਹਕੀਕਤ ਵਿਚ ਇਹ ਸਾਰੀ ਬਿਆਨਬਾਜ਼ੀ ਉਨ੍ਹਾਂ ਆਗੂਆਂ ਦੀ ਨਿਰੀ 'ਅਦਾਕਾਰੀ' ਹੀ ਹੁੰਦੀ ਹੈ।

ਵੋ ਖੁਸ਼-ਗੁਫ਼ਤਾਰ ਹੈ,
ਬੇਮਿਸਾਲ ਹੈ ਉਸ ਕੀ ਅਦਾਕਾਰੀ।
ਜੜ੍ਹੇਂ ਭੀ ਕਾਟਤਾ ਹੈ,
ਦੋਸਤੀ ਕਾ ਦਮ ਭੀ ਭਰਤਾ ਹੈ।

ਮਿਸਾਲ ਵਜੋਂ, ਜਦ ਜੂਨ ਚੁਰਾਸੀ ਵਿਚ ਅੰਮ੍ਰਿਤਸਰ ਅੱਗ ਦੀਆਂ ਲਾਟਾਂ ਨਾਲ ਸੜ ਰਿਹਾ ਸੀ, ਤਾਂ ਦਿੱਲੀ ਮੁਸ਼ਕੜੀਏਂ ਹੱਸਦੀ ਹੋਈ ਰੇਡੀਓ ਟੀ.ਵੀ. 'ਤੇ ਇਹ ਆਖ ਰਹੀ ਸੀ- 'ਅਸੀਂ ਭਰੇ ਮਨ ਨਾਲ ਫੌਜੀ ਐਕਸ਼ਨ ਕਰਨ ਦਾ ਫੈਸਲਾ ਲਿਆ ਹੈ... ਫੌਜ ਨੇ ਸਖਤ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦਾ 'ਖਾਸ ਖਿਆਲ' ਰੱਖਿਆ। ਇਹੋ ਜਿਹੇ ਬਿਆਨ ਦੇ ਕੇ ਦੁਖੀ ਸਿੱਖਾਂ ਨਾਲ ਦਿੱਲੀ ਵਲੋਂ ਮਸਖਰੀਆਂ ਹੀ ਕੀਤੀਆਂ ਜਾ ਰਹੀਆਂ ਸਨ ਉਦੋਂ। ਕਾਂਗਰਸ ਦਾ ਮੁੱਖ ਸ਼ਰੀਕ ਮੰਨੀ ਜਾਂਦੀ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੀ ਖੁਸ਼ੀ ਵਿਚ ਖੀਵੀ ਹੋਈ ਤਤਕਾਲੀ ਹੁਕਮਰਾਨ ਨੂੰ 'ਦੁਰਗਾ ਮਾਤਾ' ਦਾ ਖਿਤਾਬ ਦੇ ਰਹੀ ਸੀ। ਉਨ੍ਹਾਂ ਜਾਚੇ ਮਾਡਰਨ ਦੁਰਗਾ ਮਾਤਾ, 'ਮਹਿਖਾਸੁਰਾਂ' ਨਾਲ ਤਾਜੀ ਤਾਜੀ ਲੜ ਕੇ ਜੂ ਹਟੀ ਸੀ। ਇੰਜ ਹੀ ਨਵੰਬਰ ਚੁਰਾਸੀ ਵਾਲੇ ਦਿੱਲੀ ਦੇ ਸਿੱਖ ਕਤਲੇਆਮ ਨੂੰ ਵਿਅੰਗ-ਮਈ ਵਾਕ 'ਜਬ ਬੜਾ ਪੇੜ ਗਿਰਤਾ ਹੈ ਤੋ ਧਰਤੀ ਕਾਂਪਤੀ ਹੈ...' ਰਾਹੀਂ ਹੱਕ-ਬਜਾਨਬ ਠਹਿਰਾਇਆ ਗਿਆ। ਉਦੋਂ ਤੋਂ ਲੈ ਕੇ ਹੁਣ ਤੱਕ ਛੱਬੀ ਸਾਲ ਦੇ ਅਰਸੇ ਦੌਰਾਨ ਕੋਈ ਹੁਕਮਰਾਨ ਮਗਰਮੱਛ ਦੇ ਹੰਝੂ ਕੇਰਦਾ ਰਿਹਾ ਅਤੇ ਕੋਈ ਸਿੱਖਾਂ ਦਾ ਹਿਤੈਸ਼ੀ ਹੋਣ ਦਾ ਸਟੰਟ ਕਰਦਾ ਰਿਹਾ।

ਦਿੱਲੀ ਵੱਲੋਂ ਵਰਤਾਏ ਗਏ ਇਸ ਅਣ-ਮਨੁੱਖੀ ਕਹਿਰ ਲਈ ਦੋਸ਼ੀ ਗਰਦਾਨੇ ਗਏ ਕਿਸੇ 'ਸੱਜਣ' ਕਿਸੇ 'ਭਗਤ' ਕਿਸੇ 'ਟਾਈਟਲਰ' ਜਾਂ ਕਿਸੇ 'ਸ਼ਾਸਤਰੀ' ਦੀ ਜਦ ਕਦੇ ਵੀ ਚਰਚਾ ਚੱਲਦੀ ਹੈ ਤਾਂ ਵੱਖ-ਵੱਖ ਰੰਗਾਂ ਦੇ ਸਿਆਸਤਦਾਨਾਂ ਵਲੋਂ ਪੀੜਤ ਧਿਰਾਂ ਦੇ ਅੱਖੀਂ ਘੱਟਾ ਪਾਉਣ ਲਈ ਡਰਾਮੇਬਾਜ਼ੀ ਸ਼ੁਰੂ ਹੋ ਜਾਂਦੀ ਹੈ। ਕਾਂਗਰਸ ਜਾਂ ਭਾਜਪਾ ਦੇ ਮਹਾਂਰਥੀਆਂ ਵਲੋਂ ਸੱਤਾ-ਪ੍ਰਾਪਤੀ ਹਿਤ ਘੱਟ-ਗਿਣਤੀਆਂ ਨਾਲ ਸਿੱਧੀ-ਅਸਿੱਧੀ ਧੱਕੇਸ਼ਾਹੀ



ਨਵੰਬਰ 1984 ਦਾ ਦੁਖਾਂਤ

ਕਰਨ ਦੀ ਗੱਲ ਤਾਂ ਸਮਝ ਆਉਂਦੀ ਹੈ ਪਰ ਹੈਰਾਨੀ ਅਤੇ ਦੁੱਖ ਉਦੋਂ ਹੁੰਦਾ ਹੈ ਜਦੋਂ ਘੱਟਗਿਣਤੀਆਂ ਦੇ ਹੱਕਾਂ ਦੀ ਰਖਵਾਲੀ ਲਈ ਬਣੀਆਂ ਹੋਈਆਂ ਸਿਆਸੀ ਪਾਰਟੀਆਂ ਵੀ ਆਪਣੇ ਭਾਈਚਾਰਿਆਂ ਨਾਲ ਧ੍ਰੋਹ ਕਮਾਉਣ ਲੱਗ ਜਾਂਦੀਆਂ ਹਨ।

ਅਜਿਹੀਆਂ ਪਾਰਟੀਆਂ ਦੇ ਆਗੂ ਆਪਣੀ ਕੌਮ ਦੀ ਹਿਫਾਜ਼ਤ ਦਾ ਬੁਰਕਾ ਪਹਿਨ ਕੇ ਅੰਦਰਖਾਤੇ ਨਿੱਜੀ ਚੌਧਰਾਂ ਜਾਂ ਗਰਜ਼ਾਂ ਪੂਰੀਆਂ ਕਰਨ-ਕਰਾਉਣ ਲਈ ਹੀ ਮੂੰਹ ਅੱਡੀ ਰੱਖਦੇ ਹਨ। ਐਸੀਆਂ ਲਾਲਸਾਵਾਂ ਕਰਕੇ ਘੱਟਗਿਣਤੀਆਂ ਦੇ ਸਿਆਸੀ ਆਗੂ ਕਿਸੇ ਵੱਡੀ ਜਮਾਤ ਦੇ ਪਿਛਲੱਗ ਬਣੇ ਰਹਿੰਦੇ ਹਨ। ਮੁਸਲਿਮ ਭਰਾ ਅਜਿਹੀ ਖੁਦਗਰਜ਼ ਸੋਚ ਦਾ ਵਿਅਕਤੀਗਤ ਤੌਰ 'ਤੇ ਸ਼ਿਕਾਰ ਬਣਦੇ ਰਹੇ ਨੇ ਸਮੂਹਿਕ ਤੌਰ 'ਤੇ ਨਹੀਂ। ਪਰ ਇਸ ਪੱਖੋਂ ਸਿੱਖ ਕੌਮ ਦੇ ਸਿਆਸਤਦਾਨਾਂ ਦਾ ਰਿਕਾਰਡ ਨਮੋਸ਼ੀਆਂ ਭਰਿਆ ਹੈ। ਅਸੀਂ ਸਿੱਖ ਤਾਂ ਆਪਣੇ ਕੌਮ-ਘਾਤੀ ਆਗੂਆਂ ਬਾਰੇ ਅਜਿਹਾ ਕਹਿ ਸਕਦੇ ਹਾਂ;

ਬਾਗ-ਬਾਂ ਨੇ ਆਗ ਦੀ,
ਜਬ ਆਸ਼ੀਆਨੇ ਕੋ ਮਿਰੇ,
ਜਿਨ ਪੇ ਤਕੀਆ ਥਾ
ਵੁਹੀ ਪੱਤੇ ਹਵਾ ਦੇਨੇ ਲਗੇ।

ਬੀਤੇ ਦਿਨੀਂ ਜਦੋਂ ਜਗਦੀਸ਼ ਟਾਈਟਲਰ ਨੂੰ ਸੀ.ਬੀ.ਆਈ. ਵਲੋਂ ਦਿੱਤੀ ਗਈ 'ਕਲੀਨ ਚਿੱਟ' ਦਾ ਰੌਲਾ ਪਿਆ ਤਾਂ ਲੋਕ ਸਭਾ ਵਿਚ ਪੰਜਾਬ ਤੋਂ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਨੇ ਹਾਊਸ ਵਿਚ ਗਰਜਦਿਆਂ ਕਾਂਗਰਸ ਪਰਾਟੀ ਦੀ ਜੰਮ ਕੇ ਖਿਚਾਈ ਕੀਤੀ। ਤੱਥ ਪੇਸ਼ ਕਰਦਿਆਂ ਉਹ ਦੱਸ ਰਹੇ ਸਨ ਕਿ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀਆਂ ਦਾ ਕੇਂਦਰੀ ਸਰਕਾਰ ਕਿਵੇਂ ਬਚਾਅ ਕਰ ਰਹੀ ਹੈ।

ਹੱਥ ਵਿਚ ਫੜੀ ਫਾਈਲ ਲਹਿਰਾਉਂਦਿਆਂ ਜਦ ਉਹ ਕੋਈ ਦਿਲ ਟੁੰਬਵਾਂ ਹਵਾਲਾ ਦਿੰਦੇ ਤਾਂ ਉਨ੍ਹਾਂ ਦੇ ਆਲੇ-ਦੁਆਲੇ ਬੈਠੇ ਭਾਜਪਾ ਦੇ ਐਮ.ਪੀ. ਇਕ ਜ਼ੁਬਾਨ ਹੋ ਕੇ 'ਸ਼ੇਮ-ਸ਼ੇਮ' ਦੇ ਨਾਹਰੇ ਮਾਰਨ ਲੱਗਦੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬੀਬੀ ਹਰਸਿਮਰਤ ਨੇ ਬਾਦਲੀਲ ਢੰਗ ਨਾਲ ਸਰਕਾਰ ਦੇ ਬਖੀਏ ਉਧੇੜੇ। ਉਨ੍ਹਾਂ ਦੀ ਇਸ ਸਲਾਹੁਣਯੋਗ ਕਾਰਗੁਜ਼ਾਰੀ ਲਈ ਕੁੱਝ ਬਾਦਲ-ਦਲੀਏ ਆਗੂਆਂ ਨੇ ਚਾਪਲੂਸੀ ਦੇ ਰੰਗ 'ਚ ਭਿੱਜੀ ਬਿਆਨਬਾਜ਼ੀ ਵੀ ਕੀਤੀ। ਐਪਰ ਜੋਸ਼ੀਲੇ ਢੰਗ ਨਾਲ ਬੋਲ ਰਹੀ ਬੀਬੀ ਹਰਸਿਮਰਤ ਸ਼ਾਇਦ ਇਹ ਭੁੱਲ ਹੀ ਗਈ ਕਿ ਉਸ ਦਾ ਪਤੀ ਦੇਵ ਕਾਂਗਰਸ ਵਿਰੋਧੀ ਭਾਜਪਾ ਸਰਕਾਰ ਵਿਚ ਕੇਂਦਰੀ ਮੰਤਰੀ ਰਿਹਾ। ਉਸ ਨੇ ਉਦੋਂ ਟਾਈਟਲਰਾਂ ਤੇ ਸੱਜਣ ਕੁਮਾਰਾਂ ਵਿਰੁਧ ਕਾਨੂੰਨੀ ਕਾਰਵਾਈ ਕਿਉਂ ਨਾ ਕੀਤੀ-ਕਰਵਾਈ?

ਦਿੱਲੀ ਕਤਲੇਆਮ ਦੇ ਜਿਨ੍ਹਾਂ ਦੋਸ਼ੀਆਂ ਖਿਲਾਫ ਕਾਰਵਾਈ ਕਰਵਾਉਣ ਲਈ ਹੁਣ ਬੀਬੀ ਬਾਦਲ ਮੇਜ਼ ਉਪਰ ਮੁੱਕਾ ਮਾਰ ਮਾਰ ਕੇ ਕਾਂਗਰਸ ਸਰਕਾਰ ਪਾਸੋਂ ਮੰਗ ਕਰ ਰਹੀ ਹੈ, ਇਹ ਪੁੰਨ ਦਾ ਕੌਮੀ ਕੰਮ ਭਾਜਪਾ ਸਰਕਾਰ ਪਾਸੋਂ ਕਿਉਂ ਨਾ ਕਰਵਾਇਆ। ਇਸੇ ਭਾਜਪਾ ਦਾ ਇਕ ਵੱਡਾ ਆਗੂ ਅਪਰੇਸ਼ਨ ਬਲੂ ਸਟਾਰ ਨੂੰ ਦੇਰ ਨਾਲ ਕੀਤੀ ਸਹੀ ਕਾਰਵਾਈ ਦੱਸਦਾ ਰਿਹਾ ਹੈ, ਉਦੋਂ ਬੀਬੀ ਹਰਸਿਮਰਤ ਦੇ ਨਾ ਪਤੀ ਨੇ ਟੋਕਿਆ ਅਤੇ ਨਾ ਸਹੁਰੇ ਨੇ। ਮੋਟੇ ਮੋਟੇ ਢਿੱਡਾਂ ਉਪਰ ਪੁੱਠੀਆਂ ਧੋਤੀਆਂ ਲਾਉਣ ਵਾਲੇ ਭਾਜਪਾ ਐਮ.ਪੀ. ਜਿਹੜੇ ਬੀਬੀ ਹਰਸਿਮਰਤ ਦੇ ਲੈਕਚਰ ਵੇਲੇ ਡੱਡੂਆਂ ਵਾਂਗ 'ਸ਼ੇਮ ਸ਼ੇਮ' ਕਹਿ ਰਹੇ ਸਨ, ਇਨ੍ਹਾਂ ਨੇ ਗੁਜਰਾਤੀ ਮੁਸਲਮਾਨਾਂ ਦੇ ਨਰ-ਸੰਘਾਰ ਵੇਲੇ ਮੋਦੀ ਸਰਕਾਰ ਨੂੰ 'ਸ਼ੇਮ-ਸ਼ੇਮ' ਕਿਉਂ ਨਾ ਆਖਿਆ? ਸੈਂਕੜੇ ਸਾਲ ਪੁਰਾਣੀ ਬਾਬਰੀ ਮਸਜਿਦ ਢਾਹੁਣ ਵਾਲਿਆਂ ਬਜਰੰਗਦਲੀਆਂ ਵਿਰੁਧ ਇਨ੍ਹਾਂ ਦੀ ਜ਼ੁਬਾਨ ਕਿਉਂ ਨਾ ਖੁੱਲ੍ਹੀ? ਬੀਬੀ ਹਰਸਿਮਰਤ ਦੇ ਸ਼ਾਬਾਸ਼ੇ ਕਿ ਉਸਨੇ ਦਿੱਲੀ ਕਤਲੇਆਮ ਨਾਲ ਸੰਬੰਧਿਤ ਕਾਨੂੰਨੀ ਪੱਖਾਂ ਨੂੰ ਜਜ਼ਬਾਤੀ ਲਹਿਜ਼ੇ ਵਿਚ ਪੇਸ਼ ਕਰਿਆ। ਲੇਕਿਨ ਉਹ ਵਾਜਪਾਈ ਸਰਕਾਰ ਵੇਲੇ ਜੰਮੂ ਕਸ਼ਮੀਰ ਵਿਚ ਕਤਲ ਕੀਤੇ ਗਏ ਛੱਤੀ ਸਿੰਘਪੁਰਾ ਦੇ ਪੈਂਤੀ ਨਿਰਦੋਸ਼ ਸਿੱਖਾਂ ਬਾਰੇ ਕਿਉਂ ਨਹੀਂ ਲੋਕ ਸਭਾ ਵਿਚ ਸਵਾਲ ਉਠਾਉਂਦੀ? ਕੀ ਇਨ੍ਹਾਂ ਕਸ਼ਮੀਰੀ ਸਿੱਖਾਂ ਨਾਲੋਂ ਉਨ੍ਹਾਂ ਨੂੰ ਦਿੱਲੀ ਵਿਚ ਮਾਰੇ ਗਏ ਸਿੱਖਾਂ ਦਾ ਦਰਦ ਵਧ ਪੋਂਹਦਾ ਹੈ?

ਬਸ, ਕਾਂਗਰਸ ਨੂੰ ਭੰਡਣ ਨਾਲ ਭਾਜਪਾ ਵਾਲੇ ਵੀ ਖੁਸ਼ ਅਤੇ ਪੰਜਾਬ ਦੇ ਸਿੱਖਾਂ ਵਿਚ ਵੀ ਭੱਲ ਬਣਾਈ ਜਾ ਸਕਦੀ ਹੈ। ਇਹ ਫਾਰਮੂਲਾ ਅਪਨਾਇਆਂ ਸੱਤਾ ਦੀ ਕੁਰਸੀ ਦਾ ਅਨੰਦ ਮਾਣਿਆਂ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ ਇਉਂ ਕਹਿ ਲਉ ਕਿ ਕੌਮ ਦੇ ਦੁੱਖ ਦੀ ਕਪਟੀ ਬੀਨ ਵਜਾ ਕੇ ਆਪਣੇ ਭਾਈਚਾਰੇ ਨੂੰ ਕੀਲ ਲਉ। ਇਸੇ ਕਰੁਣਾਮਈ ਧੁਨ ਦੇ ਵੱਜਦਿਆਂ ਆਪਣਾ ਉਲੂ ਸਿੱਧਾ ਕਰੀ ਜਾਓ। ਹੋਰ ਕੌਮਾਂ ਦੇ ਮੁਕਾਬਲੇ ਆਪਣੀ ਕੌਮ, ਇਸ ਨਾ-ਮੁਰਾਦ ਦਰਦ ਨੂੰ ਸਭ ਤੋਂ ਵਧ ਹੰਢਾਉਂਦੀ ਆ ਰਹੀ ਹੈ।

ਹਾਕਮ ਲੋਕ ਆਪਣੀ ਜਾਂ ਆਪਣੇ ਖਾਨਦਾਨ ਦੀ ਬਾਦਸ਼ਾਹੀ ਸਦੀਵ ਕਾਲ ਲਈ ਆਪਣੀ ਪਕੜ ਤੇ ਜਕੜ ਹੇਠ ਰੱਖਣ ਲਈ ਮਨ ਹੀ ਮਨ ਗੁੰਝੀਆਂ ਗਿਣਤੀਆਂ-ਮਿਣਤੀਆਂ ਕਰਦੇ ਰਹਿੰਦੇ ਨੇ। ਆਪਣੇ ਰਾਹ ਵਿਚ ਦਿਸਣ ਵਾਲੇ 'ਰੋੜਿਆਂ' ਦੀ ਸਫਾਈ ਕਰਨ ਲਈ ਉਹ ਹਰ ਕਮੀਨੀ ਤੋਂ ਕਮੀਨੀ ਹਰਕਤ ਕਰਨ ਲਈ ਤੱਤਪਰ ਰਹਿੰਦੇ ਨੇ।

ਅਜਿਹੀਆਂ ਮੱਕਾਰ-ਚਾਲਾਂ ਦਾ ਸ਼ਿਕਾਰ ਹੋਏ ਸੈਂਕੜੇ ਹਜ਼ਾਰਾਂ ਲੋਕ ਅਣਕਹੇ, ਅਣਚਿਤਵੇ ਕਹਿਰ ਦਾ ਸ਼ਿਕਾਰ ਹੋ ਜਾਂਦੇ ਹਨ। ਸਮਾਂ ਪਾ ਕੇ ਜਦੋਂ ਜ਼ੁਲਮੋ-ਸਿਤਮ ਸਹਿਣ ਵਾਲਿਆਂ ਦੀ ਧਿਰ ਵਿਚੋਂ ਕੁੱਝ ਲੋਕ ਹਾਕਮ ਬਣ ਜਾਂਦੇ ਹਨ, ਤਾਂ ਉਹ ਵੀ ਨਿਆਂ ਮੰਗਣ ਵਾਲਿਆਂ ਨਾਲ ਉਹੀ ਔਰੰਗਜ਼ੇਬੀ ਸਲੂਕ ਕਰਨ ਡਹਿ ਪੈਂਦੇ ਹਨ:

ਤਖ਼ਤੇ-ਸ਼ਾਹੀ ਤਖ਼ਤ-ਨਸ਼ੀਂ ਪਰ,
ਅਪਨਾ ਰੰਗ ਚੜ੍ਹਾ ਦੇਤਾ ਹੈ।
ਰਫ਼ਤਾ ਰਫ਼ਤਾ ਹਰ ਹਾਕਿਮ, ਕੋ,
ਔਰੰਗਜੇਬ ਬਨਾ ਦੇਤਾ ਹੈ।

ਪੰਜਾਬ 'ਚ ਰਾਜ ਭਾਗ ਚਲਾ ਰਹੇ ਬਾਦਲ ਦਲ ਦੀ ਨੀਤੀ ਦੇਖ ਲਓ। ਜੇ ਕੋਈ ਸਿੱਖ ਸੰਸਥਾ ਭਾਈ ਗੁਰਦੇਵ ਸਿੰਘ ਕਾਉਂਕੇ ਜਾਂ ਭਾਈ ਜਸਵੰਤ ਸਿੰਘ ਖਾਲੜੇ ਦੇ ਕਤਲਾਂ ਦੀ ਪੁੱਛ-ਪੜਤਾਲ ਕਰਾਉਣ ਦੀ ਮੰਗ ਕਰੇ ਤਾਂ 'ਓ ਹੁਣ ਛੱਡੋ ਜੀ! ਦਬੇ ਮੁਰਦੇ ਕੀ ਉਖਾੜਨੇ ਹੋਏ।' ਕਹਿ ਦਿੱਤਾ ਜਾਂਦਾ ਹੈ। ਇਨ੍ਹਾਂ ਦੇ ਕਾਤਲ ਅਫਸਰਾਂ ਨੂੰ ਪ੍ਰਮੋਸ਼ਨਾਂ ਪਰ ਦਿੱਲੀ ਵਾਲੇ ਸੱਜਣ-ਟਾਈਟਲਰਾਂ ਨੂੰ ਸਜ਼ਾ ਦੇਣ ਦੀ ਮੰਗ ਕਿੱਲ੍ਹ ਕਿੱਲ੍ਹ ਕੇ ਕੀਤੀ ਜਾਂਦੀ ਹੈ। ਜੂਨ ਚੁਰਾਸੀ ਦੇ ਘੱਲੂਘਾਰੇ 'ਚ ਸ਼ਹੀਦ ਹੋਏ ਸ਼ਹੀਦਾਂ ਦੀ ਯਾਦਗਾਰ ਬਣਾਉਣ ਦੇ 'ਮਤੇ ਪਾਸ' ਕਰਕੇ ਵੀ ਮੁੱਕਰਿਆ ਜਾ ਸਕਦਾ ਹੈ, ਪਰ ਦਿੱਲੀ ਦੇ ਨਵੰਬਰ ਚੁਰਾਸੀ ਕਾਂਡ ਦੀ ਯਾਦਗਾਰ ਬਣਾਉਣ ਲਈ ਹੇਜ ਜਤਾਇਆ ਜਾਂਦਾ ਹੈ। ਕੇਂਦਰ ਕੋਲ ਵਧ ਅਧਿਕਾਰਾਂ ਦਾ ਢੌਂਡੂਰ ਵਜਾਇਆ ਜਾਂਦਾ ਹੈ, ਆਪਣੀ ਪਾਰਟੀ ਦੇ 'ਸਾਰੇ ਅਧਿਕਾਰ' ਖੁਦ ਦੀ ਜੇਬ ਵਿਚ?

ਪੁਰਾਣੇ ਦਿਨਾਂ 'ਚ ਕਲੰਦਰ ਲੋਕ ਇਕ ਰਿੱਛ ਨੂੰ ਨਚਾ ਕੇ ਪੇਂਡੂ ਲੋਕਾਂ ਦਾ ਮਨੋਰੰਜਨ ਕਰਿਆ ਕਰਦੇ ਸਨ ਪਰ ਇਹ ਮਾਡਰਨ ਕਲੰਦਰ-ਪੂਰੇ ਦੇਸ਼ ਦੀ ਜਨਤਾ ਨੂੰ, ਕਦੇ ਆਪਣੀ ਕੌਮ ਨੂੰ ਨਚਾ ਸਕਦੇ ਹਨ। ਬਕੌਲ ਗੁਰਭਜਨ ਸਿੰਘ ਗਿੱਲ, ਇਨ੍ਹਾਂ ਕਲੰਦਰਾਂ ਦੇ ਕਾਰੇ ਦੇਖੋ-

ਕਦੇ ਅਯੁੱਧਿਆ ਦੇ ਵਿਚ ਜਾ ਕੇ,
ਬਣੀ ਪੁਰਾਤਨ ਮਸਜਿਦ ਤੋੜੇ।
ਲੋੜ ਪਈ ਤੇ ਗੁਰਧਾਮਾਂ ਵਿਚ,
ਵਾੜੇ ਆਪਣੇ ਖੋਤੇ-ਘੋੜੇ।
ਇਸ ਦੀ ਖੋਟੀ ਨੀਅਤ ਅੱਗੇ,
ਕੀ ਮਸਜਿਦ ਤੇ ਕੀ ਹੈ ਮੰਦਰ
ਰਿੱਛਾਂ ਵਾਂਗੂ ਲੋਕ ਨਚਾਵੇ,
ਇਸ ਜੁੱਗ ਦਾ ਇਹ ਅਜਬ ਕਲੰਦਰ!

# ਪੰਜਾਬੀ ਬਾਰੇ ਚਿੰਤਾ ਨਹੀਂ ਚਿੰਤਨ ਕਰਨ ਦੀ ਲੋੜ

ਪਰਮਜੀਤ ਕੌਰ ਸਰਹਿੰਦ

ਪਿਛਲੇ ਸਮੇਂ ਬੱਚੇ ਦੇ ਜਨਮ ਸਮੇਂ ਉਸ ਨੂੰ ਕਿਸੇ ਦਰਖਤ ਤੋਂ ਚੋਏ ਸ਼ਹਿਦ ਦੀ ਗੁੜ੍ਹਤੀ ਦਿੱਤੀ ਜਾਂਦੀ ਸੀ ਭਾਵ ਕੋਈ ਨੇਤਲਾ ਅਤਿ ਪਿਆਰਾ ਚੰਗੇ ਸੁਭਾਅ ਵਾਲਾ ਆਪਣੀ ਉਂਗਲ ਨੂੰ ਸ਼ਹਿਦ ਲਗਾ ਕੇ ਬੱਚੇ ਨੂੰ ਚਟਾਉਂਦਾ। ਇਹ ਆਮ ਧਾਰਨਾ ਹੁੰਦੀ ਕਿ ਬੱਚੇ ਦਾ ਸੁਭਾਅ ਉਸੇ ਗੁੜ੍ਹਤੀ ਦੇਣ ਵਾਲੇ 'ਤੇ ਜਾਵੇਗਾ ਪਰ ਇਹ ਹੁੰਦਾ ਭਰਮ ਭੁਲੇਖਾ ਹੀ...। ਉਸ ਸ਼ੁਧ ਸ਼ਹਿਦ ਵਿਚ ਪੌਸ਼ਟਿਕ ਤੱਤ ਹੁੰਦੇ ਜੋ ਬੱਚੇ ਲਈ ਲਾਭਕਾਰੀ ਹੁੰਦੇ ਤੇ ਉਸ ਦਾ ਪੇਟ ਸਾਫ ਕਰ ਦਿੰਦੇ।

ਪਿੰਡਾਂ ਵਿਚ ਅਜੇ ਵੀ ਇਹ ਰੁਝਾਨ ਹੈ। ਅਜੋਕੇ ਸਮੇਂ ਡਾਕਟਰਾਂ ਨੇ ਇਹ ਪਿਰਤ ਬਿਲਕੁਲ ਬੰਦ ਕਰ ਦਿੱਤੀ ਹੈ ਕਿਉਂਕਿ ਲੋਕੀਂ ਬਾਜ਼ਾਰੋਂ ਸ਼ਹਿਦ ਲੈਂਦੇ ਨੇ ਉਸ ਵਿਚ ਮਿਲਾਵਟ ਹੁੰਦੀ ਹੈ ਪਰ ਸਾਡੀਆਂ ਕਈ ਬੀਬੀਆਂ ਰਾਣੀਆਂ ਡਾਕਟਰ ਤੋਂ ਅੱਖ ਬਚਾ ਕੇ ਇਹ ਕੰਮ ਅੱਜ ਵੀ ਕਰਦੀਆਂ ਨੇ। ਡਾਕਟਰ ਮਾਂ ਦਾ ਦੁੱਧ ਹੀ ਬੱਚੇ ਨੂੰ ਦੇਣ ਦੀ ਹਦਾਇਤ ਕਰਦਾ ਹੈ। ਸ਼ੁੱਧ ਤੇ ਮਿਲਾਵਟ ਰਹਿਤ ਦੁੱਧ..। ਉਨ੍ਹਾਂ ਦਿਨਾਂ ਵਿਚ ਬੱਚੇ ਦਾ ਜਨਮ ਘਰ ਹੀ ਹੁੰਦਾ ਸੀ ਕੋਈ ਸਿਆਣੀ ਨਰਸ ਜਾਂ ਦਾਈ ਜ਼ਰੂਰ ਕੋਲ ਹੁੰਦੀ। ਹਸਪਤਾਲ ਤਾਂ ਅਤਿ ਦੀ ਆਈ ਨੂੰ ਹੀ ਕਿਸੇ ਧੀ ਭੈਣ ਨੂੰ ਲਿਜਾਇਆ ਜਾਂਦਾ ਜਿਸ ਲਈ ਘਰ ਵਾਲੇ ਹੀ ਨਹੀਂ ਜਿਸ ਨੂੰ ਵੀ ਪਤਾ ਲਗਦਾ ਫਿਕਰਮੰਦ ਹੋ ਜਾਂਦਾ।

ਬੱਚੇ ਦੇ ਸੰਸਾਰ 'ਚ ਆਉਣ 'ਤੇ ਕੋਈ ਥਾਲ-ਪਰਾਤ ਖੜਕਾ-ਖੜਕਾ ਕੇ ਉਸ ਦਾ ਸਵਾਗਤ ਕੀਤਾ ਜਾਂਦਾ। ਇਸ ਪਿੱਛੇ ਵੀ ਕੋਈ ਬੜਾ ਚੰਗਾ ਪੱਖ ਸੀ ਸ਼ਾਇਦ ਬੱਚੇ ਨੂੰ ਨਿਡਰਤਾ ਦਾ ਪਾਠ ਪੜ੍ਹਾਉਣ ਦਾ ਢੰਗ ਸੀ, ਜਿਸ ਨਾਲ ਬੱਚਾ ਸ਼ੋਰ-ਸ਼ਰਾਬੇ ਤੋਂ ਡਰਦਾ ਨਾ। ਅੱਜ ਦੇ ਯੁੱਗ ਵਿਚ ਬੱਚੇ ਦਾ ਜਨਮ ਹੋਣ ਸਾਰ ਫੋਨ ਜਾਂ ਮੋਬਾਈਲ ਫੋਨ ਖੜਕਣੇ ਸ਼ੁਰੂ ਹੋ ਜਾਂਦੇ ਨੇ ਤੇ ਉਨ੍ਹਾਂ ਦੀਆਂ ਤਰੰਗਾਂ ਤੇ ਆਵਾਜ਼ ਬੱਚੇ ਦੇ ਨਾਜ਼ੁਕ ਜਿਹੇ ਦਿਲੋ-ਦਿਮਾਗ ਨੂੰ ਝੰਜੋੜ ਕੇ ਰੱਖ ਦਿੰਦੀ ਹੈ। ਕਿਸੇ ਦੇ ਧੀ ਹੁੰਦੀ ਤਾਂ ਸਮਝਦਾਰ ਸੁਆਣੀ ਜਾਂ ਦਾਈ ਆਖਦੀ ''ਉਹੀ ਨਾਰ ਸੁਲੱਖਣੀ ਜਿਸ ਜਾਈ ਪਹਿਲਾਂ ਲੱਛਮੀ''। ਪੁੱਤਰ ਹੁੰਦਾ ਤਾਂ ਕਿਹਾ ਜਾਂਦਾ ''ਕਾਕਾ ਹੋਇਐ'' ਜਾਂ ਬੂਜਾ ਹੋਇਐ ਲੰਮੀਆਂ ਉਮਰਾਂ ਵਾਲਾ ਹੋਵੇ ਦੀਵੇ ਨਾਲ ਦੀਵਾ ਜਗਿਆ ਹੈ ਆਦਿ...। ਬੱਚਾ ਸੋਹਣਾ ਸੁਨੱਖਾ ਹੁੰਦਾ ਤਾਂ ਕਿਹਾ ਜਾਂਦਾ ''ਇਹ ਤਾਂ ਨਿਰਾ ਦਾਦਕਿਆਂ 'ਤੇ ਗਿਐ...।'' ਜ਼ਰਾ ਸਾਂਵਲੇ ਰੰਗ ਜਾਂ ਮੋਟੇ ਨਕਸ਼ਾਂ ਵਾਲਾ ਹੁੰਦਾ ਤਾਂ ਮਾਂ ਨੂੰ ਮਿੱਠੀ ਮਸ਼ਕਰੀ ਕੀਤੀ ਜਾਂਦੀ 'ਕੁੜੇ! ਇਹ ਤਾਂ ਨਾਨਕਿਆਂ 'ਤੇ ਐ...।'' ਗੂੜ੍ਹੇ ਰਿਸ਼ਤਿਆਂ ਦਾ ਜ਼ਿਕਰ ਹੁੰਦਾ ਇਥੋਂ ਹੀ ਸ਼ੁਰੂਆਤ ਹੁੰਦੀ ਬੱਚੇ ਦੀ ਜ਼ਿੰਦਗੀ ਦੀ...।

ਅੱਜ ਇਸ ਆਧੁਨਿਕ ਯੁੱਗ ਵਿਚ ਸਾਡੀ ਬੋਲੀ ਵੀ ਮਿਲਾਵਟੀ ਹੋ ਗਈ ਹੈ। ਬੱਚੇ ਦੇ ਜਨਮ ਸਮੇਂ ਕੋਈ-ਕੋਈ ਤਾਂ ਪੂਰੀ ਅੰਗਰੇਜ਼ੀ ਬੋਲੇਗਾ... ਕੌਂਗਰੇਟਸ...।'' ਕੋਈ ਮਾਮੀ ਮਾਸੀ, ਭੂਆ ਜਾਂ ਹੋਰ ਰਿਸ਼ਤੇਦਾਰ ਕਹੇਗੀ... ਵਾਓ! ਕਿਆ ਸਵੀਟ ਬੇਬੀ ਹੈ...।'' ਕੋਈ ਕਹੇਗੀ, ਹੈਲੋ... ਮਾਈ ਡੀਅਰ ਮੈਂ ਆਪ ਕੀ ਆਂਟੀ ਹੂੰ...।'' ਕੋਈ ਹਮ੍ਹਾਤੜ ਭੈਣ ਕਹੇਗੀ ਵੇ ਤੇਰੀ ਵੱਡੀ ਮੰਮੀ ਤਾਂ ਅੱਜ ਚਾਅ 'ਚ ਭੱਜੀ ਫਿਰਦੀ ਹੈ... ਸੁੱਖ ਨਾਲ ਦਾਦੀ ਬਣੀ ਐ...।'' ਸੋ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਦੀ ਖਿਚੜੀ ਬੱਚੇ ਨੂੰ ਜਨਮ ਹੋਣ ਸਾਰ ਹੀ ਪਰੋਸ ਦਿੱਤੀ ਜਾਂਦੀ ਹੈ। ਫਿਰ ਬੱਚੇ ਦੇ ਜੀਵਨ 'ਚ ਲੋਰੀਆਂ ਦੀ ਰੁੱਤ ਆਉਂਦੀ ਹੈ। ਉਦੋਂ ਲੋਰੀਆਂ ਦਿੱਤੀਆਂ ਜਾਂਦੀਆਂ ਸਨ। ''ਅੱਲੜ-ਬੱਲੜ ਬਾਵੇ ਦਾ, ਬਾਵਾ ਕਣਕ ਲਿਆਵੇਗਾ, ਬਾਵੀ ਚੱਕੀ ਪੀਸੇਗੀ, ਪੀਸੇਗੀ ਪਕਾਵੇਗੀ-ਬਾਵਾ ਬਹਿ ਕੇ ਖਾਵੇਗਾ...।'' ਅਜੇ ਵੀ ਕੁਝ ਦਾਦੀਆਂ ਨਾਨੀਆਂ ਇਹ ਲੋਰੀਆਂ ਬੱਚੇ ਨੂੰ ਦਿੰਦੀਆਂ ਨੇ। ਨਾਰਵੇ ਰਹਿੰਦੀ ਸਾਡੀ ਧੀ ਦੀ ਸੱਸ ਆਪਣੇ ਪੋਤਰੇ ਯਾਨਿ ਸਾਡੇ ਦੋਹਤੇ ਨੂੰ ਲੋਰੀ ਦਿੰਦੀ ਸੁਣੀ... ਘੋਰ ਕੰਡਾ ਚੂਹਾ ਲੰਡਾ, ਚੂਹੇ ਨੂੰ ਲੈ ਗਏ ਮੋਰ, ਮੋਰਾਂ ਦਿੱਤੇ ਬੱਚੇ, ਬੱਚੇ ਗਏ ਗੁਆਚ... ਲੱਭਦੇ ਆਂ... ਲੱਭਦੇ ਆਂ... ਆਹ ਗਈ ਪੈੜ... ਆਹ ਗਈ ਪੈੜ... ਤੇ ਉਹ ਬੱਚੇ ਦੀ ਹਥੇਲੀ 'ਤੇ ਉਂਗਲ ਘੁੰਮਾਂਦੀ, ਉਸ ਦੀ ਬਾਂਹ 'ਤੇ ਦੋ ਉਂਗਲਾਂ ਨਾਲ ਤੁਰਨ ਦਾ ਡਰਾਮਾ ਕਰਨ ਲੱਗਦੀ ਤੇ ਬੱਚੇ ਦੀ ਬਗਲ ਤਕ ਪੁੱਜੀਆਂ ਉਂਗਲਾਂ ਨਾਲ ਉਹਦੇ ਕੁਤਕੁਤਾਰੀਆਂ ਕਰਦੀ ਤਾਂ ਰੁੱਸਿਆ ਬੱਚਾ ਖਿੜ ਖਿੜਾ ਕੇ ਹੱਸ ਪੈਂਦਾ..। ਅੱਜ ਇਕਹਿਰੇ ਪਰਿਵਾਰ ਨੇ ਦਾਦੀ, ਨਾਨੀ ਦੀ ਗੋਦ ਨਹੀਂ, ਟੀ.ਵੀ. ਦੇ ਕਾਰਟੂਨ ਬੱਚੇ ਨੂੰ ਪਰਚਾਉਂਦੇ ਨੇ ਜਾਂ ਬੱਚੇ ਆਇਆ ਦੇ ਹਵਾਲੇ ਨੇ। ਜੇ ਕੋਈ ਸੁਭਾਗੀ ਮਾਂ ਲੋਰੀ ਦੇਵੇ ਵੀ ਤਾਂ ਕਹੇਗੀ ਟਵਿੰਕਲ ਟਵਿੰਕਲ ਲਿਟਲ ਸਟਾਰ, ਹਓ ਆਈ ਵੰਡਰ ਵੱਟ ਯੂ ਆਰ...? ਜਾਂ ਕਹਿਣਗੀਆਂ, ਹਿਕਰੀ-ਡਿਕਰੀ ਡੱਕ-ਦਾ ਮਾਊਸ ਰੈਨ ਅੱਪ...।'' ਹਿੰਦੀ 'ਚ ਲੋਰੀ ਸੁਣਾਉਂਦੀ ਹੈ... ਮਛਲੀ ਜਲ ਕੀ ਰਾਨੀ ਹੈ... ਜੀਵਨ ਉਸ ਕਾ ਪਾਨੀ ਹੈ...।'' ਬੱਚਾ ਮਾਂ ਬੋਲੀ ਨੂੰ ਪਿਆਰ ਕਿਵੇਂ ਕਰੇਗਾ? ਜਾਣੇ ਅਣਜਾਣੇ ਮਾਵਾਂ, ਪਰਿਵਾਰ ਦੇ ਮੈਂਬਰ ਹੀ ਪੰਜਾਬੀ ਮਾਂ ਬੋਲੀ ਦਾ ਅਪਮਾਨ ਕਰੀ ਜਾਂਦੇ ਨੇ।

ਕੋਈ ਵੀ ਭਾਸ਼ਾ ਸਿੱਖਣੀ, ਬੋਲਣੀ ਜਾਂ ਪੜ੍ਹਨੀ ਸੁਣਨੀ ਮਾੜੀ ਨਹੀਂ ਪਰ ਆਪਣੀ ਮਾਂ ਬੋਲੀ ਨੂੰ ਨਾ ਵਿਸਾਰਿਆ ਜਾਵੇ। ਸਮੇਂ ਦੀ ਮੰਗ ਹੈ ਵਧ ਤੋਂ ਵਧ ਭਾਸ਼ਾਵਾਂ ਸਿੱਖੀਆਂ ਜਾਣ ਪਰ ਪੰਜਾਬੀ ਦਾ ਰੁਤਬਾ ਕਾਇਮ ਰੱਖਿਆ ਜਾਵੇ।

ਅੱਜ ਦਸ ਬਾਰਾਂ ਜਮਾਤਾਂ ਪੜ੍ਹੀਆਂ ਜਾਂ ਅਨਪੜ੍ਹ ਘਰੇਲੂ ਔਰਤਾਂ ਵੀ ਥੈਂਕ ਯੂ, ਸੌਰੀ, ਡੌਂਟ ਮਾਈਂਡ, ਪਲੀਜ਼, ਬਾਈ ਗੌਡ ਤੇ ਟੱਚ ਵੁੱਡ ਦੇ ਘੋੜੇ ਤੋਂ ਥੱਲੇ ਨਹੀਂ ਉੱਤਰਦੀਆਂ। ਅੰਗਰੇਜ਼ੀ ਤੇ ਹਿੰਦੀ ਬੋਲਣ ਨਾਲ ਉੱਚ-ਵਰਗ ਦਾ ਭਰਮ ਪਾਲਿਆ ਜਾਂਦਾ ਹੈ। ਅਸੀਂ ਖੁਦ ਹੀ ਪੰਜਾਬੀ ਭਾਸ਼ਾ ਦਾ ਘਾਣ ਜਾਣੇ-ਅਣਜਾਣੇ ਕਰੀ ਜਾ ਰਹੇ ਹਾਂ। ਮਾਂ ਬੋਲੀ ਨੂੰ ਉੱਚਾ ਦਰਜਾ ਦਿਵਾਉਣ ਦਾ ਰੌਲਾ ਤਾਂ ਪਾਉਂਦੇ ਹਾਂ ਪਰ ਆਪ ਉਸ 'ਤੇ ਅਮਲ ਨਹੀਂ ਕਰਦੇ।

ਜੋ ਚਿੰਤਾਵਾਂ ਤੇ ਕਿਆਸ-ਅਰਾਈਆਂ ਪੰਜਾਬੀ ਬੋਲੀ ਦੇ ਖਤਮ ਹੋਣ ਬਾਰੇ ਕੀਤੀਆਂ ਜਾ ਰਹੀਆਂ ਨੇ, ਚਿੰਤਾ ਕੀਤੀ ਜਾ ਰਹੀ ਹੈ। ਇਹ ਚਿੰਤਾ ਦਾ ਵਿਸ਼ਾ ਜ਼ਰੂਰ ਹੈ ਪਰ ਚਿੰਤਾ ਦੇ ਨਾਲ ਚਿੰਤਨ ਦੀ ਲੋੜ ਹੈ। ਇਹ ਬੁਲ੍ਹੇਸ਼ਾਹ-ਬਾਬੇ ਨਾਨਕ ਤੇ ਗੁਰੂਆਂ ਪੀਰਾਂ ਦੀ ਬੋਲੀ ਹੈ ਖਤਮ ਤਾਂ ਕਦੇ ਨਹੀਂ ਹੋ ਸਕਦੀ ਬਸ ਲੋੜ ਹੈ ਇਸ ਦਾ ਆਦਰ ਕਰਨ ਦੀ। ਸਾਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਤੇ ਆਪਣੇ ਘਰਾਂ ਤੋਂ ਸੁਧਾਰ ਕਰਨ ਦੀ ਲੋੜ ਹੈ। ਧਰਮਪਾਲ ਅਨਵਰ ਦਾ ਸ਼ਿਅਰ ਇਥੇ ਢੁੱਕਦਾ ਹੈ:

''ਰਹਾ ਸੁਰਤਾਲ ਨਾ ਕੋਈ ਤਰਾਨਾ ਭੀ ਨਹੀਂ ਅੱਛਾ,
ਸਹੀ ਹਮ ਭੀ ਨਹੀਂ ਸ਼ਾਇਦ ਜ਼ਮਾਨਾ ਭੀ ਨਹੀਂ ਅੱਛਾ...।''

# ਦੂਸਰਾ ਮਿਸ ਯੂ ਐਸ ਏ ਪੰਜਾਬ ਮੁਕਾਬਲਾ 17 ਜੁਲਾਈ ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਵਿਦੇਸ਼ਾਂ ਵਿਚ ਵੱਸਦੀ ਪੰਜਾਬੀਆਂ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਅਤੇ ਸਭਿਆਚਾਰ ਨਾਲ ਜੋੜਨ ਲਈ ਸਭਿਆਚਾਰਕ ਸੱਥ ਪੰਜਾਬ ਵਲੋਂ ਅਰੰਭੇ ਉਪਰਾਲਿਆਂ ਤਹਿਤ ਪੰਜਾਬੀ ਬਿਜਨਸ ਐਂਡ ਕਲਚਰਲ ਸੈਂਟਰ ਬੇਕਰਜ਼ਫੀਲਡ ਦੇ ਸਹਿਯੋਗ ਨਾਲ ਦੂਜਾ ਸਭਿਆਚਾਰਕ ਸੁੰਦਰਤਾ ਮੁਕਾਬਲਾ ਮਿਸ ਯੂ ਐਸ ਏ ਪੰਜਾਬ 2010 ਸਨਿਚਰਵਾਰ 17 ਜੁਲਾਈ ਨੂੰ ਇਥੇ ਡੋਰੀ ਥਿਏਟਰ ਵਿਚ ਕਰਵਾਇਆ ਜਾਵੇਗਾ।

ਪੰਜਾਬੀ ਬਿਜਨਸ ਐਂਡ ਕਲਚਰਲ ਸੈਂਟਰ ਦੇ ਪ੍ਰਬੰਧਕਾਂ ਵਲੋਂ ਜਾਰੀ ਇਕ ਬਿਆਨ ਅਨੁਸਾਰ 2008 ਵਿਚ ਕਰਵਾਏ ਗਏ ਪਹਿਲੇ ਮੁਕਾਬਲੇ ਦੀ ਅਮਰੀਕਾ ਵਸਦੇ ਪੰਜਾਬੀ ਭਾਈਚਾਰੇ ਵਲੋਂ ਭਰਵੀਂ ਪ੍ਰਸ਼ੰਸਾ ਕੀਤੀ ਗਈ ਸੀ। ਉਸ ਮੁਕਾਬਲੇ ਵਿਚ ਵਾਸ਼ਿੰਗਟਨ ਡੀ ਸੀ ਦੀ ਇਕ ਸੁਨੱਖੀ ਮੁਟਿਆਰ ਸੁਪਰੀਤ ਮੱਲ੍ਹੀ ਨੇ ਮਿਸ ਪੰਜਾਬਣ ਯੂ ਐਸ ਏ ਹੋਣ ਦਾ ਨਾਮਣਾ ਖੱਟਿਆ ਸੀ। ਪਿਛਲੇ ਮੁਕਾਬਲੇ ਦੀ ਤਰ੍ਹਾਂ ਇਸ ਮੁਕਾਬਲੇ ਦੇ ਬਾਨੀ ਚੇਅਰਮੈਨ ਸ. ਜਸਮੇਰ ਸਿੰਘ ਢੱਟ ਅਨੁਸਾਰ ਇਸ ਵਾਰ ਵੀ ਚਾਰ ਰਾਊਂਡ- ਸੋਲੋ ਡਾਂਸ, ਵਿਸ਼ੇਸ਼ ਪ੍ਰਤਿਭਾ ਟੈਸਟ, ਗਿੱਧਾ ਤੇ ਸਵਾਲ ਜਵਾਬ ਹੋਣਗੇ। ਜੇਤੂ ਪੰਜਾਬਣਾਂ ਨੂੰ ਹਜ਼ਾਰਾਂ ਡਾਲਰਾਂ ਦੇ ਇਨਾਮ ਤੋਂ ਇਲਾਵਾ ਰਵਾਇਤੀ ਗਹਿਣੇ ਤੇ ਖੂਬਸੂਰਤ ਮੋਮੈਂਟੋ ਦਿੱਤੇ ਜਾਣਗੇ। ਪਹਿਲੇ ਮੁਕਾਬਲੇ ਦੀ ਜੇਤੂ ਸੁਪਰੀਤ ਮੱਲ੍ਹੀ ਇਸ ਵਾਰ ਵੀ ਮਿਸ ਵਰਲਡ ਪੰਜਾਬਣ ਵਿਚ ਸ਼ਾਮਲ ਹੋਵੇਗੀ। ਕੈਲੀਫੋਰਨੀਆ ਦੇ ਕਾਰੋਬਾਰੀ ਅਦਾਰਿਆਂ ਵਲੋਂ ਮਿਸ ਯੂ ਐਸ ਏ 2010 ਦਾ ਇੰਡੀਆ ਟੂਰ ਸਪਾਂਸਰ ਕੀਤਾ ਜਾਏਗਾ।

ਦੋ ਸਾਲ ਬਾਅਦ ਹੋਣ ਵਾਲੇ ਇਸ ਵਿਲੱਖਣ ਮੁਕਾਬਲੇ ਦਾ ਪ੍ਰਸਾਰਣ ਪੀ ਟੀ ਸੀ ਚੈਨਲ ਅਤੇ ਹੋਰ ਪੰਜਾਬੀ ਟੀ ਵੀ ਚੈਨਲਾਂ ਵਲੋਂ ਨਾਲੋ ਨਾਲ ਕੀਤਾ ਜਾਵੇਗਾ। ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਅਤੇ ਮਿਸ ਵਰਲਡ ਪੰਜਾਬਣ ਮੁਕਾਬਲੇ ਦੇ ਪੈਟਰਨ ਪ੍ਰੋ. ਗੁਰਭਜਨ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਮਿਸ ਯੂ ਐਸ ਏ, ਕੈਨੇਡਾ, ਆਸਟਰੇਲੀਆ ਅਤੇ ਹੋਰ ਦੇਸ਼ਾਂ ਦੇ ਮੁਢਲੇ ਮੁਕਾਬਲਿਆਂ ਸਮੇਤ ਮਿਸ ਵਰਲਡ ਪੰਜਾਬ 2010 ਲਈ ਰਜਿਸਟਰੇਸ਼ਨ ਜਾਰੀ ਹੈ ਅਤੇ ਇਸ ਲਈ ਇਕ ਹੀ ਐਂਟਰੀ ਫਾਰਮ ਭਰਨਾ ਪਵੇਗਾ ਜੋ ਮਿਸ ਵਰਲਡ ਪੰਜਾਬ ਵੈਬਸਾਈਟ www.missworldpunjaban.in ਤੋਂ ਹਾਸਲ ਕੀਤਾ ਜਾ ਸਕਦਾ ਹੈ। ਅਮਰੀਕਾ ਵਿਚ ਇਸ ਮੁਕਾਬਲੇ ਦੀ ਸਫਲਤਾ ਲਈ ਅਜੀਤ ਸਿੰਘ ਭੱਠਲ, ਪਰਮਜੀਤ ਸਿੰਘ ਦੁਸਾਂਝ, ਬੱਬੂ ਗੁਰਪਾਲ, ਜਤਿੰਦਰ ਗਿੱਲ, ਪਲਵਿੰਦਰ ਸ਼ੇਰਗਿੱਲ, ਪਿੰਦਰ ਢਿੱਲੋਂ, ਬਕ ਢੇਸੀ, ਤਨਜੀਤ ਸਿੰਘ, ਮਨਮੀਤ ਸਿੰਘ ਅਤੇ ਮੀਨਾ ਸੰਘੇੜਾ ਪੂਰੀ ਤਰ੍ਹਾਂ ਸਰਗਰਮ ਹਨ। ਹੋਰ ਜਾਣਕਾਰੀ ਲਈ ਫੋਨ 661-330-8643, 510-557-9670 ਜਾਂ 661-978-6310 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*To Advertise with us call: 847-359-0746 Fax:847-705-9388*



## ਰੌਨੀ ਬੰਗਾ

ਸਪੁੱਤਰ ਜੱਸੀ ਬੰਗਾ ਤੇ ਗੁਰਦੀਪ ਕੌਰ ਬੰਗਾ ਨੂੰ

**ਜਨਮ ਦਿਨ ਮੁਬਾਰਕ!**

**M.K. Nijjar DDS**
**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

**510-794-7058**
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*

*Visit us on the web:www.punjabtimesusa.com*
*To Advertise with us call: 847-359-0746*






# ਝੰਮਟ ਪਰਿਵਾਰ ਨੂੰ ਦੇਸ ਰਾਜ ਤੇ ਮਨਪ੍ਰੀਤ ਦੇ ਵਿਆਹ ਦੀ ਲੱਖ ਲੱਖ ਵਧਾਈ

ਬੀਤੇ ਦਿਨੀਂ ਪਿੰਡ ਘੁੰਮਣਾਂ (ਨਵਾਂ ਸ਼ਹਿਰ) ਵਿਚ ਝੰਮਟ ਪਰਿਵਾਰ ਦੇ ਦੇਸ਼ ਰਾਜ ਝੰਮਟ ਤੇ ਮਨਪ੍ਰੀਤ ਕੌਰ ਦੇ ਵਿਆਹ ਦੀਆਂ ਖੁਸ਼ੀਆਂ ਵਿਚ ਪੰਜਾਬ ਦੀਆਂ ਰਾਜਨੀਤਕ ਸ਼ਖਸੀਅਤਾਂ ਤੋਂ ਇਲਾਵਾ ਪੰਜਾਬ ਦੇ ਯੁਗ ਗਾਇਕ ਤੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਆਪਣੀ ਪਤਨੀ ਸਰਬਜੀਤ ਮਾਣਕ ਸਮੇਤ ਉਚੇਚੇ ਤੌਰ ‘ਤੇ ਪਹੁੰਚੇ। ਇਸ ਮੌਕੇ ਦੀਆਂ ਕੁਝ ਤਸਵੀਰਾਂ



ਦੇਸ ਰਾਜ ਝੰਮਟ ਤੇ ਮਨਪ੍ਰੀਤ ਝੰਮਟ



ਕੁਲਦੀਪ ਮਾਣਕ, ਲਵਦੀਪ ਤੇ ਦੇਸ ਰਾਜ



ਸਰਬਜੀਤ ਮਾਣਕ, ਕੁਲਦੀਪ ਮਾਣਕ, ਜਸਵਿੰਦਰ ਸਿੰਘ ਤੇ ਉਪਕਾਰ



ਪ੍ਰਿਥੀ ਝੰਮਟ, ਸ. ਸੋਹਣ ਸਿੰਘ ਠੰਡਲ ਅਤੇ ਧਰਮ ਪਾਲ ਝੰਮਟ



ਨਵੀਂ ਬਹੁ ਮਨਪ੍ਰੀਤ ਝੰਮਟ ਗੁਰਬਖ਼ਸ਼ ਕੌਰ (ਪਤਨੀ ਧਰਮ ਪਾਲ ਝੰਮਟ), ਬੀਬੀ ਕੁਸ਼ੱਲਿਆ (ਭੈਣ) ਤੇ ਹੋਰ ਪਰਿਵਾਰਕ ਮੈਂਬਰਾਂ ਨਾਲ




ਪੰਜਾਬ ਦੇ ਪਾਰਲੀਮਾਨੀ ਸਕੱਤਰ ਤੇ ਮਹਿਲਪੁਰ ਤੋਂ ਅਕਾਲੀ ਵਿਧਾਇਕ ਸ. ਸੋਹਣ ਸਿੰਘ ਠੰਡਲ ਪਰਿਵਾਰ ਨਾਲ



ਕੁਲਦੀਪ ਮਾਣਕ ਦੇਸ ਰਾਜ ਤੇ ਹੋਰਾਂ ਨਾਲ



ਸਮੂਹ ਪਰਿਵਾਰ ਵਿਆਹੀ ਜੋੜੀ ਨਾਲ



ਕੁਲਦੀਪ ਮਾਣਕ ‘ਨੀ ਹੀਰੇ ਨੀ ਹੀਰੇ...’ ਗੀਤ ਪੇਸ਼ ਕਰਦਿਆਂ

## ਵਲੋਂ: ਬਲਦੇਵ ਸੁੰਮਨ ਤੇ ਸੁੰਮਨ ਪਰਿਵਾਰ

*Sponsored Page*

ੴ ਸਤਿਗੁਰ ਪ੍ਰਸਾਦਿ॥

ਸਭਨਾਂ ਧਰਮਾਂ ਅਤੇ ਕੌਮਾਂ ਦੇ ਮਨੁੱਖਾਂ ਨੂੰ ਬਰਾਬਰ ਦਾ ਸਤਿਕਾਰ ਦੇਣ ਵਾਲੇ, ਧਰਮ ਦੇ ਪਾਵਨ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਸਾਈਂ ਮੀਆਂ ਮੀਰ ਤੋਂ ਰਖਵਾਉਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰਨਾਂ ਫਿਰਕਿਆਂ ਦੇ ਭਗਤਾਂ ਦੀ ਬਾਣੀ ਸ਼ਾਮਲ ਕਰਕੇ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ

# ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

## ਦੇ 404 ਸਾਲਾ ਸ਼ਹੀਦੀ ਦਿਵਸ ਮੌਕੇ

# ਗੁਰਦੁਆਰਾ ਸਾਹਿਬ ਐਲ ਸਬਰਾਂਟੇ

ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਇਸ ਸਾਲ ਵੀ ਸਿਟੀ ਆਫ ਬਰਕਲੇ ਵਿਚ

# 'ਸਰਬ ਧਰਮ ਸਾਂਝੀਵਾਲਤਾ ਨਗਰ ਕੀਰਤਨ'

ਨਗਰ ਕੀਰਤਨ - ਦੁਪਹਿਰ 1:00 ਤੋਂ 2:30 ਵਜੇ ਤੱਕ
ਰੈਲੀ - 2:30 ਤੋਂ 4:00 ਵਜੇ ਤੱਕ

**6 ਜੂਨ, 2010 (ਦਿਨ ਐਤਵਾਰ)**

**At Civic Center Park**
on Martin Luther Jr. Way, Berkeley, CA






ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰਦੁਆਰਾ ਸਾਹਿਬ ਐਲ ਸਬਰਾਂਟੇ ਵਲੋਂ ਇਲਾਕੇ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ 404 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ 'ਸਰਬ ਧਰਮ ਸਾਂਝੀਵਾਲਤਾ ਨਗਰ ਕੀਰਤਨ' 6 ਜੂਨ, 2010 (ਦਿਨ ਐਤਵਾਰ) ਨੂੰ ਕੱਢਿਆ ਜਾ ਰਿਹਾ ਹੈ। ਇਸ ਨੂੰ ਇਤਿਹਾਸਕ ਬਣਾਉਣ ਲਈ ਪ੍ਰਬੰਧਕਾਂ ਵਲੋਂ ਜੰਗੀ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਹ ਨਗਰ ਕੀਰਤਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇੰਟਰ ਫੇਥ, ਇੰਟਰ ਕਾਸਟ ਅਤੇ ਮਨੁੱਖਤਾ ਦੀ ਭਲਾਈ ਲਈ ਪਾਏ ਗਏ ਯੋਗਦਾਨ ਨੂੰ ਸਮਰਪਿਤ ਹੋਵੇਗਾ। ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਨੂੰ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਹੈ ਜੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

For any questions or comments, please contact: sikhcenterbayarea@sbcglobal.net

ਸੰਗਤਾਂ ਦੇ ਦਾਸ

ਗੁਰਚਰਨ ਸਿੰਘ 510-334-3225

ਗੁਰਮੇਲ ਸਿੰਘ ਸੈਣੀ 510-672-1605

ਝਿਰਮਲ ਸਿੰਘ 510-910-3966

ਰਵਿੰਦਰ ਸਿੰਘ ਬਾਠ 925-323-8626

# ਡਾਇਮੰਡ ਕਲੱਬ ਦਾ ਛਣਕਾਟਾ ਰਵਿੰਦਰ ਗਰੇਵਾਲ ਦੇ ਨਾਂ ਰਿਹਾ

**ਸੈਕਰਾਮੈਂਟੋ:** ਡਾਇਮੰਡ ਕਲੱਬ ਕੈਲੀਫੋਰਨੀਆ ਵਲੋਂ ਬੀਤੇ ਦਿਨੀਂ ਇਥੇ ਕਰਵਾਏ ਗਏ ਛਣਕਾਟਾ-2010 ਦੌਰਾਨ ਜਿਥੇ ਗਿੱਧੇ ਅਤੇ ਭੰਗੜੇ ਦੀਆਂ ਧਮਾਲਾਂ ਪਈਆਂ, ਉਥੇ ਗੀਤ-ਸੰਗੀਤ ਦੀਆਂ ਵੀ ਛਹਿਬਰਾਂ ਲੱਗੀਆਂ। ਕਲੱਬ ਦੇ ਇਸ ਸਾਲਾਨਾ ਪ੍ਰੋਗਰਾਮ ਦੌਰਾਨ ਹੋਏ ਫਸਵੇਂ ਮੁਕਾਬਲਿਆਂ ਵਿਚ ਜਿਥੇ ਭੰਗੜੇ ਦਾ ਪਹਿਲਾ ਇਨਾਮ ਸੈਨ ਹੋਜ਼ੇ ਦੀ ਭੰਗੜਾ ਟੀਮ "ਭੰਗੜਾ ਅੰਪਾਇਰ" ਨੇ ਜਿੱਤਿਆ ਉਥੇ ਗਿੱਧੇ ਦਾ ਪਹਿਲਾ ਇਨਾਮ ਕੈਨੇਡਾ ਤੋਂ ਆਈ ਗਿੱਧਾ ਟੀਮ "ਰੌਣਕ ਵਿਹੜੇ ਦੀ" ਜਿੱਤ ਕੇ ਲੈ ਗਈ। ਗਾਇਕੀ ਦੇ ਪਿੜ ਵਿਚ ਮੇਲਾ ਪੰਜਾਬ ਤੋਂ ਆਏ ਕਲਾਕਾਰ ਰਵਿੰਦਰ ਗਰੇਵਾਲ ਦੇ ਨਾਂ ਰਿਹਾ। ਇਸ ਮੇਲੇ ਵਿਚ ਉਘੇ ਗੀਤਕਾਰ ਮੰਗਲ ਹਠੂਰ ਦਾ ਕਲੱਬ ਵਲੋਂ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।

ਪ੍ਰੋਗਰਾਮ ਦੇ ਆਰੰਭ ਵਿਚ ਝਿਲਮਿਲ ਤਾਰੇ, ਪੁਤ ਜੱਟਾਂ ਦੇ, ਗੱਭਰੂ ਪੰਜਾਬ ਦੇ, ਸੁਨਹਿਰੀ ਕੁੜੀਆਂ ਅਤੇ ਛੋਟੇ ਬੱਚਿਆਂ ਦੀਆਂ ਕੁਝ ਹੋਰ ਟੀਮਾਂ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਉਪਰੰਤ ਸੀਨੀਅਰ ਕੁੜੀਆਂ ਤੇ ਮੁੰਡਿਆਂ ਦੀਆਂ ਗਿੱਧਾ ਤੇ ਭੰਗੜਾ ਟੀਮਾਂ ਵਿਚ ਪੰਜਾਬੀ ਮੁਟਿਆਰਾਂ, ਧਮਕ ਮਜਾਜਣ ਦੀ ਟੀਮਾਂ ਦੇ ਗਿੱਧੇ ਤੋਂ ਬਾਅਦ ਨਰਿੰਦਰ ਔਜਲਾ ਵਲੋਂ ਤਿਆਰ ਕੀਤਾ ਭੰਗੜਾ ਪੇਸ਼ ਕੀਤਾ ਗਿਆ। ਸੈਕਰਾਮੈਂਟੋ ਸਿੰਘ, ਅਣਖੀਲੇ ਗੱਭਰੂ, ਰਾਂਝੇ ਪੰਜਾਬ ਦੇ, ਐਂਟੀਲੋਪ ਭੰਗੜਾ, ਅੰਪਾਇਰ ਸੈਨ ਹੋਜ਼ੇ ਭੰਗੜਾ, ਗਿੱਧਾ ਮਾਂਵਾਂ-ਧੀਆਂ ਦਾ, ਸੈਕਰਾਮੈਂਟੋ ਮੁਟਿਆਰਾਂ ਦਾ ਗਿੱਧਾ, ਸ਼ਾਨ ਏ ਪੰਜਾਬ ਅਤੇ ਰੌਣਕ ਵਿਹੜੇ ਦੀ ਆਦਿ ਟੀਮਾਂ ਨੇ ਸਟੇਜ ਉਤੇ ਇਕ ਪਿਛੋਂ ਇਕ ਆ ਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਗਿੱਧੇ-ਭੰਗੜੇ ਦਾ ਪਹਿਲਾ ਇਨਾਮ ਜਿੱਤਣ ਵਾਲੀ ਟੀਮ ਨੂੰ 11 ਸੌ ਡਾਲਰ ਅਤੇ ਦੂਜੇ ਥਾਂ ਆਉਣ ਵਾਲੀ ਟੀਮ ਨੂੰ 5 ਸੌ ਡਾਲਰ ਇਨਾਮ ਵਜੋਂ ਦਿੱਤੇ ਗਏ। ਬੀਬੀ ਆਸ਼ਾ ਸ਼ਰਮਾ ਨੇ ਮੰਚ ਸੰਚਾਲਨ ਦਾ ਕੰਮ ਆਪਣੇ ਰਵਾਇਤੀ ਅੰਦਾਜ਼ ਵਿਚ ਕੀਤਾ।



ਸਵੇਰੇ 9 ਵਜੇ ਤੋਂ ਅਰੰਭ ਹੋਏ ਅਤੇ ਸ਼ਾਮ 8 ਵਜੇ ਤੱਕ ਚੱਲੇ ਇਸ ਮੇਲੇ ਵਿਚ ਆਸ਼ਾ ਸ਼ਰਮਾ ਨੇ ਮਦਰ'ਜ਼ ਡੇ ਨੂੰ ਮੁੱਖ ਰੱਖਦਿਆਂ ਕੁਝ ਸ਼ਬਦ ਮਾਂਵਾਂ ਦੇ ਨਾਂ ਆਖੇ। ਇਸ ਪਿਛੋਂ ਕੈਨੇਡਾ ਦੇ ਗਾਇਕ ਗੋਗੀ ਬੈਂਸ ਨੂੰ ਸਟੇਜ ਉਤੇ ਉਤਾਰਿਆ ਜਿਸ ਨੇ 'ਸਾਡੀ ਖੰਘ ਵਿਚ ਪਹਿਲਾਂ ਖੰਘਦੇ ਰਹੇ' ਗੀਤ ਗਾ ਕੇ ਹਾਜ਼ਰੀ ਲਵਾਈ। ਪੰਜਾਬੀ ਗਾਇਕਾ ਦੀਪਕ ਢਿੱਲੋਂ ਨੇ ਇਕੋ ਸਾਹੇ ਕਈ ਗੀਤ ਗਾ ਕੇ ਸਰੋਤਿਆਂ ਨੂੰ ਸਟੇਜ ਦੁਆਲੇ ਇਕੱਠੇ ਕਰ ਲਿਆ। ਉਸ ਨੇ ਗੀਤ 'ਮੈਂ ਹੋਰ ਕਿਸੇ ਦੀ ਮੰਗ ਵੇ,' 'ਮਣਕੇ ਟੁਟਦੇ ਜਾਂਦੇ ਆ' ਅਤੇ 'ਮਿਰਜਾ' ਗਾ ਕੇ ਸਰੋਤਿਆਂ ਦੀ ਵਾਹ ਵਾਹ ਖੱਟੀ। ਹਾਸਰਸ ਕਲਾਕਾਰ ਭੋਟੂ ਸ਼ਾਹ ਨੇ ਆਪਣੇ ਨਵੇਂ-ਪੁਰਾਣੇ ਟੋਟਕਿਆਂ ਨਾਲ ਹਾਜ਼ਰ ਸਰੋਤਿਆਂ ਨੂੰ ਖੂਬ ਹਸਾਇਆ।

ਜਦੋਂ ਦਸਤਾਰ ਸਜਾਈਂ ਰਵਿੰਦਰ ਗਰੇਵਾਲ ਸਟੇਜ ਉਤੇ ਆਇਆ ਤਾਂ ਪੰਡਾਲ ਪੂਰੀ ਤਰ੍ਹਾਂ ਭਰ ਚੁੱਕਾ ਸੀ। ਰਵਿੰਦਰ ਗਰੇਵਾਲ ਨੇ ਆਪਣੇ ਮਕਬੂਲ ਗੀਤ ਗਾ ਕੇ ਸਰੋਤਿਆਂ ਨੂੰ ਆਪਣੀ ਉਂਗਲ ਲਾ ਲਿਆ ਅਤੇ ਮੇਲਾ ਆਪਣੇ ਨਾਂ ਕਰਾ ਲਿਆ। ਉਸ ਨੇ ਆਪਣੇ ਨਵੇਂ ਅਤੇ ਪੁਰਾਣੇ ਕਈ ਗੀਤ ਗਾਏ। ਅਖੀਰ ਵਿਚ ਪੰਜਾਬੀ ਰੌਕ ਸਟਾਰ ਮੀਕੇ ਨੇ ਵੀ ਆਪਣੇ ਕਈ ਫਿਲਮੀ ਗੀਤ ਸੁਣਾ ਕੇ ਆਪਣੇ ਪ੍ਰਸ਼ੰਸਕਾਂ ਨੂੰ ਖੁਸ਼ ਕੀਤਾ। ਇਸ ਮੌਕੇ ਸਭਿਆਚਾਰਕ ਗੀਤਾਂ ਦੇ ਲੇਖਕ ਮੰਗਲ ਹਠੂਰ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਮੰਗਲ ਨੇ ਆਪਣੀਆਂ ਕਈ ਰਚਨਾਵਾਂ ਪੇਸ਼ ਕੀਤੀਆਂ। ਕਲੱਬ ਵਲੋਂ ਵੱਖ ਵੱਖ ਪ੍ਰੋਮੋਟਰਾਂ ਅਤੇ ਕਲਾਕਾਰਾਂ ਨੂੰ ਯਾਦ ਚਿੰਨ੍ਹ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਕਲੱਬ ਵਲੋਂ ਅਗਲੇ ਵਰ੍ਹੇ ਦਾ ਪ੍ਰੋਗਰਾਮ 8 ਮਈ, 2011 ਨੂੰ ਕਰਵਾਉਣ ਦਾ ਐਲਾਨ ਕੀਤਾ ਗਿਆ।






## ਹੇਵਰਡ ਵਿਚ ਪੰਜਾਬੀ ਮੇਲਾ 31 ਜੁਲਾਈ ਨੂੰ

**ਹੇਵਰਡ:** ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਬੇ-ਏਰੀਆ ਅਤੇ ਆਪਣਾ ਪੰਜਾਬ ਐਸੋਸੀਏਸ਼ਨ ਵਲੋਂ ਸਾਂਝੇ ਤੌਰ ਤੇ ਇਕ ਪੰਜਾਬੀ ਮੇਲਾ ਆਉਂਦੀ 31 ਜੁਲਾਈ ਨੂੰ ਇਥੇ ਕੈਲ ਸਟੇਟ ਯੂਨੀਵਰਸਿਟੀ ਵਿਚ ਕਰਵਾਇਆ ਜਾਏਗਾ। ਇਸ ਮੇਲੇ ਵਿਚ ਗਿੱਧੇ ਅਤੇ ਭੰਗੜੇ ਤੋਂ ਇਲਾਵਾ ਲੋਕਲ, ਇੰਡੀਆ, ਕੈਨੇਡਾ ਅਤੇ ਇੰਗਲੈਂਡ ਤੋਂ ਆਏ ਕਲਾਕਾਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ।

ਸ੍ਰੀ ਅਵਤਾਰ ਸਿੰਘ ਤਾਰੀ ਅਤੇ ਸ੍ਰੀ ਕਸ਼ਮੀਰ ਸਿੰਘ ਧੁੱਗਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੇਲੇ ਵਿਚ ਗਦਰ ਲਹਿਰ ਦੇ ਜੁਝਾਰੂਆਂ, ਆਜਾਦੀ ਘੁਲਾਟੀਆਂ, ਸਿੱਖ ਇਤਿਹਾਸ ਅਤੇ ਕੂਕਾ ਲਹਿਰ ਬਾਰੇ ਇਕ ਨੁਮਾਇਸ਼ ਵੀ ਲਾਈ ਜਾਏਗੀ। ਇਸ ਤੋਂ ਬਿਨਾ ਸਿਹਤ ਚੇਤਨਾ ਕੈਂਪ ਵੀ ਲਾਇਆ ਜਾਏਗਾ।

ਕਬੱਡੀ ਓਪਨ, ਏ ਅਤੇ ਬੀ ਤੋਂ ਬਿਨਾ ਵਾਲੀਬਾਲ ਦੇ ਮੁਕਾਬਲੇ ਵੀ ਹੋਣਗੇ। ਖਾਣੇ ਦਾ ਪ੍ਰਬੰਧ ਹੋਵੇਗਾ। ਇਹ ਪਰਿਵਾਰਕ ਮੇਲਾ ਹੋਏਗਾ ਅਤੇ ਸਿਕਿਓਰਟੀ ਦਾ ਸਖਤ ਪ੍ਰਬੰਧ ਹੋਵੇਗਾ। ਜ਼ਿਕਰਯੋਗ ਹੈ ਇਹ ਦੋਵੇਂ ਜਥੇਬੰਦੀਆਂ ਪਿਛਲੇ ਸਾਲਾਂ ਵਿਚ ਅਲੱਗ ਅਲੱਗ ਮੇਲੇ ਕਰਵਾਉਂਦੀਆਂ ਆਈਆਂ ਹਨ ਪਰ ਇਸ ਵਾਰ ਉਨ੍ਹਾਂ ਸਾਂਝੇ ਤੌਰ 'ਤੇ ਮੇਲਾ ਕਰਵਾਉਣ ਦਾ ਫੈਸਲਾ ਕੀਤਾ ਹੈ।

## ਐਡਵੋਕੇਟ ਜੋਗਿੰਦਰ ਸਿੰਘ ਗਿੱਲ ਨੇ ਨਵੇਂ ਬਾਰ ਰੂਮ ਲਈ ਡੇਢ ਲੱਖ ਦਿੱਤੇ

**ਜਗਰਾਉਂ:** ਸੀਨੀਅਰ ਐਡਵੋਕੇਟ ਜੋਗਿੰਦਰ ਸਿੰਘ ਗਿੱਲ ਵੱਲੋਂ ਨਵੇਂ ਬਣਨ ਵਾਲੇ ਬਾਰ ਰੂਮ ਲਈ ਡੇਢ ਲੱਖ ਰੁਪਏ ਬਾਰ ਐਸੋਸੀਏਸ਼ਨ ਜਗਰਾਉਂ ਦੇ ਸਮੂਹ ਮੈਬਰਾਂ ਨੂੰ ਭੇਟ ਕੀਤੇ ਗਏ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਜੋਤੀ ਸਰੂਪ ਸਹਿਗਲ ਅਤੇ ਸਾਬਕਾ ਪ੍ਰਧਾਨ ਐਡਵੋਕੇਟ ਮਹਿੰਦਰ ਸਿੰਘ ਸਿੱਧਵਾਂ ਨੇ ਇਸ ਸਮਾਜ ਸੇਵੀ ਪਰਿਵਾਰ ਦੀ ਸ਼ਲਾਘਾ ਕੀਤੀ। ਇਸ ਮੌਕੇ ਐਸੋਸੀਏਸ਼ਨ ਵੱਲੋਂ ਨਵੇਂ ਬਣਨ ਵਾਲੇ ਬਾਰ ਰੂਮ 'ਚ ਐਡਵੋਕੇਟ ਗਿੱਲ ਦੇ ਪਿਤਾ ਕਰਤਾਰ ਸਿੰਘ ਗਿੱਲ ਦੇ ਨਾਂਅ ਦਾ ਪੱਥਰ ਲਗਾਉਣ ਦਾ ਫ਼ੈਸਲਾ ਕੀਤਾ ਗਿਆ। ਇਥੇ ਜ਼ਿਕਰਯੋਗ ਹੈ ਕਿ ਗਿੱਲ ਪਰਿਵਾਰ ਵੱਲੋਂ ਇਹ ਰਾਸ਼ੀ ਕਰਤਾਰ ਸਿੰਘ ਗਿੱਲ ਦੀ ਯਾਦ 'ਚ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਇਸੇ ਪਰਿਵਾਰ ਦੇ ਅਮਰੀਕਾ ਵਸਦੇ ਉਘੇ ਰਿਐਲਟਰ ਸ੍ਰੀ ਜਸਵਿੰਦਰ ਸਿੰਘ ਗਿੱਲ ਵਲੋਂ ਪਹਿਲਾਂ ਵੀ ਪਿੰਡ ਗਿੱਦੜਵਿੰਡੀ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਸ. ਕਰਤਾਰ ਸਿੰਘ ਗਿੱਲ ਬਲਾਕ ਬਣਾਉਣ ਅਤੇ ਕੂਲਰ ਲਵਾਉਣ ਦੀ ਸੇਵਾ ਕੀਤੀ ਗਈ ਸੀ। ਇਸ ਤੋਂ ਬਿਨਾ ਜਗਰਾਓਂ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਵੀ ਸ. ਕਰਤਾਰ ਸਿੰਘ ਗਿੱਲ ਦੇ ਨਾਂ ਤੇ ਵਾਟਰ ਕੂਲਰ ਲਵਾਇਆ ਗਿਆ ਸੀ।

ਇਸ ਮੌਕੇ ਐਡਵੋਕੇਟ ਗੁਰਮੇਲ ਸਿੰਘ ਧਾਲੀਵਾਲ, ਐਡਵੋਕੇਟ ਅਮਰਜੀਤ ਸਿੰਘ ਲਾਂਬਾ, ਐਡਵੋਕੇਟ ਰਣਜੀਤ ਸਿੰਘ ਰੂਮੀ, ਐਡਵੋਕੇਟ ਸਰਬਜੀਤ ਸਿੰਘ ਰੂਮੀ, ਜਰਨੈਲ ਸਿੰਘ ਖਹਿਰਾ, ਬਿਕਰਮ ਸ਼ਰਮਾ, ਗੁਰਤੇਜ ਸਿੰਘ ਗਿੱਲ, ਜਗਪਾਲ ਸਿੰਘ ਬੁੱਟਰ, ਰਘਬੀਰ ਸਿੰਘ ਤੂਰ, ਨਵੀਨ ਗੁਪਤਾ, ਅਸ਼ਵਨੀ ਅਤਰੇ, ਅਭੈਰਾਜ ਸਿੰਘ ਗਿੱਲ, ਰਾਜਿੰਦਰਪਾਲ ਸਿੰਘ ਚਾਹਲ, ਗੁਰਵਿੰਦਰ ਸਿੰਘ ਸਿੱਧੂ, ਐਡਵੋਕੇਟ ਅਸ਼ੋਕ ਭੰਡਾਰੀ, ਰਾਕੇਸ਼ ਬੇਰੀ, ਇਮਰੋਜ ਸਿੰਘ ਚਾਹਲ ਆਦਿ ਹਾਜ਼ਰ ਸਨ।

## ਬੇਕਰਜ਼ਫੀਲਡ ਵਿਚ ਨਵੇਂ ਮੰਦਿਰ ਦੀ ਸਥਾਪਨਾ

**ਬੇਕਰਜ਼ਫੀਲਡ (ਮਨਦੀਪ ਮਾਨ):** ਸ੍ਰੀ ਦੁਰਗਾ ਵਿਸ਼ਨੂ ਸ਼ਿਵ ਮੰਦਿਰ ਨਾਂ ਦਾ ਇਕ ਨਵਾਂ ਹਿੰਦੂ ਮੰਦਿਰ ਇਥੇ ਸਨਿਚਰਵਾਰ 15 ਮਈ ਤੋਂ ਸ਼ਰਧਾਲੂਆਂ ਲਈ ਬਾਕਾਇਦਾ ਖੋਲ੍ਹ ਦਿਤਾ ਗਿਆ। ਇਸ ਮੰਦਿਰ ਦੀ ਸਥਾਪਨਾ ਲਈ ਸ਼ਹਿਰ ਦੇ ਉਘੇ ਡਾਕਟਰ ਯਾਦਵਿੰਦਰ ਨਾਰੰਗ, ਰੋਸ਼ਨੀ ਨਾਰੰਗ, ਡਾ. ਸੁਧੀਰ ਜੋਸ਼ੀ, ਡਾ. ਦੀਪਕ ਵਾਹੀ, ਮਧੂ ਸਰੀਨ, ਰਾਜ ਕੁਮਾਰ ਅਤੇ ਸਨੇਹ ਸ਼ਰਮਾ ਨੇ ਵਿਸ਼ੇਸ਼ ਯੋਗਦਾਨ ਪਾਇਆ।

ਮੰਦਿਰ ਦੇ ਉਦਘਾਟਨੀ ਸਮਾਗਮ ਮੌਕੇ ਪੂਜਾ ਦੀ ਰਸਮ ਮੰਦਿਰ ਦੇ ਪੂਜਾਰੀ ਪੰਡਿਤ ਰਮੇਸ਼ ਹਿਬਾਲਾ ਨੇ ਕੀਤੀ। ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਪੂਜਾ ਦੀ ਇਸ ਰਸਮ ਵਿਚ ਹਿੱਸਾ ਲਿਆ। ਮਾਤਾ ਦੀਆਂ ਭੇਟਾਂ ਗਾਈਆਂ ਗਈਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਰਪੂਰ ਸਿੰਘ ਬਰਾੜ, ਦਲਵਿੰਦਰ ਸਿੰਘ, ਹਰਜੀਤ ਕੌਰ, ਛਿੰਦਰ ਕੌਰ, ਸਿਮਰਨ ਕੌਰ, ਅਵਤਾਰ ਕੌਰ, ਤਨਵੀਰ ਸਿੰਘ ਬਰਾੜ, ਮੇਵਾ ਸਿੰਘ ਅਤੇ ਗੁਰਦੇਵ ਕੌਰ ਹਾਜ਼ਰ ਸਨ। ਇਹ ਮੰਦਿਰ 4440 ਗਰਿਸ਼ਅਮ ਸਟਰੀਟ, ਸੁਈਟ 103 ਵਿਖੇ ਸਥਿਤ ਹੈ। ਹੋਰ ਜਾਣਕਾਰੀ ਲੈਣ ਲਈ ਡਾ. ਯਾਦਵਿੰਦਰ ਨਾਰੰਗ ਫੋਨ 661-333-4278 ਜਾਂ ਮੰਦਿਰ ਦੇ ਪੂਜਾਰੀ ਸ਼ਾਸ਼ਤਰੀ ਜੀ ਨਾਲ ਫੋਨ 661-204-8529 'ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਸਟਾਕਟਨ ਵਿਚ ਸ਼ਹੀਦੀ ਜੋੜ ਮੇਲਾ 11 ਜੂਨ ਤੋਂ

**ਸਟਾਕਟਨ:** ਗੁਰਦੁਆਰਾ ਸਟਾਕਟਨ ਦੀਆਂ ਸੰਗਤਾਂ ਵਲੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਤੇ ਕੀਤੇ ਗਏ ਅਪਰੇਸ਼ਨ ਬਲਿਊ ਸਟਾਰ ਦੇ ਖੂਨੀ ਸਾਕੇ ਵਿਚ ਸ਼ਹੀਦ ਹੋਏ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਅਤੇ ਸਮੂਹ ਸ਼ਹੀਦ ਸਿੰਘਾਂ-ਸਿੰਘਣੀਆਂ ਦੀ ਯਾਦ ਵਿਚ ਇਕ ਸ਼ਹੀਦੀ ਜੋੜ ਮੇਲਾ 11 ਤੋਂ 13 ਜੂਨ ਦੌਰਾਨ ਕੀਤਾ ਜਾਏਗਾ। ਇਸ ਸਬੰਧੀ ਅਖੰਡਪਾਠ ਦਾ ਆਰੰਭ 11 ਜੂਨ ਨੂੰ ਹੋਵੇਗਾ ਅਤੇ ਭੋਗ 13 ਜੂਨ ਨੂੰ ਪਵੇਗਾ।

ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਜਾਰੀ ਬਿਆਨ ਅਨੁਸਾਰ ਤਿੰਨੇ ਦਿਨ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਭਾਈ ਪਰਪਾਲ ਸਿੰਘ ਦਾ ਰਾਗੀ ਜਥਾ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ। ਪੰਥਕ ਬੁਲਾਰੇ ਸੰਗਤ ਨੂੰ ਸੰਬੋਧਨ ਕਰਨਗੇ ਅਤੇ ਕਵੀਸ਼ਰੀ ਜਥੇ ਸਿੱਖ ਇਤਹਾਸ ਨਾਲ ਜੋੜਨਗੇ। ਹੋਰ ਜਾਣਕਾਰੀ ਗੁਰੂਘਰ ਦੇ ਪ੍ਰਧਾਨ ਭਾਈ ਮਨਜੀਤ ਸਿੰਘ ਉਪਲ ਫੋਨ 209-649-2767 ਜਾਂ ਸਕੱਤਰ ਭਾਈ ਅਮਰਜੀਤ ਸਿੰਘ ਤੁੰਗ ਪਾਸੋਂ ਫੋਨ 209-954-2881 ਤੋਂ ਲਈ ਜਾ ਸਕਦੀ ਹੈ।

# ਨਕਸਲੀਆਂ ਵਲੋਂ ਮਾਰਕਸੀ ਕਾਰਕੁਨਾਂ ਦੀ ਹੱਤਿਆ ਦਾ ਸਿਲਸਿਲਾ ਜਾਰੀ

**ਦਾਂਤੇਵਾੜ:** ਨਕਸਲੀਆਂ ਨੇ ਛੱਤੀਸਗੜ੍ਹ ਦੇ ਦੰਤੇਵਾੜਾ ਜ਼ਿਲ੍ਹੇ 'ਚ ਧਮਾਕੇ ਨਾਲ ਇੱਕ ਬੱਸ ਨੂੰ ਉਡਾ ਦਿੱਤਾ। ਇਸ ਬੱਸ 'ਚ ਸਵਾਰ 50 ਯਾਤਰੀਆਂ ਦੇ ਮਾਰੇ ਜਾਣ ਦਾ ਪਤਾ ਲੱਗਾ ਹੈ। ਮ੍ਰਿਤਕਾਂ ਵਿਚ 20 ਐਸਪੀਓਜ਼ ਸ਼ਾਮਲ ਸਨ। ਇਹ ਹਮਲਾ ਦਾਂਤੇਵਾੜਾ ਜ਼ਿਲ੍ਹੇ ਦੇ ਗਾਂਦੀਰਾਸ ਤੋਂ ਭੂਸਾਰਸ ਜਾ ਰਹੀ ਬੱਸ 'ਚ ਕਰੀਬ ਪੌਣੇ ਪੰਜ ਵਜੇ ਸ਼ਾਮ ਨੂੰ ਹੋਇਆ। ਦਿੱਲੀ 'ਚ ਗ੍ਰਹਿ ਮੰਤਰਾਲੇ ਦੇ ਵਿਸ਼ੇਸ਼ ਸਕੱਤਰ (ਅੰਦਰੂਨੀ ਸੁਰੱਖਿਆ) ਯੂ ਕੇ ਬਾਂਸਲ ਨੇ ਦੱਸਿਆ ਕਿ ਬੱਸ 'ਚ ਕਰੀਬ 50 ਲੋਕ ਸਵਾਰ ਸਨ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਸੂਚਨਾ ਮੁਤਾਬਕ ਬੱਸ 'ਚ ਅਰਧ ਸੈਨਿਕ ਦਸਤੇ ਦਾ ਕੋਈ ਜਵਾਨ ਨਹੀਂ ਸੀ। ਛੱਤੀਸਗੜ੍ਹ ਪੁਲਿਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਐਸਪੀਓ ਆਮ ਨਾਗਰਿਕ ਹੀ ਹੁੰਦੇ ਹਨ, ਜਿਹੜੇ ਨਕਸਲੀਆਂ ਖਿਲਾਫ਼ ਲੜਾਈ 'ਚ ਪੁਲਿਸ ਨੂੰ ਸਹਿਯੋਗ ਦਿੰਦੇ ਹਨ। ਇਸ ਹਮਲੇ 'ਚ ਇੱਕ ਆਧੁਨਿਕ ਵਿਸਫੋਟਕ ਉਪਕਰਣ ਨੂੰ ਸੜਕ 'ਤੇ ਲਗਾਇਆ ਗਿਆ ਸੀ ਅਤੇ ਨਕਸਲੀਆਂ ਨੇ ਇਸ ਨੂੰ ਰਿਮੋਟ ਕੰਟਰੋਲ ਨਾਲ ਉਡਾ ਦਿੱਤਾ।

ਦੱਸਣਾ ਬਣਦਾ ਹੈ ਕਿ ਇੱਕ ਮਹੀਨੇ ਅੰਦਰ ਇਹ ਦੂਜਾ ਵੱਡਾ ਨਕਸਲੀ ਹਮਲਾ ਹੈ। ਦੂਜੇ ਪਾਸੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਕਿਹਾ ਕਿ ਬੱਸ 'ਚ ਸੀ ਆਰ ਪੀ ਐਫ਼ ਦਾ ਕੋਈ ਜਵਾਨ ਨਹੀਂ ਸੀ।

ਛੱਤੀਸਗੜ੍ਹ ਦੀ ਸਰਕਾਰ ਨੇ ਵੀ ਇਸ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਮੰਗ ਕੀਤੀ ਕਿ ਨਕਸਲਵਾਦ ਦਾ ਪੂਰੀ ਤਾਕਤ ਨਾਲ ਮੁਕਾਬਲਾ ਕੀਤਾ ਜਾਣਾ ਚਾਹੀਦਾ ਹੈ। ਸੂਤਰਾਂ ਅਨੁਸਾਰ ਵੱਡੀ ਗਿਣਤੀ 'ਚ ਪੁਲਿਸ ਦਸਤੇ ਹਾਦਸੇ ਵਾਲੀ ਥਾਂ 'ਤੇ ਭੇਜੇ ਗਏ ਹਨ। ਸੂਤਰਾਂ ਨੇ ਮ੍ਰਿਤਕਾਂ ਦੀ ਗਿਣਤੀ ਹੋਰ ਵਧਣ ਦਾ ਖਦਸ਼ਾ ਪ੍ਰਗਟਾਇਆ ਹੈ। ਸੂਤਰਾਂ ਅਨੁਸਾਰ ਨਕਸਲੀ ਅਕਸਰ ਸਵਾਰੀ ਬੱਸਾਂ ਨੂੰ ਨਿਸ਼ਾਨਾ ਨਹੀਂ ਬਣਾਉਂਦੇ, ਇਸ ਤੋਂ ਜ਼ਾਹਰ ਹੈ ਕਿ ਬੱਸ 'ਚ ਐਸ ਪੀ ਓਜ਼ ਦੇ ਸਵਾਰ ਹੋਣ ਦੀ ਉਨ੍ਹਾਂ ਨੂੰ ਪਹਿਲਾਂ ਤੋਂ ਹੀ ਜਾਣਕਾਰੀ ਹੋਵੇਗੀ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਛੱਤੀਸਗੜ੍ਹ 'ਚ ਹੀ ਨਕਸਲੀਆਂ ਦੇ ਹਮਲਿਆਂ 'ਚ ਕਾਫ਼ੀ ਤੇਜ਼ੀ ਆਈ ਹੈ। 8 ਮਈ ਨੂੰ ਬੀਜਾਪੁਰ ਜ਼ਿਲ੍ਹੇ 'ਚ ਉਨ੍ਹਾਂ ਦੇ ਹਮਲੇ 'ਚ ਸੀ ਆਰ ਪੀ ਐਫ਼ ਦੇ 7 ਜਵਾਨ ਸ਼ਹੀਦ ਹੋ ਗਏ ਸਨ, ਜਦਕਿ ਰਾਜਨੰਦ ਗਾਓ ਦੇ ਤਾਰੇ ਗਾਓ ਵਿਖੇ ਐਤਵਾਰ ਨੂੰ ਨਕਸਲੀਆਂ ਨੇ ਇੱਕ ਸਰਪੰਚ ਸਮੇਤ 6 ਪੇਂਡੂਆਂ ਦੀ ਹੱਤਿਆ ਕਰ ਦਿੱਤੀ ਸੀ।

ਇਸੇ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਹਮਲੇ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਨਕਸਲੀ ਸਿਰਫ਼ ਹਮਲਾ ਕਰਨਾ ਹੀ ਜਾਣਦੇ ਹਨ। ਉਹ ਕਿਸੇ 'ਚ ਫ਼ਰਕ ਨਹੀਂ ਜਾਣਦੇ ਹਨ। ਇਸੇ ਦੌਰਾਨ ਐਸ ਪੀ ਓਜ਼ ਦੇ ਪਰਿਵਾਰਾਂ ਨੂੰ 5-5 ਲੱਖ ਅਤੇ ਹੋਰ ਮ੍ਰਿਤਕਾਂ ਦੇ ਪਰਿਵਾਰਾਂ ਨੂੰ 4-4 ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ। ਇਕ ਹੋਰ ਸੂਚਨਾ ਅਨੁਸਾਰ ਬੱਸ 'ਚ 40 ਵਿਅਕਤੀ ਸਵਾਰ ਸਨ।

ਯਾਦ ਰਹੇ ਕੁਝ ਦਿਨ ਪਹਿਲਾਂ ਪੱਛਮੀ ਬੰਗਾਲ ਵਿਚ ਨਕਸਲੀਆਂ ਨੇ ਮਾਰਕਸੀ ਪਾਰਟੀ ਦੇ ਚਾਰ ਸਮਰਥਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ ਅਤੇ ਉਨ੍ਹਾਂ ਦੀਆਂ ਲਾਸ਼ਾਂ ਪੱਛਮੀ ਮਿਦਨਾਪੁਰ ਜ਼ਿਲ੍ਹੇ ਵਿਚ ਲਾਲਗੜ੍ਹ ਨੇੜੇ ਬੇਲਪਾਹਰੀ ਵਿਖੇ ਕੌਮੀ ਸ਼ਾਹ ਰਾਹ 'ਤੇ ਦੱਬ ਦਿੱਤੀਆਂ ਸਨ। ਬਾਗੀਆਂ ਨੇ ਆਪਣਾ ਖ਼ੂਨੀ ਅੰਦੋਲਨ ਹੋਰ ਤੇਜ਼ ਕਰਨ ਦੀ ਵੀ ਧਮਕੀ ਦਿੱਤੀ ਹੈ। ਪੁਲਿਸ ਨੇ ਦੱਸਿਆ ਕਿ ਅਸ਼ੋਕ ਅਹੀਰ, ਸਵਪਨ ਅਹੀਰ, ਸਨਾਤਨ ਅਹੀਰ ਅਤੇ ਨਜ਼ਰੂਲ ਮੀਰ ਨੂੰ ਪੁਲਿਸ ਮੁਖਬਰ ਸਮਝ ਕੇ ਬਹੁਤ ਹੀ ਨੇੜਿਓਂ ਗੋਲੀ ਮਾਰੀ ਗਈ ਅਤੇ ਉਨ੍ਹਾਂ ਦੀਆਂ ਲਾਸ਼ਾਂ ਅੰਬੇਲਾ ਪਿੰਡ ਨੇੜੇ ਸਿਲਦਾ-ਬਨਕੂਰਾ ਸੜਕ 'ਤੇ ਦੱਬ ਦਿੱਤੀਆਂ। ਅੱਧਖੜ ਉਮਰ ਦੇ ਮਾਰਕਸੀ ਕਾਰਕੁਨਾਂ ਨੂੰ 20 ਹਥਿਆਰਬੰਦ ਨਕਸਲੀਆਂ ਨੇ ਬੀਤੀ 13-14 ਮਈ ਦੀ ਅੱਧੀ ਰਾਤ ਨੂੰ ਬਿਨਪੁਰ ਪੁਲਿਸ ਥਾਣੇ ਨੇੜੇ ਪਿੰਡ ਚੰਦਬਿੱਲਾ ਵਿਚ ਉਨ੍ਹਾਂ ਦੇ ਘਰਾਂ ਤੋਂ ਚੁੱਕਿਆ ਸੀ। ਉਹ ਅੱਧੀ ਰਾਤ ਤੋਂ ਲਾਪਤਾ ਸਨ ਅਤੇ ਉਨ੍ਹਾਂ ਦੀਆਂ ਲਾਸ਼ਾਂ 14 ਮਈ ਨੂੰ ਸਵੇਰੇ ਬਰਾਮਦ ਕੀਤੀਆਂ ਗਈਆਂ। ਪੁਲਸ ਨੇ ਲਾਸ਼ਾਂ ਨੇੜਿਓਂ ਨਕਸਲੀਆਂ ਦਾ ਸਾਹਿਤ ਅਤੇ ਪੋਸਟਰ ਬਰਾਮਦ ਕੀਤੇ ਹਨ ਜਿਨ੍ਹਾਂ ਵਿਚ ਉਨ੍ਹਾਂ ਦੀ ਪੁਲਿਸ ਮੁਖ਼ਬਰ ਵਜੋਂ ਨਿਖੇਧੀ ਕੀਤੀ ਗਈ ਸੀ। ਹੱਥ ਨਾਲ ਲਿਖੇ ਪੋਸਟਰ ਵਿਚ ਇਹ ਵੀ ਕਿਹਾ ਗਿਆ ਕਿ ਜਦੋਂ ਤੱਕ ਗ੍ਰਿਫਤਾਰ ਨਕਸਲੀ ਅਦਾਲਤ ਦੇ ਸਾਹਮਣੇ ਪੇਸ਼ ਨਹੀਂ ਕੀਤੇ ਜਾਂਦੇ ਉਦੋਂ ਤੱਕ ਲਾਲਗੜ੍ਹ ਵਿਚ ਅਤੇ ਨੇੜਲੇ ਜੰਗਲ ਮਾਹਲ ਇਲਾਕਿਆਂ 'ਚ ਖ਼ੂਨੀ ਮੁਹਿੰਮ ਜਾਰੀ ਰਹੇਗੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਛੱਤੀਸਗੜ੍ਹ ਦੇ ਰਾਜਨੰਦਗਾਓਂ ਜ਼ਿਲ੍ਹੇ 'ਚ ਬੀਤੇ ਐਤਵਾਰ ਨੂੰ ਨਕਸਲੀਆਂ ਨੇ ਉਚਾਪੁਰ ਪਿੰਡ ਦੇ ਸਰਪੰਚ ਸਮੇਤ 6 ਲੋਕਾਂ ਦਾ ਗਲਾ ਵੱਢ ਕੇ ਕਤਲ ਕਰ ਦਿੱਤਾ, ਜਦਕਿ ਦਾਂਤੇਵਾੜਾ ਜ਼ਿਲ੍ਹੇ 'ਚ ਪੁਲਿਸ ਨਾਲ ਹੋਏ ਮੁਕਾਬਲੇ 'ਚ 2 ਨਕਸਲੀ ਵੀ ਮਾਰੇ ਗਏ।



ਛੱਤੀਸਗੜ੍ਹ ਦੇ ਡੀਜੀਪੀ ਵਿਸ਼ਵ ਰੰਜਨ ਨੇ ਦੱਸਿਆ ਕਿ ਨਕਸਲੀਆਂ ਵਲੋਂ ਕਤਲ ਕੀਤੇ ਗਏ 6 ਵਿਅਕਤੀਆਂ ਦੀਆਂ ਲਾਸ਼ਾਂ ਉਚਾਪੁਰ ਪਿੰਡ ਦੇ ਮਾਨਪੁਰ ਜੰਗਲੀ ਖੇਤਰ ਤੋਂ ਬਰਾਮਦ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਨਕਸਲੀਆਂ ਨੇ ਉਪਰੋਕਤ ਵਿਅਕਤੀਆਂ ਨੂੰ ਪੁਲਿਸ ਦੀ ਮੁਖਬਰੀ ਦਾ ਦੋਸ਼ ਲਗਾਉਂਦਿਆਂ ਇਕ ਹਫ਼ਤਾ ਪਹਿਲਾਂ ਅਗਵਾ ਕਰ ਲਿਆ ਸੀ। ਉਨ੍ਹਾਂ ਦੱਸਿਆ ਕਿ ਨਕਸਲੀਆਂ ਨੇ ਉਚਾਪੁਰ ਪਿੰਡ ਦੇ 36 ਸਾਲਾ ਸਰਪੰਚ ਭੀਲਸਾਈਂ ਮੰਦਵਾਈਕੇ ਸਮੇਤ ਉਸ ਦੇ ਕਈ ਸਾਥੀਆਂ ਦਾ ਬੇਰਹਿਮੀ ਨਾਲ ਕਤਲ ਕੀਤਾ ਹੈ।

ਦੂਜੇ ਪਾਸੇ ਦਾਂਤੇਵਾੜਾ ਦੇ ਐਸ ਪੀ ਅਮਰੇਸ਼ ਮਿਸਰਾ ਨੇ ਦੱਸਿਆ ਕਿ ਇਕ ਵੱਖਰੀ ਘਟਨਾ 'ਚ ਜ਼ਿਲ੍ਹੇ ਦੇ ਕਿਰਾਨਦੂਲ ਇਲਾਕੇ 'ਚ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਦੋ ਨਕਸਲੀ ਮਾਰੇ ਗਏ ਹਨ। ਪੁਲਿਸ ਨੇ ਇਨ੍ਹਾਂ ਨਕਸਲੀਆਂ ਤੋਂ ਕੁਝ ਬੰਦੂਕਾਂ, ਖਾਣੇ ਵਾਲੇ ਡੱਬੇ ਤੇ ਕੌਮੀ ਖਣਿਜ ਵਿਕਾਸ ਨਿਗਮ ਖ਼ਿਲਾਫ਼ ਲਿਖੇ ਪੋਸਟਰ ਵੀ ਬਰਾਮਦ ਕੀਤੇ ਹਨ।

ਉਧਰ ਚਾਰ ਸੀ ਪੀ ਆਈ (ਐਮ) ਹਮਾਇਤੀਆਂ ਤੇ ਇੱਕ ਪਾਰਟੀ ਕਾਰਕੁੰਨ ਦੇ ਮਾਓਵਾਦੀਆਂ ਵਲੋਂ ਕੀਤੇ ਗਏ ਕਤਲਾਂ ਦੀ ਸੀ ਪੀ ਆਈ (ਐਮ) ਪੋਲਿਟ ਬਿਊਰੋ ਨੇ ਸਖ਼ਤ ਨਿਖੇਧੀ ਕੀਤੀ ਹੈ। ਪੋਲਿਟ ਬਿਊਰੋ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਮਾਓਵਾਦੀਆਂ ਵਲੋਂ ਕੀਤਾ ਗਿਆ ਇਹ ਕਾਰਾ ਉਨ੍ਹਾਂ ਦੀ ਅਸਲੀਅਤ ਨੂੰ ਜੱਗ ਜ਼ਾਹਰ ਕਰਦਾ ਹੈ।

ਪੋਲਿਟ ਬਿਊਰੋ ਨੇ ਕਿਹਾ ਕਿ ਮਾਓਵਾਦੀਆਂ ਦੀ ਇਸ ਤਰ੍ਹਾਂ ਦੀਆਂ ਮੁਹਿੰਮਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਆਦੀਵਾਸੀਆਂ ਤੇ ਦਬੇ ਕੁਚਲੇ ਵਰਗ ਪ੍ਰਤੀ ਕਿੰਨੇ ਕੁ ਗੰਭੀਰ ਹਨ।

ਪੋਲਿਟ ਬਿਊਰੋ ਨੇ ਕਿਹਾ ਕਿ ਮਾਓਵਾਦੀਆਂ ਵਲੋਂ ਕਤਲ ਕੀਤੇ ਗਏ ਸਾਰੇ ਦੇ ਸਾਰੇ ਵਿਅਕਤੀ ਖੇਤ ਮਜ਼ਦੂਰ ਸਨ। ਨਕਸਲੀਆਂ ਨੇ ਸੀ ਪੀ ਆਈ (ਐਮ) ਦੇ ਚਾਰ ਹਮਾਇਤੀ ਨਜ਼ਰੂਲ ਮੀਰ, ਸਨਾਤਨ ਅਹੀਰ, ਸਵਪਨ ਅਹੀਰ ਤੇ ਅਸ਼ੋਕ ਅਹੀਰ ਨੂੰ ਘਰੋਂ ਚੁੱਕ ਲਿਆ ਸੀ। ਇਨ੍ਹਾਂ ਚਾਰੇ ਵਿਅਕਤੀਆਂ ਦੀਆਂ ਲਾਸ਼ਾਂ ਹਾਈਵੇ 'ਤੇ ਸੁੱਟ ਦਿੱਤੀਆਂ ਗਈਆਂ। ਜਦਕਿ ਸੀਪੀਆਈ (ਐਮ) ਕਾਰਕੁੰਨ ਸ੍ਰੀ ਕਾਂਤ ਮਹਾਤੋ ਨੂੰ ਘਰੋਂ ਚੁੱਕ ਕੇ ਕਤਲ ਕਰਨ ਦੇ ਨਾਲ-ਨਾਲ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਇਸ ਹਿੰਸਕ ਘਟਨਾ ਤੋਂ ਬਾਅਦ ਪੱਛਮੀ ਮਿਦਨਾਪੁਰ, ਪੁਰੂਲੀਆ ਤੇ ਬਾਂਕੁਰਾ 'ਚ ਮਾਓਵਾਦੀਆਂ ਵੱਲੋਂ ਕੀਤੇ ਗਏ ਕਤਲਾਂ ਦੀ ਗਿਣਤੀ 121 ਹੋ ਗਈ ਹੈ ਤੇ ਮਰਨ ਵਾਲੇ ਸਾਰੇ ਵਿਅਕਤੀ ਆਦੀਵਾਸੀ ਤੇ ਗਰੀਬ ਪਿਛੋਕੜ ਵਾਲੇ ਸਨ।

ਇਸ ਘਟਨਾ ਤੋਂ ਬਾਅਦ ਸੀਪੀਆਈ (ਐਮ) ਨੇ ਉਨ੍ਹਾਂ ਅਖੌਤੀ ਬੁੱਧੀਜੀਵੀਆਂ ਨੂੰ ਵੀ ਸਵਾਲ ਕੀਤਾ ਹੈ, ਜੋ ਅਕਸਰ ਮਾਓਵਾਦੀਆਂ ਦੇ ਹੱਕ 'ਚ ਖੜ੍ਹੇ ਹੁੰਦੇ ਹਨ। ਪੋਲਿਟ ਬਿਊਰੋ ਨੇ ਕਿਹਾ ਕਿ ਉਹ ਮਾਓਵਾਦੀਆਂ ਵਿਰੁਧ ਆਰੰਭੇ ਆਪਣੇ ਸਿਆਸੀ ਤੇ ਜਥੇਬੰਦਕ ਘੋਲ ਨੂੰ ਤੇਜ਼ ਕਰਕੇ ਉਨ੍ਹਾਂ ਦਾ ਚਿਹਰਾ ਸਭ ਦੇ ਸਾਹਮਣੇ ਨੰਗਾ ਕਰੇਗੀ। ਪੋਲਿਟ ਬਿਊਰੋ ਨੇ ਕਿਹਾ ਕਿ ਇਨ੍ਹਾਂ ਮਾਓਵਾਦੀਆਂ ਨੂੰ ਤ੍ਰਿਣਾਮੂਲ ਕਾਂਗਰਸ ਦੀ ਸ਼ਹਿ ਹਾਸਲ ਹੈ। ਇਸ ਦੇ ਨਾਲ ਹੀ ਸੀਪੀਆਈ (ਐਮ) ਪੋਲਿਟ ਬਿਊਰੋ ਨੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ।

ਪੋਲਿਟ ਬਿਊਰੋ ਨੇ ਨਾਲ ਹੀ ਗੈਰ-ਕਾਨੂੰਨੀ ਢੰਗ ਨਾਲ ਮੌਲਾਨਾ ਨੂਰਉਲ ਹੁੱਡਾ ਨੂੰ ਨਜ਼ਰਬੰਦ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ। ਪੋਲਿਟ ਬਿਊਰੋ ਨੇ ਕਿਹਾ ਕਿ ਇਹ ਘਟਨਾ ਘੱਟ ਗਿਣਤੀਆਂ ਪ੍ਰਤੀ ਦੇਸ਼ 'ਚ ਸੁਰੱਖਿਆ ਤੇ ਕਾਨੂੰਨ ਏਜੰਸੀਆਂ ਵੱਲੋਂ ਕੀਤੇ ਪੱਖਪਾਤ ਨੂੰ ਸਪੱਸ਼ਟ ਕਰਦੀ ਹੈ। ਪੋਲਿਟ ਬਿਊਰੋ ਨੇ ਕਿਹਾ ਕਿ ਇੱਕ ਮਾਮੂਲੀ ਸ਼ਿਕਾਇਤ ਦੇ ਆਧਾਰ 'ਤੇ ਕਿਸੇ ਵਿਅਕਤੀ ਨੂੰ ਇਸ ਲਈ ਪ੍ਰੇਸ਼ਾਨ ਕਰਨਾ ਕਿ ਉਹ ਘੱਟ ਗਿਣਤੀ ਨਾਲ ਸਬੰਧਤ ਹੈ, ਬਿਲਕੁਲ ਜਾਇਜ਼ ਨਹੀਂ ਹੈ। ਪੋਲਿਟ ਬਿਊਰੋ ਨੇ ਇਸ ਮਾਮਲੇ 'ਚ ਦਿੱਲੀ ਪੁਲਿਸ ਵਲੋਂ ਦਿਖਾਈ ਗੈਰ-ਜ਼ਰੂਰੀ ਚੁਸਤੀ ਦੀ ਨਿਖੇਧੀ ਕੀਤੀ।

ਇਸ ਦੌਰਾਨ ਨਕਸਲ ਪ੍ਰਭਾਵਤ ਸੂਬਿਆਂ ਦੇ ਲੋਕਾਂ 'ਚ ਭਰੋਸੇ ਦੀ ਘਾਟ ਦਾ ਜ਼ਿਕਰ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਅਜਿਹੇ ਇਲਾਕਿਆਂ ਨੂੰ ਵਿਕਸਤ ਕਰਨ ਲਈ ਉਦਯੋਗਾਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ। ਭਾਰਤੀ ਉਦਯੋਗ ਸੰਘ (ਸੀ ਆਈ ਆਈ) ਦੇ ਸਾਲਾਨਾ ਸੰਮੇਲਨ 'ਚ ਚਿਦੰਬਰਮ ਨੇ ਕਿਹਾ ਕਿ ਨਕਸਲੀ ਇਲਾਕਿਆਂ 'ਚ ਲੋਕ ਦੇਸ਼ ਵਿਰੋਧੀਆਂ 'ਤੇ ਜ਼ਿਆਦਾ ਵਿਸ਼ਵਾਸ ਕਰਦੇ ਹਨ ਅਤੇ ਉਨ੍ਹਾਂ ਦੇ ਮਨ 'ਚ ਸਰਕਾਰ ਜਾਂ ਦੇਸ਼ ਦੇ ਵਪਾਰਕ ਘਰਾਣਿਆਂ ਪ੍ਰਤੀ ਕੋਈ ਹਮਦਰਦੀ ਨਹੀਂ ਹੁੰਦੀ। ਇਸ ਸਮੱਸਿਆ ਲਈ ਸੂਬਾ ਸਰਕਾਰਾਂ ਨੂੰ ਇਕ ਵਾਰ ਫਿਰ ਜ਼ਿੰਮੇਵਾਰ ਠਹਿਰਾਉਂਦਿਆਂ ਸ੍ਰੀ ਚਿਦੰਬਰਮ ਨੇ ਕਿਹਾ ਕਿ ਇਥੇ ਪ੍ਰਭਾਵੀ ਸਰਕਾਰ ਦੀ ਘਾਟ ਹੈ ਅਤੇ ਇਹ ਇਸ ਲਈ ਹੈ ਕਿ ਉਥੇ ਸਰਕਾਰੀ ਸੰਸਥਾਵਾਂ ਨਹੀਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੇ ਖ਼ੁਦ ਹੀ ਸਰਕਾਰ ਤੋਂ ਦੂਰੀ ਬਣਾਈ ਹੋਈ ਹੈ। ਇਸ ਦੌਰਾਨ ਮਾਓਵਾਦੀਆਂ ਵਲੋਂ ਕੇਂਦਰ ਸਰਕਾਰ ਦੇ ਕੁਝ ਫ਼ੈਸਲਿਆਂ ਦੇ ਵਿਰੋਧ ਵਿਚ 18 ਮਈ ਤੋਂ 48 ਘੰਟੇ ਦੇ ਬੰਦ ਦਾ ਸੱਦਾ ਦਿਤਾ।







# ਸੱਜਣ ਕੁਮਾਰ ਵਿਰੁਧ ਮੁਕੱਦਮਾ ਚਲਾਉਣ ਲਈ ਰਾਹ ਪੱਧਰਾ



**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਬੀਤੀ 15 ਮਈ ਨੂੰ ਕਾਂਗਰਸੀ ਆਗੂ ਸੱਜਣ ਕੁਮਾਰ ਵਿਰੁਧ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਮਾਮਲੇ ਵਿਚ ਦੋਸ਼ ਆਇਦ ਕਰਨ ਦੇ ਆਦੇਸ਼ ਦਿੱਤੇ ਹਨ। ਵਧੀਕ ਸੈਸ਼ਨ ਜੱਜ ਸੁਨੀਤਾ ਗੁਪਤਾ ਨੇ ਕਾਂਗਰਸੀ ਆਗੂ ਵਿਰੁਧ ਪੇਸ਼ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ ਆਈ.ਪੀ.ਸੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਚਲਾਉਣ ਲਈ ਸੀ.ਬੀ.ਆਈ. ਨੂੰ ਇਜਾਜ਼ਤ ਦੇ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਧਾਰਾ 302 (ਕਤਲ), 395 (ਡਕੈਤੀ), 427 (ਜਾਇਦਾਦ ਦਾ ਨੁਕਸਾਨ), 153ਏ (ਦੋ ਫਿਰਕਿਆਂ ਦਰਮਿਆਨ ਦੁਸ਼ਮਣੀ ਪੈਦਾ ਕਰਨਾ) ਤਹਿਤ 18 ਮਈ ਨੂੰ ਰਸਮੀ ਤੌਰ 'ਤੇ ਦੋਸ਼ ਆਇਦ ਕੀਤੇ ਜਾਣਗੇ। ਦੋਸ਼ ਆਇਦ ਹੋਣ ਮਗਰੋਂ ਮੁਕੱਦਮਾ ਚਲਾਉਣ ਦਾ ਰਾਹ ਪੱਧਰਾ ਹੋ ਜਾਵੇਗਾ। ਦਿੱਲੀ ਹਾਈ ਕੋਰਟ ਨੇ ਇਸ ਤੋਂ ਪਹਿਲਾਂ ਸਿੱਖ ਕਤਲੇਆਮ ਨਾਲ ਸਬੰਧਤ ਮਾਮਲਿਆਂ ਦੀ ਸੁਣਵਾਈ 6 ਮਹੀਨਿਆਂ ਵਿਚ ਪੂਰੀ ਕਰਨ ਦੀ ਹਦਾਇਤ ਕੀਤੀ ਸੀ। ਸੀ.ਬੀ.ਆਈ. ਨੇ ਸੱਜਣ ਕੁਮਾਰ ਵਿਰੁਧ ਇਕ ਖ਼ਾਸ ਫਿਰਕੇ ਦੇ ਲੋਕਾਂ ਨੂੰ ਦੂਜੇ ਫਿਰਕੇ ਦੇ ਲੋਕਾਂ ਵਿਰੁਧ ਭੜਕਾਉਣ ਦਾ ਦੋਸ਼ ਲਗਾਇਆ ਜਿਸ ਕਾਰਨ ਪੰਜ ਵਿਅਕਤੀ ਮਾਰੇ ਗਏ। ਦੂਜੇ ਪਾਸੇ ਸੱਜਣ ਕੁਮਾਰ ਨੇ ਦਾਅਵਾ ਕੀਤਾ ਕਿ ਸੀ.ਬੀ.ਆਈ. ਦੇ ਗਵਾਹ ਭਰੋਸੇਯੋਗ ਨਹੀਂ ਹਨ ਕਿਉਂਕਿ ਉਹ ਕਈ ਵਾਰ ਆਪਣੇ ਬਿਆਨ ਬਦਲ ਚੁੱਕੇ ਹਨ। ਸੱਜਣ ਕੁਮਾਰ ਦੇ ਵਕੀਲ ਦਾ ਦਾਅਵਾ ਸੀ ਕਿ ਜਗਦੀਸ਼ ਕੌਰ ਵਲੋਂ ਦਿੱਤੇ ਗਏ ਹਲਫ਼ਨਾਮੇ ਆਪਾ ਵਿਰੋਧੀ ਹਨ। ਜਗਦੀਸ਼ ਕੌਰ ਨੇ 3 ਨਵੰਬਰ 1984 ਨੂੰ ਦਿੱਤੇ ਪਹਿਲੇ ਬਿਆਨ ਵਿਚ ਸੱਜਣ ਕੁਮਾਰ ਦਾ ਨਾਂ ਨਹੀਂ ਲਿਆ ਸੀ ਅਤੇ ਨਾ ਹੀ ਜਸਟਿਸ ਰੰਗਨਾਥ ਮਿਸ਼ਰਾ ਕਮਿਸ਼ਨ ਸਾਹਮਣੇ ਸੱਜਣ ਕੁਮਾਰ ਦਾ ਜ਼ਿਕਰ ਕੀਤਾ ਸੀ।

ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਮਾਮਲੇ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਵਿਰੁਧ ਪੁਲਿਸ ਵਲੋਂ ਤਿਆਰ ਕੀਤਾ ਦੋਸ਼ ਪੱਤਰ ਅਦਾਲਤ ਵਿਚ ਦਾਖ਼ਲ ਕਰਨ ਦੀ ਹਦਾਇਤ ਬਾਰੇ ਸਰਕਾਰੀ ਵਕੀਲ ਬੀ.ਐਸ. ਜੂਨ ਦੀ ਅਰਜ਼ੀ 'ਤੇ ਫੈਸਲਾ ਰਾਖਵਾਂ ਰੱਖ ਲਿਆ ਹੈ।

ਵਧੀਕ ਸੈਸ਼ਨ ਜੱਜ ਬੀ.ਕੇ. ਗੋਇਲ ਨੇ ਕਿਹਾ ਕਿ ਪੁਲਿਸ ਨੂੰ ਸਮਰੱਥ ਅਧਿਕਾਰੀ ਸਾਹਮਣੇ ਦੋਸ਼ ਪੱਤਰ ਪੇਸ਼ ਕਰਨ ਬਾਰੇ ਹਦਾਇਤਾਂ ਦਿੱਤੀਆਂ ਜਾਣੀਆਂ ਹਨ ਜਾਂ ਨਹੀਂ, ਬਾਰੇ ਆਦੇਸ਼ 21 ਮਈ ਨੂੰ ਜਾਰੀ ਕੀਤਾ ਜਾਵੇਗਾ।

ਵਿਸ਼ੇਸ਼ ਸਰਕਾਰੀ ਵਕੀਲ ਬੀ.ਐਸ. ਜੂਨ ਨੇ ਅਦਾਲਤ ਨੂੰ ਦਸਿਆ ਸੀ ਕਿ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਨਾਂਗਲੋਈ ਪੁਲਿਸ ਥਾਣੇ ਵਿਚ ਦਰਜ ਐਫ਼.ਆਈ.ਆਰ. ਨੰਬਰ 67/87 ਤਹਿਤ ਦੋਸ਼ ਪੱਤਰ ਤਿਆਰ ਕੀਤਾ ਗਿਆ ਪਰ ਇਸ ਨੂੰ ਪੁਲਿਸ ਫਾਈਲਾਂ ਵਿਚ ਹੀ ਦੱਬ ਦਿਤਾ ਗਿਆ ਅਤੇ ਇਹ ਕਦੇ ਵੀ ਅਦਾਲਤ ਵਿਚ ਪੇਸ਼ ਨਾ ਕੀਤਾ ਜਾ ਸਕਿਆ।

ਬਹਿਸ ਦੌਰਾਨ ਪੀੜਤਾਂ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਦੋਸ਼ ਪੱਤਰ ਨੂੰ ਸਬੰਧਤ ਅਦਾਲਤ ਸਾਹਮਣੇ ਪੇਸ਼ ਕੀਤਾ ਜਾਣਾ ਚਾਹੀਦਾ ਹੈ ਅਤੇ ਮੁਲਜ਼ਮ ਨੂੰ ਮੁਕੱਦਮੇ ਦਾ ਸਾਹਮਣਾ ਕਰਨ ਲਈ ਸੰਮਨ ਜਾਰੀ ਕੀਤੇ ਜਾਣੇ ਚਾਹੀਦੇ ਹਨ। ਦਿੱਲੀ ਹਾਈ ਕੋਰਟ ਵਲੋਂ ਸਿੱਖ ਕਤਲੇਆਮ ਨਾਲ ਸਬੰਧਤ ਮਾਮਲਿਆਂ ਦੀ ਪੈਰਵੀ ਲਈ ਨਿਯੁਕਤ ਵਿਸ਼ੇਸ਼ ਸਰਕਾਰੀ ਵਕੀਲ ਨੇ ਅਦਾਲਤ ਨੂੰ ਦਸਿਆ ਕਿ ਦੋਸ਼ ਪੱਤਰ ਵਿਚ ਸੱਜਣ ਕੁਮਾਰ ਵਿਰੁਧ ਪੁਖ਼ਤਾ ਸਬੂਤਾਂ ਦਾ ਜ਼ਿਕਰ ਕੀਤਾ ਗਿਆ ਹੈ ਪਰ ਇਹ ਦਲੀਲ ਦੇ ਕੇ ਕਿ ਕਾਂਗਰਸੀ ਆਗੂ ਦੀ ਗ੍ਰਿਫ਼ਤਾਰੀ ਨਾਲ ਕਾਨੂੰਨ ਅਤੇ ਵਿਵਸਥਾ ਵਿਗੜ ਸਕਦੀ ਹੈ, ਕੋਈ ਕਾਰਵਾਈ ਨਹੀਂ ਕੀਤੀ ਗਈ।

ਪੁਲਿਸ ਵਲੋਂ ਪੇਸ਼ ਹੋਏ ਵਧੀਕ ਡੀ.ਸੀ.ਪੀ. ਰਾਜੀਵ ਰੰਜਨ ਨੇ ਸਪਸ਼ਟੀਕਰਨ ਦਿਤਾ ਕਿ ਸਿੱਖ ਕਤਲੇਆਮ ਨਾਲ ਸਬੰਧਤ ਦੋ ਮਾਮਲਿਆਂ ਨੂੰ ਕਾਨੂੰਨੀ ਰਾਏ ਤੋਂ ਬਾਅਦ ਆਪਸ ਵਿਚ ਜੋੜ ਦਿਤਾ ਗਿਆ ਸੀ ਜਦਕਿ ਬੀ.ਐਸ. ਜੂਨ ਨੇ ਦਲੀਲ ਦਿਤੀ ਕਿ ਪੁਲਿਸ ਕੋਲ ਕੇਸਾਂ ਨੂੰ ਜੋੜਨ ਦਾ ਅਧਿਕਾਰ ਨਹੀਂ। ਇਹ ਅਧਿਕਾਰ ਸਿਰਫ਼ ਅਦਾਲਤ ਦਾ ਹੈ।

## ਸੋਨੀਆ ਨੇ ਮਾਇਆਵਤੀ ਦੇ ਦੋਸ਼ਾਂ ਨੂੰ ਨਕਾਰਿਆ

**ਰਾਇਬਰੇਲੀ:** ਕਾਂਗਰਸ ਚੇਅਰਪਰਸਨ ਸੋਨੀਆ ਗਾਂਧੀ ਨੇ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਵਲੋਂ ਉਨ੍ਹਾਂ ਦੇ ਰਾਜ ਵਾਲੇ ਸੂਬੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਸਬੰਧੀ ਲਾਏ ਦੋਸ਼ਾਂ 'ਤੇ ਮੁੜਵਾਂ ਵਾਰ ਕਰਦਿਆਂ ਕਿਹਾ ਕਿ ਰਾਇਬਰੇਲੀ ਅਤੇ ਅਮੇਠੀ ਦੇ ਨਾਲ ਉਤਰ ਪ੍ਰਦੇਸ਼ ਸਰਕਾਰ ਦਾ ਵਿਹਾਰ ਕਿਸੇ ਤੋਂ ਛੁਪਿਆ ਹੋਇਆ ਨਹੀਂ। ਆਪਣੇ ਸੰਸਦੀ ਖੇਤਰ 'ਚ ਤਿੰਨ ਰੋਜ਼ਾ ਦੌਰੇ ਦੇ ਪਹਿਲੇ ਦਿਨ ਇੱਥੇ ਪਾਰਟੀ ਕਾਰਕੁੰਨਾਂ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਸੋਨੀਆ ਗਾਂਧੀ ਨੇ ਮਾਇਆਵਤੀ ਸਰਕਾਰ ਦੇ ਕੰਮਕਾਜ 'ਤੇ ਸਵਾਲੀਆ ਨਿਸ਼ਾਨ ਲਗਾਉਂਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਖ-ਵੱਖ ਵਿਕਾਸ ਤੇ ਕਲਿਆਣਕਾਰੀ ਯੋਜਨਾਵਾਂ ਲਈ ਉਤਰ ਪ੍ਰਦੇਸ਼ ਸਰਕਾਰ ਨੂੰ ਹਜ਼ਾਰਾਂ ਕਰੋੜ ਰੁਪਏ ਦੇ ਰਹੀ ਹੈ, ਪਰ ਇਨ੍ਹਾਂ ਪੈਸਿਆਂ ਦੀ ਸਹੀ ਢੰਗ ਨਾਲ ਵਰਤੋਂ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਮੈਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਉਤਰ ਪ੍ਰਦੇਸ਼ ਦੀ ਜਨਤਾ ਖਾਦ, ਬੀਜ, ਬਿਜਲੀ, ਪਾਣੀ ਅਜਿਹੀਆਂ ਸਮੱਸਿਆਵਾਂ ਨਾਲ ਜੂਝ ਰਹੀ ਹੈ। ਸੋਨੀਆ ਨੇ ਪਾਰਟੀ ਵਰਕਰਾਂ ਅਤੇ ਆਗੂਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਰਾਇਬਰੇਲੀ ਤੇ ਅਮੇਠੀ ਦੇ ਲੋਕ ਇਕਜੁੱਟ ਹੋ ਕੇ ਆਪਣੀ ਆਵਾਜ਼ ਉਠਾਉਣ ਤਾਂ ਕਿ ਯੋਜਨਾਵਾਂ ਅਤੇ ਵਿਕਾਸ ਦੇ ਲਾਭ ਤੋਂ ਉਨ੍ਹਾਂ ਨੂੰ ਵਾਂਝਾ ਨਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਸਾਰੇ ਮਿਲ ਕੇ ਕੰਮ ਕਰਦੇ ਹੋਏ ਕੇਂਦਰੀ ਯੋਜਨਾਵਾਂ ਦੀ ਠੀਕ ਨਿਗਰਾਨੀ ਕਰਾਂਗੇ ਤਾਂ ਹੀ ਉਨ੍ਹਾਂ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾ ਸਕੇਗਾ।

# ਈਰਾਨ 'ਚ ਸਿੱਖਾਂ ਦੀ ਮੌਜੂਦਗੀ ਨਾਲ ਦੋਵੇਂ ਦੇਸ਼ ਨੇੜੇ ਆਉਣਗੇ- ਕ੍ਰਿਸ਼ਨਾ



**ਚੰਡੀਗੜ੍ਹ :** ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਜੋ ਪਿਛਲੇ ਦਿਨੀਂ ਈਰਾਨ ਦੌਰੇ 'ਤੇ ਹਨ, ਨੇ 17 ਮਈ ਨੂੰ ਗੰਗਾ ਸਿੰਘ ਸਭਾ ਗੁਰਦਵਾਰੇ ਵਿਚ ਮੱਥਾ ਟੇਕਿਆ। ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕ੍ਰਿਸ਼ਨਾ ਨੇ ਕਿਹਾ, "ਮੈਂ ਇਸ ਗੱਲ ਤੋਂ ਖ਼ੁਸ਼ ਹਾਂ ਕਿ ਸਿੱਖਾਂ ਨੇ ਤਹਿਰਾਨ ਵਿਖੇ ਗੁਰਦਵਾਰੇ ਦੀ ਉਸਾਰੀ ਕੀਤੀ ਅਤੇ ਉਹ ਇਥੇ ਕਾਰੋਬਾਰੀ ਗਤੀਵਿਧੀਆਂ ਵਿਚ ਸ਼ਾਮਲ ਹਨ ਜਿਸ ਨਾਲ ਦੋਵੇਂ ਦੇਸ਼ ਹੋਰ ਨੇੜੇ ਆਉਣਗੇ।" ਉਨ੍ਹਾਂ ਕਿਹਾ ਕਿ ਈਰਾਨ ਵਿਚ ਸਿੱਖਾਂ ਦੀ ਮੌਜੂਦਗੀ ਭਾਰਤ ਦੀ ਲਈ ਮਾਣ ਵਾਲੀ ਗੱਲ ਹੈ। ਮੈਂ ਸਿੱਖਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ। ਦਸਣਯੋਗ ਹੈ ਕਿ ਭਾਈ ਗੰਗਾ ਸਿੰਘ ਸਭਾ ਤਹਿਰਾਨ ਵਲੋਂ 1941 ਵਿਚ ਇਸ ਗੁਰਦਵਾਰੇ ਦੀ ਉਸਾਰੀ ਕੀਤੀ ਗਈ ਸੀ। ਗੁਰਦਵਾਰੇ ਵਿਚ ਬੱਚਿਆਂ ਦੀ ਸਿਖਿਆ ਲਈ ਇਕ ਸਕੂਲ ਵੀ ਬਣਿਆ ਹੋਇਆ ਹੈ। ਹਰ ਸ਼ੁੱਕਰਵਾਰ ਨੂੰ ਇਥੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ ਹਨ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ। ਸਕੂਲ ਵਿਚ ਬੱਚਿਆਂ ਨੂੰ ਪੰਜਾਬੀ ਤੋਂ ਇਲਾਵਾ ਧਾਰਮਕ ਸਿਖਿਆ ਵੀ ਦਿਤੀ ਜਾਂਦੀ ਹੈ ਜਿਸ ਨਾਲ ਉਹ ਅਪਣੇ ਵਿਰਸੇ ਨਾਲ ਜੁੜੇ ਰਹਿਣ। ਗੁਰਦਵਾਰੇ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਲਗਭਗ 800 ਸਿੱਖ ਵਸਦੇ ਹਨ।

ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ-ਪਾਕਿ ਦੋਵੇਂ ਗੁਆਂਢੀ ਦੇਸ਼ਾਂ ਦਰਮਿਆਨ ਆਪਸੀ ਭਰੋਸੇ ਦੀ ਘਾਟ ਨੂੰ ਦੂਰ ਕਰਨ ਦੇ ਯਤਨਾਂ ਹਿੱਤ ਮੈਂ ਜੁਲਾਈ 'ਚ ਆਪਣੀ ਪਾਕਿ ਯਾਤਰਾ ਦੌਰਾਨ ਆਪਣੇ ਪਾਕਿਸਤਾਨੀ ਹਮਰੁਤਬਾ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਭਾਰਤ ਆਉਣ ਦਾ ਸੱਦਾ ਦੇਵਾਂਗਾ। ਇਹ ਗੱਲ ਭਾਰਤ ਦੇ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਨੇ ਆਪਣੀ ਕਜ਼ਾਕਿਸਤਾਨ ਯਾਤਰਾ ਤੋਂ ਵਾਪਸੀ ਸਮੇਂ ਵਿਸ਼ੇਸ਼ ਜਹਾਜ਼ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਸ੍ਰੀ ਕ੍ਰਿਸ਼ਨਾ ਨੇ ਕਿਹਾ ਕਿ ਦੋਹਾਂ ਧਿਰਾਂ ਵਿਚਾਲੇ ਸ਼ੁਰੂ ਹੋਣ ਵਾਲੀ ਇਹ ਗੱਲਬਾਤ ਆਪਸੀ ਭਰੋਸੇ ਦੀ ਘਾਟ ਨੂੰ ਦੂਰ ਕਰਨ 'ਚ ਵਧੀਆ ਕਦਮ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਗੱਲਬਾਤ ਨਾਲ ਸਬੰਧਾਂ ਨੂੰ ਅੱਗੇ ਵਧਾਉਣ ਲਈ ਉਸਾਰੂ ਮਾਹੌਲ ਤਿਆਰ ਕੀਤਾ ਜਾ ਸਕਦਾ ਹੈ। ਪਾਕਿਸਤਾਨ ਨਾਲ ਗੱਲਬਾਤ ਦੇ ਬਾਰੇ 'ਚ ਸੰਭਾਵਨਾਵਾਂ ਬਾਰੇ ਪੁੱਛੇ ਜਾਣ 'ਤੇ ਸ੍ਰੀ ਕ੍ਰਿਸ਼ਨਾ ਨੇ ਕਿਹਾ ਕਿ ਦੋਹਾਂ ਧਿਰਾਂ ਨੂੰ ਅਜੇ ਉਮੀਦਾਂ ਦੀ ਗੱਲ ਛੱਡ ਕੇ ਅੱਗੇ ਵਧਣ ਵਲ ਹੀ ਸੋਚਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸ੍ਰੀ ਕ੍ਰਿਸ਼ਨਾ ਨੇ ਕਿਹਾ ਕਿ ਅਗਲੇ ਮਹੀਨੇ ਉਹ ਆਪਣੀ ਅਮਰੀਕੀ ਯਾਤਰਾ ਦੌਰਾਨ ਪਾਕਿਸਤਾਨੀ ਮੂਲ ਦੇ ਅਮਰੀਕੀ ਦਹਿਸ਼ਤਗਰਦ ਡੇਵਿਡ ਹੇਡਲੀ ਨੂੰ ਭਾਰਤ ਲਿਆਉਣ ਦਾ ਮੁੱਦਾ ਵੀ ਉਥੋਂ ਦੇ ਪ੍ਰਸ਼ਾਸਨ ਕੋਲ ਉਠਾਉਣਗੇ। ਸ੍ਰੀ ਕ੍ਰਿਸ਼ਨਾ ਨੇ ਕਿਹਾ ਕਿ ਸਾਡੇ ਵਲੋਂ ਇਕੱਠੇ ਕੀਤੇ ਗਏ ਸਬੂਤਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਹੇਡਲੀ ਹੀ ਮੁੰਬਈ ਹਮਲਿਆਂ ਦਾ ਮੁੱਖ ਸਰਗਣਾ ਸੀ।

ਇਰਾਨ ਬਾਰੇ ਅਪਣਾਏ ਸਟੈਂਡ ਸਬੰਧੀ ਪੁੱਛੇ ਜਾਣ 'ਤੇ ਸ੍ਰੀ ਕ੍ਰਿਸ਼ਨਾ ਨੇ ਕਿਹਾ ਕਿ ਅਸੀਂ ਇਰਾਨ ਵਿਰੁਧ ਨਵੀਆਂ ਬੰਦਿਸ਼ਾਂ ਦੇ ਖਿਲਾਫ਼ ਹਾਂ ਅਤੇ ਮਸਲਾ ਗੱਲਬਾਤ ਰਾਹੀਂ ਨਿਬੇੜਨ ਦੇ ਹੱਕ 'ਚ ਹਾਂ। ਸ੍ਰੀ ਕ੍ਰਿਸ਼ਨਾ ਨੇ ਇਸ ਮੌਕੇ ਭਾਰਤ-ਇਰਾਨ ਗੈਸ ਪਾਈਪ ਲਾਈਨ ਪ੍ਰੋਜੈਕਟ ਦੇ ਜਲਦ ਸਿਰੇ ਚੜ੍ਹਨ ਦੀ ਉਮੀਦ ਵੀ ਪ੍ਰਗਟਾਈ।

# ਪੰਜਾਬ ਦੀ ਡਿਫੈਂਸ ਯੂਨੀਵਰਸਿਟੀ ਹਰਿਆਣੇ ਨੂੰ ਮਿਲੀ

**ਨਵੀਂ ਦਿੱਲੀ:** ਗੁੜਗਾਉਂ ਨੇੜੇ ਦੇਸ਼ ਦੀ ਪਹਿਲੀ ਡਿਫੈਂਸ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਜਾਵੇਗੀ ਜਿਸ ਉਪਰ 295 ਕਰੋੜ ਰੁਪਏ ਖ਼ਰਚ ਆਉਣਗੇ। ਯੂਨੀਵਰਸਿਟੀ ਵਿਚ ਦੇਸ਼ ਦੀ ਸੁਰੱਖਿਆ, ਫੌਜ, ਸੂਚਨਾ ਅਤੇ ਤਕਨੀਕ ਨਾਲ ਜੁੜੀ ਰਣਨੀਤੀ ਦੇ ਸਾਰੇ ਪਹਿਲੂਆਂ ਬਾਰੇ ਖੋਜ ਅਤੇ ਅਧਿਆਪਨ ਦਾ ਪ੍ਰਬੰਧ ਹੋਵੇਗਾ। ਇਹ ਫੈਸਲਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਕੇਂਦਰੀ ਕੈਬਨਿਟ ਦੀ ਮੀਟਿੰਗ ਵਿਚ ਲਿਆ ਗਿਆ।

ਯਾਦ ਰਹੇ, ਇਸ ਫੈਸਲੇ ਤੋਂ ਪਹਿਲਾਂ ਯੂਨੀਵਰਸਿਟੀ ਦੇ ਮੋਹਾਲੀ ਵਿਚ ਸਥਾਪਤ ਕਰਨ ਦੀ ਤਜਵੀਜ਼ ਸੀ ਜੋ ਧਰੀ-ਧਰਾਈ ਹੀ ਰਹਿ ਗਈ ਹੈ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਚਨਾ ਅਤੇ ਪ੍ਰਸਾਰਣ ਮੰਤਰੀ ਅੰਬਿਕਾ ਸੋਨੀ ਨੇ ਪੱਤਰਕਾਰਾਂ ਨੂੰ ਦਸਿਆ ਕਿ ਇੰਡੀਅਨ ਨੈਸ਼ਨਲ ਡਿਫੈਂਸ ਯੂਨੀਵਰਸਿਟੀ (ਆਈ.ਐਨ.ਡੀ.ਯੂ.) ਦੀ ਸਥਾਪਨਾ ਲਈ ਗੁੜਗਾਉਂ ਨੇੜੇ ਸਥਿਤ ਪਿੰਡ ਬਿਨੋਲਾ ਵਿਖੇ 200 ਏਕੜ ਜ਼ਮੀਨ ਐਕਵਾਇਰ ਕਰਨ ਨੂੰ ਮਨਜ਼ੂਰੀ ਦੇ ਦਿਤੀ ਗਈ ਹੈ। ਜ਼ਮੀਨ ਐਕਵਾਇਰ ਕਰਨ ਉਪਰ 100 ਕਰੋੜ ਰੁਪਏ ਖ਼ਰਚ ਆਉਣ ਦੀ ਸੰਭਾਵਨਾ ਹੈ। ਕੈਬਨਿਟ ਮੀਟਿੰਗ ਵਿਚ ਲਏ ਗਏ ਹੋਰ ਅਹਿਮ ਫੈਸਲਿਆਂ ਵਿਚ ਸਰਕਾਰ ਨੇ ਦੇਸ਼ ਦੇ ਅੱਧੀ ਸਦੀ ਤੋਂ ਪੁਰਾਣੇ ਡੈਮਾਂ ਦੀ ਸੁਰੱਖਿਆ ਬਾਰੇ ਨਿਗਰਾਨੀ ਰੱਖਣ ਲਈ ਕਾਨੂੰਨ ਬਣਾਉਣ ਨੂੰ ਮਨਜ਼ੂਰੀ ਦੇ ਦਿਤੀ। ਨਵਾਂ ਕਾਨੂੰਨ ਸੂਬਿਆਂ ਨੂੰ ਡੈਮਾਂ ਦੀ ਸੁਰੱਖਿਆ ਦਾ ਉਚਿਤ ਪ੍ਰਬੰਧ ਯਕੀਨੀ ਬਣਾਉਣ 'ਚ ਮਦਦ ਕਰੇਗਾ। ਨਵੇਂ ਕਾਨੂੰਨ ਮੁਤਾਬਕ ਡੈਮਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸੰਸਥਾਗਤ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਕੇਂਦਰ, ਸੂਬਾ ਸਰਕਾਰਾਂ ਅਤੇ ਡੈਮਾਂ ਦੇ ਮਾਲਕਾਂ ਦੀ ਹੋਵੇਗੀ। ਕੈਬਨਿਟ ਨੇ ਸੋਨੀਆ ਗਾਂਧੀ ਦੀ ਅਗਵਾਈ ਵਾਲੀ ਕੌਮੀ ਸਲਾਹਕਾਰ ਕੌਂਸਲ ਲਈ 35 ਮੁਲਾਜ਼ਮਾਂ ਦੀ ਨਿਯੁਕਤੀ ਕਰਨ ਨੂੰ ਮਨਜ਼ੂਰੀ ਦਿਤੀ ਜਿਸ ਵਿਚ ਸਕੱਤਰ ਪੱਧਰ ਦਾ ਇਕ ਅਫ਼ਸਰ ਵੀ ਸ਼ਾਮਲ ਹੈ। ਅੰਬਿਕਾ ਸੋਨੀ ਨੇ ਦਸਿਆ ਕਿ ਐਨ.ਏ.ਸੀ. ਵੱਖ-ਵੱਖ ਯੋਜਨਾਵਾਂ ਅਤੇ ਪ੍ਰੋਗਰਾਮਾਂ ਦੀ ਨਿਗਰਾਨੀ ਲਈ ਸਰਕਾਰ ਅਤੇ ਸੱਤਾਧਾਰੀ ਗਠਜੋੜ ਦਰਮਿਆਨ ਪੁਲ ਦਾ ਕੰਮ ਕਰੇਗੀ।

ਉਨ੍ਹਾਂ ਦਸਿਆ ਕਿ ਮਨਜ਼ੂਰ ਕੀਤੇ ਗਏ ਅਹੁਦਿਆਂ ਵਿਚ ਇਕ ਸਕੱਤਰ, ਵਧੀਕ ਸਕੱਤਰ ਅਤੇ ਇਕ ਸੰਯੁਕਤ ਸਕੱਤਰ ਸ਼ਾਮਲ ਹਨ। ਇਸ ਦੌਰਾਨ ਸਰਕਾਰੀ ਸੂਤਰਾਂ ਨੇ ਦਸਿਆ ਕਿ ਨਵੇਂ ਮਨਜ਼ੂਰ ਕੀਤੇ ਅਹੁਦਿਆਂ 'ਤੇ ਹਰ ਸਾਲ 33 ਲੱਖ ਰੁਪਏ ਖ਼ਰਚ ਹੋਵੇਗਾ ਅਤੇ ਇਸ ਦੇ ਲਈ ਪੈਸਾ ਪ੍ਰਧਾਨ ਮੰਤਰੀ ਦਫ਼ਤਰ ਦੇ ਫੰਡ ਵਿਚੋਂ ਆਵੇਗਾ। ਭਾਰਤ ਦੇ ਵੱਡੇ ਸੈਰ-ਸਪਾਟਾ ਕੇਂਦਰ ਵਜੋਂ ਉਭਰਨ ਦੇ ਮੱਦੇਨਜ਼ਰ ਸਰਕਾਰ ਨੇ ਦੇਸ਼ ਵਿਚ ਵਿਦੇਸ਼ੀਆਂ ਦੀ ਆਵਾਜਾਈ 'ਤੇ ਨਜ਼ਰ ਰੱਖਣ ਦਾ ਫੈਸਲਾ ਕੀਤਾ ਹੈ। ਕੈਬਨਿਟ ਨੇ ਇਮੀਗਰੇਸ਼ਨ ਸੇਵਾਵਾਂ ਨੂੰ ਆਧੁਨਿਕ ਬਣਾਉਣ ਦੇ 1011 ਕਰੋੜ ਰੁਪਏ ਦੇ ਪ੍ਰਾਜੈਕਟ ਨੂੰ ਮਨਜ਼ੂਰੀ ਦੇ ਦਿਤੀ। ਇਹ ਅਗਲੇ ਸਾਢੇ ਚਾਰ ਸਾਲਾਂ ਦੌਰਾਨ ਲਾਗੂ ਕੀਤਾ ਜਾਵੇਗਾ।

# ਹੁਣ ਕੀ ਬਣੇਗਾ ਪੰਜਾਬ ਦੇ ਡਿਫੈਂਸ ਪ੍ਰਾਜੈਕਟਾਂ ਦਾ?

**ਚੰਡੀਗੜ੍ਹ :** ਕੇਂਦਰ ਸਰਕਾਰ ਵਲੋਂ ਦੇਸ਼ ਦੀ ਪਹਿਲੀ ਇੰਡੀਅਨ ਨੈਸ਼ਨਲ ਡਿਫੈਂਸ ਯੂਨੀਵਰਸਿਟੀ ਬਿਨੌਲਾ (ਗੁੜਗਾਉਂ) ਵਿਖੇ ਸਥਾਪਤ ਕਰਨ ਦੇ ਫੈਸਲੇ ਨਾਲ ਪੰਜਾਬ ਸਰਕਾਰ ਵਲੋਂ ਰਾਜ ਦੇ ਨੌਜਵਾਨਾਂ ਨੂੰ ਰੱਖਿਆ ਸੈਨਾਵਾਂ ਵਲ ਲਿਜਾਣ ਲਈ ਉਤਸ਼ਾਹਤ ਕਰਨ ਦੇ ਯਤਨਾਂ ਨੂੰ ਧੱਕਾ ਵੱਜਿਆ ਹੈ। ਪੰਜਾਬ ਸਰਕਾਰ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵਲੋਂ 1999 ਵਿਚ ਖਾਲਸਾ ਪੰਥ ਦੀ ਸਾਜਨਾ ਬਾਰੇ ਸਮਾਗਮਾਂ ਵਿਚ ਕੀਤੇ ਵਾਅਦੇ ਅਨੁਸਾਰ ਆਨੰਦਪੁਰ ਸਾਹਿਬ ਵਿਖੇ ਡਿਫੈਂਸ ਅਕੈਡਮੀ ਲਿਆਉਣ ਲਈ ਜ਼ੋਰ ਲਗਾ ਰਹੀ ਸੀ। ਬਾਅਦ ਵਿਚ ਜਦੋਂ ਡਿਫੈਂਸ ਯੂਨੀਵਰਸਿਟੀ ਦੀ ਗੱਲ ਤੁਰੀ ਤਾਂ ਪੰਜਾਬ ਸਰਕਾਰ ਨੇ ਕੇਂਦਰ ਤੋਂ ਇਹ ਮੰਗ ਕਰਨੀ ਸ਼ੁਰੂ ਕੀਤੀ ਕਿ ਡਿਫੈਂਸ ਯੂਨੀਵਰਸਿਟੀ ਆਨੰਦਪੁਰ ਸਾਹਿਬ ਵਿਚ ਖੋਲ੍ਹੀ ਜਾਵੇ। ਰਾਜ ਸਰਕਾਰ ਦਲੀਲ ਦਿੰਦੀ ਸੀ ਕਿ ਪੰਜਾਬ ਨੇ ਰੱਖਿਆ ਸੈਨਾਵਾਂ ਵਿਚ ਭਰਵਾਂ ਯੋਗਦਾਨ ਪਾਇਆ ਅਤੇ ਰਾਜ ਵਿਚ ਸਾਬਕਾ ਸੈਨਿਕਾਂ ਦੀ ਭਾਰੀ ਸੰਖਿਆ ਹੈ। 2002 ਵਿਚ ਅਕਾਲੀਆਂ ਤੋਂ ਬਾਅਦ ਕਾਂਗਰਸ ਸਰਕਾਰ ਵੇਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਡਿਫੈਂਸ ਯੂਨੀਵਰਸਿਟੀ ਪੰਜਾਬ 'ਚ ਖੋਲ੍ਹਣ ਦਾ ਮੁੱਦਾ ਚੁੱਕਿਆ ਸੀ, ਪਰ ਉਨ੍ਹਾਂ ਆਨੰਦਪੁਰ ਸਾਹਿਬ ਦੀ ਬਜਾਇ ਪਟਿਆਲਾ ਦੀ ਚੋਣ ਨੂੰ ਤਰਜੀਹ ਦਿੱਤੀ। ਉਨ੍ਹਾਂ ਦੀ ਸਰਕਾਰ ਨੇ ਸੁਝਾਅ ਭੇਜਿਆ ਸੀ ਕਿ ਨੇਤਾ ਜੀ ਸੁਭਾਸ਼ ਇੰਸਟੀਚਿਊਟ ਆਫ ਸਪੋਰਟਸ (ਐਨ.ਆਈ.ਐਸ.) ਡਿਫੈਂਸ ਯੂਨੀਵਰਸਿਟੀ ਲਈ ਸਭ ਤੋਂ ਢੁਕਵੀਂ ਹੈ। ਉਨ੍ਹਾਂ ਦੇ ਇਸ ਸੁਝਾਅ 'ਤੇ ਖੇਡ ਹਲਕਿਆਂ ਨੇ ਤਿੱਖਾ ਪ੍ਰਤੀਕਰਮ ਪ੍ਰਗਟ ਕੀਤਾ ਸੀ। ਰੱਖਿਆ ਮੰਤਰਾਲੇ ਨੇ ਵੀ ਉਨ੍ਹਾਂ ਦੇ ਸੁਝਾਅ 'ਤੇ ਗੰਭੀਰਤਾ ਨਾਲ ਗੌਰ ਨਹੀਂ ਕੀਤਾ ਅਤੇ ਜਗ੍ਹਾ ਦੀ ਚੋਣ ਕਰਨ ਵਾਲੀ ਕਮੇਟੀ ਨੇ ਵੀ ਇਸ ਨੂੰ ਬਹੁਤੀ ਅਹਿਮੀਅਤ ਨਾ ਦਿੱਤੀ। 2007 ਵਿਚ ਜਦੋਂ ਫੇਰ ਅਕਾਲੀ-ਭਾਜਪਾ ਸਰਕਾਰ ਬਣੀ ਤਾਂ ਡਿਫੈਂਸ ਯੂਨੀਵਰਸਿਟੀ ਦੀ ਮੰਗ ਫੇਰ ਉਭਰੀ। ਇਸ ਵਾਰ ਪੰਜਾਬ ਸਰਕਾਰ ਨੇ ਆਨੰਦਪੁਰ ਸਾਹਿਬ ਨੂੰ ਛੱਡਕੇ ਮੁਹਾਲੀ 'ਚ ਸੈਕਟਰ-92 ਵਿਚ ਜਗ੍ਹਾ ਦੇਣ ਦੀ ਪੇਸ਼ਕਸ਼ ਕੀਤੀ। ਇਸੇ ਸਾਲ ਦੇ ਸ਼ੁਰੂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮੁੱਦੇ 'ਤੇ ਰੱਖਿਆ ਮੰਤਰੀ ਏ.ਕੇ. ਐਂਟਨੀ ਨਾਲ ਮੁਲਾਕਾਤ ਕੀਤੀ ਸੀ। ਐਤਕੀਂ ਦੇ ਆਪਣੇ ਬਜਟ ਵਿਚ ਸਰਕਾਰ ਨੇ ਰੱਖਿਆ ਸੈਨਾਵਾਂ ਵਿਚ ਕੈਰੀਅਰ ਲਈ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਦੇ ਇਰਾਦੇ ਨਾਲ ਮਹਾਰਾਜਾ ਸਿੰਘ ਆਰਮਡ ਫੋਰਸਜ਼ ਅਕੈਡਮੀ ਕਾਇਮ ਕਰਨ ਦਾ ਫੈਸਲਾ ਕੀਤਾ ਸੀ। ਸਰਕਾਰ ਨੇ ਐਨ.ਡੀ.ਏ. ਜਾਂ ਆਈ.ਐਮ.ਏ. ਲਈ ਚੁਣੇ ਜਾਣ ਵਾਲੇ ਨੌਜਵਾਨਾਂ ਨੂੰ ਸਿਖਲਾਈ ਲਈ ਇਕ ਲੱਖ ਰੁਪਏ ਦੀ ਮਦਦ ਦੇਣ ਦਾ ਵੀ ਐਲਾਨ ਕੀਤਾ ਸੀ। ਬਜਟ ਤਜਵੀਜ਼ਾਂ ਬਾਰੇ ਬਹਿਸ ਨੂੰ ਸਮੇਟਦੇ ਹੋਏ ਸ੍ਰੀ ਬਾਦਲ ਨੇ ਮੁਹਾਲੀ ਵਿਚ ਇਕ ਨੇਵਲ ਟ੍ਰੇਨਿੰਗ ਅਕੈਡਮੀ ਖੋਲ੍ਹਣ ਦਾ ਵੀ ਐਲਾਨ ਕੀਤਾ ਸੀ। ਪੰਜਾਬ ਸਰਕਾਰ ਦਾ ਖ਼ਿਆਲ ਸੀ ਕਿ ਰੱਖਿਆ ਨਾਲ ਸੰਬੰਧਿਤ ਦੋ ਸੰਸਥਾਵਾਂ ਦੇ ਐਲਾਨ ਨਾਲ ਉਸ ਨੂੰ ਮੁਹਾਲੀ ਵਿਚ ਡਿਫੈਂਸ ਯੂਨੀਵਰਸਿਟੀ ਲਿਆਉਣ ਵਿਚ ਮਦਦ ਮਿਲੇਗੀ ਪਰ ਸਰਕਾਰ ਦੀਆਂ ਆਸਾਂ ਨੂੰ ਬੂਰ ਨਾ ਪਿਆ ਅਤੇ ਬਾਜ਼ੀ ਹਰਿਆਣਾ ਮਾਰ ਗਿਆ।

# ਗੁਰਦੁਆਰਾ ਰੈਂਟਨ ਵਿਚ ਗੁਰਮਤਿ ਕੈਂਪ

**ਸਿਆਟਲ:** ਇਥੇ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਚ ਭਾਈ ਹਰਪਾਲ ਸਿੰਘ ਬੜੂ ਸਾਹਿਬ ਅਤੇ ਖਾਲਸਾ ਗੁਰਮਤਿ ਸਕੂਲ ਦੇ ਸਮੂਹ ਸਟਾਫ ਦੀ ਅਗਵਾਈ ਵਿਚ ਗੁਰਮਤਿ ਕੈਂਪ ਲਗਾਇਆ ਗਿਆ ਜਿਸ ਵਿਚ 'ਆਓ ਫਟਾ-ਫਟ ਪੰਜਾਬੀ ਸਿੱਖੀਏ' ਪ੍ਰੋਗਰਾਮ ਤਹਿਤ ਪੰਜਾਬੀ ਦੇ ਨਾਲ ਗੁਰਮਤਿ ਗਿਆਨ ਦੀਆਂ ਕਲਾਸਾਂ ਲਗਾਈਆਂ ਗਈਆਂ ਜਿਸ ਵਿਚ 96 ਬੱਚੇ ਅਤੇ ਗੁਰਬਾਣੀ ਦੇ ਪ੍ਰੇਮੀ ਸੱਜਣ ਲਾਹਾ ਪ੍ਰਾਪਤ ਕਰਦੇ ਰਹੇ। ਆਪਣੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਮਾਪੇ ਉਚੇਚੇ ਤੌਰ 'ਤੇ 45 ਮੀਲ ਤੋਂ ਵੀ ਦੂਰ ਗੁਰਦੁਆਰਾ ਸਿੱਖ ਸੈਂਟਰ ਬੌਥਲ ਤੋਂ ਵੀ ਲੈ ਕੇ ਆਉਂਦੇ ਸਨ।

ਇਸ ਕੈਂਪ ਦੀ ਸਮਾਪਤੀ ਤੋਂ ਇਕ ਦਿਨ ਪਹਿਲਾਂ ਗੁਰਮਤਿ ਪਰਖ ਮੁਕਾਬਲਾ ਕਰਵਾਇਆ ਗਿਆ ਜਿਸ ਵਿਚ ਬੱਚਿਆਂ ਨੂੰ ਸਿੱਖ ਇਤਿਹਾਸ ਤੇ ਗੁਰਬਾਣੀ ਨਾਲ ਸੰਬੰਧਿਤ ਪ੍ਰਸ਼ਨ ਪੁਛੇ ਗਏ। ਜੇਤੂ ਬੱਚਿਆਂ ਨੂੰ ਖਾਲਸਾ ਗੁਰਮਤਿ ਸਕੂਲ ਰੈਂਟਨ ਵਲੋਂ ਇਨਾਮ ਵੰਡੇ ਗਏ।

ਗੁਰਮਤਿ ਕੈਂਪ ਦੀ ਸਮਾਪਤੀ ਉਤੇ ਬੱਚਿਆਂ ਵਲੋਂ ਕੀਤੇ ਗਏ ਗੁਰਮਤਿ ਸਮਾਗਮ ਵਿਚ ਦਸਤਾਰ ਸਜਾਓ ਮੁਕਾਬਲੇ ਤੋਂ ਬਿਨਾ ਕੀਰਤਨ, ਕਵਿਤਾਵਾਂ, ਲੈਕਚਰ ਆਦਿ ਦਾ ਪ੍ਰਬੰਧ ਕੀਤਾ ਗਿਆ। ਪ੍ਰੋਗਰਾਮ ਵਿਚ ਡਾ. ਬਲਵੰਤ ਸਿੰਘ ਸੇਖੋਂ ਅਤੇ ਸ. ਅਮਰਜੀਤ ਸਿੰਘ ਫਰੀਮਾਂਟ ਉਚੇਚੇ ਤੌਰ 'ਤੇ ਪਹੁੰਚੇ ਅਤੇ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਕਾਰਜਾਂ ਦੀ ਜਾਣਕਾਰੀ ਦਿੱਤੀ। ਕੈਂਪ ਨੂੰ ਸਫਲ ਬਣਾਉਣ ਲਈ ਸਮੂਹ ਪ੍ਰਬੰਧਕ ਕਮੇਟੀ ਤੋਂ ਇਲਾਵਾ ਬੀਬੀ ਪਰਮਜੀਤ ਕੌਰ, ਰਣਜੀਤ ਕੌਰ ਪੰਨੂ, ਡਾ. ਸਰਵਜੀਤ ਸਿੰਘ ਵਿਰਕ ਅਤੇ ਸ. ਦਲਬੀਰ ਸਿੰਘ ਘੁੰਮਣ ਨੇ ਭਰਪੂਰ ਸਹਿਯੋਗ ਦਿੱਤਾ। ਗੁਰਦੁਆਰਾ ਸਾਹਿਬ ਵਲੋਂ ਭਾਈ ਹਰਪਾਲ ਸਿੰਘ ਨੂੰ ਪ੍ਰੋਜੈਕਟਰ ਅਤੇ ਸਿਰੋਪਾਓ ਦੀ ਬਖ਼ਸ਼ਿਸ਼ ਕੀਤੀ ਗਈ।



# ਹਰਿਆਣਾ ਦੇ 13 ਜ਼ਿਲ੍ਹਿਆਂ ’ਚ ਪੰਚਾਇਤ ਚੋਣਾਂ ਦਾ ਐਲਾਨ

**ਚੰਡੀਗੜ੍ਹ:** ਹਰਿਆਣਾ ਰਾਜ ਚੋਣ ਕਮਿਸ਼ਨ ਨੇ ਰਾਜ ਦੇ 21 ਵਿਚੋਂ 13 ਜ਼ਿਲ੍ਹਿਆਂ ਵਿਚ ਪੰਚਾਇਤ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਹੈ ਤੇ ਇਹ ਚੋਣਾਂ ਦੋ ਪੜਾਵਾਂ ਵਿਚ ਕਰਵਾਈਆਂ ਜਾਣਗੀਆਂ। ਜਿਹੜੇ ਜ਼ਿਲ੍ਹਿਆਂ ਵਿਚ ਚੋਣਾਂ ਕਰਵਾਈਆਂ ਜਾਣਗੀਆਂ ਉਨ੍ਹਾਂ ਵਿਚ ਅੰਬਾਲਾ, ਭਿਵਾਨੀ, ਫਤਿਹਾਬਾਦ, ਫਰੀਦਾਬਾਦ, ਜੀਂਦ, ਝੱਜਰ, ਕੈਥਲ, ਕੁਰੂਕਸ਼ੇਤਰ, ਮਹਿੰਦਰਗੜ੍ਹ, ਸਿਰਸਾ, ਸੋਨੀਪਤ, ਮੇਵਾਤ ਅਤੇ ਪਲਵਲ ਸ਼ਾਮਲ ਹਨ। ਪੰਚਾਇਤੀ ਅਦਾਰਿਆਂ ਦੀਆਂ ਚੋਣਾਂ ਲਈ 15 ਮਈ ਨੂੰ ਨੋਟੀਫਿਕੇਸ਼ਨ ਜਾਰੀ ਹੋਣ ਦੇ ਨਾਲ ਹੀ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ।

ਇਥੇ ਸੂਬਾਈ ਚੋਣ ਕਮਿਸ਼ਨਰ ਧਰਮਵੀਰ ਨੇ ਦੱਸਿਆ ਕਿ ਚੋਣਾਂ ਦੋ ਪੜਾਵਾਂ ਵਿਚ 6 ਅਤੇ 12 ਜੂਨ ਨੂੰ ਹੋਣਗੀਆਂ। ਇਸ ਚੋਣ ਵਿਚ ਲਗਪਗ 63,98,342 ਵੋਟਰ ਆਪਣੇ ਅਧਿਕਾਰ ਦੀ ਵਰਤੋਂ ਕਰਨਗੇ। ਚੋਣ ਇਲੈਕਟ੍ਰਾਨਿਕਸ ਵੋਟਿੰਗ ਮਸ਼ੀਨਾਂ (ਈ.ਵੀ.ਐਮ.) ਨਾਲ ਕਰਵਾਈ ਜਾਵੇਗੀ। ਇਸ ਲਈ ਲਗਪਗ 14,000 ਇਲੈਕਟ੍ਰਾਨਿਕਸ ਮਸ਼ੀਨਾਂ ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਤੋਂ ਲਈਆਂ ਜਾਣਗੀਆਂ ਪਰ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਬਲਾਕ ਸਮਿਤੀਆਂ ਦੀਆਂ ਚੋਣਾਂ ਵਿਚ ਵੋਟਿੰਗ ਮਸ਼ੀਨਾਂ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦਾਂ ਦੇ 244 ਮੈਂਬਰ, ਪੰਚਾਇਤ ਸਮਿਤੀਆਂ ਦੇ 1,792 ਮੈਂਬਰ, 3,971 ਸਰਪੰਚ ਅਤੇ 39,596 ਪੰਚ ਚੁਣੇ ਜਾਣਗੇ। ਚੋਣ ਦੇ ਲਈ ਲਗਪਗ 12,566 ਬੂਥ ਸਥਾਪਤ ਕੀਤੇ ਜਾਣਗੇ। ਉਮੀਦਵਾਰਾਂ ਦੇ ਚੋਣ ਖਰਚੇ ‘ਤੇ ਨਿਗਰਾਨੀ ਲਈ ਨਿਗਰਾਨ ਲਾ ਦਿੱਤੇ ਗਏ ਹਨ।

ਉਨ੍ਹਾਂ ਨੇ ਕਿਹਾ ਕਿ ਚੋਣ ਜ਼ਾਬਤਾ ਲਾਗੂ ਹੋ ਜਾਣ ਨਾਲ ਚੋਣ ਪ੍ਰਕਿਰਿਆ ਨਾਲ ਜੁੜੇ ਕਿਸੇ ਵੀ ਕਰਮਚਾਰੀ ਜਾਂ ਅਧਿਕਾਰੀ ਦੇ ਚੋਣਾਂ ਖਤਮ ਹੋਣ ਤੱਕ ਤਬਾਦਲੇ ਨਹੀਂ ਕੀਤੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਪੰਚਾਇਤੀ ਅਦਾਰਿਆਂ ਦੀਆਂ ਚੋਣਾਂ ਲਈ 22 ਤੋਂ 24 ਮਈ ਤੱਕ ਸਵੇਰੇ ਸਾਢੇ ਨੌਂ ਵਜੇ ਤੋਂ ਸ਼ਾਮੀਂ 4 ਵਜੇ ਦੇ ਵਿਚ ਨਾਮਜ਼ਦਗੀ ਪੱਤਰ ਪੇਸ਼ ਕੀਤੇ ਜਾ ਸਕਣਗੇ। ਨਾਮਜ਼ਦਗੀ ਪੱਤਰਾਂ ਦੀ ਜਾਂਚ 25 ਮਈ ਨੂੰ ਸਵੇਰੇ 10 ਵਜੇ ਤੋਂ ਬਾਅਦ ਕੀਤੀ ਜਾਵੇਗੀ। ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 27 ਮਈ ਨਿਰਧਾਰਿਤ ਕੀਤੀ ਗਈ ਹੈ ਅਤੇ ਉਮੀਦਵਾਰ ਸ਼ਾਮ 4 ਵਜੇ ਤੱਕ ਨਾਮਜ਼ਦਗੀ ਵਾਪਸ ਲੈ ਸਕਣਗੇ ਅਤੇ ਇਸੇ ਦਿਨ ਉਮੀਦਵਾਰਾਂ ਨੂੰ ਚੋਣ ਨਿਸ਼ਾਨਾਂ ਦੀ ਵੰਡ ਕੀਤੀ ਜਾਵੇਗੀ।

ਪ੍ਰਾਪਤ ਨਾਮਜ਼ਦਗੀ ਪੱਤਰਾਂ ਦੀ ਸੂਚੀ 27 ਮਈ ਤੱਕ ਲਗਾਈ ਜਾਵੇਗੀ। ਉਮੀਦਵਾਰ ਦੁਆਰਾ 25 ਮਈ ਨੂੰ ਸਵੇਰੇ 10.00 ਵਜੇ ਤੋਂ ਪਹਿਲੇ ਨਿਰਧਾਰਿਤ ਫਾਰਮ ਵਿਚ ਸਬੰਧਤ ਰਿਟਰਨਿੰਗ ਅਧਿਕਾਰੀ ਨੂੰ ਇਹ ਸੂਚਨਾ ਦੇਣੀ ਹੋਵੇਗੀ ਕਿ ਉਹ ਚੋਣ ਦੇ ਲਈ ਕਿਸੇ ਵੀ ਤਰ੍ਹਾਂ ਨਾਲ ਅਯੋਗ ਨਹੀਂ ਹੈ। ਚੋਣਾਂ ਦੇ ਪਹਿਲੇ ਪੜਾਅ ਲਈ 6 ਜੂਨ ਤੇ ਦੂਜੇ ਪੜਾਅ ਲਈ 12 ਜੂਨ ਨੂੰ ਸਵੇਰੇ ਸਾਢੇ ਸੱਤ ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਾਂ ਪੈਣਗੀਆਂ।

ਉਨ੍ਹਾਂ ਦੱਸਿਆ ਕਿ ਪੰਚਾਂ ਤੇ ਸਰਪੰਚਾਂ ਦੀਆਂ ਵੋਟਾਂ ਦੀ ਗਿਣਤੀ ਚੋਣ ਖਤਮ ਹੋਣ ਤੋਂ ਤੁਰੰਤ ਬਾਅਦ ਉਸੇ ਦਿਨ ਉਸੇ ਵੋਟ ਕੇਂਦਰ ‘ਤੇ ਕੀਤੀ ਜਾਵੇਗੀ ਤੇ ਨਾਲੋ-ਨਾਲ ਨਤੀਜੇ ਦਾ ਐਲਾਨ ਕਰ ਦਿੱਤਾ ਜਾਵੇਗਾ ਪਰ ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰਾਂ ਦੀਆਂ ਵੋਟਾਂ ਦੀ ਗਿਣਤੀ 14 ਜੂਨ ਨੂੰ ਸਵੇਰੇ 8 ਵਜੇ ਤੋਂ ਸੰਬੰਧਿਤ ਪੰਚਾਇਤ ਕਮੇਟੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਮੁੱਖ ਦਫਤਰਾਂ ‘ਤੇ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚੋਣ ਲੜਨ ਵਾਲੇ ਉਮੀਦਵਾਰ ਨੂੰ ਨਾਮਜ਼ਦਗੀ ਪੱਤਰ ਭਰਦੇ ਸਮੇਂ ਆਪਣੇ ਅਪਰਾਧੀ ਪਿਛੋਕੜ, ਚਲ ਅਤੇ ਅਚੱਲ ਸੰਪਤੀ ਅਤੇ ਵਿਦਿਅਕ ਯੋਗਤਾ ਦੇ ਬਾਰੇ ਐਲਾਨ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਕਮਿਸ਼ਨ ਨੇ ਉਮੀਦਵਾਰਾਂ ਜਾਂ ਉਨ੍ਹਾਂ ਦੇ ਚੋਣ ਏਜੰਟਾਂ ਦੁਆਰਾ ਚੋਣਾਂ ਦੇ ਦੌਰਾਨ ਕੀਤੇ ਜਾਣ ਵਾਲੇ ਖਰਚ ਦੀ ਸੀਮਾ ਨਿਰਧਾਰਤ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਚ ਚੋਣ ਵਿਚ 5,000 ਰੁਪਏ, 15 ਮੈਂਬਰਾਂ ਵਾਲੀ ਪਿੰਡ ਪੰਚਾਇਤ ਦਾ ਸਰਪੰਚ 15,000 ਰੁਪਏ ਅਤੇ 15 ਮੈਂਬਰਾਂ ਤੋਂ ਵਧ ਵਾਲੀ ਪਿੰਡ ਪੰਚਾਇਤ ਦਾ ਸਰਪੰਚ 25,000 ਰੁਪਏ, ਪੰਚਾਇਤ ਸਮਿਤੀ ਦਾ ਮੈਂਬਰ 50,000 ਰੁਪਏ ਅਤੇ ਜ਼ਿਲ੍ਹਾ ਪ੍ਰੀਸ਼ਦ ਦਾ ਉਮੀਦਵਾਰ ਇਕ ਲੱਖ ਰੁਪਏ ਤਕ ਖਰਚ ਕਰ ਸਕਦਾ ਹੈ।

ਭਿਵਾਨੀ ਜ਼ਿਲ੍ਹੇ ਦੀ ਤੋਸ਼ਾਮ ਪਿੰਡ ਪੰਚਾਇਤ, ਫਤਿਹਾਬਾਦ ਜ਼ਿਲ੍ਹੇ ਦੀ ਜਾਖਲ ਮੰਡੀ ਅਤੇ ਕੁਰੂਕਸ਼ੇਤਰ ਜ਼ਿਲ੍ਹੇ ਦੀ ਸਮਾਲਖਾ ਪਿੰਡ ਪੰਚਾਇਤਾਂ ਦੀਆਂ ਚੋਣਾਂ ਨਹੀਂ ਕਰਵਾਈਆਂ ਜਾ ਰਹੀਆਂ।

# ਅਫਜ਼ਲ ਗੁਰੂ ਨੂੰ ਫਾਂਸੀ ਦੀ ਸਿਫਾਰਸ਼



**ਨਵੀਂ ਦਿੱਲੀ:** ਦਿੱਲੀ ਸਰਕਾਰ ਨੇ ਸੰਸਦ ਭਵਨ ‘ਤੇ ਹਮਲਾ ਕੇਸ ਦੇ ਦੋਸ਼ੀ ਅਫਜ਼ਲ ਗੁਰੂ ਦੀ ਸਜ਼ਾ ਮੁਆਫੀ ਦੀ ਅਪੀਲ ਵਾਲੀ ਫਾਈਲ ਦਿੱਲੀ ਦੇ ਉਪ ਰਾਜਪਾਲ ਦੇ ਦਫਤਰ ਭੇਜ ਦਿੱਤੀ ਹੈ। ਇਹ ਫਾਈਲ ਪਿਛਲੇ ਚਾਰ ਸਾਲਾਂ ਤੋਂ ਫੈਸਲੇ ਲਈ ਅਟਕੀ ਹੋਈ ਸੀ। ਇਕ ਉੱਚ ਅਧਿਕਾਰੀ ਅਨੁਸਾਰ ਦਿੱਲੀ ਸਰਕਾਰ ਨੇ ਅਫਜ਼ਲ ਗੁਰੂ ਨੂੰ ਫਾਂਸੀ ਦੇਣ ਦੀ ਹਮਾਇਤ ਕੀਤੀ ਹੈ ਪ੍ਰੰਤੂ ਇਹ ਵੀ ਕਿਹਾ ਹੈ ਕਿ ਫਾਂਸੀ ਦੇਣ ਵੇਲੇ ਕਾਨੂੰਨ ਵਿਵਸਥਾ ਧਿਆਨ ਵਿਚ ਰੱਖੀ ਜਾਵੇ। 17 ਮਈ ਨੂੰ ਦੇਰ ਰਾਤੀਂ ਪ੍ਰਾਪਤ ਜਾਣਕਾਰੀ ਅਨੁਸਾਰ ਉਪ ਰਾਜਪਾਲ ਤੇਜਿੰਦਰ ਖੰਨਾ ਨੇ ਫਾਈਲ ‘ਤੇ ਕੁਝ ਸਪਸ਼ਟੀਕਰਨ ਮੰਗੇ ਹਨ ਅਤੇ ਫਾਈਲ ਦਿੱਲੀ ਸਰਕਾਰ ਕੋਲ ਪਰਤਾ ਦਿੱਤੀ ਹੈ।

ਦਿੱਲੀ ਸਰਕਾਰ ਨੇ ਇਕ ਦਿਨ ਪਹਿਲਾਂ ਕਿਹਾ ਸੀ ਕਿ ਇਸ ਫਾਈਲ ‘ਤੇ ਘੱਟੋ ਘੱਟ ਸੰਭਵ ਸਮੇਂ ਅੰਦਰ ਕਾਰਵਾਈ ਕਰ ਦਿੱਤੀ ਜਾਵੇਗੀ। ਦਿੱਲੀ ਸਰਕਾਰ ਇਸ ਫਾਈਲ ਨੂੰ ਪਿਛਲੇ ਚਾਰ ਸਾਲ ਤੋਂ ਦੱਬੀ ਬੈਠੀ ਹੈ। ਹੁਣ ਜਦੋਂ ਅਫਜ਼ਲ ਗੁਰੂ ਨੂੰ ਫਾਂਸੀ ਦੇਣ ਦਾ ਮੁੱਦਾ ਮੁੜ ਗਰਮਾਇਆ ਤਾਂ ਸਰਕਾਰ ਦੀ ਅੱਖ ਖੁੱਲ੍ਹੀ। ਅਸਲ ਵਿਚ ਮੁੰਬਈ ਅਤਿਵਾਦੀ ਹਮਲੇ ਦੇ ਦੋਸ਼ੀ ਕਸਾਬ ਨੂੰ ਮੌਤ ਦੀ ਸਜ਼ਾ ਸੁਣਾਉਣ ਪਿੱਛੋਂ ਹੀ ਅਫਜ਼ਲ ਦਾ ਜ਼ਿਕਰ ਸ਼ੁਰੂ ਹੋਇਆ ਸੀ।

ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਫਾਈਲ ਅੱਗੇ ਚਲੀ ਗਈ ਹੈ। ਪਰ ਉਨ੍ਹਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਫਾਈਲ ਆਖਰ ਅੱਗੇ ਕਿੱਥੇ ਚਲੀ ਗਈ ਹੈ। ਪਰ ਸਰਕਾਰ ਦੇ ਭਰੋਸੇਯੋਗ ਸੂਤਰਾਂ ਅਨੁਸਾਰ ਦਿੱਲੀ ਦੇ ਗ੍ਰਹਿ ਮੰਤਰਾਲੇ ਨੇ ਇਹ ਫਾਈਲ ਉਪ ਰਾਜਪਾਲ ਤੇਜਿੰਦਰ ਖੰਨਾ ਕੋਲ ਭੇਜ ਦਿੱਤੀ ਹੈ। ਉਹ ਇਸ ਦਾ ਅਧਿਐਨ ਕਰਨਗੇ ਅਤੇ ਇਸ ਨੂੰ ਵਾਪਸ ਕਰ ਦੇਣਗੇ। ਉਪ ਰਾਜਪਾਲ ਤੋਂ ਵਾਪਸ ਆਉਣ ‘ਤੇ ਇਸ ਫਾਈਲ ਨੂੰ ਕੇਂਦਰ ਗ੍ਰਹਿ ਮੰਤਰਾਲੇ ਦੇ ਹਵਾਲੇ ਕਰ ਦਿੱਤਾ ਜਾਵੇਗਾ। ਅਫਜ਼ਲ ਨੂੰ ਦਿੱਲੀ ਦੀ ਅਦਾਲਤ ਨੇ 18 ਦਸੰਬਰ 2002 ਨੂੰ ਮੌਤ ਦੀ ਸਜ਼ਾ ਸੁਣਾਈ ਸੀ।

# ਟਰੇਸੀ ਵਿਚ ਪਹਿਲੇ ਪੰਜਾਬੀ ਮੇਲੇ ਨੂੰ ਚੰਗਾ ਹੁੰਗਾਰਾ

**ਮਾਡੈਸਟੋ (ਮਹਿੰਦਰ ਕੰਡਾ):** ਪੰਜਾਬ ਕਲਚਰਲ ਕਲੱਬ ਵਲੋਂ ਕੁਝ ਉਘੇ ਬਿਜਨਸਮੈਨਾਂ ਦੇ ਸਹਿਯੋਗ ਨਾਲ ਟਰੇਸੀ ਵਿਚ ਪਹਿਲੀ ਵਾਰ ਇਕ ਸਭਿਆਚਾਰਕ ਮੇਲਾ ਕਰਵਾਇਆ ਗਿਆ। ਮੇਲੇ ਵਿਚ ਟਰੇਸੀ ਦੇ ਮੇਅਰ ਬਰੈਂਟ ਐਚ, ਪੁਲਿਸ ਮੁਖੀ ਜੈਨੇਟ ਥਾਈਸਨ ਅਤੇ ਲੈਥਰੋਪ ਦੇ ਡਿਪਟੀ ਮੇਅਰ ਸੁਖ ਧਾਲੀਵਾਲ ਨੇ ਵੀ ਇਸ ਮੇਲੇ ਵਿਚ ਹਾਜਰੀ ਲਵਾਈ। ਇਸ ਮੌਕੇ ਹਰਦੁਮਣ ਸਿੰਘ ਸੰਘੇੜਾ, ਜਸਵੀਰ ਸਿੰਘ ਗਿੱਲ, ਸੰਧੂ ਭਰਾਵਾਂ, ਅੰਮ੍ਰਿਤਪਾਲ ਸਿੰਘ ਨਿੱਜਰ, ਰਘਬੀਰ ਸਿੰਘ ਸ਼ੇਰਗਿੱਲ, ਸੰਤੋਖ ਸਿੰਘ ਜੱਜ ਅਤੇ ਸਵਰਗੀ ਲਾਹੌਰੀ ਰਾਮ ਦੇ ਦੋਹਾਂ ਬੇਟਿਆਂ ਦਾ ਮਨਦੀਪ ਸਿੰਘ ਥਿਆੜਾ, ਸੰਨੀ ਮਾਨ ਅਤੇ ਕਾਲਾ ਟਰੇਸੀ ਵਲੋਂ ਸਨਮਾਨ ਕੀਤਾ ਗਿਆ।

ਮੇਲੇ ਵਿਚ ਆਏ ਲੋਕਾਂ ਦਾ ਮਨੋਰੰਜਨ ਕਰਨ ਲਈ ਉਘੇ ਗਾਇਕ ਕਲਾਕਾਰ ਬੱਬੂ ਗੁਰਪਾਲ, ਸੁਖਵੀਰ ਸੁਖ, ਰਾਜੇਸ਼ ਰਾਜੂ, ਸੱਤੀ ਸਤਵਿੰਦਰ, ਸੁਖਵੰਤ ਸੁਖੀ ਅਤੇ ਇਸ਼ਮੀਤ ਨਰੂਲਾ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਦੇਰ ਸ਼ਾਮ ਤਕ ਮੇਲੀਆਂ ਨੂੰ ਕੀਲ ਕੇ ਰਖਿਆ। ਮੰਚ ਸੰਚਾਲਨ ਬੀਬੀ ਆਸ਼ਾ ਸ਼ਰਮਾ ਨੇ ਕੀਤਾ। ਖੁੱਲ੍ਹੀ ਪਾਰਕ ਵਿਚ ਖਾਣ-ਪੀਣ ਅਤੇ ਹੋਰ ਸਾਜੋ-ਸਾਮਾਨ ਦੇ ਸਟਾਲ ਲਗੇ ਹੋਏ ਸਨ। ਲੱਛਰ ਭਰਾਵਾਂ ਵਲੋਂ ਗੰਨੇ ਦਾ ਰਸ ਮੁਫਤ ਖੁੱਲ੍ਹਾ ਵਰਤਾਇਆ ਜਾ ਰਿਹਾ ਸੀ। ਪੰਜਾਬੀਆਂ ਨੇ ਆਪਣੇ ਆਮ ਸੁਭਾਅ ਮੁਤਾਬਕ ਸਫਾਈ ਦਾ ਇਥੇ ਵੀ ਖਿਆਲ ਨਾ ਰਖਿਆ। ਕੂੜੇ ਦੇ ਢੇਰ ਥਾਂ-ਥਾਂ ਨਜ਼ਰ ਆ ਰਹੇ ਸਨ।


SUPER TRAVEL

847–676–9090

*E-mail: supertravel2003@yahoo.com*

***Lowest Fares With Excellent Service***

***AMERICAN AIR,***



***JET AIRWAYS***
***DELTA, AIR INDIA,***

***For Emergency***
***Call anytime at***

**India $545**

***EARLY BIRD SALE!!!!***

**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

**ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ**

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

**DHMS, Hons, BAMS, MDEH, 30 Years experience**

Working as per ACT.SB-577 State of CA.

**CALL: TOLL FREE: 877-OK-HOMEO**

**(877-654-6636)OFFICE: 408-729-6691**

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**

**High Five Plaza #204**
**19625 Harlan Rd Lathrop CA 95330**
**Exactly on I-5 and Luise Exit Opposite to Dennis Restaurant**

**Global Multi Services**

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

***License Plates**
***IFTA *Fuel tax Return**
***DOT, ICC-MC Registration Services**
***New Mexico & Kentucky Permit**
***Corporation and LLC Formation,**
***Highway Use Tax (2290)**
***UCR Permit, Oregon Permits, CA #,**
***MCP, New York Permits etc.**



***Rajinder Singh***

**Insurance Lic No. 0G73739**

Financing Available For Buying Trucks

**Cell:(510) 557-6988, Ph:209-982-9996**

# ਥਾਈਲੈਂਡ ਵਿਚ ਲੋਕਰਾਜ ਲਈ ਸੰਘਰਸ਼ ਦਾ ਇਤਿਹਾਸ ਤੇ ਵਰਤਮਾਨ

**-ਡਾ. ਗੁਰਦਰਸ਼ਨ ਸਿੰਘ ਜੰਮੂ**

ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿਚ ਹਾਲ 'ਚ ਹੀ ਸੁਰੱਖਿਆ ਬਲਾਂ ਅਤੇ ਲਾਲ ਕੁੜਤੀ ਅੰਦੋਲਨਕਾਰੀਆਂ ਵਿਚਕਾਰ ਝੜੱਪਾਂ ਵਿਚ 5 ਫੌਜੀਆਂ ਸਮੇਤ 21 ਲੋਕਾਂ ਦੀ ਮੌਤ ਅਤੇ ਸੈਂਕੜੇ ਪ੍ਰਦਰਸ਼ਨਕਾਰੀਆਂ ਦੇ ਜ਼ਖਮੀ ਹੋਣ ਦੀ ਘਟਨਾ ਨੇ ਇਕ ਵਾਰ ਫਿਰ 1973 ਅਤੇ 1976 ਦੇ ਇਤਿਹਾਸ ਨੂੰ ਦੁਹਰਾਇਆ ਹੈ ਜਦੋਂ ਸੁਰੱਖਿਆ ਬਲਾਂ ਨੇ ਜਮਹੂਰੀਅਤ ਦੀ ਮੰਗ ਕਰਦੇ ਥਮਾਸਾਤ ਯੂਨੀਵਰਸਿਟੀ ਦੇ ਧਰਨਾਕਾਰੀਆਂ 'ਤੇ ਫਾਇਰਿੰਗ ਕਰਕੇ ਸੈਂਕੜੇ ਵਿਦਿਆਰਥੀ ਮੌਤ ਦੇ ਘਾਟ ਉਤਾਰ ਦਿੱਤੇ ਸਨ। 1932 ਦੇ ਇਨਕਲਾਬ ਨਾਲ ਸ਼ੁਰੂ ਹੋਏ ਸੰਪੂਰਨ ਬਾਦਸ਼ਾਹਤ ਨੂੰ ਸੰਵਿਧਾਨਕ ਬਾਦਸ਼ਾਹਤ ਵਿਚ ਤਬਦੀਲ ਕਰਨ ਤੋਂ ਲੋਕ ਰਾਜ ਦੀ ਬਹਾਲੀ ਲਈ ਪੌਣੀ ਸਦੀ ਦੇ ਲੋਕ ਅੰਦੋਲਨ ਦੌਰਾਨ ਬੈਂਕਾਕ ਦੀ ਧਰਤੀ ਪੰਜਵੀਂ ਵਾਰ ਲੋਕਾਂ ਦੇ ਲਹੂ ਨਾਲ ਲੱਥ-ਪੱਥ ਹੋਈ ਹੈ।

ਫਰਵਰੀ ਦਾ ਆਖਰੀ ਅਤੇ ਮਾਰਚ ਦਾ ਪਹਿਲਾ ਅਤੇ ਆਖਰੀ ਹਫਤਾ ਮੈਂ ਥਾਈਲੈਂਡ ਵਿਚ ਸਾਂ ਜਦੋਂ ਜਮਹੂਰੀਅਤ ਬਹਾਲੀ ਲਈ 14 ਮਾਰਚ ਤੋਂ ਬੈਂਕਾਕ ਵਿਚ ਹੋਣ ਵਾਲੀ ਰੈਲੀ ਦੀਆਂ ਖਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣੀਆਂ ਹੋਈਆਂ ਸਨ। ਥਾਈਲੈਂਡ ਸੁਪਰੀਮ ਕੋਰਟ ਦੇ 26 ਫਰਵਰੀ ਦੇ ਫੈਸਲੇ ਦੀ ਖ਼ਬਰ ਅਨੁਸਾਰ ਗੱਦੀ ਤੋਂ ਲਾਹੇ ਗਏ ਪ੍ਰਧਾਨ ਮੰਤਰੀ ਥੈਕਸਿਨ ਸ਼ਿਨਵਾਤਰਾ ਦੀ 46.37 ਬਿਲੀਅਨ ਬਾਹਟ (ਥਾਈ ਕਰੰਸੀ) ਦੀ ਜਾਇਦਾਦ ਜ਼ਾਮ ਕਰ ਦਿੱਤੀ ਗਈ। ਥੈਕਸਿਨ ਦੀ ਸਰਕਾਰ ਦਾ 19 ਸਤੰਬਰ 2006 ਵਿਚ ਉਦੋਂ ਤਖਤਾ ਪਲਟ ਦਿੱਤਾ ਗਿਆ ਸੀ ਜਦੋਂ ਉਹ ਯੂ.ਐਨ. ਜਨਰਲ ਅਸੈਂਬਲੀ ਦੇ ਇਜਲਾਸ ਵਿਚ ਸ਼ਾਮਲ ਹੋਣ ਲਈ ਨਿਊਯਾਰਕ ਗਿਆ ਹੋਇਆ ਸੀ। ਉਸ 'ਤੇ ਆਪਣੇ ਪਰਿਵਾਰ ਦੀ ਤਾਰ ਸੰਚਾਰ ਕੰਪਨੀ ਸ਼ਿਨ ਕਾਰਪੋਰੇਸ਼ਨ ਨੂੰ ਸਿੰਗਾਪੁਰ ਸਰਕਾਰ ਕੋਲ 73 ਬਿਲੀਅਨ ਬਾਹਟ ਦੇ ਮੁਨਾਫੇ 'ਤੇ ਵੇਚਣ ਦਾ ਦੋਸ਼ ਲਾਇਆ ਗਿਆ। 15 ਸਾਲ ਬਾਅਦ ਹੋਣ ਵਾਲਾ ਥਾਈਲੈਂਡ ਦਾ ਇਹ 18ਵਾਂ ਰਾਜ ਪਲਟਾ ਸੀ।

ਬੈਂਕਾਕ ਵਿਚ 11 ਅਪ੍ਰੈਲ ਨੂੰ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚਕਾਰ ਹੋਈਆਂ ਝੜੱਪਾਂ ਦੀ ਖਬਰ ਸੁਣ ਕੇ ਮੈਂ ਆਪਣੇ ਨਾਲ ਲਿਆਂਦੇ ਅਖ਼ਬਾਰਾਂ 'ਬੈਂਕਾਕ ਪੋਸਟ' ਅਤੇ 'ਦ ਨੇਸ਼ਨ' ਦੇ ਇਕ ਵਾਰ ਫਿਰ ਵਰਕੇ ਫਰੋਲੇ। 3 ਮਾਰਚ ਦੇ 'ਬੈਂਕਾਕ ਪੋਸਟ' ਦੇ ਪਹਿਲੇ ਪੰਨੇ 'ਤੇ ਥੈਕਸਿਨ ਸਬੰਧੀ ਦੋ ਖ਼ਬਰਾਂ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਛਪਿਆ। ਉਪਰਲੀ ਮੁੱਖ ਖ਼ਬਰ ਇਹ ਸੀ, ''ਸੁਪਰੀਮ ਕੋਰਟ ਵਲੋਂ ਪਿਛਲੇ ਸ਼ੁੱਕਰਵਾਰ ਥੈਕਸਿਨ ਦੀ 36 ਬਿਲੀਅਨ ਬਾਹਟ ਦੀ ਜਾਇਦਾਦ ਜ਼ਾਮ ਕਰਨ ਦੇ ਫੈਸਲੇ ਨਾਲ ਟੈਲੀਕਾਮ ਸ਼ੇਅਰ ਕੀਮਤਾਂ ਵਿਚ ਭਾਰੀ ਗਿਰਾਵਟ।'' ਇਸ ਖ਼ਬਰ ਦੇ ਹੇਠਾਂ ਚਾਰ ਕਾਲਮ ਦੀ ਵੱਡੀ ਖ਼ਬਰ ਛਪੀ ਸੀ ਕਿ ''ਸਰਕਾਰੀ ਏਜੰਸੀਆਂ ਨੇ ਗੱਦੀਓਂ ਲਾਹੇ ਪ੍ਰਧਾਨ ਮੰਤਰੀ ਵਿਰੁਧ ਫੌਜਦਾਰੀ ਅਤੇ ਦੀਵਾਨੀ ਕਾਨੂੰਨੀ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ।'' ਫੌਜ ਦੁਆਰਾ ਗੈਰ-ਸੰਵਿਧਾਨਕ ਤਰੀਕੇ ਨਾਲ ਨਿਯੁਕਤ ਪ੍ਰਧਾਨ ਮੰਤਰੀ ਅਭਿਜੀਤ ਵੈਜਾਜੀਵਾ ਨੇ ਕੈਬਨਿਟ ਮੰਤਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ, ''ਅਟਾਰਨੀ ਜਨਰਲ ਨੂੰ ਵੀ ਸੁਪਰੀਮ ਕੋਰਟ ਦੇ ਫੈਸਲੇ ਦੇ ਨੁਕਤਿਆਂ ਦਾ ਨਿਚੋੜ ਇਨ੍ਹਾਂ ਏਜੰਸੀਆਂ ਨੂੰ ਮੁਹੱਈਆ ਕਰਨ ਦੇ ਹੁਕਮ ਜਾਰੀ ਕੀਤੇ ਹਨ।'' ਅਖ਼ਬਾਰ ਦੇ ਤੀਜੇ ਪੰਨੇ 'ਤੇ ਪੂਈ ਥਾਈ ਪਾਰਟੀ ਦੇ ਚਿਆਂਗ ਮਾਈ ਤੋਂ ਕੌਮੀ ਅਸੈਂਬਲੀ ਮੈਂਬਰ ਟੋਵੀ ਜੈਕਚਿਲ ਦਾ ਬਿਆਨ ਸੀ ਕਿ ਉਹਦੀ ਪਾਰਟੀ ਵੀ ਯੂਨਾਈਟਿਡ ਫਰੰਟ ਫਾਰ ਡੈਮੋਕਰੇਸੀ ਅਗੇਂਸਟ ਡਿਕਟੇਟਰਸ਼ਿੱਪ (ਯੂ.ਡੀ.ਡੀ.) ਵਲੋਂ ਬੈਂਕਾਕ ਵਿਚ 14 ਮਾਰਚ ਨੂੰ ਹੋਣ ਵਾਲੀ ਰੈਲੀ ਅਤੇ ਲਾਲ ਕੁੜਤੀ ਅੰਦੋਲਨ ਨੂੰ ਪੂਰਾ ਸਹਿਯੋਗ ਦੇਵੇਗੀ ਅਤੇ ਪਾਰਟੀ ਦੇ 40-50 ਹਜ਼ਾਰ ਵਿਖਾਵਾਕਾਰੀ 12 ਮਾਰਚ ਨੂੰ ਉਤਰੀ ਥਾਈਲੈਂਡ ਤੋਂ ਚਾਲੇ ਪਾ ਕੇ 14 ਮਾਰਚ ਨੂੰ ਬੈਂਕਾਕ ਪਹੁੰਚਣਗੇ।

ਪ੍ਰਦਰਸ਼ਨਕਾਰੀਆਂ 'ਤੇ ਹੋਈ ਇਹ ਹਿੰਸਕ ਕਾਰਵਾਈ ਅਚਨਚੇਤ ਨਹੀਂ ਵਾਪਰੀ। ਸਰਕਾਰ ਪੱਖੀ ਅਖ਼ਬਾਰ 'ਦ ਨੇਸ਼ਨ' ਦੇ 2 ਮਾਰਚ ਦੇ ਅੰਕ ਵਿਚ ਸੋਪੋਨ ਅੰਗਾਰਾ ਦੇ ਛਪੇ ਲੇਖ ਵਿਚ ਇਹ ਭਵਿੱਖਬਾਣੀ ਕੀਤੀ ਗਈ ਸੀ ਕਿਉਂਕਿ ਇਹ ਸਰਕਾਰ ਦੀ ਨੀਤੀ ਦਾ ਹਿੱਸਾ ਸੀ। ਓਂਗਾਰਾ ਅੱਗ ਉਗਲਦਿਆਂ ਲਿਖਦਾ ਹੈ, ''ਆਮ ਲੋਕ ਤਮਾਸ਼ਾਈ ਨਹੀਂ ਸਗੋਂ ਧਿਰ ਬਣ ਕੇ ਲਾਲ ਕੁੜਤੀ ਵਿਖਾਵਾਕਾਰੀਆਂ ਦਾ ਇਸ ਮੈਦਾਨ-ਏ-ਜੰਗ ਵਿਚ ਮੁਕਾਬਲਾ ਕਰਨਗੇ... ਅਤੇ ਜੇ ਖੂਨ-ਖਰਾਬਾ ਹੋਇਆ ਤਾਂ ਉਸ ਲਈ ਥੈਕਸਿਨ ਦੇ ਗੁੰਡੇ ਜ਼ਿੰਮੇਵਾਰ ਹੋਣਗੇ। ਲੋਕਾਂ ਨੇ ਸਰਕਾਰ ਦੀ ਚੁਣੌਤੀ ਕਬੂਲ ਕਰਦਿਆਂ ਰੈਲੀ ਦੇ ਪਹਿਲੇ ਪੜਾਅ ਵਿਚ ਤੀਸਰੇ ਦਿਨ ਹੀ ਆਪਣਾ ਖੂਨ ਇਕੱਠਾ ਕਰਕੇ ਪਾਰਲੀਮੈਂਟ ਇਮਾਰਤ ਅਤੇ ਪ੍ਰਧਾਨ ਮੰਤਰੀ ਅਭਿਜੀਤ ਦੇ ਨਿਵਾਸ ਨੂੰ ਉਸ ਨਾਲ ਲਿੱਪ ਕੇ ਇਹਦਾ ਜਵਾਬ ਦੇ ਦਿੱਤਾ ਹੈ।

ਅਜੋਕੇ ਥਾਈਲੈਂਡ ਦਾ ਇਤਿਹਾਸ 1932 ਦੇ ਇਨਕਲਾਬ ਨਾਲ ਸ਼ੁਰੂ ਹੋਇਆ। ਪੈਰਿਸ ਵਿਚ ਪੜ੍ਹਦੇ ਥਾਈ ਵਿਦਿਆਰਥੀ, ਜੋ ਪੱਛਮੀ ਦੇਸ਼ਾਂ ਦੇ ਪਾਰਲੀਮਾਨੀ ਜਮਹੂਰੀਅਤ ਵਾਲੇ ਪ੍ਰਬੰਧ ਤੋਂ ਪ੍ਰਭਾਵਤ ਸਨ, ਕੌਫੀ ਹਾਊਸ ਮੀਟਿੰਗਾਂ ਵਿਚ ਆਪਣੇ ਦੇਸ਼ ਵਿਚ ਇਹ ਵਿਵਸਥਾ ਲਿਆਉਣ ਦੇ ਸਲਾਹ-ਮਸ਼ਵਰੇ ਕਰਦੇ। ਸੰਨ 1924 ਵਿਚ ਉਨ੍ਹਾਂ ਉਥੇ 'ਪਰਮੋਟਰਜ਼ ਆਫ ਪੋਲਿਟੀਕਲ ਚੇਂਜ' ਨਾਂਅ ਦਾ ਇਕ ਗਰੁੱਪ ਬਣਾ ਲਿਆ, ਜੋ ਸਿਆਮ ਦੀ ਭਵਿੱਖ ਦੀ ਸਰਕਾਰ ਦੇ ਸਰੂਪ ਸੰਬੰਧੀ ਬਹਿਸਾਂ ਕਰਦਾ। ਦੇਸ਼ ਪਰਤ ਕੇ ਇਨ੍ਹਾਂ 'ਚੋਂ ਤਿੰਨ ਆਗੂਆਂ ਅਟਾਰਨੀ ਪ੍ਰਿਧੀ ਫਾਨੋਮਿਓਂਗ ਅਤੇ ਮਿਲਟਰੀ ਅਫਸਰ ਬਣੇ ਫਿਬੂਲ ਸੋਂਖਰਾਮ ਅਤੇ ਪ੍ਰਾਯੂਨ ਫਾਮਨ ਮੋਤਰੀ ਨੇ ਸਿਆਮੀ ਸਰਕਾਰ ਦਾ ਤਖਤਾ ਪਲਟਾਉਣ ਲਈ 'ਪੀਪਲਜ਼ ਪਾਰਟੀ' ਨਾਂਅ ਦੀ ਰੂਪੋਸ਼ ਜਥੇਬੰਦੀ ਬਣਾ ਲਈ। ਬਾਦਸ਼ਾਹ ਰਾਮ 7ਵਾਂ ਇਨ੍ਹਾਂ ਦੀ ਤਜਵੀਜ਼ ਨਾਲ ਸਹਿਮਤ ਹੋ ਗਿਆ ਅਤੇ ਸ਼ਾਂਤਮਈ ਤਰੀਕੇ ਨਾਲ ਸੰਪੂਰਨ ਬਾਦਸ਼ਾਹਤ ਸੰਵਿਧਾਨਕ ਬਾਦਸ਼ਾਹਤ ਵਿਚ ਤਬਦੀਲ ਹੋ ਗਈ।



ਸੰਸਾਰ ਜੰਗ ਪਿਛੋਂ 1946 ਵਿਚ ਦੇਸ਼ ਦੀਆਂ ਪਹਿਲੀਆਂ ਆਮ ਚੋਣਾਂ ਵਿਚ ਪ੍ਰਿਧੀ ਫਾਨੋਮਿਓਂਗ ਦੀ ਅਗਵਾਈ ਵਿਚ ਪਹਿਲੀ ਲੋਕਰਾਜੀ ਸਿਵਲ ਸਰਕਾਰ ਬਣੀ ਅਤੇ ਇਸੇ ਨਾਲ ਹੀ ਦੇਸ਼ ਦਾ ਪਹਿਲਾ ਸੰਵਿਧਾਨ ਬਣਿਆ। ਪ੍ਰੰਤੂ 1947 ਵਿਚ ਹੀ ਪੈਰਿਸ ਪੜ੍ਹਨ ਸਮੇਂ ਦੇ ਉਹਦੇ ਸਾਥੀ ਫਿਬੂਲ ਸੋਂਖਰਾਮ ਜੋ ਹੁਣ ਫੀਲਡ ਮਾਰਸ਼ਲ ਬਣ ਚੁੱਕਾ ਸੀ, ਨੇ ਰਾਜ ਪਲਟਾ ਕਰ ਦਿੱਤਾ ਅਤੇ ਅਗਲੇ ਦਹਾਕੇ ਵੀ ਸੱਤਾ, ਸੰਗੀਤ ਕੁਰਸੀਆਂ ਦੀ ਖੇਡ ਵਾਂਗ ਬਦਲਦੀ ਰਹੀ। 1964 ਤੋਂ 1973 ਤੱਕ ਅਮਰੀਕਾ ਪੱਖੀ ਦੋ ਜਰਨੈਲਾਂ ਥਾਨੁਮ ਕਿਟੀਕਾਚੋਨ ਅਤੇ ਪਰਾਫਾਤ ਚਾਰੂ ਸਾਥਿਨ ਦੀਆਂ ਤਾਨਾਸ਼ਾਹ ਸਰਕਾਰਾਂ ਰਹੀਆਂ, ਜਿਨ੍ਹਾਂ ਨੇ ਉਤਰੀ ਵੀਅਤਨਾਮ 'ਤੇ ਹਮਲਿਆਂ ਲਈ ਦੇਸ਼ ਦੀ ਧਰਤੀ ਅਮਰੀਕੀ ਫੌਜੀ ਅੱਡੇ ਸਥਾਪਤ ਕਰਨ ਵਾਸਤੇ ਉਨ੍ਹਾਂ ਹਵਾਲੇ ਕਰ ਦਿੱਤੀ। ਇਹ ਫੌਜੀ ਤਾਨਾਸ਼ਾਹ ਸ਼ਹਿਰੀ ਅਧਿਕਾਰਾਂ ਅਤੇ ਸੰਵਿਧਾਨ ਬਹਾਲੀ ਲਈ ਉਠੀਆਂ ਲਹਿਰਾਂ ਨੂੰ ਜ਼ੁਲਮ ਤਸ਼ੱਦਦ ਨਾਲ ਦਬਾਉਂਦੇ ਰਹੇ।

ਜੂਨ 1973 ਵਿਚ 10 ਹਜ਼ਾਰ ਵਿਦਿਆਰਥੀਆਂ ਨੇ ਇਸ ਜ਼ੁਲਮ ਤਸ਼ੱਦਦ ਦਾ ਵਿਰੋਧ ਕਰਦਿਆਂ ਸੰਵਿਧਾਨਕ ਸਰਕਾਰ ਬਣਾਉਣ ਦੀ ਮੰਗ ਨੂੰ ਲੈ ਕੇ ਇਕੱਠ ਕੀਤਾ। ਇਸੇ ਸਾਲ 14 ਅਕਤੂਬਰ ਨੂੰ 2 ਲੱਖ ਲੋਕਾਂ ਨੇ ਫੌਜੀ ਤਾਨਾਸ਼ਾਹੀ ਖਤਮ ਕਰਨ ਦੀ ਮੰਗ ਨੂੰ ਲੈ ਕੇ ਥਮਾਸਾਤ ਯੂਨੀਵਰਸਿਟੀ ਦੇ ਵਿਦਿਆਰਥੀਆਂ, ਮਜ਼ਦੂਰਾਂ ਅਤੇ ਕਿਸਾਨਾਂ ਦੀ ਅਗਵਾਈ ਵਿਚ ਵਿਸ਼ਾਲ ਰੈਲੀ ਕੀਤੀ। ਸੁਰੱਖਿਆ ਬਲਾਂ ਨੇ ਇਸ ਅੰਦੋਲਨ ਨੂੰ ਸਖਤੀ ਨਾਲ ਕੁਚਲਣ ਲਈ ਸੈਂਕੜੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਜ਼ਖਮੀ ਹੋਏ। ਬਾਦਸ਼ਾਹ ਭੂਮੀਬਲ ਅਦੁੱਲਿਅਦੇਜ ਨੇ ਹੋਰ ਖੂਨ-ਖਰਾਬੇ ਦਾ ਸਮਰਥਨ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਲੋਕ ਰੋਹ ਦੇ ਚਲਦਿਆਂ ਦੋਵੇਂ ਜਰਨੈਲਾਂ ਥਾਨੁਮ ਅਤੇ ਪਰਾਫਾਤ ਨੂੰ ਦੇਸ਼ ਛੱਡ ਕੇ ਭੱਜਣਾ ਪਿਆ। ਆਕਸਫੋਰਡ ਤੋਂ ਪੜ੍ਹੇ ਕੁਕਰੀਤ ਪ੍ਰਾਮੋਜ ਨੇ 14 ਪਾਰਟੀਆਂ ਦੀ ਰਲੀ-ਮਿਲੀ ਸਰਕਾਰ ਦਾ ਗਠਨ ਕੀਤਾ ਅਤੇ ਪਿਛਾਂਹ ਖਿੱਚੂ ਕੌਮੀ ਅਸੈਂਬਲੀ ਤੋਂ ਖੱਬੇ ਪੱਖੀ ਏਜੰਡਾ ਪਾਸ ਕਰਾਇਆ। ਕੁਕਰੀਤ ਨੇ ਇਤਿਹਾਸਕ ਫੈਸਲਾ ਲੈਂਦਿਆਂ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤ ਦਾ ਕਾਨੂੰਨ ਬਣਾਇਆ, ਕਮਿਊਨਿਸਟ ਵਿਰੋਧੀ ਸਾਰੇ ਕਾਨੂੰਨ ਰੱਦ ਕਰ ਦਿੱਤੇ ਅਤੇ ਅਮਰੀਕੀ ਫੌਜਾਂ ਨੂੰ ਦੇਸ਼ 'ਚੋਂ ਕੱਢ ਦਿੱਤਾ। 6 ਅਕਤੂਬਰ 1976 ਵਿਚ ਥਮਾਸਾਤ ਯੂਨੀਵਰਸਿਟੀ ਇਕ ਵਾਰ ਫਿਰ ਲਹੂ-ਲੁਹਾਨ ਹੋ ਗਈ। ਇਸ ਵਾਰ ਉਹ ਜਨਰਲ ਥਾਨੁਮ ਦੀ ਦੇਸ਼ ਵਾਪਸੀ ਦਾ ਵਿਰੋਧ ਕਰ ਰਹੇ ਸਨ, ਜੋ ਬੁੱਧ ਭਿਕਸ਼ੂ ਬਣ ਕੇ ਦੇਸ਼ ਪਰਤ ਆਇਆ ਸੀ। ਯੂਨੀਵਰਸਿਟੀ ਦੇ ਧਰਨੇ 'ਤੇ ਬੈਠੇ ਹਜ਼ਾਰਾਂ ਵਿਦਿਆਰਥੀਆਂ 'ਤੇ ਬਾਰਡਰ ਪੈਟਰੋਲ ਪੁਲੀਸ ਅਤੇ ਸੱਜ ਪਿਛਾਖੜ ਨੀਮ ਫੌਜ ਸਿਵਲ ਗਰੁੱਪਾਂ ਨੇ ਹਮਲਾ ਕਰਕੇ 100 ਤੋਂ ਵੱਧ ਵਿਦਿਆਰਥੀਆਂ ਨੂੰ ਮਾਰ ਦਿੱਤਾ ਅਤੇ ਸੈਂਕੜਿਆਂ ਨੂੰ ਜ਼ਖਮੀ ਕਰਕੇ ਇਕ ਹਜ਼ਾਰ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ। ਇਸ ਹਮਲੇ ਪਿੱਛੇ ਫੌਜੀ ਅਫਸਰਾਂ ਦਾ ਹੱਥ ਸੀ, ਜਿਨ੍ਹਾਂ ਇਸ ਘਟਨਾ ਨੂੰ ਬਹਾਨਾ ਬਣਾ ਕੇ ਕੁਕਰੀਤ ਦੀ ਥਾਂ ਥਾਨਿਨ ਕਰਾਵੀਚਿਨ ਦੀ ਅਗਵਾਈ ਵਾਲੀ ਨਵੀਂ ਸੱਜੇ ਪੱਖੀ ਸਰਕਾਰ ਬਣਾ ਦਿੱਤੀ। ਇਸ ਖੂਨੀ ਕਾਰੇ ਨੇ ਦੇਸ਼ ਦੇ ਉਨ੍ਹਾਂ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਵੀ ਝੰਜੋੜ ਦਿੱਤਾ ਜੋ ਇਸ ਲਹਿਰ ਨਾਲ ਨਹੀਂ ਸਨ ਜੁੜੇ। ਹਜ਼ਾਰਾਂ ਵਿਦਿਆਰਥੀ ਅਤੇ ਬੁੱਧੀਜੀਵੀ ਆਪਣੀ ਵਿਦਿਆ ਅਤੇ ਖੋਜ ਕਾਰਜ ਵਿਚੇ ਛੱਡ ਕੇ ਪਹਾੜਾਂ ਵਿਚ 1930 ਤੋਂ ਰੂਪੋਸ਼ ਰਹਿ ਕੇ ਗਤੀਵਿਧੀਆਂ ਚਲਾਉਂਦੇ ਕਮਿਊਨਿਸਟਾਂ ਨਾਲ ਜਾ ਰਲੇ, ਜਿਨ੍ਹਾਂ ਪੀਪਲਜ਼ ਲਿਬਰੇਸ਼ਨ ਆਰਮੀ ਆਫ ਥਾਈਲੈਂਡ ਨਾਂਅ ਦੀ ਜਥੇਬੰਦੀ ਬਣਾਈ ਹੋਈ ਸੀ। ਲੋਕ ਅਸ਼ਾਂਤੀ ਦੇ ਚਲਦਿਆਂ ਅਗਲੇ ਸਾਲ ਥਾਨਿਨ ਨੂੰ ਵੀ ਬਦਲ ਦਿੱਤਾ। 1980 ਵਿਚ ਪ੍ਰੇਮ ਤਿਨਸੁਲਾਨੋਂਦ ਨੂੰ ਦੇਸ਼ ਦੀ ਵਾਗਡੋਰ ਸੰਭਾਲੀ। ਇਸ ਸਮੇਂ ਤੱਕ 99 ਦੀ ਨਫਰੀ ਵਧ ਕੇ 20 ਹਜ਼ਾਰ ਦੇ ਕਰੀਬ ਹੋ ਗਈ ਸੀ। ਇਨ੍ਹਾਂ ਨਾਲ ਮਿਲ ਕੇ ਲੋਕ ਪੱਖੀ ਫੌਜੀ ਅਫਸਰਾਂ ਦੇ 'ਯੰਗ ਟਰਕ' ਗਰੁੱਪ ਨੇ ਸਰਕਾਰ ਦਾ ਤਖਤਾ ਪਲਟ ਦਿੱਤਾ। ਪ੍ਰੇਮ ਨੇ ਸ਼ਾਹੀ ਪਰਿਵਾਰ ਸਮੇਤ ਬੈਂਕਾਕ ਛੱਡ ਕੇ ਖੋਰਾਤ ਵਿਚ ਸ਼ਰਨ ਲੈ ਲਈ, ਪ੍ਰੰਤੂ ਸਥਿਤੀ ਠੀਕ ਹੋਣ ਉਪਰੰਤ ਉਹ ਫਿਰ ਸਰਕਾਰ 'ਤੇ ਕਾਬਜ਼ ਹੋ ਗਿਆ। ਆਪਣੇ ਉਤਰਾਧਿਕਾਰੀ ਦੀ ਨਿਯੁਕਤੀ ਲਈ ਮਨ-ਮਰਜ਼ੀ ਦੀ ਥਾਂ ਉਸ ਨੇ 1988 ਵਿਚ ਆਮ ਚੋਣਾਂ ਕਰਾਈਆਂ ਅਤੇ ਲੰਮੇ ਸਮੇਂ ਤੋਂ ਤੜਕੇ 1 ਵਜੇ ਤੱਕ ਚੱਲਣ ਵਾਲਾ ਕਰਫਿਊ ਹਟਾਇਆ। 23 ਫਰਵਰੀ 1931 ਨੂੰ ਜਨਰਲ ਸੁਚਿੰਦਾ ਕਰਾਪਿਆਯੂਨ ਨੇ ਚਾਤੀਚਾਈ ਦੀ ਸੰਵਿਧਾਨਕ ਤੌਰ 'ਤੇ ਚੁਣੀ ਹੋਈ ਸਰਕਾਰ ਦਾ ਤਖਤਾ ਪਲਟ ਦਿੱਤਾ। ਮਾਰਚ 1992 ਵਿਚ ਆਮ ਚੋਣਾਂ ਹੋਈਆਂ ਅਤੇ ਨਾਰੋਂਗ ਵੋਂਗਵਾਨ ਦੀ ਅਗਵਾਈ ਵਿਚ ਪੰਜ ਪਾਰਟੀਆਂ ਦੇ ਸਾਂਝੇ ਫਰੰਟ ਦੀ ਸਰਕਾਰ ਬਣੀ। ਇਕ ਮਹੀਨੇ ਬਾਅਦ ਹੀ ਅਮਰੀਕਾ ਦੇ ਕਹਿਣ 'ਤੇ ਪੌਜ ਨੇ ਨਾਰੋਂਗ ਦੀ ਸਰਕਾਰ ਬਰਖਾਸਤ ਕਰ ਦਿੱਤੀ। 1 ਅਪ੍ਰੈਲ, 1992 ਵਿਚ ਫਿਰ ਜਨਰਲ ਸੁਚਿੰਦਾ ਨੇ ਸਰਕਾਰ 'ਤੇ ਕਬਜ਼ਾ ਕਰ ਲਿਆ। ਫੌਜ ਦੀ ਇਸ ਕਾਰਵਾਈ ਨਾਲ ਲੋਕ ਰੋਹ ਹੋਰ ਪ੍ਰਚੰਡ ਹੋ ਗਿਆ। ਮਈ 1992 ਵਿਚ ਬੈਂਕਾਕ ਅਤੇ ਸੂਬਾਈ ਰਾਜਧਾਨੀਆਂ ਵਿਚ ਜਨਰਲ ਸੁਚਿੰਦਾ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਲੱਖਾਂ ਲੋਕਾਂ ਵਲੋਂ ਕੀਤੇ ਵਿਖਾਵਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਫੌਜ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਡੈਮੋਕਰੇਸੀ ਯਾਦਗਾਰ ਕੋਲ ਹੋਈਆਂ ਝੜੱਪਾਂ ਵਿਚ 50 ਤੋਂ ਵਧ ਲੋਕ ਮਾਰੇ ਗਏ ਅਤੇ ਸੈਂਕੜੇ ਜ਼ਖ਼ਮੀ ਹੋ ਗਏ। ਸੁਚਿੰਦਾ ਨੂੰ ਪ੍ਰਧਾਨ ਮੰਤਰੀ ਬਣਨ ਦੇ 6 ਹਫਤਿਆਂ ਦੇ ਸਮੇਂ ਦੇ ਵਿਚ ਵਿਚ ਹੀ ਅਸਤੀਫਾ ਦੇਣਾ ਪਿਆ ਅਤੇ ਵਿਵਾਦ ਰਹਿਤ ਸ਼ਖਸੀਅਤ ਆਨੰਦ ਪਨਿਆਰਾਚੁਨ ਨੂੰ ਪ੍ਰਧਾਨ ਮੰਤਰੀ ਥਾਪਿਆ ਗਿਆ। 27 ਸਤੰਬਰ, 1997 ਨੂੰ ਥਾਈ ਪਾਰਲੀਮੈਂਟ ਨੇ ਨਵਾਂ ਸੰਵਿਧਾਨ ਪਾਸ ਕੀਤਾ, ਜੋ 1932 ਪਿੱਛੋਂ ਦੇਸ਼ ਦਾ ਸੋਲ੍ਹਵਾਂ, ਪਰ ਸਿਵਲ ਸਰਕਾਰ ਵਲੋਂ ਪਾਸ ਕੀਤਾ ਪਹਿਲਾ ਸੰਵਿਧਾਨ ਬਣਿਆ। ਇਸ ਸੰਵਿਧਾਨ ਤਹਿਤ 2001 ਵਿਚ ਹੋਈਆਂ ਦੇਸ਼ ਦੀਆਂ ਪਹਿਲੀਆਂ ਚੋਣਾਂ ਵਿਚ ਥੈਕਸਿਨ ਸ਼ਿਨਵਾਤਰਾ ਦੀ ਥਾਈ ਰਾਕ ਥਾਈ (ਟੀ.ਆਰ.ਟੀ.) ਪਾਰਟੀ ਨੇ ਵੱਡੀ ਜਿੱਤ ਪ੍ਰਾਪਤ ਕੀਤੀ ਅਤੇ ਉਹ ਥਾਈਲੈਂਡ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਉਸ ਨੇ ਦੇਸ਼ ਦਾ ਤੇਜ਼ੀ ਨਾਲ ਵਿਕਾਸ ਕੀਤਾ। ਦੇਸ਼ ਦੇ ਉਤਰੀ ਅਤੇ ਉਤਰ ਪੂਰਬੀ ਅੰਤ ਦੇ ਗਰੀਬ ਇਲਾਕਿਆਂ ਦੇ ਲੋਕਾਂ ਲਈ 30 ਬਾਹਟ ਸਿਹਤ ਸਕੀਮ ਲਾਗੂ ਕੀਤੀ। ਇਸ ਨਿਗੂਣੀ ਰਾਸ਼ੀ ਨਾਲ ਉਨ੍ਹਾਂ ਨੂੰ ਚੰਗੇ ਤੋਂ ਚੰਗੇ ਹਸਪਤਾਲ ਵਿਚ ਇਲਾਜ ਲੈਣ ਦੇ ਅਧਿਕਾਰ ਮਿਲ ਗਏ ਜਿਨ੍ਹਾਂ ਕੋਲ ਪਹਿਲਾਂ ਝਾੜਿਆਂ ਤੇ ਧਾਗੇ ਤਵੀਤਾਂ ਬਿਨਾਂ ਕੋਈ ਚਾਰਾ ਨਹੀਂ ਸੀ। ਉਸ ਨੇ ਹਰ ਪਿੰਡ ਨੂੰ 10 ਲੱਖ ਬਾਹਟ ਦੀ ਰਾਸ਼ੀ ਮੁਹੱਈਆ ਕੀਤੀ ਜਿਸ 'ਚੋਂ ਉਹ ਲੋੜ ਪੈਣ 'ਤੇ ਬਿਨਾਂ ਵਿਆਜ ਅਤੇ ਬਿਨਾਂ ਜ਼ਮਾਨਤ ਕਰਜ਼ਾ ਲੈ ਸਕਦੇ ਸਨ। ਛੋਟੇ ਵਪਾਰੀਆਂ ਦੀਆਂ ਲੋੜਾਂ ਲਈ ਵਿਸ਼ੇਸ਼ ਬੈਂਕ ਬਣਾਇਆ। 26 ਦਸੰਬਰ, 2004 ਨੂੰ 9.3 ਤੀਬਰਤਾ ਵਾਲੇ ਭੂਚਾਲ ਨਾਲ 6 ਸੂਬਿਆਂ ਵਿਚ ਸੁਨਾਮੀ ਨੇ ਤਬਾਹੀ ਮਚਾ ਦਿੱਤੀ, ਜਿਸ ਨਾਲ 5 ਹਜ਼ਾਰ ਤੋਂ ਵਧ ਲੋਕ ਮਾਰੇ ਗਏ। ਥੈਕਸਿਨ ਨੇ ਰਾਤ-ਦਿਨ ਲੋਕਾਂ ਵਿਚ ਜਾ ਕੇ ਬਚਾਓ ਅਤੇ ਮੁੜ ਉਸਾਰੀ ਦੇ ਕੰਮਾਂ ਨੂੰ ਸੀਮਤ ਸਮੇਂ ਵਿਚ ਨੇਪਰੇ ਚਾੜ੍ਹਿਆ। ਜਨ ਕਲਿਆਣ ਕਾਰਜਾਂ ਨੇ ਉਹਨੂੰ ਇਕ ਹਰਮਨ ਪਿਆਰਾ ਆਗੂ ਬਣਾ ਦਿੱਤਾ ਅਤੇ ਫਰਵਰੀ 2005 ਦੀਆਂ ਆਮ ਚੋਣਾਂ ਵਿਚ ਉਹਦੀ ਟੀ.ਆਰ.ਟੀ. ਪਾਰਟੀ ਦੁਬਾਰਾ ਵੱਡੀ ਬਹੁ-ਗਿਣਤੀ ਨਾਲ ਤਾਕਤ ਵਿਚ ਆ ਗਈ। ਲੋਕ ਰਾਜ ਦੀ ਬਹਾਲੀ ਲਈ ਅੰਦੋਲਨ ਜਾਰੀ ਹੈ। ਥਾਈਲੈਂਡ ਦੇ ਬਹਾਦਰ ਲੋਕਾਂ ਲਈ ਇਹ ਕੋਈ ਨਵਾਂ ਤਜਰਬਾ ਨਹੀਂ। ਬੈਂਕਾਕ ਦੀਆਂ ਸੜਕਾਂ 'ਤੇ ਚਾਰ ਲੱਖ ਲੋਕਾਂ ਦੀ ਹਾਜ਼ਰੀ ਨੇ ਹਾਕਮਾਂ ਦੀ ਨੀਂਦ ਹਰਾਮ ਕਰ ਦਿੱਤੀ ਹੈ। ਇਸ ਅੰਦੋਲਨ ਦੇ ਮੁੱਖ ਆਗੂਆਂ ਨੂੰ ਗ੍ਰਿਫਤਾਰ ਕਰਨ ਲਈ ਸੁਰੱਖਿਆ ਬਲਾਂ ਨੇ ਉਸ ਹੋਟਲ ਵਿਚ ਛਾਪਾ ਮਾਰਿਆ ਜਿਥੇ ਉਹ ਠਹਿਰੇ ਹੋਏ ਸਨ। ਇਨ੍ਹਾਂ ਜੁਝਾਰੂ ਆਗੂਆਂ ਨੇ ਹੋਟਲ ਦੀ ਚੌਥੀ ਮੰਜ਼ਿਲ ਤੋਂ ਕੇਬਲ ਦੇ ਸਹਾਰੇ ਹੇਠਾਂ ਉਤਰ ਕੇ ਇਹ ਕੋਸ਼ਿਸ਼ ਨਾਕਾਮ ਕਰ ਦਿੱਤੀ, ਜਿਥੋਂ ਉਨ੍ਹਾਂ ਦੇ ਇਕ ਹਜ਼ਾਰ ਸਮਰਥਕ ਉਨ੍ਹਾਂ ਨੂੰ ਰੈਲੀ ਦੇ ਮੁੱਖ ਸਥਾਨ 'ਤੇ ਲੈ ਗਏ।

ਲੋਕਾਂ ਨੇ ਅਪ੍ਰੈਲ 2009 ਵਿਚ ਪਤਾਇਆ ਵਿਚ ਆਸੀਆਨ ਮੁਲਕਾਂ ਦੇ ਸਿਖਰ ਸੰਮੇਲਨ ਨੂੰ ਅਸਫਲ ਬਣਾ ਕੇ ਆਪਣੇ ਇਰਾਦੇ ਜ਼ਾਹਰ ਕਰ ਦਿੱਤੇ ਸਨ, ਜਦੋਂ ਵਿਦੇਸ਼ੀ ਨੁਮਾਇੰਦਿਆਂ ਨੂੰ ਹੋਟਲ ਦੀ ਛੱਤ ਤੋਂ ਹੈਲੀਕਾਪਟਰਾਂ ਰਾਹੀਂ ਕੱਢਿਆ ਗਿਆ ਸੀ। ਲੋਕਾਂ ਦੇ ਲਹੂ ਨਾਲ ਰੰਗੇ ਇਸ ਸਥਾਨ 'ਤੇ ਉਸਾਰੀ '14 ਅਕਤੂਬਰ ਯਾਦਗਾਰ' ਦਾ ਇਤਿਹਾਸ ਉਨ੍ਹਾਂ ਨੂੰ ਅਗੇ ਵਧਣ ਨੂੰ ਪ੍ਰੇਰਦਾ ਹੈ, ਜੋ ਤਾਨਾਸ਼ਾਹੀ ਵਿਰੁਧ ਲੋਕਰਾਜੀ ਪ੍ਰਣਾਲੀ ਦੀ ਪ੍ਰਤੀਕ ਬਣ ਗਈ ਹੈ।

# ਬਾਗ਼ੀ ਥਾਈ ਜਨਰਲ ਦੀ ਮੌਤ, ਬੈਂਕਾਕ ਹਿੰਸਾ ਤੇਜ਼ ਹੋਣ ਦੀ ਸੰਭਾਵਨਾ

**ਬੈਂਕਾਕ :** ਲੁਕ ਕੇ ਗੋਲੀ ਚਲਾਉਣ ਵਾਲੇ ਇਕ ਅਣਪਛਾਤੇ ਹਮਲਾਵਰ ਦੇ ਹਮਲੇ ਵਿਚ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਵਿਚ ਮਦਦਗਾਰ ਇਕ ਬਾਗ਼ੀ ਥਾਈ ਜਨਰਲ ਦੀ ਬੀਤੀ 17 ਮਈ ਨੂੰ ਮੌਤ ਹੋ ਗਈ ਜਿਸ ਤੋਂ ਬਾਅਦ ਰਾਜਧਾਨੀ ਬੈਂਕਾਕ ਵਿਚ ਹੋਰ ਹਿੰਸਾ ਭੜਕਣ ਦਾ ਡਰ ਪੈਦਾ ਹੋ ਗਿਆ ਹੈ। ਬੈਂਕਾਕ ਦੀਆਂ ਸੜਕਾਂ 'ਤੇ ਬੀਤੇ ਪੰਜ ਦਿਨਾਂ ਤੋਂ ਜਾਰੀ ਹਿੰਸਾ ਵਿਚ ਹੁਣ ਤਕ 36 ਵਿਅਕਤੀ ਮਾਰੇ ਜਾ ਚੁਕੇ ਹਨ। ਮੇਜਰ ਜਨਰਲ ਖਾਟਿਆ ਸਵਸਦਿਫੂਲ ਦੀ ਵਜੀਰਾ ਹਸਪਤਾਲ ਵਿਚ ਮੌਤ ਹੋ ਗਈ। ਫੌਜ ਦੇ ਇਸ ਭਗੌੜੇ ਜਨਰਲ 'ਤੇ ਲਾਲ ਕੁੜਤੀ ਪ੍ਰਦਰਸ਼ਨਕਾਰੀਆਂ ਦੀ ਮਦਦ ਲਈ ਨੀਮ ਫੌਜੀ ਦਸਤੇ ਤਿਆਰ ਕਰਨ ਦਾ ਦੋਸ਼ ਹੈ। ਪੰਜ ਦਿਨ ਪਹਿਲਾਂ ਪ੍ਰਦਰਸ਼ਨ ਵਾਲੇ ਸਥਾਨ 'ਤੇ ਜਨਰਲ ਪੱਤਰਕਾਰਾਂ ਨਾਲ ਗੱਲਬਾਤ ਕਰ ਰਿਹਾ ਸੀ, ਤਾਂ ਕਿਸੇ ਸਨਾਈਪਰ ਨੇ ਉਸ ਦੇ ਸਿਰ ਵਿਚ ਗੋਲੀ ਮਾਰ ਦਿਤੀ ਸੀ। ਸੇਹ ਦਿਓਂਗ ਦੇ ਨਾਂਅ ਨਾਲ ਪ੍ਰਸਿਧ ਖਾਟਿਆ 'ਤੇ ਹਮਲਾ ਹੋਣ ਤੋਂ ਬਾਅਦ ਮੱਧ ਬੈਂਕਾਕ ਵਿਚ ਸਰਕਾਰ ਵਿਰੋਧੀ ਪ੍ਰਦਰਸ਼ਨਕਾਰੀਆਂ ਅਤੇ ਫ਼ੌਜ ਦਰਮਿਆਨ ਸੜਕਾਂ 'ਤੇ ਸੰਘਰਸ਼ ਸ਼ੁਰੂ ਹੋ ਗਿਆ ਸੀ। ਲਾਲ ਕੁੜਤੀ ਪ੍ਰਦਰਸ਼ਨਕਾਰੀਆਂ ਦੇ ਆਗੂ ਜਾਤੁਪੋਰਨ ਪ੍ਰੋਂਪਨ ਨੇ ਕਿਹਾ ਕਿ ਸੇਹ ਦਿਓਂਗ ਨੇ ਆਪਣਾ ਕਰਤੱਵ ਪੂਰਾ ਕੀਤਾ ਹੈ। ਇਨਸਾਫ਼ ਲੈਣ ਲਈ ਸਾਨੂੰ ਉਨ੍ਹਾਂ ਦੇ ਅਧੂਰੇ ਕੰਮਾਂ ਨੂੰ ਜਾਰੀ ਰਖਣਾ ਹੋਵੇਗਾ। ਪ੍ਰੋਂਪਨ ਨੇ ਕਿਹਾ ਕਿ ਸੰਘਰਸ਼ ਸਮਾਪਤ ਕਰਨ ਦੀ ਇਕੋ ਇਕ ਆਸ ਅਤੇ ਸਾਰਾ ਦਾਰੋਮਦਾਰ ਹੁਣ ਥਾਈਲੈਂਡ ਦੇ ਬਾਦਸ਼ਾਹ ਭੂਮੀਬੋਲ ਅਦੁਲਆਦੇਜ ਦੇ ਦਖ਼ਲ ਦੇਣ 'ਤੇ ਹੈ। 82 ਸਾਲਾ ਥਾਈ ਬਾਦਸ਼ਾਹ ਸਿਤੰਬਰ ਮਹੀਨੇ ਤੋਂ ਹੀ ਹਸਪਤਾਲ ਵਿਚ ਭਰਤੀ ਹਨ। ਉਹ ਦਹਾਕਿਆਂ ਪਹਿਲਾਂ ਖੂਨ ਖ਼ਰਾਬਾ ਰੋਕਾਂ ਲਈ ਦਖ਼ਲ ਦੇ ਚੁਕੇ ਹਨ। ਪਰ ਇਸ ਵਾਰ ਦੇ ਸੰਕਟ ਦੌਰਾਨ ਉਨ੍ਹਾਂ ਜਨਤਕ ਤੌਰ 'ਤੇ ਚੁਪ ਧਾਰੀ ਹੋਈ ਹੈ।

**ਪ੍ਰਦਰਸ਼ਨਕਾਰੀ ਸਰਕਾਰ ਨਾਲ ਗੱਲਬਾਤ ਲਈ ਤਿਆਰ :** ਸੰਯੁਕਤ ਰਾਸ਼ਟਰ ਦੀ ਵਿਚੋਲਗੀ ਵਿਚ ਗੱਲਬਾਤ ਲਈ ਲਾਲ ਕੁੜਤੀ ਪ੍ਰਦਰਸ਼ਨਕਾਰੀਆਂ ਦੀ ਅਪੀਲ ਦਾ ਸਰਕਾਰ 'ਤੇ ਕੋਈ ਅਸਰ ਨਹੀਂ ਪਿਆ ਹੈ, ਜਦਕਿ ਰਾਜਧਾਨੀ ਦੀਆਂ ਸੜਕਾਂ 'ਤੇ ਬੀਤੇ ਤਿੰਨ ਦਿਨਾਂ ਤੋਂ ਚਲ ਰਹੇ ਸੰਘਰਸ਼ ਵਿਚ ਹੁਣ ਤਕ ਲਗਭਗ 33 ਵਿਅਕਤੀ ਮਾਰੇ ਗਏ ਹਨ ਜਦਕਿ 239 ਹੋਰ ਜ਼ਖ਼ਮੀ ਹੋਏ ਹਨ। ਪ੍ਰਦਰਸ਼ਨਕਾਰੀਆਂ ਨੇ ਸੋਮਵਾਰ ਨੂੰ ਇਕ ਆਲੀਸ਼ਾਨ ਹੋਟਲ ਨੂੰ ਨਿਸ਼ਾਨਾ ਬਣਾਇਆ। ਇਥੇ ਹੋਏ ਧਮਾਕਿਆਂ ਦੀ ਗੂੰਜ ਕਾਰਨ ਸਹਿਮੇ ਮਹਿਮਾਨਾਂ ਨੇ ਡਰ ਕੇ ਤਹਿਖ਼ਾਨਿਆਂ ਵਿਚ ਸ਼ਰਨ ਲਈ। ਪ੍ਰਦਰਸ਼ਨਕਾਰੀਆਂ ਦੇ ਇਕ ਮੋਹਰੀ ਆਗੂ ਨੇ ਥਾਈਲੈਂਡ ਦੇ ਬਾਦਸ਼ਾਹ ਨੂੰ ਇਸ ਮਾਮਲੇ ਵਿਚ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਇਕ ਕਰੋੜ 20 ਲੱਖ ਦੀ ਆਬਾਦੀ ਵਾਲੇ ਬੈਂਕਾਕ ਦੇ ਕਈ ਹਿੱਸਿਆਂ ਵਿਚ ਲੋਕਾਂ ਦੇ ਆਉਣ ਜਾਣ 'ਤੇ ਪਾਬੰਦੀ ਹੈ, ਕਿਉਂਕਿ ਫ਼ੌਜ ਪ੍ਰਦਰਸ਼ਨਕਾਰੀਆਂ ਵਿਰੁਧ ਗੋਲਾ ਬਾਰੂਦ ਅਤੇ ਹਥਿਆਰਾਂ ਦੀ ਵਰਤੋਂ ਕਰ ਰਹੀ ਹੈ। ਦੂਜੇ ਪਾਸੇ ਪ੍ਰਦਰਸ਼ਨਕਾਰੀ ਵੀ ਘੱਟ ਨਹੀਂ ਹਨ ਉਨ੍ਹਾਂ ਕੋਲ ਵੀ ਹਥਿਆਰ ਹਨ।

ਲਾਲ ਕੁੜਤੀ ਪ੍ਰਦਰਸ਼ਨਕਾਰੀਆਂ ਨੇ ਬੈਂਕਾਕ ਦੇ ਪ੍ਰਮੁੱਖ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ ਅਤੇ ਫ਼ੌਜ ਨੇ ਉਨ੍ਹਾਂ ਨੂੰ ਘੇਰਾ ਪਾਇਆ ਹੋਇਆ ਹੈ। ਪ੍ਰਦਰਸ਼ਨਕਾਰੀ ਹੁਣ ਸਰਕਾਰ ਨਾਲ ਛੇਤੀ ਤੋਂ ਛੇਤੀ ਗੱਲਬਾਤ ਲਈ ਤਿਆਰ ਹਨ ਪਰ ਉਨ੍ਹਾਂ ਦੀ ਸ਼ਰਤ ਹੈ ਕਿ ਇਹ ਗੱਲਬਾਤ ਸੰਯੁਕਤ ਰਾਸ਼ਟਰ ਦੀ ਵਿਚੋਲਗੀ ਨਾਲ ਹੋਵੇ। ਸਰਕਾਰ ਨੇ ਪ੍ਰਦਰਸ਼ਨਕਾਰੀਆਂ ਦੀ ਇਸ ਮੰਗ ਨੂੰ ਤੁਰਤ ਖ਼ਾਰਿਜ ਕਰ ਦਿਤਾ ਅਤੇ ਦੋਬਾਰਾ ਚਿਤਾਵਨੀ ਦਿਤੀ ਕਿ ਕਿਸੇ ਵੀ ਵਿਦੇਸ਼ੀ ਸੰਗਠਨ ਨੂੰ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ।

ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਕੋਈ ਵੀ ਸਰਕਾਰ ਅਪਣੇ ਅੰਦਰੂਨੀ ਮਾਮਲਿਆਂ ਵਿਚ ਕਿਸੇ ਹੋਰ ਸੰਗਠਨ ਦੀ ਦਖ਼ਲਅੰਦਾਜ਼ੀ ਦੀ ਇਜਾਜ਼ਤ ਨਹੀਂ ਦੇ ਸਕਦੀ। ਇਸ ਤੋਂ ਪਹਿਲਾਂ ਵੀ ਦੋਵਾਂ ਧਿਰਾਂ ਵਿਚ ਕਈ ਵਾਰ ਗੱਲਬਾਤ ਹੋ ਚੁਕੀ ਹੈ, ਪਰ ਇਸ ਦਾ ਕੋਈ ਨਤੀਜਾ ਨਹੀਂ ਨਿਕਲਿਆ ਸੀ। ਡਾਵਾਂਡੋਲ ਸਥਿਤੀ ਵਿਚੋਂ ਲੰਘ ਰਹੇ ਪ੍ਰਧਾਨ ਮੰਤਰੀ ਨੇ ਪ੍ਰਦਰਸ਼ਨਕਾਰੀਆਂ ਦਾ ਅੰਦੋਲਨ ਜਾਰੀ ਰਹਿਣ 'ਤੇ ਨਵੰਬਰ ਵਿਚ ਚੋਣਾਂ ਨਾ ਕਰਵਾਉਣ ਦਾ ਐਲਾਨ ਕੀਤਾ ਗਿਆ ਸੀ। ਇਸ ਦੇ ਬਾਵਜੂਦ ਪ੍ਰਦਰਸ਼ਨਕਾਰੀਆਂ ਵਲੋਂ ਗੱਲਬਾਤ ਦੀ ਇਹ ਪੇਸ਼ਕਸ਼ ਕੀਤੀ ਗਈ ਹੈ।

ਰੰਗ-ਬੇਰੰਗ

# ਪਿੰਡ ਤੋਂ ਸ਼ਹਿਰ ਤੱਕ

ਡਾ. ਗੁਰਨਾਮ ਕੌਰ



ਡਾ. ਗੁਰਨਾਮ ਕੌਰ

ਲੁਧਿਆਣਾ ਭਾਵੇਂ ਪਿੰਡ ਤੋਂ ਬਹੁਤ ਦੂਰ ਨਹੀਂ ਹੈ ਪਰ ਕਾਲਜ ਦਾਖ਼ਲ ਹੋਣ ਤੋਂ ਪਹਿਲਾਂ ਕਦੇ ਜਾਣ ਦਾ ਸਬੱਬ ਹੀ ਨਹੀਂ ਸੀ ਬਣਿਆ। ਇਸ ਲਈ ਕਾਲਜ ਵਿਚ ਦਾਖ਼ਲਾ ਲੁਧਿਆਣੇ ਵਿਚ ਪਹਿਲਾ ਕਦਮ ਸੀ। ''ਗੌਰਮਿੰਟ ਕਾਲਜ ਫਾਰ ਵਿਮੈਨ'' ਸਿਵਲ ਲਾਈਨਜ਼ ਵਲ ਖੁੱਲ੍ਹਦੇ ਕਾਲਜ ਦੇ ਮੁੱਖ ਦੁਆਰ 'ਤੇ ਬੜੇ ਸ਼ਾਨਦਾਰ ਅੱਖਰਾਂ ਵਿਚ ਲਿਖਿਆ ਹੈ। ਇਹ ਪੰਜਾਬ ਦਾ ਉਦੋਂ ਵੀ ਸਿਖਰ ਦਾ ਕਾਲਜ ਸੀ ਤੇ ਹੁਣ ਵੀ ਹੈ। ਇਸ ਵਰਗਾ ਸਾਰੇ ਪੰਜਾਬ ਵਿਚ ਮੈਂ ਹੋਰ ਕੋਈ ਕਾਲਜ ਨਹੀਂ ਦੇਖਿਆ। ਗੇਟ ਦੇ ਅੰਦਰ ਵੜਦਿਆਂ ਹੀ ਦੋਵੇਂ ਪਾਸੇ ਫੈਲਿਆ ਹੈ ਬੋਟੈਨੀਕਲ ਗਾਰਡਨ, ਜਿਸ ਦੀ ਨਿਗਰਾਨੀ ਬੋਟਨੀ ਦੀ ਸੀਨੀਅਰ ਲੈਕਚਰਾਰ ਮਿਸ ਬੁੱਧੀਰਾਜਾ ਆਪ ਕਰਦੀ ਸੀ। ਚੁਫੇਰੇ ਫੈਲੀਆਂ ਸ਼ਾਨਦਾਰ ਚੌੜੀਆਂ ਸੜਕਾਂ, ਸ਼ਾਨਦਾਰ ਲੰਮੀ, ਚੌੜੀ ਅਤੇ ਉਚੀ ਇਮਾਰਤ ਅਤੇ ਘਾਹ ਨੂੰ ਅੱਖਰਾਂ ਦੇ ਆਕਾਰ ਵਿਚ ਕੱਟ ਕੇ ਅੰਗਰੇਜ਼ੀ ਵਿਚ ਲਿਖਿਆ ''ਵੈਲਕਮ'' ਅਤੇ ਕਾਲਜ ਦਾ ਨਾਂ, ਸੱਜੇ ਹੱਥ ਪ੍ਰਿੰਸੀਪਲ ਦਾ ਸ਼ਾਨਦਾਰ ਦਫਤਰ ਅਤੇ ਆਮ ਦਫਤਰ, ਵਿਚਕਾਰ ਉਪਰਲੀ ਮੰਜ਼ਲ ਨੂੰ ਜਾਂਦੀਆਂ ਲੱਕੜ ਦੀ ਰੇਲਿੰਗ ਵਾਲੀਆਂ ਖੁੱਲ੍ਹੀਆਂ ਪੌੜੀਆਂ, ਖੱਬੇ ਹੱਥ ਸਟਾਫ ਰੂਮ ਅਤੇ ਵਰਾਂਡੇ ਦੇ ਦੋਵੇਂ ਪਾਸੇ ਫੈਲੇ ਲੈਕਚਰ-ਰੂਮ ਅਤੇ ਲੈਬਾਰਟਰੀਆਂ। ਉਪਰਲੀ ਮੰਜ਼ਲ 'ਤੇ ਪੌੜੀਆਂ ਦੇ ਸਾਹਮਣੇ ਲੜਕੀਆਂ ਦਾ ਕਾਮਨ-ਰੂਮ ਅਤੇ ਹੇਠਲੀ ਮੰਜ਼ਿਲ ਦੀ ਤਰ੍ਹਾਂ ਹੀ ਵਰਾਂਡੇ ਦੇ ਦੋਵੇਂ ਪਾਸੇ ਫੈਲੇ ਲੈਕਚਰ ਰੂਮ ਅਤੇ ਇਕ ਹੋਰ ਸਿੱਧੀ ਨਿਕਲ ਰਹੀ ਕਮਰਿਆਂ ਦੀ ਵਿੰਗ। ਮੁੱਖ ਇਮਾਰਤ ਦੇ ਪਿਛਲੇ ਪਾਸੇ ਲਾਇਬ੍ਰੇਰੀ ਦੀ ਵੱਡੀ ਇਕ ਮੰਜ਼ਲੀ ਬਿਲਡਿੰਗ ਅਤੇ ਨਾਲ ਕੰਟੀਨ, ਨਾਲ ਪੀ.ਟੀ. ਦੀਆਂ ਕਲਾਸਾਂ ਲਈ ਬਣੀ ਥਾਂ। ਲਾਇਬਰੇਰੀ ਵਿਚ ਹਰ ਵਕਤ ਪੜ੍ਹਨ ਵਾਲੀਆਂ ਕੁੜੀਆਂ ਦੀ ਰੌਣਕ। ਹਾਕੀ, ਵਾਲੀਬਾਲ, ਬਾਸਕਿਟਬਾਲ ਅਤੇ ਬੈਡਮਿੰਟਨ ਲਈ ਬਣੇ ਅਲੱਗ-ਅਲੱਗ ਗਰਾਊਂਡ ਅਤੇ ਨਾਲ ਹੀ ਟੇਬਲ-ਟੈਨਿਸ ਦਾ ਕੋਰਟ। ਕਈ ਏਕੜਾਂ ਵਿਚ ਫੈਲਿਆ ਵੱਡਾ ਗਰਾਊਂਡ ਜਿਸ ਨੂੰ ਸਾਲਾਨਾ ਖੇਡਾਂ ਵੇਲੇ ਅਤੇ ਫੇਟ (ਮੇਲਾ) ਲਗਾਉਣ ਲਈ ਵਰਤਿਆ ਜਾਂਦਾ ਹੈ। ਸਾਈਡ ਦੇ ਗਰਾਊਂਡ ਵਿਚ ਸਵਿਮਿੰਗ ਸਿੱਖਣ ਲਈ ਬਣਿਆ ਸ਼ਾਨਦਾਰ ਸਵਿਮਿੰਗ ਪੂਲ। ਪ੍ਰਿੰਸੀਪਲ ਦੇ ਦਫਤਰ ਦੇ ਨਾਲ ਹੀ ਬੜਾ ਖੁੱਲ੍ਹਾ ਅਤੇ ਸ਼ਾਨਦਾਰ ਅਸੈਂਬਲੀ ਹਾਲ ਬਣਿਆ ਹੈ ਜਿਸ ਦੀ ਬਾਹਰਲੀ ਦੀਵਾਰ ਨੂੰ ਸੁੰਦਰ ਦਿੱਖ ਦੇਣ ਲਈ ਵੱਡੇ ਵੱਡੇ ਪੱਥਰ ਜੜੇ ਹਨ। ਇਸ ਹਾਲ ਵਿਚ ਬੜੀ ਵੱਡੀ ਅਤੇ ਖੁੱਲ੍ਹੀ ਸਟੇਜ ਬਣੀ ਹੈ। ਇਸ ਤੋਂ ਕਾਫੀ ਫਾਸਲਾ ਛੱਡ ਕੇ ਨੌਕਰਾਂ ਦੇ ਕੁਆਰਟਰਾਂ ਦੀ ਕਤਾਰ ਹੈ, ਜਿਨ੍ਹਾਂ ਦੇ ਆਉਣ ਜਾਣ ਲਈ ਪਿਛਲੀ ਦੀਵਾਰ ਵਿਚ ਛੋਟਾ ਗੇਟ ਲਾਇਆ ਹੈ ਜੋ ਜਗਰਾਉਂ ਰੋਡ 'ਤੇ ਖੁੱਲ੍ਹਦਾ ਹੈ, ਬਿਲਕੁਲ ਗੁਲਮੋਹਰ ਹੋਟਲ ਦੇ ਸਾਹਮਣੇ।

ਇਸ ਸੜਕ ਤੇ ਉਦੋਂ ਉਚਾ ਪੁੱਲ ਉਤਰਦੇ ਸਾਰ ਬਣਿਆ ਮੰਦਰ ਹੀ ਹੁੰਦਾ ਸੀ ਜਾਂ ਗੁਲਮੋਹਰ ਹੋਟਲ, ਬਾਕੀ ਸਾਰੀ ਸੜਕ ਖਾਲੀ ਹੁੰਦੀ ਸੀ। ਗੁਲਮੋਹਰ ਹੋਟਲ ਦੀ ਕਹਾਣੀ ਫੇਰ ਕਰਾਂਗੇ। ਕੁਆਟਰਾਂ ਤੋਂ ਅੱਗੇ ਲੜਕੀਆਂ ਦਾ ਦੋ ਮੰਜ਼ਿਲਾ ਹੋਸਟਲ ਬਣਿਆ ਸੀ ਅਤੇ ਅੱਗੇ ਪ੍ਰਿੰਸੀਪਲ ਦੀ ਰਿਹਾਇਸ਼ ਵਾਸਤੇ ਕੋਠੀ। ਮੁੱਖ-ਦਰਵਾਜ਼ੇ ਵਾਲੇ ਪਾਸੇ ਵੀ ਉਦੋਂ ਕੋਈ ਇਮਾਰਤਾਂ ਨਹੀਂ ਸੀ ਹੁੰਦੀਆਂ। ਸਾਹਮਣੇ ਰੱਖ-ਬਾਗ ਸੀ ਜਿਸ ਵਿਚੋਂ ਲੰਘ ਕੇ ਰੇਲਵੇ-ਸਟੇਸ਼ਨ ਤੇ ਜਾਈਦਾ ਸੀ ਜਾਂ ਅੱਗੇ ਖੇਡਾਂ ਲਈ ਬਣਿਆ ਸਟੇਡੀਅਮ ਸੀ ਜਿਸ ਵਿਚ ਇਕ ਵਾਰ ਪੰਜਾਬ ਅਤੇ ਭਾਰਤੀ ਟੀਮ ਦਾ ਹਾਕੀ ਦਾ ਮੈਚ ਦੇਖਣ ਦਾ ਮੌਕਾ ਮਿਲਿਆ। ਹੁਣ ਤਾਂ ਆਸੇ-ਪਾਸੇ ਏਨੀ ਉਸਾਰੀ ਹੋ ਗਈ ਹੈ ਕਿ ਪੁਰਾਣੇ ਵਿਦਿਆਰਥੀਆਂ ਨੂੰ ਤਾਂ ਕਾਲਜ ਦਾ ਗੇਟ ਲੱਭਣਾ ਹੀ ਔਖਾ ਲੱਗੇ। ਘੱਟੋ ਘੱਟ ਮੇਰੇ ਨਾਲ ਇਸੇ ਤਰ੍ਹਾਂ ਹੋਇਆ ਜਦੋਂ ਮੈਨੂੰ ਜਨਵਰੀ 2003 ਵਿਚ ਕਾਲਜ ਨੇ ਪੁਰਾਣੀ ਵਿਦਿਆਰਥਣ ਹੋਣ ਦੇ ਨਾਤੇ ਸਨਮਾਨ ਦੇਣ ਲਈ ਸੱਦਿਆ।

ਸਕੂਲ ਵਿਚ ਪੜ੍ਹਦਿਆਂ ਇਹ ਬਿਲਕੁਲ ਇਲਮ ਨਹੀਂ ਸੀ ਕਿ ਕਾਲਜ ਅਤੇ ਸਕੂਲ ਵਿਚ ਏਨਾ ਫਰਕ ਹੁੰਦਾ ਹੈ। ਬਸ ਏਨਾ ਪਤਾ ਸੀ ਕਿ ਦਸਵੀਂ ਤੋਂ ਅੱਗੇ ਬੀ.ਏ. ਕਰਨੀ ਹੈ ਤਾਂ ਕਾਲਜ ਜਾਣਾ ਹੈ। ਦਸਵੀਂ ਵਿਚ ਅੰਗਰੇਜ਼ੀ ਪੜ੍ਹਾਉਂਦਿਆਂ ਇਕ ਦਿਨ ਰਾਜ ਕਪੂਰ ਭੈਣ ਜੀ ਨੇ ਇੰਨਾ ਪੁੱਛਿਆ ਸੀ ਕਿ ਦਸਵੀਂ ਤੋਂ ਬਾਅਦ ਕਿਹੜੇ ਕਾਲਜ ਦਾਖ਼ਲ ਹੋਣਾ ਹੈ? ਤਾਂ ਮੇਰਾ ਉੱਤਰ ਸੀ, ''ਸਿੱਧਵਾਂ ਕੁੜੀਆਂ ਦੇ ਕਾਲਜ।'' ਉਸ ਨੇ ਪੈਂਦੀ ਸੱਟੇ ਕਿਹਾ ਸੀ, ''ਨਹੀਂ ਨਹੀਂ, ਸਿੱਧਵਾਂ ਨਹੀਂ ਗੌਰਮਿੰਟ ਕਾਲਜ ਲੁਧਿਆਣੇ ਦਾਖਲ ਹੋਣਾ ਹੈ।''

ਮੇਰੀਆਂ ਅਧਿਆਪਕਾਂ ਚਾਹੁੰਦੀਆਂ ਸਨ ਕਿ ਮੈਂ ਅੱਗੇ ਪੜ੍ਹਾਂ। ਇਸੇ ਲਈ ਜਦੋਂ ਮੈਂ ਕਾਲਜ ਦਾਖਲ ਹੋਣ ਤੋਂ ਬਾਅਦ ਸਟੋਰ ਦਾ ਚਾਰਜ ਦੇਣ ਲਈ ਸਕੂਲ ਗਈ ਤਾਂ ਮੈਂ ਦੇਖਿਆ ਕਿ ਮੇਰੀਆਂ ਬਹੁਤੀਆਂ ਜਮਾਤਣਾਂ ਸਕੂਲ ਵਿਚ ਜੇ.ਬੀ.ਟੀ. ਵਿਚ ਦਾਖਲ ਹੋ ਗਈਆਂ ਸੀ, ਖਾਸ ਕਰਕੇ ਲਾਭ ਵੀ ਜੋ ਸੈਕਿੰਡ ਆਈ ਸੀ। ਮੈਂ ਹੈਡਮਿਸਟਰੈਸ ਨੂੰ ਪੁੱਛਿਆ ਕਿ ਤੁਸੀਂ ਮੈਨੂੰ ਤਾਂ ਕਿਹਾ ਸੀ ਜੇ.ਬੀ.ਟੀ. ਦਾ ਦਾਖਲਾ ਨਹੀਂ ਕਰਨਾ? ਉਸ ਦਾ ਉਤਰ ਸੀ, ''ਮੈਂ ਨਹੀਂ ਸੀ ਚਾਹੁੰਦੀ ਤੂੰ ਜੇ.ਬੀ.ਟੀ. ਕਰੇਂ। ਮੈਂ ਚਾਹੁੰਦੀ ਸੀ ਤੂੰ ਕਾਲਜ ਦਾਖਲ ਹੋਵੇਂ।'' ਕਾਲਜ ਦਾਖਲ ਹੋ ਕੇ ਅਤੇ ਉਥੇ ਪੜ੍ਹਦਿਆਂ ਹੀ ਪਤਾ ਲੱਗਾ ਕਿ ਇਸ ਕਾਲਜ ਦੀ ਪੰਜਾਬ ਵਿਚ ਕਿੰਨੀ ਸ਼ਾਨ ਹੈ। ਜਦੋਂ ਮੈਂ ਬੀ.ਏ. ਕਰਕੇ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਦਾਖਲ ਹੋਈ ਤਾਂ ਇੰਟਰੋਡਕਸ਼ਨ ਲੈਂਦਿਆਂ ਇਕ ਸੀਨੀਅਰ ਵਿਦਿਆਰਥੀ ਨੇ ਪੁੱਛਿਆ ਕਿ ਬੀ.ਏ. ਕਿਥੋਂ ਕੀਤੀ ਹੈ? ਜਦੋਂ ਮੈਂ ਦਸਿਆ ਲੁਧਿਆਣੇ ਸਰਕਾਰੀ ਕਾਲਜ ਤੋਂ ਤਾਂ ਉਸ ਦਾ ਉਤਰ ਸੀ, ''ਫੇਰ ਤਾਂ ਕੁਰੂਕਸ਼ੇਤਰ ਯੂਨੀਵਰਸਿਟੀ ਕਿਥੇ ਚੰਗੀ ਲਗਣੀ ਹੈ?''

ਜਦੋਂ ਕਾਲਜ ਦਾ ਦਾਖਲਾ ਫਾਰਮ ਭਰਿਆ ਤਾਂ ਏਨਾ ਵੀ ਗਿਆਨ ਨਹੀਂ ਸੀ ਕਿ ਹੋਸਟਲ ਦੀ ਸੀਟ ਵਾਸਤੇ ਵੀ ਨਾਲ ਹੀ ਫਾਰਮ ਭਰਨਾ ਹੈ। ਅੱਜ-ਕੱਲ੍ਹ ਦੇ ਬੱਚੇ ਏਨੇ ਤੇਜ਼ ਹਨ ਕਿ ਸਕੂਲ ਪੜ੍ਹਦਿਆਂ ਹੀ ਇੰਟਰਨੈਟ 'ਤੇ ਅਗਲੀ ਪੜ੍ਹਾਈ ਵਾਸਤੇ ਸੀਟ ਲੈ ਲੈਂਦੇ ਹਨ। ਮੈਂ ਤਾਂ ਸਿੱਧੇ-ਸਾਦੇ ਪਿੰਡ ਦੇ ਪਰਿਵਾਰ ਵਿਚੋਂ ਆਈ ਸੀ। ਮੈਂ ਜਦੋਂ ਪੰਜਵੀਂ-ਛੇਵੀਂ ਵਿਚ ਪੜ੍ਹਦੀ ਆਪਣੀ ਬੱਚੀ ਨੂੰ ਕਹਿ ਦਿੰਦੀ ਸੀ ਕਿ ਅਸੀਂ ਤਾਂ ਸਕੂਲ ਪੜ੍ਹਦੇ ਘਰਦਿਆਂ ਤੋਂ ਕੁਝ ਨਹੀਂ ਸੀ ਮੰਗਦੇ ਤਾਂ ਉਸ ਦਾ ਉਤਰ ਹੁੰਦਾ ਸੀ, ''ਮਾਮਾ! ਬਾਪੂ ਜੀ ਪਿੰਡ ਵਿਚ ਖੇਤੀ ਕਰਦੇ ਸੀ। ਮੇਰੀ ਮਾਂ ਯੂਨੀਵਰਸਿਟੀ ਵਿਚ ਪ੍ਰੋਫੈਸਰ ਲੱਗੀ ਹੋਈ ਹੈ।'' ਇਸ ਅਗਿਆਨ ਕਾਰਨ ਮੈਨੂੰ ਹੋਸਟਲ ਵਿਚ ਸੀਟ 15-20 ਦਿਨ ਲੇਟ ਮਿਲੀ।

ਗੌਰਮਿੰਟ ਕਾਲਜ ਵਿਚ ਉਦੋਂ ਵੀ ਮੈਰਿਟ 'ਤੇ ਦਾਖਲਾ ਹੁੰਦਾ ਸੀ ਅਤੇ ਆਮ ਤੌਰ 'ਤੇ ਫਸਟ ਕਲਾਸ ਤੱਕ ਪੂਰਾ ਹੋ ਜਾਂਦਾ ਸੀ। ਬਾਕੀ ਲੜਕੀਆਂ ਪੁਰਾਣੇ ਖਾਲਸਾ ਕਾਲਜ, ਸਿਵਲ ਲਾਈਨਜ਼ ਵਿਚ ਜਾਂਦੀਆਂ ਸਨ। ਹੁਣ ਵਾਂਗ ਲੁਧਿਆਣੇ ਕੁੜੀਆਂ ਦੇ ਕਈ ਕਾਲਜ ਨਹੀਂ ਸੀ ਹੁੰਦੇ। ਸਰਕਾਰੀ ਕਾਲਜ ਵਿਚ ਜਿਥੇ ਪਬਲਿਕ ਸਕੂਲਾਂ ਵਿਚ ਪੜ੍ਹੀਆਂ ਲੋਕਲ ਲੜਕੀਆਂ, ਮਿਲਟਰੀ, ਨੇਵੀ, ਏਅਰਫੋਰਸ ਤੇ ਹੋਰ ਅਫਸਰਾਂ ਦੀਆਂ ਸੈਂਟਰਲ ਸਕੂਲਾਂ ਵਿਚ ਪੜ੍ਹੀਆਂ ਕੁੜੀਆਂ ਆਉਂਦੀਆਂ, ਉਥੇ ਆਸ-ਪਾਸ ਦੇ ਪਿੰਡਾਂ ਦੀਆਂ ਵਿਦਿਆ ਨਾਲ ਮੋਹ ਰੱਖਣ ਵਾਲੀਆਂ ਕੁੜੀਆਂ ਵੀ ਬਹੁਤ ਆਉਂਦੀਆਂ। ਇਸ ਤਰ੍ਹਾਂ ਸ਼ਹਿਰੀ ਫੈਸ਼ਨੇਬਲ ਕੁੜੀਆਂ ਦੇ ਨਾਲ ਨਾਲ ਪਿੰਡਾਂ ਦੀਆਂ ਸਿੱਧੀਆਂ ਸਾਦੀਆਂ ਕੁੜੀਆਂ ਵੀ ਮਿਲ ਜਾਂਦੀਆਂ। ਬੱਦੋਵਾਲ, ਮੁੱਲਾਂਪੁਰ ਦਾਖੇ, ਫਿਲੌਰ, ਗੁਰਾਇਆਂ, ਢੰਡਾਰੀ, ਦੋਰਾਹਾ ਅਤੇ ਖੰਨੇ ਤੱਕ ਤੋਂ ਕੁੜੀਆਂ ਟਰੇਨਾਂ 'ਤੇ ਪੜ੍ਹਨ ਆਉਂਦੀਆਂ। ਲਲਤੋਂ, ਰਾਮਗੜ੍ਹ ਅਤੇ ਹੋਰ ਪਿੰਡਾਂ ਤੋਂ ਬੱਸਾਂ 'ਤੇ ਵੀ ਆਉਂਦੀਆਂ। ਹਰ ਜਮਾਤ ਵਿਚ ਗਰੇਵਾਲ ਕੁੜੀਆਂ ਜ਼ਰੂਰ ਹੁੰਦੀਆਂ ਕਿਉਂਕਿ ਲੁਧਿਆਣੇ ਦੇ ਆਲੇ-ਦੁਆਲੇ ਬਹੁਤੇ ਪਿੰਡ ਗਰੇਵਾਲਾਂ ਦੇ ਹਨ ਜਿਥੋਂ ਦੇ ਲੋਕ ਉਸ ਜ਼ਮਾਨੇ ਵਿਚ ਵੀ ਕਾਫੀ ਪੜ੍ਹੇ ਲਿਖੇ ਸਨ। ਬੋਪਾਰਾਇ ਪਿੰਡ ਦੀਆਂ ਦਿਉਲ ਕੁੜੀਆਂ ਵੀ ਹੋਸਟਲ ਵਿਚ ਕਾਫੀ ਸਨ ਜਿਥੋਂ ਦੇ ਜ਼ਿਆਦਾ ਲੋਕ ਮਿਲਟਰੀ, ਨੇਵੀ ਜਾਂ ਏਅਰ ਫੋਰਸ ਵਿਚ ਅਫਸਰ ਸਨ।

ਕਾਲਜ ਅਤੇ ਸਕੂਲ ਦੀ ਪੜ੍ਹਾਈ ਵਿਚ ਅਤੇ ਪੜ੍ਹਾਉਣ ਦੇ ਲਹਿਜੇ ਵਿਚ, ਪ੍ਰੋਫੈਸਰਾਂ ਅਤੇ ਸਕੂਲ-ਅਧਿਆਪਕਾਂ ਦੇ ਵਿਦਿਆਰਥੀਆਂ ਪ੍ਰਤੀ ਰਵੱਈਏ ਵਿਚ ਬਹੁਤ ਫਰਕ ਸੀ। ਜਿਥੇ ਸਕੂਲ ਵਿਚ ਅਧਿਆਪਕਾਂ ਦਾ ਵਿਦਿਆਰਥੀਆਂ ਨਾਲ ਰਿਸ਼ਤਾ ਨੇੜੇ ਦਾ ਸੀ ਉਥੇ ਕਾਲਜ ਵਿਚ ਇਹ ਰਿਸ਼ਤਾ ਬਿਲਕੁਲ ਰਸਮੀ ਸੀ। ਸਾਰਾ ਮਾਹੌਲ ਹੀ ਰਸਮੀ-ਸਵੇਰ ਹਰ ਟੱਕਰਨ ਵਾਲੇ ਲੈਕਚਰਰ ਨੂੰ ''ਗੁੱਡ ਮਾਰਨਿੰਗ'', ਦੁਪਹਿਰ ਤੋਂ ਬਾਅਦ ''ਗੁੱਡ ਆਫਟਰਨੂਨ'' ਅਤੇ ਸ਼ਾਮ ਨੂੰ ''ਗੁੱਡ ਈਵਨਿੰਗ'' ਕਹਿੰਦਿਆਂ ਨਿਕਲ ਜਾਂਦੀ। ਸਕੂਲ ਵਿਚ 'ਭੈਣ ਜੀ' ਜਾਂ 'ਮਾਸਟਰ ਜੀ' ਅਪਣੱਤ ਵਾਲਾ ਸੰਬੋਧਨ ਸੀ ਪਰ ਕਾਲਜ ਵਿਚ ''ਮੈਡਮ'' ਬਿਲਕੁਲ ਰਸਮੀ। ਪੰਜਾਬੀ ਦੇ ਪੀਰੀਅਡ ਤੋਂ ਬਿਨਾਂ ਬਾਕੀ ਜਮਾਤਾਂ ਵਿਚ ਜੇ ਕਿਸੇ ਮੈਡਮ ਨੇ ਵਿਦਿਆਰਣ ਨੂੰ ਕੁਝ ਕਹਿਣਾ ਹੁੰਦਾ ਤਾਂ ਸੰਬੋਧਨ ਸਿਰਫ ''ਯੂ'' ਤੱਕ ਸੀਮਤ ਹੁੰਦਾ। ਕਲਾਸ ਰੂਮ ਲੈਕਚਰ ਵੀ ਇੰਗਲਿਸ਼ ਵਿਚ ਹੀ ਹੁੰਦਾ ਜੋ ਪਹਿਲਾਂ ਪਹਿਲ ਸਮਝਣਾ ਕਾਫੀ ਔਖਾ ਲਗਦਾ, ਵਧ ਤੋਂ ਵਧ ਦੋ ਚਾਰ ਸ਼ਬਦ ਹਿੰਦੀ ਵਿਚ ਦੱਸ ਦਿੱਤੇ ਜਾਂਦੇ। ਇਕਨਾਮਿਕਸ ਪੜ੍ਹਾਉਣ ਮਿਸ ਮਨਜੀਤ ਲੱਗੀ ਜੋ ਬਹੁਤ ਧੀਮੀ ਆਵਾਜ਼ ਵਿਚ ਅੰਗਰੇਜ਼ੀ ਵਿਚ ਪੜ੍ਹਾਉਂਦੀ ਅਤੇ ਕਈ ਵਾਰ ਲੈਕਚਰ ਉਤੋਂ ਦੀ ਹੀ ਲੰਘ ਜਾਂਦਾ। ਇਸ ਲਈ ਮੇਰੀ ਹਰ ਕਲਾਸ ਵਿਚ ਹਮੇਸ਼ਾ ਕੋਸ਼ਿਸ਼ ਹੁੰਦੀ ਕਿ ਮੈਂ ਟੀਚਰ ਦੇ ਨੇੜੇ ਮੂਹਰਲੀ ਸੀਟ 'ਤੇ ਬੈਠਾਂ। ਸਭ ਤੋਂ ਵਧ ਉਡੀਕ ਪੰਜਾਬੀ ਦੇ ਪੀਰੀਅਡ ਦੀ ਹੁੰਦੀ ਕਿਉਂਕਿ ਮਿਸਿਜ਼ ਢਿੱਲੋਂ ਬਹੁਤ ਹੀ ਪਿਆਰ ਨਾਲ ਮਿੱਠੀ ਆਵਾਜ਼ ਵਿਚ ਪੜ੍ਹਾਉਂਦੇ। ਵੈਸੇ ਵੀ ਕਾਫੀ ਸਾਰਾ ਪੰਜਾਬੀ ਸਾਹਿਤ ਪੜ੍ਹਿਆ ਹੋਣ ਕਰਕੇ ਮੈਂ ਕੁਝ ਵੀ ਪੁੱਛਣ 'ਤੇ ਸਭ ਤੋਂ ਪਹਿਲਾਂ ਉਤਰ ਦਿੰਦੀ। ਕੁਝ ਮਹੀਨਿਆਂ ਬਾਅਦ ਮਿਸਿਜ਼ ਢਿੱਲੋਂ ਦੀ ਬਦਲੀ ਲੜਕਿਆਂ ਦੇ ਸਰਕਾਰੀ ਕਾਲਜ ਵਿਚ ਹੋ ਗਈ ਅਤੇ ਉਸ ਦੀ ਥਾਂ ਮਿਸਿਜ਼ ਹਰਮਿੰਦਰ ਸਿੰਘ ਆ ਗਏ। ਥੋੜ੍ਹੀ ਦੇਰ ਵਿਚ ਹੀ ਮੈਂ ਉਨ੍ਹਾਂ ਦੀ ਮਨਚਾਹੀ ਵਿਦਿਆਰਥਣ ਬਣ ਗਈ।

ਕਾਲਜ ਦੀ ਪ੍ਰਿੰਸੀਪਲ ਮਿਸਿਜ਼ ਸ਼ਾਹਨੀ ਇਕ ਪਾਰਸੀ ਔਰਤ ਸੀ ਜੋ ਮੁੰਬਈ ਤੋਂ ਸੀ। ਉਨ੍ਹਾਂ ਦੀ ਇਕ ਭੈਣ ਅੰਮ੍ਰਿਤਸਰ ਲੜਕੀਆਂ ਦੇ ਸਰਕਾਰੀ ਕਾਲਜ ਦੀ ਪ੍ਰਿੰਸੀਪਲ ਸੀ। ਕਿਸੇ ਪ੍ਰਿੰਸੀਪਲ ਦੀ ਗੱਲ ਕਰਨੀ ਹੋਵੇ ਤਾਂ ਮੇਰੀਆਂ ਅੱਖਾਂ ਸਾਹਮਣੇ ਹਮੇਸ਼ਾ ਮਿਸਿਜ਼ ਸ਼ਾਹਨੀ ਦੀ ਤਸਵੀਰ ਘੁੰਮ ਜਾਂਦੀ ਹੈ। ਸਕਰਟ-ਬਲਾਊਜ਼ ਪਾਈ, ਛੋਟੀ ਛਤਰੀ ਲਈ ਅੱਗੇ ਅੱਗੇ ਪੋਲੇ ਕਦਮੀਂ ਤੁਰਨਾ ਅਤੇ ਪਿੱਛੇ ਪਿੱਛੇ ਕਾਲਜ ਦੀ ਪੀਅਨ ਨੇ ਥਰਮਸ ਚੁੱਕੀ ਤੇਜ਼ ਤੇਜ਼ ਕਦਮਾਂ ਨਾਲ ਰਲਣ ਦੀ ਕੋਸ਼ਿਸ਼ ਕਰਦੀ ਹੋਣਾ। ਸੋਮਵਾਰ ਅਸੈਂਬਲੀ ਦਾ ਦਿਨ ਹੁੰਦਾ ਸੀ। ਇਸ ਦਿਨ ਸਾਰੀਆਂ ਲੜਕੀਆਂ, ਚਿੱਟੀ ਯੂਨੀਫਾਰਮ ਪਾਉਂਦੀਆਂ ਅਤੇ ਗਰਮੀਆਂ ਵਿਚ ਲਾਲ ਰੰਗ ਦੀ ਕਾਲਜ ਦੇ ਬੈਜ ਵਾਲੀ ਬਿਨਾਂ ਬਾਹਾਂ ਤੋਂ ਕੋਟੀ ਅਤੇ ਸਰਦੀਆਂ ਵਿਚ ਉੱਨ ਦੀ ਪੂਰੀਆਂ ਬਾਹਾਂ ਦੀ ਸਵੈਟਰ। ਅਸੈਂਬਲੀ ਵਿਚ ਪ੍ਰਿੰਸੀਪਲ ਹਮੇਸ਼ਾ ਹੀ ਜੀਵਨ ਸੰਬੰਧੀ ਕੋਈ ਨਾ ਕੋਈ ਨਵੀਂ ਵਿਚਾਰ ਲੈ ਕੇ 15-20 ਮਿੰਟ ਦਾ ਭਾਸ਼ਣ ਕਰਦੇ।

ਦਾਖ਼ਲੇ ਲਈ ਇੰਟਰਵਿਊ ਵੇਲੇ ਮੇਰੇ ਤੋਂ ਅੱਗੇ ਲਖਬੀਰ ਗਰੇਵਾਲ ਬੈਠੀ ਸੀ ਜੋ ਮੈਰਿਟ ਵਿਚ ਮੇਰੇ ਤੋਂ 2.3 ਨੰਬਰਾਂ ਕਰਕੇ ਅੱਗੇ ਸੀ। ਉਸ ਨੇ ਲੁਧਿਆਣਾ ਸ਼ਹਿਰ ਤੋਂ ਹੀ ਦਸਵੀਂ ਕੀਤੀ ਸੀ ਅਤੇ ਉਸ ਦੇ ਬਾਪੂ ਜੀ ਅਧਿਆਪਕ ਸਨ, ਪਿਛੋਂ ਗੁਜਰਵਾਲ ਪਿੰਡ ਦੇ ਸਨ। ਉਸ ਨੇ ਪੈਂਦਿਆਂ ਹੀ ਆਪਣਾ ਨਾਂ ਦੱਸਿਆ ਅਤੇ ਮੇਰਾ ਪੁੱਛ ਲਿਆ। ਨਾਲ ਦੀ ਨਾਲ ਇਹ ਵੀ ਪੁੱਛਿਆ ਕਿ ਮੇਰੇ ਬਾਪੂ ਜੀ ਕੀ ਕਰਦੇ ਹਨ? ਮੈਂ ਉਸ ਨੂੰ ਉਨ੍ਹਾਂ ਦੇ ਖੇਤੀਬਾੜੀ ਕਰਨ ਬਾਰੇ ਦੱਸਿਆ ਤਾਂ ਉਸ ਨੂੰ ਬੜੀ ਹੈਰਾਨੀ ਹੋਈ ਕਿ ਖੇਤੀ ਕਰਦੇ ਹੋਣ 'ਤੇ ਵੀ ਉਨ੍ਹਾਂ ਮੈਨੂੰ ਕਾਲਜ ਦਾਖਲ ਕਰਾਇਆ ਹੈ ਜਿਵੇਂ ਖੇਤੀ ਅਤੇ ਪੜ੍ਹਾਈ ਦਾ ਕੋਈ ਸੰਬੰਧ ਨਾ ਹੋਵੇ।

ਲਖਬੀਰ ਆਉਣ ਵਾਲੇ ਸਾਲਾਂ ਲਈ ਮੇਰੀ ਪੱਕੀ ਸਹੇਲੀ ਬਣ ਗਈ ਭਾਵੇਂ ਉਹ ਡੇ-ਸਕਾਲਰ ਸੀ ਅਤੇ ਮੈਂ ਹੋਸਟਲਰ। ਟਰੇਨ 'ਤੇ ਦੋਰਾਹੇ ਤੋਂ ਆਉਂਦਿਆਂ ਜਰਗੜੀ ਦੀ ਰਵਿੰਦਰ ਗਿੱਲ ਸਹੇਲੀ ਬਣ ਗਈ ਜਿਸ ਨਾਲ ਪਰਿਵਾਰਕ ਰਿਸ਼ਤਾ ਹੈ। ਉਨ੍ਹਾਂ ਦਾ ਇਕ ਮਕਾਨ ਦੋਰਾਹੇ ਵੀ ਸੀ ਜਿਥੇ ਰਹਿ ਕੇ ਉਸ ਦੇ ਦਾਦੀ ਜੀ ਆਪਣੇ ਪੋਤੇ ਪੋਤੀਆਂ ਨੂੰ ਪੜ੍ਹਾ ਰਹੇ ਸਨ। ਮੇਰੀ ਅਤੇ ਰਵਿੰਦਰ ਦੀ ਸਾਂਝ ਦਾ ਵੱਡਾ ਕਾਰਨ ਸਾਹਿਤ ਵਿਚ ਦਿਲਚਸਪੀ ਸੀ। ਵਿਹਲੇ ਪੀਰੀਅਡ ਵਿਚ ਅਸੀਂ ਦੋਵੇਂ ਲਾਇਬਰੇਰੀ ਜਾ ਵੜਦੀਆਂ। ਲਾਇਬਰੇਰੀ ਦੇ ਗੇਟ 'ਤੇ ਰਜਿਸਟਰ ਤੇ ਸ਼ਾਈਨ ਕਰਾਉਣ ਵਾਲਾ ਬਾਬਾ ਸਾਡੀ ਰੁਟੀਨ ਤੋਂ ਏਨਾ ਵਾਕਫ਼ ਸੀ ਕਿ ਜਿਸ ਦਿਨ ਅਸੀਂ ਨਾ ਜਾ ਸਕਣਾ ਉਸ ਨੇ ਦੂਸਰੀਆਂ ਲੜਕੀਆਂ ਤੋਂ ਪੁੱਛਣਾ ਕਿ ਉਹ ਦੋਵੇਂ ਕੁੜੀਆਂ ਬਿਮਾਰ ਤੇ ਨਹੀਂ ਹੋ ਗਈਆਂ? ਪੰਜਾਬੀ ਸਾਹਿਤ ਦੇ ਬਹੁਤੇ ਲਿਖਾਰੀਆਂ ਨੂੰ ਪਹਿਲਾਂ ਹੀ ਪੜ੍ਹਿਆ ਹੋਇਆ ਸੀ। ਇਥੇ ਆ ਕੇ ਪੰਜਾਬੀ ਵਿਚ ਅਨੁਵਾਦਿਤ ਦੂਸਰਾ ਸਾਹਿਤ ਪੜ੍ਹਨਾ ਸ਼ੁਰੂ ਕਰ ਦਿੱਤਾ। ਭਾਰਤੀ ਲੇਖਕਾਂ ਬੰਕਿਮ ਚੰਦਰ, ਰਵਿੰਦਰ ਨਾਥ ਟੈਗੋਰ ਦੇ ਨਾਲ ਨਾਲ ਰੂਸੀ ਲੇਖਕਾਂ ਖਾਸ ਕਰਕੇ ਮੈਕਸਿਮ ਗੋਰਕੀ, ਟਾਲਸਟਾਏ, ਤੁਰਗਨੇਵ ਅਤੇ ਸ਼ੋਲੋਖੋਵ ਆਦਿ ਨੂੰ ਪੜ੍ਹਿਆ। ਇਥੇ ਹੀ ਅੰਗਰੇਜ਼ੀ ਸਾਹਿਤ ਵੀ ਪੜ੍ਹਨਾ ਸ਼ੁਰੂ ਕਰ ਦਿੱਤਾ। ਇਹ ਸ਼ੁਰੂਆਤ ਪਰਲ ਐਸ ਬੱਕ ਦੇ ਨਾਵਲਾਂ ਤੋਂ ਹੋਈ ਅਤੇ ਸਭ ਤੋਂ ਪਹਿਲਾ ਨਾਵਲ ''ਗੁਡ ਅਰਥ'' ਪੜ੍ਹਿਆ। ਉਸ ਦੇ ਬਹੁਤੇ ਨਾਵਲ ਚੀਨ ਦੀ ਜ਼ਿੰਦਗੀ ਬਾਰੇ ਹਨ।



ਕਾਲਜ ਵਿਚ ਸਨਿਚਰਵਾਰ ਟਿਊਟੋਰੀਅਲ ਲਗਦਾ ਸੀ। ਟਿਊਟੋਰੀਅਲ ਗਰੁੱਪਾਂ ਵਿਚ ਗਿਆਰਵੀਂ ਤੋਂ ਲੈ ਕੇ ਟੀ.ਡੀ.ਸੀ. ਫਾਈਨਲ ਤੱਕ ਦੀਆਂ ਹਰ ਇਕ ਕਲਾਸ ਵਿਚੋਂ ਕੁਝ ਵਿਦਿਆਰਥਣਾਂ ਸ਼ਾਮਲ ਹੁੰਦੀਆਂ ਸੀ ਜਿਨ੍ਹਾਂ ਦੀ ਗਿਣਤੀ ਨਿਰਧਾਰਤ ਹੁੰਦੀ ਸੀ। ਟਿਊਟਰ ਵਿਦਿਆਰਥੀਆਂ ਦੀਆਂ ਨਿੱਕੀਆਂ ਨਿੱਕੀਆਂ ਸਮੱਸਿਆਵਾਂ ਨੂੰ ਸੁਣਦੀ ਅਤੇ ਉਨ੍ਹਾਂ ਲਈ ਸੁਝਾਅ ਦਿੰਦੀ। ਮੇਰਾ ਤੇ ਲਖਬੀਰ ਦਾ ਟਿਊਟੋਰੀਅਲ ਗਰੁੱਪ ਇਕੱਠਾ ਲਗਦਾ ਜਿਸ ਦੀ ਇੰਚਾਰਜ ਮਿਸਿਜ਼ ਜੇ.ਕੇ. ਗਰੇਵਾਲ ਸੀ, ਜੋ ਇਕਨਾਮਿਕਸ ਦੀ ਸੀਨੀਅਰ ਲੈਕਚਰਰ ਦੇ ਨਾਲ ਨਾਲ ਵਾਈਸ ਪ੍ਰਿੰਸੀਪਲ ਵੀ ਸੀ। ਉਨ੍ਹਾਂ ਦਾ ਸੁਭਾਅ ਬਹੁਤ ਹੀ ਹਸਮੁੱਖ ਅਤੇ ਵਿਦਿਆਰਥਣਾਂ ਨਾਲ ਇਸ ਖਾਸ ਪੀਰੀਅਡ ਵਿਚ ਘੁੱਲ ਮਿਲ ਕੇ ਰਹਿਣ ਵਾਲਾ ਸੀ। ਇਹੀ ਕਾਰਨ ਸੀ ਕਿ ਮੇਰੇ ਪੰਜਾਬੀ ਯੂਨੀਵਰਸਿਟੀ ਵਿਚ ਲੈਕਚਰਰ ਲੱਗਣ ਉਪਰੰਤ ਜਦੋਂ ਉਹ ਪ੍ਰਿੰਸੀਪਲ ਬਣ ਕੇ ਸਰਕਾਰੀ ਕਾਲਜ ਪਟਿਆਲਾ ਵਿਚ ਆਏ ਤੇ ਸਿੰਡੀਕੇਟ ਦੇ ਮੈਂਬਰ ਬਣੇ ਅਤੇ ਮਿਲਣ ਦਾ ਮੌਕਾ ਮਿਲਿਆ ਤਾਂ ਬੜੇ ਹੀ ਤਪਾਕ ਨਾਲ ਮਿਲੇ। ਸਰਕਾਰੀ ਕਾਲਜ ਵੂਮਨ, ਲੁਧਿਆਣਾ ਦਾ ਇਕ ਆਪਣਾ ਸ਼ਾਨਮੱਤਾ ਸਭਿਆਚਾਰ ਹੈ ਜੋ ਮਿਸਿਜ਼ ਸ਼ਾਹਨੀ ਦੇ ਵਿਅਕਤੀਤਵ ਕਾਰਨ ਹੋਰ ਨਿਖਰਿਆ ਅਤੇ ਮਜ਼ਬੂਤ ਹੋਇਆ। ਉਨ੍ਹਾਂ ਦਿਨਾਂ ਵਿਚ ਕਾਲਜ ਲੈਕਚਰਰ ਲਈ, ਖਾਸ ਕਰਕੇ ਸਰਕਾਰੀ ਕਾਲਜਾਂ ਵਿਚ, ਸਾੜੀ ਉਸ ਦੇ ਵਿਅਕਤੀਤਵ ਦਾ ਜ਼ਰੂਰੀ ਹਿੱਸਾ ਮੰਨੀ ਜਾਂਦੀ ਸੀ। ਇਸ ਦਾ ਅੰਦਾਜ਼ਾ ਮੇਰੇ ਆਪਣੇ ਨਾਲ ਹੋਈ ਇਕ ਬਜ਼ੁਰਗ ਦੀ ਨਿੱਕੀ ਜਿਹੀ ਗੱਲਬਾਤ ਤੋਂ ਲਾਇਆ ਜਾ ਸਕਦਾ ਹੈ। 1973 ਦੀ ਗੱਲ ਹੈ ਮੈਂ ਸਾੜੀ ਪਾਈ ਹੋਈ ਸੀ ਅਤੇ ਸਾਹਨੇਵਾਲ ਦੇ ਬੱਸ ਅੱਡੇ 'ਤੇ ਪਟਿਆਲੇ ਵਾਲੀ ਬੱਸ ਉਡੀਕ ਰਹੀ ਸੀ ਤਾਂ ਇਕ ਸਿੱਖ-ਬਜ਼ੁਰਗ ਮੇਰੇ ਕੋਲ ਖੜ੍ਹ ਕੇ ਮੈਨੂੰ ਪੁੱਛਣ ਲੱਗੇ, ''ਬੀਬੀ! ਪ੍ਰੋਫੈਸਰਨੀ ਲੱਗੀ ਹੈਂ ਕਿ ਡਾਕਟਰਨੀ?'' ਕੋਈ ਕੋਈ ਲੈਕਚਰਰ ਹੀ ਕਦੀ ਕਦਾਈਂ ਸ਼ੌਕੀਆ ਤੌਰ 'ਤੇ ਸੂਟ ਪਹਿਨ ਆਉਂਦੀ ਸੀ। ਅੱਜ ਹਿੰਦੀ ਸਿਨੇਮਾ ਨੇ ਪੰਜਾਬੀ ਪੁਸ਼ਾਕ ਸਲਵਾਰ-ਕਮੀਜ਼ ਨੂੰ ਦੂਰ-ਦੂਰ ਤੱਕ ਪਹੁੰਚਾ ਦਿੱਤਾ ਹੈ ਅਤੇ ਪੰਜਾਬੀਆਂ ਦੇ ਪਰਵਾਸ ਨੇ ਇਸ ਨੂੰ ਵਿਦੇਸ਼ਾਂ ਵਿਚ ਵੀ ਮਸ਼ਹੂਰ ਕਰ ਦਿੱਤਾ ਹੈ। ਇੰਗਲੈਂਡ ਰਹਿੰਦੀ ਮੇਰੀ ਇਕ ਰਿਸ਼ਤੇਦਾਰ ਅਨੁਸਾਰ, ''ਹੁਣ ਤਾਂ ਅਸੀਂ ਗੋਰੀਆਂ ਨੂੰ ਵੀ ਸੂਟ ਪਾਉਣ ਲਾ ਦਿੱਤਾ ਹੈ।''

ਮਿਸਿਜ਼ ਸ਼ਾਹਨੀ ਦਾ ਇਹ ਸਖਤ ਹੁਕਮ ਸੀ ਕਿ ਕੋਈ ਲੜਕੀ ਕਾਲਜ ਅੰਦਰ ਸਵੈਟਰ ਬੁਣਦੀ ਨਜ਼ਰ ਨਾ ਆਵੇ, ਵਿਹਲੇ ਸਮੇਂ ਵਿਚ ਹਰ ਕੋਈ ਲਾਇਬਰੇਰੀ ਜਾਵੇ ਅਤੇ ਸਾਹਿਤ ਪੜ੍ਹੇ। ਲਾਇਬਰੇਰੀ ਵਿਚ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਦੀਆਂ ਅਖਬਾਰਾਂ ਅਤੇ ਮੈਗਜ਼ੀਨਾਂ ਤੋਂ ਇਲਾਵਾ ਇਨ੍ਹਾਂ ਭਾਸ਼ਾਵਾਂ ਵਿਚ ਬੇਅੰਤ ਪੁਸਤਕਾਂ ਸਨ ਅਤੇ ਨਵੀਆਂ ਪੁਸਤਕਾਂ ਵੀ ਆਉਂਦੀਆਂ ਰਹਿੰਦੀਆਂ ਸਨ। ਹੁਣ ਤਾਂ ਪੰਜਾਬ ਸਰਕਾਰ ਕੋਲ ਅਧਿਆਪਕ ਰੱਖਣ ਲਈ ਪੈਸਾ ਨਹੀਂ ਹੈ, ਕਿਤਾਬਾਂ ਕਿਥੇ? ਕਈ ਸਾਲ ਪਹਿਲਾਂ ਮੈਂ ਆਪਣੀ ਭਾਣਜੀ ਕੋਲ ਗੌਰਮਿੰਟ ਕਾਲਜ ਲੁਧਿਆਣਾ ਦਾ ਪ੍ਰਾਸਪੈਕਟ ਦੇਖ ਰਹੀ ਸਾਂ ਜਿਸ ਵਿਚ 23 ਲੈਕਚਰਾਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਸਨ ਜਿਨ੍ਹਾਂ 'ਤੇ ਹਰ ਸਾਲ ਐਡਹਾਕ ਅਧਿਆਪਕ ਰੱਖੇ ਜਾਂਦੇ ਹਨ। ਜਿੰਨਾ ਪੰਜਾਬੀ ਅਤੇ ਅੰਗਰੇਜ਼ੀ ਸਾਹਿਤ ਮੈਂ ਇਨ੍ਹਾਂ ਚਾਰ ਸਾਲਾਂ ਵਿਚ ਪੜ੍ਹਿਆ ਓਨਾ ਮੈਂ ਸਾਰੀ ਜ਼ਿੰਦਗੀ ਵਿਚ ਨਹੀਂ ਪੜ੍ਹਿਆ। ਹੋਸਟਲ ਦੀਆਂ ਲੜਕੀਆਂ ਤਾਂ ਕਾਲਜ ਵਿਚ ਸਵੈਟਰ ਬੁਣਦੀਆਂ ਹੀ ਨਹੀਂ ਸੀ ਪਰ ਜੇ ਕੋਈ ਡੇ-ਸਕਾਲਰ ਨਜ਼ਰ ਪੈ ਜਾਂਦੀ ਤਾਂ ਉਸ ਨੂੰ ਜ਼ੁਰਮਾਨਾ ਵੀ ਹੁੰਦਾ ਅਤੇ ਉਸ ਦੀਆਂ ਸਿਲਾਈਆਂ ਸਮੇਤ ਉਨ ਲੈ ਲਈਆਂ ਜਾਂਦੀਆਂ। ਇਹੀ ਕਾਰਨ ਹੈ ਕਿ ਮੈਂ ਕਦੀ ਪਬਲਿਕ ਪਲੇਸ 'ਤੇ ਸਵੈਟਰ ਨਹੀਂ ਬੁਣਿਆ। ਆਪਣੀ ਇਕ ਕੁਲੀਗ ਨੂੰ ਜਦੋਂ ਮੈਂ ਯੂਨੀਵਰਸਿਟੀ ਦੀਆਂ ਸੜਕਾਂ ਤੇ ਸਵੈਟਰ ਬੁਣਦੇ ਦੇਖਦੀ ਤਾਂ ਮੈਨੂੰ ਹੈਰਾਨੀ ਦੇ ਨਾਲ-ਨਾਲ ਬਹੁਤ ਪ੍ਰੇਸ਼ਾਨੀ ਵੀ ਹੁੰਦੀ। ਬਹੁਤੀਆਂ ਲੈਕਚਰਾਰ ਜੋ ਸ਼ਹਿਰ ਵਿਚ ਰਹਿੰਦੀਆਂ ਸਨ, ਸਾਈਕਲ ਜਾਂ ਰਿਕਸ਼ਾ 'ਤੇ ਆਉਂਦੀਆਂ। ਸਿਰਫ ਨਾਹਨ ਭੈਣਾਂ, ਜਿਨ੍ਹਾਂ ਵਿਚੋਂ ਇਕ ਅੰਗਰੇਜ਼ੀ ਪੜ੍ਹਾਉਂਦੀ ਸੀ ਅਤੇ ਇਕ ਫਿਜ਼ਿਕਸ, ਕਾਲੇ ਰੰਗ ਦੀ ਕਾਰ ਵਿਚ ਆਉਂਦੀਆਂ ਜਾਂ ਮਲਹੋਤਰਾ ਭੈਣਾਂ ਗੱਡੀ 'ਤੇ ਆਉਂਦੀਆਂ। ਮਿਸ ਬੱਲ ਜੋ ਕਿ ਲੜਕੀਆਂ ਦੇ ਹੋਸਟਲ ਵਿਚ ਰਹਿੰਦੀ ਸੀ, ਨੇ ਸਕੂਟਰ ਰੱਖਿਆ ਹੋਇਆ ਸੀ ਅਤੇ ਅੰਗਰੇਜ਼ੀ ਦੀ ਲੈਕਚਰਾਰ ਮਿਸ ਸ਼ੀਲਾ ਗਰੇਵਾਲ ਉਸ ਦੇ ਪਿੱਛੇ ਬੈਠਦੀ ਸੀ। ਹੁਣ ਤਾਂ ਕਾਲਜ-ਯੂਨੀਵਰਸਿਟੀਆਂ ਵਿਚ ਪ੍ਰੋਫੈਸਰ ਤਾਂ ਕੀ, ਵਿਦਿਆਰਥੀ ਵੀ ਪ੍ਰੋਫੈਸਰਾਂ ਨਾਲੋਂ ਵੱਡੀਆਂ ਗੱਡੀਆਂ ਵਿਚ ਆਉਂਦੇ ਹਨ।



# 18ਵੀਂ ਸਦੀ ਦੇ ਵਰਿਆਮ ਯੋਧੇ-ਸੁੱਖਾ ਸਿੰਘ ਤੇ ਮਹਿਤਾਬ ਸਿੰਘ

**ਪ੍ਰੋ. ਜਸਵੀਰ ਸਿੰਘ ਉਭੀ***

1738 ਈਸਵੀਂ ਵਿਚ ਅੰਮ੍ਰਿਤਸਰ ਦਾ ਮੁੱਖ ਪੁਲਿਸ ਅਫਸਰ, ਕਾਜੀ ਅਬਦੁਲ ਰਾਯਾਕ, ਸਿੱਖਾਂ ਨਾਲ ਮੁਕਾਬਲੇ ਵਿਚ ਮਾਰਿਆ ਗਿਆ। 1740 ਵਿਚ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੇ ਮੰਡਿਆਲੇ ਦੇ ਚੌਧਰੀ 'ਮੀਰ ਮੱਸਲੂਲ ਖਾਨ' ਨੂੰ ਸਿੱਖਾਂ ਉਤੇ ਨਿਗਾਹ ਰੱਖਣ ਦਾ ਕੰਮ ਸੌਂਪ ਦਿੱਤਾ। ਇਹ 'ਖਾਨ' 'ਮੱਸੇ ਰੰਗੜ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਰੰਗੜ ਉਹ ਮੁਸਲਮਾਨ ਸਨ ਜੋ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਰਲਵੀਆਂ ਔਲਾਦਾਂ ਸਨ। ਮੱਸੇ ਰੰਗੜ ਨੇ ਆਪਣੇ ਰਖਵਾਲਿਆਂ ਦੀ ਮਦਦ ਵਾਸਤੇ ਸਰਕਾਰੀ ਸਿਪਾਹੀ ਵੀ ਲਗਾ ਦਿੱਤੇ। ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਲਈ ਮੱਸੇ ਨੇ ਪਲੰਘ ਰੱਖ ਕੇ ਸ਼ਰਾਬਾਂ, ਹੁੱਕੇ, ਕੰਜਰੀਆਂ ਦੇ ਨਾਚ ਸ਼ੁਰੂ ਕਰਵਾ ਦਿੱਤੇ ਅਤੇ ਪਰਿਕਰਮਾ ਨੂੰ ਤਬੇਲੇ ਵਿਚ ਬਦਲ ਦਿੱਤਾ। ਅੰਮ੍ਰਿਤਸਰ ਦੇ ਸਿੱਖਾਂ ਨੂੰ ਇਕੱਠੇ ਕਰਕੇ ਮਾਰਨ ਦੀ ਮੁਹਿੰਮ ਚਲਾ ਦਿੱਤੀ, ਹਿੰਦੂਆਂ ਦੀ ਲੁੱਟਮਾਰ ਸ਼ੁਰੂ ਕਰ ਦਿੱਤੀ ਕਿ ਉਹ ਸਿੱਖਾਂ ਨੂੰ ਪਨਾਹ ਦਿੰਦੇ ਹਨ।

ਸਿੰਘ ਜੰਗਲਾਂ ਪਹਾੜਾਂ, ਰੇਗਿਸਤਾਨਾਂ ਆਦਿ ਇਲਾਕਿਆਂ ਵਿਚ ਚਲੇ ਗਏ। ਤੇਜ ਰਾਮ ਦਾ ਘਰ ਵੀ ਲੁੱਟਿਆ ਗਿਆ। ਤੇਜ ਰਾਮ ਅਤੇ ਬੁਲੱਖਾ ਸਿੰਘ ਹਰਿਮੰਦਰ ਸਾਹਿਬ ਦੀ ਦੁੱਖ ਭਰੀ ਕਹਾਣੀ ਲੈ ਕੇ ਜਥੇਦਾਰ ਸ਼ਾਮ ਸਿੰਘ 'ਨਾਰਲੀ' ਪਾਸ ਬੀਕਾਨੇਰ ਰਾਜਸਥਾਨ ਪਹੁੰਚੇ। ਜਥੇਦਾਰ ਨੇ ਆਪਣੇ ਜਥੇ ਦੇ ਸਿੰਘਾਂ ਤੋਂ ਪੁੱਛਿਆ, ਕੋਈ ਹੈ ਜੋ ਮੱਸੇ ਦਾ ਸਿਰ ਵੱਢ ਕੇ ਲਿਆਵੇ। ਸੰਗਤ ਵਿਚ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਇਸ ਕੰਮ ਦੀ ਜ਼ਿੰਮੇਵਾਰੀ ਲੈ ਲਈ।

ਸਿੱਖ ਸੰਗਤ ਨੇ ਅਰਦਾਸ ਕੀਤੀ, ਦੋਵੇਂ ਸਿੰਘ ਘੋੜ ਸਵਾਰ ਹੋ ਕੇ ਅਗਸਤ ਦੇ ਗਰਮ ਮਹੀਨੇ ਅੰਮ੍ਰਿਤਸਰ ਵੱਲ ਤੁਰ ਪਏ। ਰਾਤ ਦਮਦਮਾ ਸਾਹਿਬ ਕੱਟੀ, ਦੂਜੇ ਦਿਨ 11 ਅਗਸਤ 1740 ਨੂੰ ਅੰਮ੍ਰਿਤਸਰ ਪਹੁੰਚ ਗਏ। ਬੋਰੀਆਂ ਵਿਚ ਠੀਕਰੀਆਂ ਪਾ ਕੇ ਘੋੜਿਆਂ 'ਤੇ ਲੱਦ ਲਈਆਂ, ਆਪਣੇ ਵਾਲ ਪਿਛਾਂਹ ਨੂੰ ਬੰਨ੍ਹ ਲਏ, ਸਿਪਾਹੀਆਂ ਨੂੰ ਇਹ ਕਹਿ ਕੇ ਅੰਦਰ ਚਲੇ ਗਏ ਕਿ ਪੱਟੀ ਦੇ ਮੁਸਲਮਾਨ ਹਾਂ, ਮਾਲੀਆ ਚੁੱਕਾਉਣ ਆਏ ਹਾਂ ਘੋੜੇ 'ਲਾਚੀ ਬੇਰੀ' ਦੇ ਦਰੱਖਤ ਨਾਲ ਬੰਨ੍ਹ ਦਿੱਤੇ। ਹਰਿਮੰਦਰ ਸਾਹਿਬ ਦੇ ਮੁੱਖ ਹਾਲ ਵਿਚ ਮੱਸਾ ਸ਼ਰਾਬਾਂ, ਹੁੱਕੇ ਅਤੇ ਕੰਜਰੀਆਂ ਦੇ ਨਾਚ ਦਾ ਹੋਰਾਂ ਨਾਲ ਰਲ ਕੇ ਅਨੰਦ ਮਾਣ ਰਿਹਾ ਮੱਸਾ ਖੁਸ਼ੀ ਵਿਚ ਮੋਹਰਾਂ ਦੇਖਣ ਵਾਸਤੇ ਝੁੱਕਿਆ, ਯੋਧਿਆਂ ਮੱਸਾ ਝਟਕਾ ਦਿੱਤਾ, ਇਹ ਕੰਮ ਬਿਜਲੀ ਦੀ ਚਮਕ ਦੀ ਤੇਜੀ ਨਾਲ ਕੀਤਾ, ਘਬਰਾਹਟ ਵਿਚ ਨੱਠ-ਭੱਜ ਫੈਲ ਗਈ। ਯੋਧੇ ਸਿਰ ਲੈ ਕੇ ਦਮਦਮਾ ਸਾਹਿਬ ਹੁੰਦੇ ਹੋਏ ਦੂਜੇ ਦਿਨ 'ਬੁੱਢਾ ਜੌਹੜ' ਆਪਣੇ ਜਥੇਦਾਰ ਪਾਸ ਪਹੁੰਚ ਗਏ। ਗੁਰੂ ਦੀ ਸਾਧ ਸੰਗਤ ਨੇ ਖੁਸ਼ੀਆਂ ਮਨਾਈਆਂ ਅਤੇ ਸਿਰ ਸਾੜ ਸੁੱਟਿਆ।



ਉਧਰ ਜ਼ਕਰੀਆ ਖਾਨ ਲਾਹੌਰ ਬੈਠਾ ਗੁੱਸੇ ਵਿਚ ਪਾਗਲ ਹੋ ਗਿਆ, ਉਸ ਨੇ ਹੋਰ ਵੀ ਅੱਤਿਆਚਾਰ ਸ਼ੁਰੂ ਕਰ ਦਿੱਤੇ। ਇਸਤਰੀਆਂ ਅਤੇ ਬੱਚਿਆਂ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ। ਇਸ ਅਤਿਆਚਾਰ ਵਿਚ ਕਰਮਾ-ਪਿੰਡ ਚੀਮਾ, ਰਾਮ ਰਣਸਾਵਾ ਪਿੰਡ ਤਲਵੰਡੀ, ਸਾਹਿਬ ਰਾਏ ਸੰਧੂ ਪਿੰਡ ਨੌਸ਼ਹਿਰਾ-ਧਾਲਾ, ਹਰਭਗਤ ਨਰੰਜਨੀਆ ਪਿੰਡ ਜੰਡਿਆਲਾ, ਧਰਮ ਦਾਸ ਡੋਪੀ-ਪਿੰਡ ਜੋਧ ਨਗਰ, ਮੁਖੀਆ ਪਿੰਡ ਨੌਸ਼ਹਿਰਾ ਪੰਨੂ ਅਤੇ ਮੁਖੀਆ ਪਿੰਡ ਮਜੀਠਾ ਨੇ ਵੀ ਇਸ ਮੁਹਿੰਮ ਵਿਚ ਹਿੱਸਾ ਪਾ ਕੇ ਜ਼ਕਰੀਆ ਖਾਨ ਦੀ ਸਰਕਾਰ ਤੋਂ ਨਿੱਜੀ ਮਾਇਕ ਲਾਭ ਉਠਾਇਆ ਸੀ ਅਤੇ ਸਿੱਖਾਂ ਦੇ ਸਿਰਾਂ ਦੇ ਮੁੱਲ ਪੁਆਏ ਸਨ। ਜੰਡਿਆਲੇ ਦੇ ਅਕੀਲ ਦਾਸ ਮੁਖਬਰ ਨੇ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦਾ ਨਾਂ ਲੈ ਦਿੱਤਾ ਅਤੇ ਕਿਹਾ ਇਹ ਬੀਕਾਨੇਰ ਰਹਿੰਦੇ ਹਨ।

ਮਹਿਤਾਬ ਸਿੰਘ ਦਾ ਜਨਮ ਭੰਗੂ ਗੋਤ ਦੇ ਜੱਟ ਹਰਾ ਸਿੰਘ ਦੇ ਘਰ ਅੰਮ੍ਰਿਤਸਰ ਤੋਂ 8 ਕਿਲੋਮੀਟਰ ਪਿੰਡ ਮੀਰਾਂ ਕੋਟ ਵਿਚ ਹੋਇਆ। ਮਹਿਤਾਬ ਸਿੰਘ ਆਪਣੇ 7 ਸਾਲਾ ਪੁੱਤਰ ਰਾਏ ਸਿੰਘ ਅਤੇ ਪਤਨੀ ਨੂੰ ਪਿੰਡ ਦੇ ਮੁਖੀ ਨੱਥਾ ਖੈਰਾ ਦੀ ਜ਼ਿੰਮੇਵਾਰੀ 'ਤੇ ਛੱਡ ਕੇ ਪਿੰਡੋਂ ਨਿਕਲ ਗਿਆ, "ਆਪਣੇ ਦੋਸਤ ਦੇ ਪੁੱਤਰ ਨੂੰ ਬਚਾਉਣ ਖਾਤਰ", ਨੱਥਾ ਖੈਰਾ ਆਪਣੇ ਪੁੱਤਰ, ਭਤੀਜੇ ਅਤੇ 2 ਨੌਕਰਾਂ ਸਮੇਤ ਜ਼ਕਰੀਆ ਖਾਨ ਦੀ ਫੌਜ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ। ਬੱਚਾ ਰਾਏ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ, ਸਿਪਾਹੀਆਂ ਸਮਝਿਆ ਮਰ ਗਿਆ ਹੈ। ਇਕ ਕੋਮਲ ਦਿਲ ਔਰਤ ਨੇ ਬੱਚੇ ਨੂੰ ਮਰਨੋਂ ਬਚਾ ਲਿਆ:

'ਜਿਸ ਦਾ ਸਾਹਿਬ ਰਾਖਾ ਹੋਏ, ਉਸ ਨੂੰ ਮਾਰ ਸਕੇ ਨਾ ਕੋਏ!'

ਪੰਜ ਸਾਲਾ ਪਿੱਛੋਂ ਮਹਿਤਾਬ ਸਿੰਘ, ਭਾਈ ਤਾਰੂ ਸਿੰਘ ਜੋ ਸਿੱਖਾਂ ਨੂੰ ਰੋਟੀ ਪਾਣੀ ਪਹੁੰਚਾਉਂਦਾ ਸੀ, ਦੀ ਗ੍ਰਿਫਤਾਰੀ ਬਾਅਦ, ਆਪਣੇ ਪੁੱਤਰ ਰਾਏ ਸਿੰਘ ਨੂੰ ਪਿੰਡ ਮਿਲਣ ਆਇਆ ਮੁਖਬਰ ਨੇ ਫੜਾ ਦਿਤਾ। 1745 ਨੂੰ ਮਹਿਤਾਬ ਸਿੰਘ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਰਤਨ ਸਿੰਘ ਜਿਨ੍ਹਾਂ ਦੀਆਂ ਲਿਖਤਾਂ ਪੰਥ ਪ੍ਰਕਾਸ਼ ਵਿਚ ਦਰਜ ਹਨ, ਮਹਿਤਾਬ ਸਿੰਘ ਦਾ ਪੋਤਰਾ ਸੀ।

ਸੁੱਖਾ ਸਿੰਘ ਦਾ ਜਨਮ 1710 ਈਸਵੀ ਦੇ ਕਰੀਬ ਭਾਈ ਲੱਧਾ ਦੇ ਘਰ ਪਿੰਡ 'ਮਾੜੀ ਕੰਬੋਕੀ' ਜ਼ਿਲ੍ਹਾ ਲਾਹੌਰ ਵਿਖੇ ਦਾ ਹੈ। ਉਨ੍ਹਾਂ ਦੇ ਬਾਬਾ ਸੰਗੋ ਜੀ ਸਖੀ ਸਰੋਵਰ ਦੇ ਪੁਜਾਰੀ ਸਨ, ਕਲਸੀ ਗੋਤ ਦੇ ਰਾਮਗੜੀਏ-ਤਰਖਾਣ ਸਨ। ਸੁੱਖਾ ਸਿੰਘ ਨੇ ਸ਼ਾਮ ਸਿੰਘ 'ਨਾਰਲੀ' ਪਾਸੋਂ ਅੰਮ੍ਰਿਤ ਛਕਿਆ ਸੀ। ਉਸ ਵਕਤ ਸਿੰਘ ਸਜਣਾ ਆਪਣੀ ਮੌਤ ਸਹੇੜਨ ਦੇ ਬਰਾਬਰ ਸੀ। ਸੁੱਖਾ ਸਿੰਘ ਦੇ ਸਿੰਘ ਸਜਣ ਕਾਰਨ ਸਾਰੇ ਪਿੰਡ ਵਾਸੀਆਂ ਨੇ ਖਤਰਾ ਮਹਿਸੂਸ ਕੀਤਾ ਅਤੇ ਪਿੰਡ ਵਾਲਿਆਂ ਦੇ ਕਹਿਣ 'ਤੇ ਮਾਤਾ ਪਿਤਾ ਨੇ ਭੰਗ ਪਿਆ ਕੇ ਸੁੱਤੇ ਪਏ ਦੇ ਕੇਸ ਕੱਟ ਦਿੱਤੇ। ਜਦੋਂ ਸਵੇਰੇ ਉਠਿਆ, ਰੋਹ ਵਿਚ ਆ ਕੇ ਮਾਤਾ-ਪਿਤਾ ਨੂੰ ਕਤਲ ਕਰਨ ਦਾ ਮਨ ਬਣਾਇਆ ਪਰ ਫਿਰ ਮਨ ਬਦਲ ਕੇ ਖੂਹ ਵਿਚ ਛਾਲ ਮਾਰ ਦਿੱਤੀ। ਲੋਕਾਂ ਦੇ ਬਾਹਰ ਕੱਢਣ 'ਤੇ ਵੀ ਬਾਹਰ ਨਾ ਨਿਕਲੇ। ਇਕ ਸਿੰਘ ਦੇ ਕਹਿਣ 'ਤੇ ਬਾਹਰ ਆ ਗਿਆ ਕਿ ਜੇ ਮਰਨਾ ਹੈ ਤਾਂ ਤੁਰਕਾਂ ਨੂੰ ਮਾਰ ਕੇ ਮਰ! ਉਥੋਂ ਸਿੱਧਾ 18 ਸਾਲਾਂ ਦੀ ਉਮਰ ਵਿਚ ਜਥੇਦਾਰ ਸ਼ਾਮ ਸਿੰਘ, ਜਿਸ ਤੋਂ ਅੰਮ੍ਰਿਤ ਛਕਿਆ ਸੀ, ਦੇ ਜਥੇ ਵਿਚ ਸ਼ਾਮਿਲ ਹੋ ਗਿਆ। ਘੋੜ-ਸਵਾਰੀ ਅਤੇ ਤਲਵਾਰ ਚਲਾਉਣ ਦਾ ਧਨੀ ਸੀ ਉਹ।

ਨਾਦਰ ਸ਼ਾਹ, ਅਬਦਾਲੀ ਨੇ, ਲਾਹੌਰ 'ਤੇ ਕਬਜ਼ਾ ਕਰਨ ਪਿੱਛੋਂ ਮੁਹੰਮਦ ਸ਼ਾਹ ਰੰਗੀਲੇ ਦੀਆਂ ਫੌਜਾਂ ਨੂੰ ਹਰਾ ਕੇ ਦਿੱਲੀ ਉਤੇ ਕਬਜ਼ਾ ਕਰ ਲਿਆ। ਸਰਕਾਰੀ ਖਜ਼ਾਨਾ, ਸ਼ਾਹ ਜਹਾਨ ਦਾ ਤਖਤੇ-ਤਾਊਸ, ਕੋਹਿਨੂਰ ਹੀਰਾ, ਹਿੰਦੂ ਲੜਕੀਆਂ ਆਦਿ ਲੁੱਟ-ਪੁੱਟ ਕੇ ਵਾਪਸ ਅਫਗਾਨਿਸਤਾਨ ਜਾ ਰਿਹਾ ਸੀ, ਸਿੱਖਾਂ ਨੇ ਉਸ ਦਾ ਵਾਪਿਸ ਪਰਤਣਾ ਸੁਖਾਲਾ ਨਾ ਰਹਿਣ ਦਿੱਤਾ। ਸੁੱਖਾ ਸਿੰਘ ਦੇ ਜਥੇ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ। ਸਿੰਘਾਂ ਨੇ ਸਾਰੀਆਂ ਲੜਕੀਆਂ ਘਰੀਂ ਪਹੁੰਚਾਈਆਂ, ਸੁੱਖਾ ਸਿੰਘ ਦੀ ਖਾਸ ਦੇਣ ਸੀ। 1746 ਦਾ ਘੱਲੂਘਾਰਾ, ਜਿਸ ਨੂੰ ਸਿੱਖ ਛੋਟਾ ਘੱਲੂਘਾਰਾ ਕਹਿੰਦੇ ਹਨ, 11,000 ਦੇ ਕਰੀਬ ਸਿੰਘ ਸ਼ਹੀਦ ਹੋਏ ਸਨ, ਸੁੱਖਾ ਸਿੰਘ ਨੇ ਬੜੀ ਦਲੇਰੀ ਨਾਲ ਆਪਣੀ ਤੇਗ ਦੇ ਜੌਹਰ ਦਿਖਾਏ। ਭਾਈ ਸੁੱਖਾ ਸਿੰਘ 'ਮਾੜੀ ਕੰਬੋ' ਦਾ ਜਥਾ ਲਖਪਤ ਰਾਏ ਖੱਤਰੀ, ਜਿਸ ਨੇ ਕਸਮ ਖਾਧੀ ਸੀ ਕਿ ਸਿੱਖੀ ਨੂੰ ਖਤਰੀ (ਗੁਰੂ ਨਾਨਕ) ਨੇ ਸ਼ੁਰੂ ਕੀਤਾ ਹੈ ਅਤੇ ਖੱਤਰੀ ਹੀ ਖਤਮ ਕਰੇਗਾ, ਦਾ ਟਾਕਰਾ ਕਰ ਰਿਹਾ ਸੀ। ਲੱਖਪਤ ਰਾਏ ਦਾ ਵੱਡਾ ਭਰਾ ਜਸਪਤ ਰਾਏ ਐਮਨਾਬਾਦ 'ਚ ਫੌਜਦਾਰ ਸੀ। ਯਾਹੀਆ ਖਾਨ ਨੇ ਤਾਕਤ ਹੱਥ ਲੈਂਦਿਆਂ ਸਾਰ ਹੀ ਲਖਪਤ ਰਾਏ ਨੂੰ ਦੀਵਾਨ ਥਾਪ ਦਿੱਤਾ ਸੀ।

ਸੁੱਖਾ ਸਿੰਘ ਜੰਗ ਵਿਚ ਲਖਪੱਤ ਰਾਏ ਦੇ ਏਨਾ ਨਜ਼ਦੀਕ ਪਹੁੰਚ ਗਿਆ ਕਿ ਝਟਕਾਉਣ ਹੀ ਲੱਗਾ ਸੀ, ਅਚਾਨਕ ਤੋਪ ਦੇ ਗੋਲੇ ਨੇ ਉਸ ਦੀ ਲੱਤ ਅਤੇ ਘੋੜੇ ਨੂੰ ਜ਼ਖਮੀ ਕਰ ਦਿੱਤਾ, ਉਸ ਨੂੰ ਪਿੱਛੇ ਹਟਣਾ ਪਿਆ। ਵੈਦਾਂ ਨੇ ਲੱਤ ਕੱਟ ਕੇ ਲੱਕੜ ਦੀ ਲੱਤ ਲਗਾ ਦਿੱਤੀ। ਲੱਕੜ ਦੀ ਲੱਤ ਨਾਲ ਹੀ ਮਹਾਨ ਯੋਧਾ ਮੁਲਤਾਨ ਦੀ ਲੜਾਈ ਵਿਚ ਸਭ ਤੋਂ ਅੱਗੇ ਸੀ। ਅੰਤ 1752 ਈਸਵੀ ਨੂੰ ਕਰੀਬ 41 ਸਾਲਾਂ ਦੀ ਉਮਰ ਵਿਚ ਅਬਦਾਲੀ ਦੀਆਂ ਫੌਜਾਂ ਨਾਲ ਲੋਹਾ ਲੈਂਦਾ ਹੋਇਆ ਸ਼ਹੀਦ ਹੋ ਗਿਆ। ਮਹਾਨ ਸਰਦਾਰ ਸੁੱਖਾ ਸਿੰਘ ਨੇ 24 ਸਾਲ ਖਾਲਸਾ ਪੰਥ ਦੀ ਸੇਵਾ ਵਿਚ ਅਨੇਕਾਂ ਜੰਗਾਂ ਵਿਚ ਹਿੱਸਾ ਲੈ ਕੇ, ਆਉਣ ਵਾਲੀਆਂ ਸਿੱਖ-ਮਿਸਲਾਂ ਦੀ ਹੋਂਦ ਦਾ ਰਸਤਾ ਪੱਧਰਾ ਕੀਤਾ ਸੀ।

*ਮੈਂਬਰ ਸ਼ਹੀਦ ਮਨੀ ਸਿੰਘ ਸੁਸਾਇਟੀ*

## ਮੇਰਾ ਜਹਾਜ਼ ਦਾ ਸਫਰ

ਸਤਿਗੁਰ ਅੱਗੇ ਅਰਜ਼ ਗੁਜ਼ਾਰੀ,
ਇੰਡੀਆ ਜਾਣ ਦੀ ਕਰੀ ਤਿਆਰੀ
ਗੁਰੂ ਨਾਨਕ ਸੁਣ ਲਉ ਅਰਦਾਸ
ਪੂਰੀ ਸਾਡੀ ਕਰ ਦਿਓ ਆਸ
ਲੈ ਅਸੀਸ ਬੈਠੇ ਵਿਚ ਕਾਰ,
ਏਅਰ ਪੋਰਟ ਵੱਲ ਜਾਣ ਨੂੰ ਤਿਆਰ
ਦੋ ਘੰਟੇ ਦਾ ਸਫ਼ਰ ਮੁਕਾ ਕੇ
ਸੈਨ ਫਰਾਂਸਿਸਕੋ ਪੁਹੰਚੇ ਆ ਕੇ
ਸਾਰੇ ਬੈਗ ਜਮ੍ਹਾਂ ਕਰਾ ਕੇ
ਸਤਿਗੁਰ ਜੀ ਦਾ ਸ਼ੁਕਰ ਮਨਾ ਕੇ
ਜਾ ਬੈਠੇ ਅਸੀਂ ਵਿਚ ਜਹਾਜ਼,
ਭਰ ਲੀਤੀ ਉਸਨੇ ਪਰਵਾਜ਼
ਚੰਗੀ ਤਗੜੀ ਆਈ ਆਵਾਜ਼
ਕਲਗੀਆਂ ਵਾਲੇ ਰਖੀਓ ਲਾਜ
ਮੈਂ ਕੂਕਰ ਹਾਂ ਦਰ ਤੇਰੇ ਦੀ,
ਲਾਜ ਰੱਖੋ ਜੀਵਨ ਮੇਰੇ ਦੀ
ਸਤਿਗੁਰ ਜੀ ਦਾ ਧਰਿਆ ਧਿਆਨ,
ਉਡਨ ਲੱਗੇ ਵਿਚ ਅਸਮਾਨ
ਖਾਣ ਪੀਣ ਦੀ ਆਈ ਵਾਰੀ,
ਕਈ ਬੈਠ ਗਏ ਖਿਚ ਤਿਆਰੀ
ਸੱਜ ਸੱਜ ਕੇ ਫਿਰ ਆ ਗਏ ਥਾਲ,
ਅਸਾਂ ਵੀ ਲੈ ਲਿਆ ਫੁਲਕਾ ਦਾਲ
ਦੋ ਤਿੰਨ ਲਾਈਨਾਂ ਪਿੱਛੇ ਹੱਟ ਕੇ,
ਬੈਠੇ ਇਕ ਸਰਦਾਰ ਸੀ ਡੱਟ ਕੇ
ਰੋਟੀ ਦੇ ਨਾਲ ਲਈ ਸ਼ਰਾਬ,
ਬਣਨ ਲੱਗਾ ਰੰਗਲਾ ਪੰਜਾਬ
ਮਿਲੀ ਮੁਫਤ ਦੀ ਪੀਤੀ ਰੱਜ ਕੇ,
ਬੋਲਣ ਲੱਗੇ ਫਿਰ ਉਹ ਗੱਜ ਕੇ
ਅਸੀਂ ਪੰਜਾਬ ਦੇ ਸ਼ੇਰ ਹਾਂ ਹੁੰਦੇ,
ਬਾਹਲੇ ਅਸੀਂ ਦਲੇਰ ਹਾਂ ਹੁੰਦੇ
ਸਾਹਮਣੇ ਕੋਈ ਖਲੋ ਨਹੀਂ ਸਕਦਾ,
ਸਾਡੇ ਜਿਹਾ ਕੋਈ ਹੋ ਨਹੀਂ ਸਕਦਾ
ਹੋ ਗਏ ਪੂਰੇ ਜਦੋਂ ਸ਼ਰਾਬੀ,
ਲੱਗੇ ਸੀ ਹੁਣ ਕਰਨ ਖਰਾਬੀ
ਏਧਰ ਉਧਰ ਤਾੜਨ ਲੱਗ ਪਏ
ਲੈਕਚਰ ਆਪਣਾ ਝਾੜਨ ਲੱਗ ਪਏ
ਮੈਂ ਸਤਿਗੁਰ ਦਾ ਸਿੰਘ ਹਾਂ ਪੂਰਾ
ਦੰਦ ਕਢ ਦਿਆਂ ਮਾਰ ਕੇ ਹੂਰਾ
ਸੰਤਾਂ ਕੋਲੋਂ ਅੰਮ੍ਰਿਤ ਛੱਕਿਐ,
ਕੇਸ ਤੇ ਦਾਹੜਾ ਪੂਰਾ ਰੱਖਿਐ
ਗਲ ਵਿਚ ਮੇਰੇ ਹੈ ਕਿਰਪਾਨ
ਗੁਰਦੁਆਰੇ ਦਾ ਮੈਂ ਪ੍ਰਧਾਨ
ਆਪੋਜੀਸ਼ਨ ਬੜੀ ਖਰਾਬ
ਮੰਗਦੇ ਮੈਥੋਂ ਨਿੱਤ ਹਿਸਾਬ
ਬਾਦਲਕਿਆਂ ਦਾ ਮੈਂ ਹਾਂ ਸਕਾ,
ਧਰਮ ਧੜੇ ਦਾ ਮੈਂ ਹਾਂ ਪੱਕਾ।
ਅਮਰੀਕਾ ਵਿਚ ਅਸੀਂ ਹਾਂ ਰਹਿੰਦੇ,
ਰੋਹਬ ਕਿਸੇ ਦਾ ਕਦੀ ਨਾ ਸਹਿੰਦੇ
ਰੱਜ ਕੇ ਪੀ ਲਈ ਹੋ ਗਿਆ ਝੱਲਾ
ਬੋਲੀ ਗਿਆ ਆਪੇ ਈ 'ਕੱਲਾ,
ਪਤਾ ਨਹੀਂ ਕੀ ਫੁਰਨਾ ਫੁਰਿਆ
ਆਪਣੀ ਸੀਟ ਤੋਂ ਉਠ ਕੇ ਤੁਰਿਆ
ਅੜਿਆ ਪੈਰ ਤੇ ਡਿੱਗ ਪਿਆ ਥੱਲੇ
ਹੋਈ ਪ੍ਰਧਾਨ ਦੀ ਬੱਲੇ ਬੱਲੇ
ਵਾਲ ਖਿਲਰ ਗਏ ਪੱਗ ਵੀ ਢਹਿ ਗਈ
ਪੀਤੀ ਸੀ ਜੋ ਸਾਰੀ ਲਹਿ ਗਈ
ਲੋਕੀਂ ਵੇਖ ਕੇ ਹੱਸਣ ਲੱਗ ਪਏ,
ਗੁੱਝੀਆਂ ਰਮਜ਼ਾਂ ਕਸਣ ਲੱਗ ਪਏ
ਮਨ ਮੇਰੇ ਵਿਚ ਛਾਈ ਨਿਰਾਸ਼ਾ
ਲੋਕਾਂ ਵੇਖਿਆ ਖੂਬ ਤਮਾਸ਼ਾ
ਦਿਲ ਮੇਰਾ ਸੀ ਰੋਣ ਨੂੰ ਕਰਦਾ,
ਆਪਣਾ ਮੂੰਹ ਲੁਕੋਣ ਨੂੰ ਕਰਦਾ
ਕਿਹੋ ਜਿਹੇ ਇਨਸਾਨ ਨੇ ਬਣ ਗਏ,
ਬੰਦਿਆਂ ਤੋਂ ਹੈਵਾਨ ਨੇ ਬਣ ਗਏ
ਸਤਿਗੁਰ ਜੀ ਮੈਨੂੰ ਮਾਫ ਕਰ ਦਿਓ
ਥੋੜ੍ਹਾ ਜਿਹਾ ਇਨਸਾਫ ਕਰ ਦਿਓ
ਗੁਰਦੁਆਰੇ ਆਜ਼ਾਦ ਕਰ ਦਿਓ,
ਪਾਪੀਆਂ ਨੂੰ ਬਰਬਾਦ ਕਰ ਦਿਓ
ਆਪਣਿਆਂ ਦੀ ਲਾਜ ਬਚਾਵੋ,
ਦੁਸ਼ਟਾਂ ਤਾਈਂ ਮਾਰ ਮੁਕਾਵੋ
ਮਰ ਜਾਵਣ ਕਿਤੇ ਗੀਤ ਨਾ ਮੇਰੇ,
ਹੋ ਜਾਵਣ 'ਸੁਰਜੀਤ' ਸਵੇਰੇ।

**-ਬੀਬੀ ਸੁਰਜੀਤ ਕੌਰ ਹਜ਼ੂਰੀ ਰਾਗੀ**
**ਸ੍ਰੀ ਗੁਰੂ ਰਵਿਦਾਸ ਟੈਂਪਲ**
**ਪਿਟਸਬਰਗ ਕੈਲੀਫੋਰਨੀਆ।**
**ਫੋਨ:916-687-3536**

## ਭੁੱਖੇ

**ਪੂਰਨ ਸਿੰਘ ਸੋਹਲ***

ਦਰਸ਼ਨ ਸਿੰਘ ਮੇਰਾ ਜਮਾਤੀ ਸੀ। ਉਹ ਮੇਰੇ ਨਾਲ ਸੱਤਵੀਂ ਤੋਂ ਦਸਵੀਂ ਜਮਾਤ ਤੱਕ ਪੜ੍ਹਿਆ। ਉਹ ਪੜ੍ਹਨ ਵਿਚ ਏਦਾਂ ਦਾ ਹੀ ਸੀ। ਸਾਡੇ ਨਾਲ ਹੀ ਦਸਵੀਂ ਵਿਚੋਂ ਪਾਸ ਹੋ ਗਿਆ। ਇਹ ਗੱਲ ਅੱਜ ਤੋਂ ਪੰਜਾਹ ਸਾਲ ਪੁਰਾਣੀ ਹੈ। ਦਸਵੀਂ ਪਾਸ ਕਰਨ ਪਿੱਛੋਂ ਉਹ ਜ਼ਿਲ੍ਹਾ ਬੋਰਡ ਵਿਚ ਨੌਕਰ ਹੋ ਗਿਆ। ਬੜੇ ਚਿਰਾਂ ਬਾਅਦ ਮੈਨੂੰ ਬਾਜ਼ਾਰ ਵਿਚ ਮਿਲਿਆ। ਮੈਂ ਉਸ ਦੇ ਘਰ ਦੀ ਖਬਰ ਸੂਰਤ ਪੁੱਛੀ।

ਕਹਿੰਦਾ, "ਕੀ ਦਸੀਏ ਯਾਰ ਪੂਰਨ ਸਿੰਘ ਹੁਣ ਤਾਂ ਸਾਰੇ ਸਭ ਕੁੱਝ ਹੁੰਦਿਆਂ ਹੋਇਆ ਵੀ ਭੁੱਖੇ ਲਗਦੇ ਹਨ। ਕਹਿੰਦੇ ਹਨ ਦਬੀ ਚਲੋ। ਪਰ ਇਹ ਨਹੀਂ ਸੋਚਦੇ ਕਿ ਏਸ ਉਮਰੇ ਅਸੀਂ ਕਿੱਥੋਂ ਲਿਆ ਕੇ ਦੇਈਏ। ਏਨਾ ਕੁਝ?" ਮੈਂ ਪੁੱਛਿਆ, "ਉਹ ਕਿਵੇਂ?" ਉਹ ਕਹਿਣ ਲੱਗਾ, "ਸੁਣ ਲੈ" ਤੇ ਨਾਲੇ ਬੈਂਚ ਵੱਲ ਇਸ਼ਾਰਾ ਕਰਦੇ ਕਹਿਣ ਲੱਗਾ, "ਬੈਠ ਜਾਹ।" ਅਸੀਂ ਦੋਵੇਂ ਜਣੇ ਬੈਠ ਗਏ। ਚਾਹ ਵਾਲੇ ਨੂੰ ਉਸ ਨੇ ਚਾਹ ਬਣਾਉਣ ਲਈ ਕਹਿ ਦਿੱਤਾ ਤੇ ਗੱਲਾਂ ਸ਼ੁਰੂ ਹੋ ਗਈਆਂ,

"ਅਸੀਂ ਦੋ ਭਰਾ ਤੇ ਇਕ ਭੈਣ ਸੀ। ਸਾਡੀ ਮਾਂ ਮਰ ਗਈ ਤੇ ਬਾਪ ਨੇ ਸਾਲ ਬਾਅਦ ਹੋਰ ਨਵਾਂ ਵਿਆਹ ਕਰ ਲਿਆ। ਇਸ ਨਵੇਂ ਵਿਆਹ ਵਿਚੋਂ ਦੋ ਮੁੰਡੇ ਤੇ ਦੋ ਕੁੜੀਆਂ ਹੋ ਗਈਆਂ। ਦੋਵਾਂ ਵਿਆਹਾਂ ਦੇ ਅਸੀਂ 7 ਜੀਅ ਹੋ ਗਏ। ਅਜੇ ਚਾਰ ਮਰ ਗਏ, ਵਰਨਾ ਪੂਰੇ ਗਿਆਰਾਂ ਹੋਣੇ ਸਨ। ਏਡੇ ਟੱਬਰ ਦੀ ਰੋਟੀ ਚੱਲਣੀ ਮੁਸ਼ਕਲ ਹੋ ਜਾਂਦੀ ਹੈ। ਬਾਪ ਅਨਪੜ੍ਹ ਸੀ। ਉਹ ਸਿਰਫ ਮਾੜੀ ਮੋਟੀ ਖੇਤੀ ਹੀ ਕਰ ਸਕਦਾ ਸੀ। ਜ਼ਮੀਨ ਵੀ ਥੋੜ੍ਹੀ ਸੀ, ਉਤੋਂ ਉਸ ਨੂੰ ਸ਼ਰਾਬ ਦਾ ਵੀ ਬਹੁਤ ਚਸਕਾ ਸੀ। ਸ਼ਰਾਬ ਵੀ ਉਹ ਢਾਣੀ ਵਿਚ ਬਹਿ ਕੇ ਪੀਂਦਾ। ਕਦੀ ਕਿਤੇ ਡਿੱਗਿਆ ਹੁੰਦਾ ਕਦੀ ਕਿਤੇ। ਉਸ ਨੂੰ ਮੈਂ ਆਪਣੇ ਭਰਾ ਨਾਲ ਲੈ ਕੇ ਸਾਈਕਲ 'ਤੇ ਲੱਦ ਕੇ ਲਿਆਉਣਾ। ਇਕ ਨੇ ਸਾਈਕਲ ਫੜਨਾ ਦੂਜੇ ਨੇ ਪਿਓ ਨੂੰ।

ਅਸੀਂ ਦੋਵੇਂ ਭਰਾ ਸਕੂਲ ਪੜ੍ਹਦੇ ਸਾਂ। ਪੜ੍ਹਾਈ ਦੇ ਨਾਲ ਨਾਲ ਅਸੀਂ ਵਾਹੀ ਵਿਚ ਹੱਥ ਵਟਾਉਂਦੇ, ਕਿਉਂ ਜੋ ਨੌਕਰ ਰੱਖਣ ਜੋਗੇ ਨਹੀਂ ਸੀ। ਪੜ੍ਹਨ ਵਿਚ ਮੇਰਾ ਦਿਮਾਗ ਆਮ ਜਿਹਾ ਸੀ, ਹਰ ਵੇਲੇ ਘਰ ਦੀ ਹੀ ਸੋਚ ਰਹਿੰਦੀ। ਦੀਵਾਲੀ ਤੇ ਵਿਸਾਖੀ ਨੂੰ ਸਾਰੇ ਆਪਸ ਵਿਚ ਮਿਲਦੇ। ਏਨਾਂ ਵੀ ਬਹੁਤ ਸੀ। ਅਸੀਂ ਤਾਂ ਵੀ ਸੁਖੀ ਸਾਂਦੀ ਉਸ ਵਾਹਿਗੁਰੂ ਦਾ ਸ਼ੁਕਰ ਮਨਾਉਂਦੇ। ਇਨ੍ਹਾਂ ਹਾਲਤਾਂ ਵਿਚ ਮੈਂ ਦਸਵੀਂ ਪਾਸ ਕਰ ਲਈ, ਭਾਵੇਂ ਮੇਰੇ ਨੰਬਰ ਘੱਟ ਸਨ। ਬਾਪ ਮੇਰੇ ਨੇ ਭੱਜ ਦੌੜ ਕਰਕੇ ਫਿਰ ਮੈਨੂੰ ਜ਼ਿਲ੍ਹਾ ਬੋਰਡ ਵਿਚ ਕਲਰਕ ਲਗਵਾ ਲਿਆ। ਉਸ ਵਕਤ ਸਾਨੂੰ ਸੌ ਰੁਪਏ ਮਹੀਨੇ ਦੇ ਮਿਲਦੇ ਸਨ। ਏਨੇ ਪੈਸੇ ਵਿਚ ਰੋਟੀ ਸੋਹਣੀ ਚਲਦੀ ਸੀ। ਸਾਰੀ ਤਨਖਾਹ ਬਾਪ ਨੇ ਗਿਣ ਕੇ ਲੈਣੀ। ਜਦ ਪ੍ਰਾਵੀਡੈਂਟ ਫੰਡ ਕੱਟਿਆ ਜਾਣ ਲੱਗਾ, ਮੇਰਾ ਬਾਪ ਇਹ ਕੱਟਣ ਨਾ ਦੇਵੇ। ਅਨਪੜ੍ਹ ਬੰਦੇ ਨੂੰ ਸਮਝਾਉਣਾ ਬਹੁਤ ਔਖਾ ਹੁੰਦਾ ਹੈ। ਕਾਫੀ ਝਿੜਕਾ ਮਿਲਣੀਆਂ ਪਰ ਰੋਂਦੇ ਕੁਰਲਾਉਂਦੇ ਮਹੀਨਾ ਲੰਘ ਜਾਣਾ।

ਦੂਸਰੇ ਭਰਾ ਨੂੰ ਪੜ੍ਹਨ ਵਿਚ ਕਾਫੀ ਸਹੂਲਤ ਹੋ ਗਈ ਸੀ। ਬੀ.ਏ. ਕਰਕੇ ਅਰਜ਼ੀ ਅਫਸਰ ਬਣ ਗਿਆ। ਪਰ ਪੈਸਿਆਂ ਦਾ ਹਿਸਾਬ ਕਿਤਾਬ ਉਸ ਨੂੰ ਵੀ ਦੇਣਾ ਪੈਂਦਾ ਸੀ। ਦੋਵੇਂ ਭਰਾ ਅਸੀਂ ਉਮਰ ਵਿਚ ਵੱਡੇ ਹੋ ਗਏ ਸਾਂ, ਰਿਸ਼ਤੇ ਆ ਰਹੇ ਸਨ। ਸਾਡੀ ਮਾਂ ਅਨਪੜ੍ਹ ਜਨਾਨੀ ਹੁੰਦੇ ਹੋਏ ਵੀ ਏਨੀ ਸਿਆਣੀ ਸੀ ਕਿ ਕਿਸੇ ਨਾ ਕਿਸੇ ਤਰੀਕੇ ਟਾਲਦੀ ਰਹਿੰਦੀ ਸੀ। ਇਹ ਅਨਪੜ੍ਹ ਜਨਾਨੀਆਂ ਆਪਣੇ ਮਤਲਬ ਨੂੰ ਏਨੀਆਂ ਸਿਆਣੀਆਂ ਹੁੰਦੀਆਂ ਹਨ ਕਿ ਸਾਨੂੰ ਪਤਾ ਵੀ ਨਹੀਂ ਲੱਗਣ ਦੇਣਗੀਆਂ। ਆਪਣਾ ਮਤਲਬ ਕੱਢ ਲੈਣਗੀਆਂ। ਅਸਲ ਉਹ ਚਾਹੁੰਦੀ ਕਿ ਮੇਰੇ ਬੱਚੇ ਵੱਡੇ ਹੋ ਜਾਣ, ਕਿਤੇ ਇਹ ਨਾ ਹੋਵੇ ਕਿ ਬੇਗਾਨੀਆਂ ਧੀਆਂ ਆ ਕੇ ਘਰ ਸੰਭਾਲ ਲੈਣ ਅਤੇ ਮੇਰੇ ਬੱਚਿਆਂ ਦਾ ਪੜ੍ਹਨਾ ਮੁਸ਼ਕਲ ਹੋ ਜਾਏ। ਅਸੀਂ ਤੀਹ ਬੱਤੀ ਸਾਲਾਂ ਦੇ ਹੋ ਕੇ ਵਿਆਹ ਕਰਵਾਏ। ਉਦੋਂ ਉਹਦੇ ਮੁੰਡੇ ਵੀ ਨੌਕਰੀ 'ਤੇ ਲਗ ਗਏ। ਜ਼ਮੀਨ ਵੀ ਡਿਵੈਲਪ ਹੋ ਗਈ। ਉਹਦੀ ਆਮਦਨ ਪਹਿਲਾਂ ਨਾਲੋਂ ਵਧ ਹੋਣ ਲੱਗੀ ਫਿਰ ਵੀ ਉਹ ਭੁੱਖੇ ਦੇ ਭੁੱਖੇ ਹੀ ਰਹੇ। ਭਾਜੀ ਇਹ ਲੈ ਦਿਓ, ਉਹ ਲੈ ਦਿਓ। ਉਹ ਕਦੀ ਵੀ ਧੰਨਵਾਦੀ ਨਹੀਂ ਸਨ ਹੋਏ। ਉਨ੍ਹਾਂ ਕਦੀ ਨਹੀਂ ਸੀ ਆਖਿਆ, ਭਾਜੀ ਤੁਸੀਂ ਬੜੀ ਮੁਸ਼ਕਲ ਨਾਲ ਏਥੇ ਘਰ ਪਹੁੰਚੇ ਹੋ ਜਦਕਿ ਸਾਨੂੰ ਤੁਹਾਡੇ ਕਰਕੇ ਬੜੀ ਸਹੂਲਤ ਰਹੀ ਹੈ। ਹਮੇਸ਼ਾ ਹੀ ਭੁੱਖ ਵਖਾਉਂਦੇ ਰਹਿੰਦੇ। ਹਾਲਾਂਕਿ ਸਾਡੇ ਦੋਹਾਂ ਭਰਾਵਾਂ ਨਾਲੋਂ ਕਿਤੇ ਵਧ ਸੌਖੇ ਹਨ।

ਇਸੇ ਦੌੜ ਵਿਚ ਮੇਰੇ ਦੋਵੇਂ ਮੁੰਡੇ ਤੇ ਕੁੜੀ ਡਾਕਟਰ ਵੀ ਬਣੇ ਤੇ ਇੰਜੀਨੀਅਰ ਵੀ। ਸਾਡੇ ਨਾਲੋਂ ਕਿਤੇ ਵਧ ਸੌਖੇ ਹਨ। ਸਬੱਬ ਬਣ ਗਿਆ ਉਹ ਸਾਰੇ ਹੀ ਅਮਰੀਕਾ ਸੈਟਲ ਹੋ ਗਏ ਹਨ। ਵੱਡੀਆਂ ਵੱਡੀਆਂ ਨੌਕਰੀਆਂ ਕਰਦੇ ਹਨ। ਮੈਨੂੰ ਤੇ ਮੇਰੀ ਘਰ ਵਾਲੀ ਨੂੰ ਬੁਲਾਉਂਦੇ ਹਨ। ਜਿਦਾਂ ਬੱਚਾ ਛੋਟਾ ਹੁੰਦਾ ਹੈ ਉਹ ਉਦੋਂ ਮੰਮੀ ਨੂੰ ਯਾਦ ਕਰਦਾ ਰਹਿੰਦਾ ਹੈ। ਬੁਲਾਉਣਗੇ ਤਰਲੇ ਕਰਨਗੇ ਤੇ ਜੇ ਪੁਛੀਏ ਕਾਕਾ ਟਿਕਟ ਤੂੰ ਭੇਜੇਂਗਾ ਕਿ ਇਥੋਂ ਲੈ ਲਈਏ। ਕਹੇਗਾ, ਜਿਵੇਂ ਤੁਹਾਡੀ ਮਰਜ਼ੀ ਪਰ ਏਥੇ ਇੰਡੀਆ ਵਿਚ ਟਿਕਟਾਂ ਸਸਤੀਆਂ ਹਨ, ਉਥੋਂ ਲੈ ਲਵੋ। ਫਿਰ ਹਿਸਾਬ ਕਰ ਲਵਾਂਗੇ। ਨਾਲੇ ਤੁਸੀਂ ਪੈਸੇ ਕੀ ਕਰਨੇ ਹਨ?

ਜੇ ਚਲੇ ਜਾਵੋ ਤਾਂ ਬੜਾ ਚੰਗਾ ਸਿਰਫ ਦੋ ਹਫਤੇ ਹੁੰਦੇ ਫਿਰ ਪਿੱਛੋਂ ਉਹੀ ਹਾਲ। ਕਈ ਕਈ ਵਾਰੀ ਛੁੱਟੀਆਂ ਦੌਰਾਨ ਅਸੀਂ ਦੋਵੇਂ ਜੀਅ ਵੱਖਰੇ ਹੋ ਜਾਂਦੇ ਹਾਂ ਇਕ ਜਣਾ ਇਕ ਬੱਚੇ ਕੋਲ ਤੇ ਦੂਜਾ ਦੂਜੇ ਕੋਲ। ਕਿਉਂ ਜੋ ਉਸ ਦੇ ਨਿਆਣੇ ਛੋਟੇ ਹਨ ਤੇ ਇਕੱਲੇ ਨਹੀਂ ਰਹਿ ਸਕਦੇ। ਉਨ੍ਹਾਂ ਦੇ ਨਿਆਣੇ ਬਾਰਾਂ ਸਾਲ ਦੇ ਹੋ ਗਏ ਹਨ ਉਹ ਘਟ ਹੀ ਪਰਵਾਹ ਕਰਦੇ ਹਨ।

ਮੇਰੇ ਦੋਵੇਂ ਮੁੰਡੇ ਮੇਰੀਆਂ ਨੂੰਹਾਂ ਨਾਲੋਂ ਕਿਤੇ ਵਧ ਪੜ੍ਹੇ ਹਨ। ਉਹ ਦੋਵੇਂ ਹੀ ਉਨ੍ਹਾਂ ਦੇ ਘੋੜੇ ਬਣੇ ਹੋਏ ਹਨ। ਮੇਰੀਆਂ ਨੂੰਹਾਂ ਉਨ੍ਹਾਂ 'ਤੇ ਸਵਾਰ ਹੁੰਦੀਆਂ ਹਨ। ਪਤਾ ਨਹੀਂ ਇਨ੍ਹਾਂ ਮੁੰਡਿਆਂ ਨੂੰ ਕੀ ਹੋ ਗਿਆ ਹੈ। ਮਾਸਾ ਭੋਰਾ ਵੀ ਕੰਡ ਨਹੀਂ ਕਰਦੇ। ਹੁਣ ਇਹ ਨਹੀਂ ਚਾਹੁੰਦੇ ਕਿ ਮੈਂ ਬੁੱਢਾ ਹੋ ਗਿਆ ਹਾਂ ਤੇ ਇਥੇ ਰਹਾਂ। ਕਿਉਂ ਜੋ ਇਥੇ ਇਲਾਜ ਫਰੀ ਹੈ। ਕਹਿੰਦੇ ਬਾਪੂ ਇੰਡੀਆ ਵਿਚ ਹੀ ਠੀਕ ਹੈ। ਅਮਰੀਕਾ ਤੋਂ ਲੋਕ ਭਾਰਤ ਜਾਂਦੇ ਹਨ ਇਲਾਜ ਕਰਵਾਉਣ ਲਈ। ਵਿਚੋਂ ਇਹ ਦੁੱਖ ਹੈ ਕਿ ਛੁੱਟੀ ਲੈਣੀ ਪਵੇਗੀ ਬੁੱਢੇ ਨੂੰ ਹਸਪਤਾਲ ਖੜ੍ਹਨ ਲਈ। ਇਹ ਹਾਲ ਹੈ ਅਮਰੀਕਾ ਵਿਚ ਕਾਮੇ ਮੁੰਡਿਆਂ ਦਾ।"

ਉਸ ਗੱਲ ਜਾਰੀ ਰੱਖੀ, "ਮੈਂ ਤਾਂ ਹੁਣ ਵਾਪਸ ਆ ਗਿਆਂ। ਇਥੇ ਹੀ ਅਸੀਂ ਦੋਵੇ ਰਹਿੰਦੇ ਹਾਂ। ਇਥੇ ਤੇਰੇ ਵਰਗੇ ਮਿੱਤਰ ਮਿਲ ਜਾਂਦੇ ਹਨ ਉਨ੍ਹਾਂ ਨਾਲ ਢਿੱਡ ਦੀ ਗੱਲ ਕਰ ਲਈਦੀ ਹੈ। ਮੇਰੇ ਨਾਲ ਤਾਂ ਜਿਵੇਂ ਭਰਾਵਾਂ ਕੀਤੀ ਉਹ ਹੀ ਮੇਰੇ ਮੁੰਡਿਆਂ ਨੇ ਕੀਤੀ ਹੈ।"

ਮੈਂ ਹੌਸਲਾ ਦਿੱਤਾ, "ਛੱਡ ਦਰਸ਼ਨ ਸਿੰਘਾਂ ਜੋ ਹੋਣਾ ਸੀ ਹੋ ਗਿਆ ਹੁਣ ਵਾਹਿਗੁਰੂ ਦਾ ਜਾਪ ਕਰਿਆ ਕਰ। ਇਹ ਸਾਰੀਆਂ ਬੀਮਾਰੀਆਂ ਦਾ ਇਲਾਜ ਹੈ। ਹੁਣ ਆਪਾਂ ਅੱਗਾ ਸਵਾਰ ਲਈਏ ਉਹ ਚੰਗਾ ਰਹੇਗਾ।" ਉਹ ਕਹਿੰਦਾ, "ਇਹੀ ਨਹੀਂ ਇਥੇ ਵੀ ਭਾਰਤ ਵਿਚ ਭੁੱਖ ਪਈ ਹੈ। ਜਿਥੇ ਜਾਵੋ ਇਹੀ ਹਾਲ ਹੈ। ਬਸ ਤੇ ਜਾਵੋ ਤਾਂ ਕੰਡਕਟਰ ਟਿਕਟ ਹੀ ਨਹੀਂ ਕੱਟਦਾ। ਕਿਸੇ ਦਫਤਰ ਜਾਵੋ ਭੁੱਖ ਹੀ ਭੁੱਖ ਨਜ਼ਰ ਆਉਂਦੀ ਹੈ। ਡਾਕਖਾਨੇ ਵਾਲੇ ਵੀ ਟਿਕਟਾਂ ਲਾਹ ਕੇ ਲਿਫਾਫੇ ਸੁੱਟ ਜਾਂਦੇ ਹਨ। ਬਾਜ਼ਾਰ ਜਾਵੋ ਪੈਸੇ ਵਧ ਤੇ ਸੌਦਾ ਘੱਟ ਜਾਂ ਮਾੜਾ। ਸਕੂਲਾਂ ਦੇ ਮਾਸਟਰ, ਕਾਲਜਾਂ ਦੇ ਪ੍ਰੋਫੈਸਰ ਟਿਊਸ਼ਨ ਵੀ ਲੈਂਦੇ ਹਨ ਤੇ ਕੁੜੀਆਂ ਨਾਲ ਕੀ ਗੰਦ ਘੋਲਦੇ ਹਨ। ਸਿਆਸੀ ਬੰਦਿਆਂ ਦੀ ਤੇ ਭੁੱਖ ਮਿਟਦੀ ਹੀ ਨਹੀਂ। ਪਤਾ ਨਹੀਂ ਇਨ੍ਹਾਂ ਨੂੰ ਕਿਥੇ ਜਾ ਕੇ ਸਬਰ ਆਵੇਗਾ।"

ਦਰਸ਼ਨ ਸਿੰਘ ਨੂੰ ਆਪਣੇ ਘਰ ਦੇ ਕੰਮਾਂ ਦਾ ਚੇਤਾ ਆ ਗਿਆ ਤੇ ਉਹ ਬੋਲਿਆ, "ਯਾਰ ਮੈਨੂੰ ਹੁਣ ਜਾਣ ਦੇਹ।" ਉਹ ਆਪਣੀ ਪੱਗ ਠੀਕ ਕਰਦਾ ਸਕੂਟਰ 'ਤੇ ਚੜ੍ਹ ਕੇ ਚਲਦਾ ਬਣਿਆ। ਮੈਂ ਉਸ ਅਮਰੀਕਨ ਬਾਪੂ ਬਾਰੇ ਸੋਚਦਾ ਰਿਹਾ।

*ਫੋਨ:281-255-6087*

# ਚੱਲੀਏ ਬੀਕਾਨੇਰ ਮੁਰੱਬਾ ਮਿਲ ਜੂ'ਗਾ...

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ:510-277-2592

*ਬੇਮੌਸਮੇ ਮੀਂਹ ਵਾਂਗ ਜਿਨ੍ਹਾਂ ਨੇ ਵਿਆਹ ਵੱਤੋਂ ਲੰਘ ਕੇ ਜਾਂ ਉਮਰ ਦੀ ਹੱਦ ਟੱਪ ਕੇ ਕਰਵਾਏ ਨੇ ਉਨ੍ਹਾਂ ਨੇ ਜ਼ਿੰਦਗੀ ਨੂੰ ਬੇਸੁਆਦੀ ਵੱਧ ਕੀਤਾ ਹੈ ਤੇ ਜਾਂ ਫਿਰ ਪਤੀ ਘੱਟ ਸੁਰੱਖਿਆ ਗਾਰਡ ਵੱਧ ਰਹੇ ਹਨ। ਤੇ ਜਿਨ੍ਹਾਂ ਨੇ ਛੋਟੀ ਉਮਰ ਵਿਚ ਵਿਆਹ ਕਰਵਾਉਣ ਦੀ ਗੁਸਤਾਖੀ ਕੀਤੀ ਹੈ ਉਨ੍ਹਾਂ ਦਾ ਜੀਵਨ ਪੱਧਰ ਵਧੇਰੇ ਕਰਕੇ ਉਚਾ ਉਠ ਹੀ ਨਹੀਂ ਸਕਿਆ। ਸਾਂਝੇ ਪਰਿਵਾਰ ਉਦੋਂ ਤੱਕ ਹੀ ਖੁਸ਼ਹਾਲ ਰਹੇ ਨੇ ਜਦੋਂ ਤੀਕਰ ਇਤਫਾਕ ਸੀ। ਇਕ ਦੂਜੇ 'ਤੇ ਵਿਸ਼ਵਾਸ ਸੀ, ਇਨ੍ਹਾਂ ਹੀ ਦੋ ਗੱਲਾਂ ਕਰਕੇ ਰੂਸ ਟੁਕੜੇ- ਟੁਕੜੇ ਹੋਇਆ ਹੈ। ਕਈਆਂ ਦੇ ਉਦੇਸ਼ ਤਾਂ ਠੀਕ ਸਨ ਪਰ ਰਾਹ ਗ਼ਲਤ ਚੁਣ ਲਏ। ਰਾਂਝੇ ਦੀ ਲਗਨ ਤਾਂ ਹੀਰ ਨੂੰ ਪਾਉਣ ਦੀ ਸੀ ਪਰ ਚਰਾਉਣੀਆਂ ਮੱਝੀਆਂ ਪੈ ਗਈਆਂ। ਕਾਣਾ ਹੋ ਕੇ ਵੀ ਸੈਦੇ ਨੂੰ ਹੀਰ ਤਾਂ ਸੁਨੱਖੀ ਮਿਲ ਗਈ ਸੀ ਪਰ ਇਹ ਉਹਦੀ ਬਣੀ ਹੀ ਨਹੀਂ, ਇਸ ਗੱਲ ਨੂੰ ਉਹ ਇਕ ਅੱਖ ਨਾਲ ਨਹੀਂ ਵੇਖ ਸਕਿਆ ਸੀ। ਸਿਆਣੇ ਬੰਦਿਆਂ ਨੇ ਕਹਾਵਤ ਭਾਵੇਂ ਸੋਚ-ਸਮਝ ਕੇ ਬਣਾਈ ਹੋਵੇ ਕਿ 'ਇਕ ਲੱਖ ਪੂਤ ਸਵਾ ਲੱਖ ਨਾਤੀ ਰਾਵਣ ਦੇ ਘਰ ਦੀਆ ਨਾ ਬਾਤੀ' ਪੱਤੇ ਵਾਂਗ ਤਾਂ ਬੰਦਾ ਇਕ ਤੀਵੀਂ ਤੋਂ ਕੰਬਦਾ ਆਇਆ ਹੈ, ਤੇ ਰਾਵਣ ਦੀਆਂ ਕਿੰਨੀਆਂ ਕੁ ਰਾਣੀਆਂ ਹੋਣਗੀਆਂ ਕਿ ਲੱਖ ਪੁੱਤ ਜੰਮ ਪਿਆ। ਹੋ ਸਕਦੈ ਉਦੋਂ ਫਿਰ ਜੇ ਕ੍ਰਿਸ਼ਮਾ ਹੋ ਹੀ ਗਿਆ ਹੋਵੇ ਤਾਂ ਲੰਕਾ ਵਿਚ ਆਬਾਦੀ ਇਕੱਲੇ ਰਾਵਣ ਦੇ ਪਰਿਵਾਰ ਦੀ ਹੀ ਹੋਵੇਗੀ। ਹਾਲੇ ਤੀਕਰ ਵੈਰ-ਵਿਰੋਧ, ਗੁੱਸਾ-ਗਿਲਾ, ਲੜਾਈ—ਝਗੜਾ, ਈਰਖਾ ਉਨ੍ਹਾਂ ਲੋਕਾਂ ਨਾਲ ਹੀ ਹੋਈ ਹੈ ਜਿਨ੍ਹਾਂ ਨੂੰ ਤੁਸੀਂ ਜਾਣਦੇ ਸੀ ਕਈ ਔਰਤਾਂ ਆਪਣੇ ਨਿਆਣੇ ਪੀਪੇ ਵਾਂਗ ਇਸ ਕਰਕੇ ਖੜਕਾਉਂਦੀਆਂ ਰਹੀਆਂ ਹਨ ਕਿ ਪਤੀ ਦਾ ਗੁੱਸਾ ਇਨ੍ਹਾਂ 'ਤੇ ਕੱਢ ਲਿਆ ਜਾਵੇ, ਕਿਉਂਕਿ ਸਿਆਣੀ ਔਰਤ ਮੂਰਖ ਪਤੀ ਨਾਲ ਲੜਨਾ ਲਾਹੇਵੰਦ ਨਹੀਂ ਸਮਝਦੀ। ਮੁੰਡੇ-ਕੁੜੀਆਂ ਵਿਚਕਾਰ ਫਰਕ ਉਦੋਂ ਦਾ ਹੀ ਦੱਸਿਆ ਗਿਆ ਹੈ ਜਦੋਂ ਦਾ ਪੇਟ ਡਾਕਟਰਾਂ ਦੇ ਕੈਮਰਿਆਂ ਅੱਗੇ ਲੰਮਾ ਪੈਣ ਲੱਗਾ ਹੈ, ਵਰਨਾ ਧੀਆਂ ਦੇ ਕੁੱਖਾਂ ਵਿਚ ਕਤਲ ਕਦੇ ਵੀ ਨਹੀਂ ਹੋਣੇ ਸਨ। ਕਿਸੇ ਵੀ ਸਿਆਣੇ ਮਾਂ-ਬਾਪ ਦੀ ਔਲਾਦ ਦੀ ਗਿਣਤੀ ਵੱਡੀ ਨਹੀਂ ਵੇਖੀ ਤੇ ਪੈਸੇ ਦੇ ਯੁੱਗ ਵਿਚ ਇਕ ਦੂਣੀ-ਦੂਣੀ ਤੱਕ ਹੀ ਸੀਮਤ ਹੈ। ਬੁਧ-ਧਰਮ ਨੇ ਭੂਟਾਨੀਆ ਦੇ 'ਚੋਰੀ ਕਰਨਾ ਮਹਾਂ-ਪਾਪ' ਖੂਨ 'ਚ ਭਰ ਦਿੱਤਾ ਹੈ। ਇਸੇ ਕਰਕੇ ਉਥੇ ਬੜੀ ਦੇਰ ਤੱਕ ਜਿੰਦੇ ਕੁੰਜੀਆਂ ਬਾਰੇ ਕੋਈ ਜਾਣਦਾ ਹੀ ਨਹੀਂ ਸੀ। ਲੋਭ ਨੇ ਹਾਲੇ ਤੀਕਰ ਕਿਸੇ ਦਾ ਫੱਕਾ ਨਹੀਂ ਛੱਡਿਆ ਤੇ ਕਦੇ ਜ਼ਮੀਨ ਦਾ ਲੋਭੀ ਜੋਰੂ ਨੂੰ ਸਿਰਫ ਰੇਲ ਕੋਚ ਫੈਕਟਰੀ ਦੇ ਡੱਬਿਆਂ ਵਾਂਗ ਬੱਚੇ ਬਣਾਉਣ ਦਾ ਕਾਰਖਾਨਾ ਸਮਝਣ ਵਾਲਾ ਮਨੁੱਖ ਹੀ ਅਜਿਹੀਆਂ ਲੋਕ ਬੋਲੀਆਂ ਨੂੰ ਜਨਮ ਦਿੰਦਾ ਆਇਆ ਹੈ...*

ਆਪਣੇ ਸਮਾਜ ਵਿਚ ਬਾਂਝ ਮਾਂਵਾਂ ਦੀ ਸਥਿਤੀ ਤੇ ਹਾਲਤ ਬਹੁਤ ਤਰਸਯੋਗ ਹੁੰਦੀ ਹੈ, ਉਨ੍ਹਾਂ ਦੀ ਫਿਕਰਾਂ ਚਿੰਤਾਵਾਂ ਤੇ ਮਿਹਣਿਆਂ ਮਾਰੀ ਜ਼ਿੰਦਗੀ ਦੀ ਵਿਆਖਿਆ ਕਰਨੀ ਹੋਵੇ ਤਾਂ ਕਹਿ ਸਕਦੇ ਹਾਂ ਕਿ ਉਨ੍ਹਾਂ ਦੀ ਨਬਜ਼ ਤਾਂ ਚੱਲ ਰਹੀ ਹੁੰਦੀ ਹੈ ਪਰ ਸਾਹ ਨਹੀਂ ਆ ਰਿਹਾ ਹੁੰਦਾ। ਅਜਿਹੀ ਔਰਤ ਰਹਿੰਦੀ ਭਾਵੇਂ ਮਹਿਲਾਂ ਵਿਚ ਹੋਵੇ ਪਰ ਘਰ ਵਿਚਲੇ ਕਈ ਪਾਤਰ ਉਹਨੂੰ ਜੰਗਲ ਤੋਂ ਆਏ ਮਹਿਮਾਨ ਪ੍ਰਤੀਤ ਹੁੰਦੇ ਹਨ। ਉਹ ਮਾਂਵਾਂ ਢਿੱਡ 'ਤੇ ਹੱਥ ਰੱਖ ਕੇ ਰੋਂਦੀਆਂ ਹਨ ਜਿਨ੍ਹਾਂ ਦੇ ਪੁੱਤਰ ਖੇਲਦੇ ਮਰੇ...' ਤੇ ਬਾਂਝ ਔਰਤਾਂ ਕੁੱਖ 'ਚ ਮੁੱਕੀਆਂ ਦੇ ਕੇ ਧਾਹਾਂ ਮਾਰਦੀਆਂ ਹਨ ਕਿ ਇਹ ਸੁਲੱਖਣੀ ਕਿਉਂ ਨਹੀਂ ਹੋਈ? ਹਸਪਤਾਲ ਵਿਚ ਦਾਖਲ ਮਰੀਜ਼ ਸੋਚਦਾ ਹੁੰਦਾ ਹੈ ਮੰਜੇ ਨਾਲ ਦੋਸਤੀ ਕਦੋਂ ਮੁੱਕੇਗੀ? ਸਮਾਜਿਕ ਸੰਸਕ੍ਰਿਤੀ ਵਿਚ ਅਜਿਹਾ ਵੀ ਵਾਪਰਦਾ ਹੈ ਕਿ ਕਈ ਸਾਰੀ ਉਮਰ ਆਪਣੀਆਂ ਕੁੱਖਾਂ ਵਲ ਵੇਖ ਕੇ ਝੂਰਦੀਆਂ ਹਨ ਤੇ ਕਈਆਂ ਦੇ ਵਿਹੜੇ ਵਿਚ ਬਾਲਾਂ ਤੇ ਬਾਲੜੀਆਂ ਦੀ ਰੌਣਕ ਸਾਉਣ ਦੇ ਛੱਰਾਟੇ ਵਾਂਗ ਹੁੰਦੀ ਹੈ। ਆਪਣੇ ਮੁਲਕ ਦੀਆਂ ਝੁੱਗੀਆਂ ਝੌਂਪੜੀਆਂ ਵਿਚ ਗੇੜੀ ਮਾਰ ਕੇ ਵੇਖਿਓ, ਇਕੋ ਮੰਜੇ 'ਤੇ ਸੁੱਤੇ ਪਏ ਚਾਰ-ਚਾਰ ਬੱਚਿਆਂ ਨੂੰ ਵੇਖ ਕੇ ਨਹੀਂ ਲੱਗੇਗਾ ਕਿ ਇਨ੍ਹਾਂ ਦੇ ਮਾਪੇ ਜਾਣਦੇ ਹਨ ਕਿ ਮੁਲਕ ਦੀ ਆਬਾਦੀ ਸੌ ਕਰੋੜ ਤੋਂ ਉਪਰ ਬਹੁਤ ਦੇਰ ਪਹਿਲਾਂ ਟੱਪ ਚੁੱਕੀ ਹੈ? ਕਿਉਂਕਿ ਨਾ ਇਨ੍ਹਾਂ ਨੇ ਲੋਹੜੀ ਵੰਡਣੀ ਹੁੰਦੀ ਹੈ ਤੇ ਨਾ ਧੀ ਦੇ ਪੇਕਿਆਂ ਨੇ ਮਿੱਠਾ-ਥਿੰਦਾ ਲੈ ਕੇ ਜਾਣਾ ਹੁੰਦਾ ਹੈ।

ਜਦੋਂ ਆਬਾਦੀ ਪ੍ਰਤੀ ਪਹਿਲੀ ਜਾਗਰੂਕਤਾ ਆਈ ਉਦੋਂ ਸਿਹਤ ਵਿਭਾਗ ਨੇ ਪਹਿਲਾ ਨਾਅਰਾ ਦਿੱਤਾ ਸੀ ਅਗਲਾ ਬੱਚਾ ਅਜੇ ਨਹੀਂ ਤਿੰਨ ਦੇ ਬਾਅਦ ਕਦੇ ਨਹੀਂ, ਫਿਰ ਅਸੀਂ ਦੋ ਅਸਾਡੇ ਦੋ..., ਤੇ ਹੁਣ ਅਸੀਂ ਦੋ ਅਤੇ ਸਾਡੇ ਇਕ ਦੇ ਸਿਧਾਂਤ 'ਤੇ ਪੜ੍ਹਿਆ-ਲਿਖਿਆ ਯੁੱਗ ਚਲ ਰਿਹਾ ਹੈ। ਅੱਜ ਦੇ ਜ਼ਮਾਨੇ ਵਿਚ ਜਿਹਦੇ ਚਾਰ ਜਾਂ ਇਸ ਤੋਂ ਵੱਧ ਨਿਆਣੇ ਹੋਣ ਸਮਾਜ ਤੇ ਲੋਕ ਉਹਨੂੰ ਬਹੁਤਾ ਸਿਆਣਾ ਨਹੀਂ ਸਮਝਦੇ। ਪਰ ਮੰਨੋਗੇ ਕਿ ਆਬਾਦੀ ਰੋਕਣ ਲਈ ਆਪ੍ਰੇਸ਼ਨ ਕਰਨ ਵਾਲੇ ਡਾਕਟਰਾਂ ਨੂੰ ਤਰੱਕੀਆਂ ਦੇ ਲਾਲਚ ਦਿੱਤੇ, ਕਰਵਾਉਣ ਵਾਲਿਆਂ ਨੂੰ ਪੈਸੇ ਦਾ ਲਾਲਚ, ਸੰਜੇ ਗਾਂਧੀ ਇਹ ਕੰਮ ਜਬਰੀ ਕਰਵਾਉਣ ਲਈ ਤੱਤਾ ਹੋ ਗਿਆ ਸੀ, ਗਰਭ ਨਿਰੋਧਕ ਗੋਲੀਆਂ ਆਈਆਂ, ਮਾਲਾ ਡੀ ਲੋਕਾਂ ਨੂੰ ਲੋਕ ਗੀਤ ਵਾਂਗ ਚੇਤੇ ਹੋ ਗਿਆ ਤੇ ਆਬਾਦੀ ਰੋਕਣ ਲਈ ਸਰਕਾਰਾਂ ਨੇ ਬੜੇ ਹੀਲੇ ਵਸੀਲੇ ਕੀਤੇ ਪਰ ਆਬਾਦੀ ਵਧਣ ਦੀ ਦਰ ਦੇ ਅੰਕੜਿਆਂ ਵਿਚ ਬਹੁਤੀ ਗਿਰਾਵਟ ਨਹੀਂ ਆਈ ਅਤੇ ਹਾਲੀ ਵੀ ਘੜੀ ਦੀ ਮਿੰਟਾਂ ਵਾਲੀ ਸੂਈ ਇਕ ਗੇੜਾ ਪੂਰਾ ਨਹੀਂ ਕਰਦੀ ਜਦੋਂ ਬਾਲ ਗੋਦ ਵਿਚ ਚੀਂ-ਚੀਂ ਕਰਨ ਲੱਗ ਪੈਂਦੇ ਹਨ। ਹਾਲੇ ਵੀ ਦੁਨੀਆਂ ਦੇ ਕਈ ਮੁਲਕਾਂ ਵਿਚ ਸਰਕਾਰਾਂ ਨਾਗਰਿਕਾਂ ਨੂੰ ਅਪੀਲ ਕਰਦੀਆਂ ਹਨ ਕਿ ਬੱਚੇ ਵੱਧ ਪੈਦਾ ਕਰੋ। ਪਰ ਏਦਾਂ ਹੋ ਨਹੀਂ ਰਿਹਾ। ਤੇ ਮਜ਼ਾਕ ਨਹੀਂ ਜੇ ਆਪਣੇ ਮੁਲਕ ਦੇ ਲੋਕਾਂ ਤੋਂ ਆਬਾਦੀ ਵਧਾਉਣ ਦੇ ਟੈਂਡਰ ਭਰਾ ਲਏ ਜਾਣ ਤਾਂ ਉਹ ਅੰਕੜਿਆਂ ਦੇ ਢੇਰ ਲਗਾ ਦੇਣਗੇ। ਆਪਣੇ ਮੁਲਕ ਦਾ ਇਕ ਮਧਰੇ ਕੱਦ ਦਾ ਬਿਹਾਰੀਆ ਸਿਆਸਤਦਾਨ ਜੋ ਸੰਸਦ 'ਚ ਚੁਲਬੁਲੇ ਤੇ ਲਤੀਫਿਆਂ ਵਰਗੇ ਭਾਸ਼ਣਾਂ ਲਈ ਚਰਚਿਤ ਹੈ ਆਪਣੇ ਨਿਆਣਿਆਂ ਦੀ ਗਿਣਤੀ ਕਰਕੇ ਵੀ ਬੱਲੇ ਬੱਲੇ 'ਚ ਰਿਹਾ ਹੈ।

ਸਿਰਲੇਖ ਦੀ ਵਿਆਖਿਆ 'ਚ ਇਕ ਪੁਰਾਤਨ ਘਟਨਾ ਦੀ ਗੱਲ ਕਰਨ ਤੋਂ ਪਹਿਲਾਂ ਵਰਤਮਾਨ ਯੁੱਗ ਦੀ ਦਿਲਚਸਪ ਵਿਥਿਆ ਬਾਰੇ ਚਾਨਣਾ ਜ਼ਰੂਰ ਪਾਵਾਂਗੇ। ਕਿਉਂਕਿ ਇਹ ਜ਼ਰੂਰੀ ਨਹੀਂ ਕਿ ਸਾਰੇ ਪੜ੍ਹੇ ਲਿਖੇ ਸਿਆਣੇ ਵੀ ਹੋਣ। ਇਕ ਮਰਹੂਮ ਢਾਡੀ ਸਿੰਘ ਜਿਹਦੇ ਨਾਲ ਮੇਰਾ ਬੜਾ ਨੇੜੇ ਦਾ ਵਾਸਤਾ ਰਿਹਾ ਉਹਦੇ ਇਕ ਢਾਡੀ ਪੁੱਤਰ ਦੇ ਅੱਜ ਦੀ ਤਾਰੀਖ ਵਿਚ ਗਿਆਰਾਂ ਨਿਆਣੇ ਹਨ-9 ਕੁੜੀਆਂ ਅਤੇ 2 ਪੁੱਤਰ। ਅਸੀਂ ਜਦੋਂ ਵੀ ਉਹਦੇ ਘਰ ਜਾਣਾ ਤਾਂ ਦ੍ਰਿਸ਼ ਏਦਾਂ ਦਾ ਹੁੰਦਾ ਸੀ ਜਿਵੇਂ ਲੁਧਿਆਣੇ 'ਚ ਰੇਲਵੇ ਲਾਈਨ ਦੁਆਲੇ ਸਵੇਰੇ ਸਵੇਰੇ ਭੱਈਆਂ ਨੇ ਪਾਣੀ ਦੀਆਂ ਬੋਤਲਾਂ ਹੱਥ 'ਚ ਫੜ ਕੇ ਝੁਰਮਟ ਪਾਇਆ ਹੁੰਦਾ ਹੈ। ਉਸ ਘਰ ਜਦ ਵੀ ਕੋਈ ਮਹਿਮਾਨ ਜਾਂਦਾ ਤਾਂ ਨਿਆਣੇ ਹੱਥ 'ਚ ਝੋਲਾ ਵੇਖ ਕੇ ਐਂ ਰੌਲਾ ਪਾਉਂਦੇ ਜਿਵੇਂ ਮਰੂੰਡਾ ਵੇਚਣ ਵਾਲੇ ਕੋਲ ਖੌਰੂ ਪੈ ਰਿਹਾ ਹੁੰਦਾ ਹੈ। ਖੈਰ! ਇਹ ਸਾਰੇ ਦੇ ਸਾਰੇ 11 ਕਾਇਮ ਹਨ, ਹਾਲੇ 2 ਕੁੜੀਆਂ ਵਿਆਹੀਆਂ ਹਨ।

ਲਗਦਾ ਨਹੀਂ ਬਾਪੂ ਆਪਣੇ ਜਿਉਂਦੇ ਜੀਅ ਸਾਰੀ ਕਬੀਲਦਾਰੀ ਨਜਿੱਠ ਲਵੇਗਾ। ਜਿਸ ਲਾਲਚ ਨਾਲ ਇਹ ਫੌਜ ਵਿਚ ਭਰਤੀ ਹੋਣ ਵਾਂਗ ਕਤਾਰ ਲੱਗੀ ਹੈ ਇਹਦੇ ਬਾਰੇ ਤਾਂ ਵਿਚਾਰੇ ਮਾਂ-ਬਾਪ ਜਾਣਨ। ਕਿਉਂਕਿ ਪੁੱਤਰ ਮੋਹ ਦੀ ਗੱਲ ਵੀ ਫਿਟ ਨਹੀਂ ਹੁੰਦੀ। ਪਹਿਲੀਆਂ ਦੋ ਕੁੜੀਆਂ ਤੋਂ ਪਿੱਛੋਂ 2 ਪੁੱਤਰਾਂ ਨੇ ਵੀ ਜਨਮ ਲੈ ਲਿਆ ਸੀ। ਮੰਨਣ ਵਾਲੀ ਗੱਲ ਹੈ ਕਿ ਸ਼ਮਸ਼ਾਨਘਾਟ 'ਤੇ ਹਸਪਤਾਲ 'ਚ ਦਾਖਲ ਹੋਣ ਵੇਲੇ ਹਉਮੈ ਤੇ ਹੰਕਾਰ ਦਾ ਚੋਲਾ ਗੇਟ 'ਤੇ ਜਮ੍ਹਾਂ ਕਰਵਾਉਣਾ ਪੈਂਦਾ ਹੈ। ਪਰ ਕਈ ਮਾਪਿਆਂ ਨੇ ਪੁੱਤਰਾਂ ਦੀ ਬਲਦਾਂ ਦੀਆਂ ਬੱਗੇ ਸਾਵੇ ਦੀਆਂ ਜੋੜੀਆਂ ਬਣਾਉਣ ਵਾਂਗ ਵਿਹੜੇ ਛੋਟੇ ਛੋਟੇ ਪਰ ਨਿੱਕੇ ਨਿੱਕੇ ਨਿਆਂਣਿਆਂ ਨਾਲ ਆਲੂਆਂ ਵਾਂਗ ਭਰ ਲਏ।

ਵਾਹਿਗੁਰੂ ਨੇ ਹਰ ਮਨੁੱਖ ਨੂੰ ਇਸ ਧਰਤੀ 'ਤੇ ਸਫਲ ਹੋਣ ਲਈ ਭੇਜਿਆ ਹੈ ਪਰ ਅਫਸੋਸ ਕਿ ਬਹੁਤੇ ਅਸਫਲਤਾ ਦੀ ਕੱਵਾਲੀ ਗਾਉਣ ਲੱਗ ਪਏ। ਜੇ ਘਰ ਦੇ ਸਾਰੇ ਜੀਅ ਕੰਮ ਕਰਨ ਤਾਂ ਵੱਡੇ ਪਰਿਵਾਰ ਵੀ ਖੁਸ਼ਹਾਲ ਹੋ ਸਕਦੇ ਹਨ ਪਰ ਜਦੋਂ ਇਕ ਕਮਾਵੇ ਤੇ ਬਾਕੀ ਖਾਣ ਤਾਂ ਨੂੰਹ-ਸੱਸ ਜਾਂ ਦਰਾਣੀ ਜੇਠਾਣੀ, ਨਨਾਣ ਭਰਜਾਈ ਦਾ ਗੁੱਤੋਂ-ਗੁੱਤੀ ਹੋਣਾ ਜਾਇਜ਼ ਹੀ ਠਹਿਰਾਇਆ ਜਾ ਸਕਦਾ। ਔਲਾਦ ਪਿਓ ਦੀ ਬਰਾਤ ਵਿਚ ਸ਼ਾਮਿਲ ਹੋਵੇ ਏਦਾਂ ਹੋ ਨਹੀਂ ਸਕਦਾ ਪਰ ਜਦੋਂ ਦੇ ਤਲਾਕ ਹੋਣ ਲੱਗ ਪਏ ਹਨ ਏਦਾਂ ਹੋਈ ਜਾਂਦਾ ਹੈ। ਵਿਦੇਸ਼ਾਂ ਦੇ ਲਾਲਚ ਵਿਚ ਜਦੋਂ ਦੇ ਬੁੱਢੇ ਵਿਆਹੇ ਜਾਣ ਲੱਗੇ ਹਨ, ਭਤੀਜੀਆਂ ਭੂਆ ਨੂੰ ਜਾਂ ਭਾਣਜੀਆਂ ਮਾਮਿਆਂ ਨੂੰ ਖਿਡੌਣੇ ਲਿਆ ਕੇ ਦੇਣ ਲੱਗ ਪਈਆਂ ਹਨ ਪਰ ਸਮਾਜਿਕ ਕਦਰਾਂ ਕੀਮਤਾਂ ਦੀ ਬਣਤਰ ਵਿਚ ਜਿਥੇ ਵੀ ਦੰਗਾਕਾਰੀਆਂ ਜਾਂ ਪ੍ਰਦਰਸ਼ਨਕਾਰੀਆਂ ਵਾਂਗ ਭੰਨ ਤੋੜ ਹੋਈ ਹੈ। ਹੈਰਾਨੀ ਵਾਲੇ ਤੇ ਬੇਸ਼ਰਮੀ ਵਾਲੇ ਤੱਥ ਵੀ ਸਾਹਮਣੇ ਆਏ ਹਨ।

ਮੇਰੇ ਨਾਲ ਇੰਜੀਨੀਅਰ ਕਾਲਜ ਵਿਚ ਇਕ ਮੁੰਡਾ ਇਲੈਕਟ੍ਰੀਸ਼ਨ ਟਰੇਡ ਵਿਚ ਹਮਜਮਾਤੀ ਸੀ। ਹੋਇਆ ਇਹ ਕਿ ਉਹਦਾ ਦਿਹਾੜੀ-ਦੱਪਾ ਕਰਨ ਵਾਲਾ ਬਾਪ ਇਕ ਦਿਨ ਪ੍ਰਿੰਸੀਪਲ ਕੋਲ ਸ਼ਿਕਾਇਤ ਲੈ ਕੇ ਆਇਆ ਕਿ ਉਹਦੇ ਇਸ ਪੜ੍ਹਾਕੂ ਪੁੱਤ ਨੇ ਉਸ ਨੂੰ ਤੇ ਉਸ ਦੀ ਪਤਨੀ ਨੂੰ ਖੂਬ ਮਾਰਿਆ ਕੁੱਟਿਆ ਹੈ ਯਾਨਿ ਕਿ ਆਪਣੇ ਮਾਂ ਤੇ ਪਿਓ ਨੂੰ। ਸਾਮਾਨ ਦੀ ਵੀ ਕਾਫੀ ਭੰਨ ਤੋੜ ਕੀਤੀ। ਕਿਉਂ ਮਾਰਿਆ? ਇਸ ਗੱਲ ਦਾ ਉਸ ਨੇ ਕੋਈ ਬਹੁਤਾ ਤਸੱਲੀਬਖਸ਼ ਜਵਾਬ ਨਹੀਂ ਸੀ ਦਿੱਤਾ। ਮੇਰੇ ਨਾਲ ਉਸ ਮੁੰਡੇ ਦੀ ਬਹੁਤੀ ਨੇੜਤਾ ਹੋਣ ਕਰਕੇ ਪ੍ਰਿੰਸੀਪਲ ਨੇ ਸਾਨੂੰ ਦੋਹਾਂ ਨੂੰ ਆਪਣੇ ਦਫਤਰ ਵਿਚ ਬੁਲਾ ਲਿਆ ਤੇ ਸ਼ਰਮਨਾਕ ਸੱਚਾਈ ਦੇ ਜੋ ਤੱਤ ਸਾਹਮਣੇ ਆਏ ਸਨ ਉਹ ਹੈਰਾਨ ਕਰ ਦੇਣ ਵਾਲੇ ਸਨ।

ਬਾਪ ਨੇ ਸਿਰ ਤੋਂ ਸਾਫਾ ਲਾ ਕੇ ਆਲੂ ਬੁਖਾਰਿਆਂ ਵਾਂਗ ਸਿਰ 'ਚ ਉਭਰੇ ਕੁੱਟ ਦੇ ਨਿਸ਼ਾਨ ਦਿਖਾਏ ਤਾਂ ਪ੍ਰਿੰਸੀਪਲ ਨੇ ਪਹਿਲਾਂ ਮੈਨੂੰ ਕਿਹਾ ਕਿ ਦੇਖ ਤੇਰੇ ਬੇਸ਼ਰਮ ਦੋਸਤ ਨੇ ਕਿਵੇਂ ਬੁੱਢੇ ਬਾਪ ਦਾ ਸਿਰ ਪੋਲਾ ਕੀਤਾ ਕੁੱਟ ਨਾਲ। ਤੇ ਨਾਲ ਹੀ ਉਸ ਨੂੰ ਪੁੱਛਿਆ ਕਿਉਂ ਨਾ ਤੈਨੂੰ ਕਾਲਜ ਵਿਚੋਂ ਹਟਾ ਦਿੱਤਾ ਜਾਵੇ। ਸ਼ਰਮ ਨਹੀਂ ਆਉਂਦੀ ਤੈਨੂੰ ਮਾਂ-ਬਾਪ 'ਤੇ ਹੱਥ ਚੁੱਕਦੇ ਨੂੰ? ਤੈਨੂੰ ਇਸ ਕਰਕੇ ਇਹ ਤੈਨੂੰ ਪੜ੍ਹਾ ਰਹੇ ਹਨ ਕਿ ਇਹ ਚੰਦ ਚੜ੍ਹਾਵੇਂ।

'ਸਰ ਮੈਨੂੰ ਇਸ ਮਾਂ-ਬਾਪ ਨੇ ਏਨਾ ਪ੍ਰੇਸ਼ਾਨ ਕੀਤਾ ਹੈ ਕਿ ਮੈਂ ਸ਼ਰਮ ਵਿਚ ਕਿਸੇ ਨੂੰ ਮੂੰਹ ਦਿਖਾਉਣ ਜੋਗਾ ਨਹੀਂ।'

'ਕੀ ਇਨ੍ਹਾਂ ਨੇ ਲਾਹੌਰ ਦਾ ਕਿਲ੍ਹਾ ਢਾਹ ਦਿੱਤਾ?'

'ਜਿਹੜਾ ਕਿਲ੍ਹਾ ਇਨ੍ਹਾਂ ਨੇ ਢਾਹਿਆ ਉਹ ਬੁੱਢੇ ਵਾਰੇ ਕੋਈ ਵੀ ਮਾਂ ਬਾਪ ਢਾਹੁਣ ਦੀ ਗੁਸਤਾਖੀ ਨਹੀਂ ਕਰ ਸਕਦਾ।'

'ਬਾਤਾਂ ਨਾ ਪਾ ਗੱਲ ਦੱਸ ਵਿਚਲੀਂ ਕੀ ਹੈ?'

'ਸਰ ਅਸੀਂ ਚਾਰ ਭਰਾ ਤੇ ਇਕ ਭੈਣ ਹਾਂ। ਮੈਥੋਂ ਵੱਡਾ ਪਿਛਲੇ ਸਾਲ ਵਿਆਹਿਆ ਹੈ। ਸਭ ਤੋਂ ਵੱਡੀ ਭੈਣ ਦੋ ਸਾਲ ਪਹਿਲਾਂ ਵਿਆਹੀ। ਉਹ ਪਹਿਲੇ ਬੱਚੇ ਨੂੰ ਜਨਮ ਦੇਣ ਲਈ ਸਾਡੇ ਘਰ, ਯਾਨਿ ਕਿ ਆਪਣੇ ਪੇਕੇ ਆਈ ਹੋਈ ਹੈ। ਹਾਲੇ ਉਹਦੇ ਤਾਂ ਬੱਚਾ ਮਹੀਨੇ ਕੁ ਤੱਕ ਹੋਵੇਗਾ। ਮੇਰੀ ਮਾਂ ਨੇ ਪਿਛਲੇ ਹਫਤੇ ਇਕ ਬੱਚੇ, ਮਤਲਬ ਸਾਡੇ ਇਕ ਹੋਰ ਭਰਾ ਨੂੰ ਜਨਮ ਦੇ ਦਿੱਤਾ ਹੈ। ਭੈਣ ਲਈ ਤਾਂ ਸਹੁਰੇ ਹਾਲੇ ਮਿੱਠਾ ਥਿੰਦਾ ਲੈ ਕੇ ਆਉਣਗੇ। ਮਾਂ ਪਹਿਲਾਂ ਪੰਜੀਰੀ ਖਾਣ ਲੱਗ ਪਈ ਹੈ। ਮੇਰਾ ਘਰੋਂ ਬਾਹਰ ਨਿਕਲਣਾ ਔਖਾ ਹੋ ਗਿਆ ਹੈ। ਸ਼ਰੀਕਾ ਭਾਈਚਾਰਾ ਚਿਟਕਾਰੀਆਂ ਲੈ ਕੇ ਮੈਨੂੰ ਵਧਾਈਆਂ ਦੇ ਰਿਹਾ ਹੈ। ਬੱਸ ਮੈਂ ਆਪਣੇ ਆਪ ਤੋਂ ਬਾਹਰ ਹੋ ਕੇ ਇਨ੍ਹਾਂ 'ਤੇ ਹੱਥ ਚੁੱਕ ਬੈਠਾ।'

ਘਰ ਦੀ ਇਸ ਦਿਲਚਸਪ ਲੜਾਈ ਬਾਰੇ ਪ੍ਰਿੰਸੀਪਲ ਚੁੱਪ ਸੀ। ਲਗਦਾ ਸੀ ਕਿ ਉਸ ਨੂੰ ਸੁੱਝਦਾ ਨਹੀਂ ਸੀ ਕਿ ਕਿਸ ਨੂੰ ਮਾੜਾ ਕਹੇ ਤੇ ਕਿਸ ਨੂੰ ਚੰਗਾ। ਤੇ ਬੁੱਢਾ ਬਾਪ ਫਿਰ ਵਿਚੋਂ ਬੋਲ ਪਿਆ, 'ਜਨਾਬ ਦੇਖੋ ਇਹ ਤਾਂ ਰੱਬ ਦੀ ਦੇਣ ਹੈ, ਜਿਸ ਜੀਅ ਨੇ ਆਉਣਾ ਹੈ ਧੱਕੇ ਦੇ ਦੇ ਕੇ ਆਉਣਾ ਹੈ। ਇਹਦੇ ਵਿਚ ਮ੍ਰਾਤੜ ਬੰਦਾ ਕੀ ਕਰ ਸਕਦਾ ਹੈ। ਰੱਬ ਦੀ ਰਜ਼ਾ ਵਿਚ ਮੇਰਾ ਕੀ ਕਸੂਰ ਹੈ।'

ਮੇਰਾ ਹਮਜਮਾਤੀ ਭਰੀਆਂ ਅੱਖਾਂ ਨਾਲ ਫਿਰ ਬੋਲ ਪਿਆ, 'ਸਰ ਇਸ ਬਾਪ ਦਾ ਦਿਮਾਗ ਹਾਲੇ ਵੀ ਠੀਕ ਨਹੀਂ। ਲੜਾਈ ਜਿਸ ਗੱਲ ਤੋਂ ਹੋਈ ਹੈ, ਏਹਦੇ 'ਤੇ ਹਾਲੇ ਵੀ ਭਰੋਸਾ ਨਹੀਂ ਕਿ ਹਾਲੇ ਵੀ ਇਹ ਇਸ ਸਿਧਾਂਤ ਤੋਂ ਟੁੱਟ ਜਾਵੇ, ਕਿ ਜਿਹੜੇ ਜੀਅ ਨੇ ਆਉਣਾ ਹੈ ਆਉਣਾ ਹੀ ਹੈ।'

ਚਲੋਂ ਉਹ ਬਾਪ ਤਾਂ ਹੁਣ ਨਹੀਂ ਰਿਹਾ। ਮੇਰਾ ਹਮਜਮਾਤੀ ਵੀ ਬਿਜਲੀ ਬੋਰਡ ਵਿਚ ਅੱਜ ਕੱਲ੍ਹ ਐਕਸੀਅਨ ਬਣ ਗਿਆ ਹੈ ਤੇ ਜੀਅ ਭਾਵੇਂ ਹੋਰ ਨਹੀਂ ਵੀ ਆਇਆ ਪਰ ਜਿਹੜਾ ਧੱਕੇ ਨਾਲ ਆਇਆ ਸੀ ਉਹ ਏਨ੍ਹੀਂ ਦਿਨੀਂ ਸਰਕਾਰੀ ਨੌਕਰੀ ਵਿਚ ਐਮ.ਬੀ.ਬੀ.ਐਸ. ਡਾਕਟਰ ਹੈ।

ਇਕ ਲੋਕ ਬੋਲੀ 'ਤੇ ਆਧਾਰਿਤ ਕਿਸੇ ਵੇਲੇ ਇਹ ਗੀਤ ਬੜਾ ਹਿੱਟ ਰਿਹਾ ਸੀ 'ਚਲੀਏ ਬੀਕਾਨੇਰ ਮੁਰੱਬਾ ਮਿਲ ਜਾਊਗਾ।' ਤੇ ਉਸ ਸਮੇਂ ਵਿਚ ਹੀ ਬਹੁਤੇ ਪੰਜਾਬੀਆਂ ਨੇ ਰਾਜਸਥਾਨ ਦੇ ਬੇਆਬਾਦ ਤੇ ਰੇਤਲੇ ਟਿੱਬਿਆਂ ਨੂੰ ਆਬਾਦ ਕਰਨ ਲਈ ਇਸ ਸੂਬੇ ਵਲ ਬੜੇ ਵੱਡੇ ਵੱਡੇ ਟੱਬਰ ਲੈ ਕੇ ਮੁਹਾਣਾਂ ਮੋੜੀਆਂ। ਇਸ ਬੋਲੀ ਦੀ ਸਾਰਥਿਕਤਾ ਤਾਂ ਮੈਨੂੰ ਵੀ ਪਤਾ ਨਹੀਂ ਕਿ ਇਹ ਕਾਨੂੰਨੀ ਤੌਰ 'ਤੇ ਮਾਨਤਾ ਪ੍ਰਾਪਤ ਸੀ ਜਾਂ ਫਿਰ ਪੰਜਾਬੀਆਂ ਨੇ ਰਾਜਸਥਾਨ ਵਲ ਮੋੜ ਕੱਟ ਕੇ ਮਿਹਨਤ ਕਰਨ ਦੀ ਵਿਉਂਤਬੰਦੀ ਕੀਤੀ ਸੀ ਪਰ ਮੈਂ ਆਪਣੇ ਪਿੰਡਾਂ ਵਲ ਦੇ ਇਕ ਸ਼ਖਸ ਨੂੰ ਜ਼ਰੂਰ ਜਾਣਦਾ ਹਾਂ ਜੋ ਹੁਣ ਭਾਵੇਂ ਇਸ ਫਾਨੀ ਦੁਨੀਆਂ ਤੋਂ ਕੂਚ ਕਰ ਗਿਆ ਹੈ ਪਰ ਉਹਦਾ ਬੀਕਾਨੇਰ ਮੁਰੱਬਾ ਹਾਸਲ ਕਰਨ ਦਾ ਸੁਪਨਾ ਪੂਰਾ ਨਹੀਂ ਸੀ ਹੋ ਸਕਿਆ ਜਿਸ ਲਈ ਉਸ ਨੇ ਸਿਰ ਤੋੜ ਸੰਘਰਸ਼ ਕੀਤਾ ਸੀ। ਧਾਰਨਾ ਇਹ ਸੀ ਕਿ ਜੇ ਤੁਹਾਡੇ 12 ਨਿਆਣੇ ਹਨ ਤਾਂ ਰਾਜਸਥਾਨ ਸਰਕਾਰ ਤੁਹਾਨੂੰ ਮੁਰੱਬਾ ਜ਼ਮੀਨ ਮੁਫਤ 'ਚ ਦਿੰਦੀ ਸੀ।

ਗੱਲ ਸਾਧੂ ਰਾਮ ਦੇ ਖਾਨੇ 'ਚ ਵੀ ਪਾ ਦਿੱਤੀ ਗਈ ਤੇ ਉਹ ਤਾਂ ਵਿਚਾਰਾ ਮਜ਼ਦੂਰੀ ਹੀ ਕਰਦਾ ਸੀ ਪਰ ਉਸ ਨੇ ਆਪਣੀ ਪਤਨੀ ਰਾਮਆਸਰੀ ਤੱਕ ਇਹ ਗੱਲ ਜ਼ਰੂਰ ਪਹੁੰਚਾ ਦਿੱਤੀ ਕਿ ਜੇ ਚੰਗੀ ਚੋਖੀ ਪੈਲੀ ਦੇ ਮਾਲਕ ਬਣਨਾ ਹੈ ਤਾਂ ਤੈਨੂੰ 12 ਨਿਆਣਿਆਂ ਨੂੰ ਜਨਮ ਜ਼ਰੂਰ ਦੇਣਾ ਪਊ, ਤੇ ਉਸ ਵਿਚਾਰੀ ਅਨਪੜ੍ਹ ਨੇ 'ਜਿਵੇਂ ਮਾਲਕ ਨੂੰ ਭਾਵੇ' ਕਹਿ ਕੇ ਦੋਵੇਂ ਬਾਹਾਂ ਖੜੀਆਂ ਕਰਕੇ ਸਾਧੂ ਰਾਮ ਦੇ ਹੱਕ 'ਚ ਵੋਟ ਪਾ ਦਿੱਤੀ। ਫਿਰ ਕੀ ਸੀ ਹੋਰ ਕਿਸੇ ਦੇ ਘਰ ਜਾ ਹੋਵੇ ਜਾਂ ਨਾ ਪਰ ਕੁੜੀਆਂ ਸਾਧੂ ਰਾਮ ਦੇ ਘਰ ਆਏ ਸਾਲ ਜਾਂ ਇਕ ਅਧਾ ਸਾਲ ਛੱਡ ਕੇ ਲੋਹੜੀ ਮੰਗਣ ਜ਼ਰੂਰ ਪੁੱਜਦੀਆਂ। ਜਿਉਂ ਜਿਉਂ ਨਿਆਣਿਆਂ ਦੀ ਗਿਣਤੀ ਵਧੀ ਜਾਵੇ ਸਾਧੂ ਰਾਮ ਨੂੰ ਧੀਆਂ ਪੁੱਤਰਾਂ ਦਾ ਚਾਅ ਘੱਟ, ਮੁਰੱਬਾ ਮਿਲਣ ਦਾ ਚਾਅ ਜ਼ਿਆਦਾ ਬਾਗੋਬਾਗ ਕਰੀ ਜਾਵੇ। ਇਉਂ ਇਕ ਇਕ ਕਰਕੇ ਸਾਧੂ ਰਾਮ ਦੇ ਤਿੰਨ ਧੀਆਂ ਹੋ ਗਈਆਂ ਤੇ 11 ਉਹਨੇ ਲੋਹੜੀਆਂ ਵੰਡ ਲਈਆਂ। ਅਚਾਨਕ ਰੱਬ ਦੀ ਕਰੋਪੀ ਇਹ ਹੋਈ ਕਿ 11ਵੇਂ ਬੱਚੇ ਨੂੰ ਜਨਮ ਦੇ ਕੇ ਰਾਮ ਆਸਰੀ ਅੱਖਾਂ ਮੀਚ ਗਈ। ਸਾਧੂ ਰਾਮ ਨੂੰ ਪਤਨੀ ਦੇ ਮਰਨ ਦਾ ਦੁੱਖ ਘੱਟ ਮੁਰੱਬਾ ਖੁੱਸਣ ਦਾ ਹੌਲ ਜ਼ਿਆਦਾ ਵੱਢ ਵੱਢ ਖਾਵੇਂ। ਉਹਦੀ ਹਾਲਤ ਉਹੀ ਬਣ ਚੁੱਕੀ ਸੀ ਕਿ ਮਲਾਹ ਨੇ ਜਿਵੇਂ ਤੁਫਾਨ 'ਚ ਫਸੀ ਕਿਸ਼ਤੀ ਨੂੰ ਕਿਨਾਰੇ ਤੱਕ ਲੈ ਆਂਦਾ ਸੀ ਪਰ ਇਕ ਚੱਪੂ ਸਮੁੰਦਰ 'ਚ ਜਾ ਪਿਆ। ਸਾਧੂ ਰਾਮ ਮੱਥੇ 'ਤੇ ਹੱਥ ਮਾਰਦਾ ਪਿੱਟੇ, 'ਹਾਏ ਰੱਬਾ ਇਹ ਤੈਂ ਕੀ ਕੀਤਾ।' ਬਸ ਹੁਣ ਤਾਂ ਇਕ ਜੀਅ ਦੀ ਘਾਟ ਸੀ ਮੁਰੱਬਾ ਲੈਣ 'ਚ। ਊਂ ਸ਼ਰੀਕੇ ਵਾਲੇ ਵੀ ਅਫਸੋਸ ਘੱਟ ਟਿੱਚਰਾਂ ਵਧ ਕਰਦੇ। ਕਿ ਸਾਧੂ ਰਾਮਾ, ਰੱਬ ਨੇ ਤੇਰੇ ਨਾਲ ਬੜੀ ਮਾੜੀ ਕੀਤੀ। ਤੀਵੀਂ ਤਾਂ ਚਪੇੜ ਮਾਰ ਕੇ ਖੋਹ ਲਈ, ਮੁਰੱਬਾ ਵੀ ਜਾਂਦਾ ਲੱਗਾ। ਤੇ 'ਉਹਦੀਆਂ ਉਹੀ ਜਾਣੇ' ਕਹਿ ਕੇ ਉਹ ਚੁੱਪ ਹੋ ਜਾਇਆ ਕਰੇ।

ਉਪਰੋ-ਥਲੀ ਦੇ ਨਿਆਣੇ ਹੋਣ ਕਰਕੇ ਕਈ ਵਿਚਾਰੇ ਸ਼ਰੀਰਕ ਤੌਰ 'ਤੇ ਬਹੁਤੇ ਕਮਜ਼ੋਰ ਸਨ। ਤੇ ਸਾਧੂ ਰਾਮ ਨੂੰ ਇਕ ਹੋਰ ਝਟਕਾ ਇਹ ਲੱਗਾ ਕਿ ਉਹਦੀਆਂ ਦੋ ਕੁੜੀਆਂ ਤੇ ਇਕ ਪੁੱਤ ਵੀ ਮੁਰੱਬੇ ਦੀ ਲੜਾਈ 'ਚ ਅੱਖਾਂ ਮੀਚਣ ਕਰਕੇ ਬਾਹਰ ਹੋ ਗਏ। ਸਾਧੂ ਰਾਮ ਨੂੰ ਸੁਝੇ ਕੁਝ ਨਾ ਉਹ ਆਪਣੇ ਸਾਕ ਸਬੰਧੀ ਵਿਚ ਪਾ ਕੇ ਫੇਰ ਆਪਣੇ ਸਹੁਰੇ ਦੇ ਚਰਨੀ ਜਾ ਪਿਆ ਕਿ ਏਨਾ ਲੂੰਗ ਲਾਣਾ ਮੈਂ ਸਾਂਭਾ ਕਿਵੇਂ ਛੋਟੀ ਦਾ ਰਿਸ਼ਤਾ ਹੀ ਕਰ ਦਿਓ। ਅੰਦਰੋਂ ਸੁਪਨੇ ਇਹ ਆ ਰਹੇ ਸਨ ਕਿ ਚਲੋ ਮੁਰੱਬੇ ਲਈ ਇਕ ਹੋਰ ਹੰਭਲਾ ਮਾਰ ਲੈਂਦੇ ਹਾਂ। ਹੁਣ ਚਾਰ ਨਿਆਣਿਆਂ ਦੀ ਘਾਟ ਸੀ।

ਖੈਰ ਸਹੁਰੇ ਮੰਨ ਗਏ ਤਾਂ ਦੋਹਤੇ ਦੋਹਤੀਆਂ ਦੀ ਖਾਤਰ ਛੋਟੀ ਧੰਨੀ ਦੀ ਚਾਦਰਦਾਰੀ ਸਾਧੂ ਰਾਮ ਨਾਲ ਕਰ ਦਿੱਤੀ ਗਈ। ਉਂਜ ਭਾਵੇਂ ਕੋਈ ਵਾਜਾ-ਗਾਜਾ ਨਹੀਂ ਸੀ ਵੱਜਿਆ ਪਰ ਚਾਅ ਪੂਰੇ ਹੋਣ ਦੀਆਂ ਸਾਧੂ ਰਾਮ ਦੇ ਅੰਦਰ ਜਿਹੜੀਆਂ ਬੈਗਪਾਈਪਰ ਵੀਣਾਂ ਵੱਜ ਰਹੀਆਂ ਸਨ, ਉਨ੍ਹਾਂ ਦਾ ਖੌਰੂ ਉਹਦੇ ਚਾਵਾਂ 'ਚ ਨਸ਼ਰ ਸੀ। ਤੇ ਇਸ ਪਰਿਵਾਰ ਦੀ ਜ਼ਿੰਦਗੀ ਆਮ ਵਾਂਗ ਹੋ ਗਈ। ਧੰਨੀ ਦੀ ਕੁੱਖ ਨੂੰ ਬੇਰਾਂ ਵਾਂਗ ਭਾਗ ਲੱਗਣ ਲੱਗੇ। ਤੇ ਉਹਨੇ ਦੋ ਧੀਆਂ ਤੇ ਦੋ ਪੁੱਤਰਾਂ ਨੂੰ ਜਨਮ ਦੇ ਦਿੱਤਾ। ਪਿੰਡ ਦੇ ਇਕ ਅਮਲੀ ਨੇ ਸਾਧੂ ਰਾਮ ਨੂੰ ਇਕ ਦਿਨ ਮਸ਼ਕਰੀ ਦੇ ਲਹਿਜੇ ਵਿਚ ਕਿਹਾ ਕਿ ਰਿਸਕ ਨਾ ਲੈ ਬਾਰਾਂ ਦੇ 13 ਰੱਖ, ਕੀ ਪਤਾ 12 ਨਾਲ ਮੁਰੱਬਾ ਮਿਲੇ, ਜਾਂ 12 ਉਪਰ 1 ਨਾਲ। ਸਾਧੂ ਰਾਮ ਨੇ ਇਸ ਚਿੰਤਾ ਦਾ ਫਾਹਾ ਹੀ ਵੱਢ ਦਿੱਤਾ। ਰੱਬ ਦੀ ਕਰਨੀ ਕਿ ਧਨੀ 5 ਵੇਂ ਬੱਚੇ ਦੀ ਮਾਂ ਬਣ ਗਈ, ਤੇ ਸੁੱਖ ਨਾਲ ਇਹ ਵੀ ਪੁੱਤ ਹੀ ਜੰਮਿਆ। ਹੁਣ ਸਾਧੂ ਰਾਮ ਲੁੱਡੀਆਂ ਪਾਉਂਦਾ ਰਿਹਾ। ਹੁਣ ਸ਼ੇਖ ਚਿਲੀਆਂ ਵਾਂਗ ਆਖੇ, 'ਮੁਰੱਬਾ ਵੱਟ 'ਤੇ ਪਿਆ ਸਮਝੋ। 9 ਪੁੱਤ ਤੇ ਚਾਰ ਧੀਆਂ, ਹੁਣ ਸਾਲਾ ਕਿਹੜਾ ਰੋਕ ਲਊ ਮੁਰੱਬੇ ਤੋਂ। ਨੌਕਰ ਚਾਕਰ ਹੋਣਗੇ ਤੇ ਦੁਆਵਾਂ ਸਲਾਮਾਂ ਹੋਇਆ ਕਰਨਗੀਆਂ। ਠੁੱਕ ਨਾਲ ਵੱਟ-ਬੰਨਿਆਂ 'ਤੇ ਗੇੜਾ ਮਾਰਿਆ ਕਰੂੰ। ਤੇ ਲੋਕ ਕਿਹਾ ਕਰਨਗੇ ਕਿ ਅਹੁ ਜਾਂਦਾ ਮੁਰੱਬੇ ਵਾਲਾ ਸਾਧੂ ਰਾਮ' ਤੇ ਫਿਰ ਉਹ ਫੌਜ ਦੀ ਮਾੜੀ ਪਲਟਣ ਵਾਂਗ ਕਿਸੇ ਨੂੰ ਘਨੇੜੀ ਚੁੱਕ ਕੇ, ਕਿਸੇ ਨੂੰ ਉਂਗਲ ਲਾ ਕੇ, ਕਿਸੇ ਦੇ ਹੱਥ ਟਰੰਕ, ਕਿਸੇ ਹੱਥ ਪੀਪਾ, ਤੇ ਪਿੱਛੇ ਵਿਚਾਰੀ ਧੰਨੀ ਨੂੰ ਤੋਰ ਕੇ ਫਗਵਾੜਿਓਂ ਟਰੇਨ ਫੜ ਕੇ ਜਾ ਵੱਜਾ ਸਿੱਧਾ ਬੀਕਾਨੇਰ।

ਅਲਖ ਜਗਾ ਦਿੱਤੀ ਬੀਕਾਨੇਰ ਦੇ ਜ਼ਿਲ੍ਹਾ ਦਫਤਰ 'ਚ ਜਿਵੇਂ ਧਰਮਿੰਦਰ ਵੋਟਾਂ ਲਈ ਕਾਗਜ਼ ਭਰਨ ਗਿਆ ਹੋਵੇ। ਜ਼ਿਲ੍ਹਾ ਕੁਲੈਕਟਰ ਦਾ ਜਵਾਬ ਸੁਣ ਕੇ ਸਾਧੂ ਰਾਮ ਸੁੰਨ ਹੋ ਗਿਆ। ਉਹਦਾ ਜੀਵਨ ਸੰਘਰਸ਼ ਜਿਵੇਂ ਬੇੜਾ ਭਰ ਕੇ ਡੁੱਬਿਆ ਹੋਵੇ, ਵਰਗਾ ਸੀ। ਜਦੋਂ ਜਵਾਬ ਮਿਲਿਆ, "ਮੁਰੱਬੇ ਦੇਣੇ ਬੰਦ ਕਰ ਦਿੱਤੇ ਸਰਕਾਰ ਨੇ", ਤੂੰ ਹੁਣ ਆਪਣਾ ਮੁਰੱਬਾ ਹੀ ਜਾ ਪਾਲ ਪੋਸ। ਵਿਚਾਰੇ ਸਾਧੂ ਨੂੰ ਨਿਆਣਿਆਂ ਦਾ ਵਗ ਅਉਲੇ ਦਾ ਮੁਰੱਬਾ ਹੀ ਲੱਗਾ। ਬੇਰੰਗ ਲਿਫਾਫੇ ਵਾਂਗ ਪਿਛਲਖੁਰੀ ਘਰ ਵਾਪਸ ਪਰਤ ਆਇਆ। ਮੁਰੱਬੇ ਦੇ ਸੁਫਨੇ ਹਉਕਿਆਂ ਨੇ ਖਾ ਲਏ ਤੇ ਔਲਾਦ ਪਾਲਣ ਦੇ ਫਿਕਰਾਂ ਕਰਕੇ ਦੋ ਕੁ ਸਾਲ ਪਿੱਛੋਂ ਧੰਨੀ ਨੂੰ ਰੋਂਦੀ ਕੁਰਲਾਉਂਦੀ ਛੱਡ ਕੇ ਰੱਬ ਦਾ ਪਿਆਰਾ ਰੱਬ ਨੂੰ ਪਿਆਰਾ ਹੋ ਗਿਆ। ਜਿਹਨੇ ਜਨਮ ਦਿੱਤਾ ਖਾਣ ਨੂੰ ਵੀ ਦਿੰਦਾ, ਦੇ ਸਿਧਾਂਤ 'ਚ ਟੱਬਰ ਤਾਂ ਪਲ ਗਿਆ। ਪਰ ਕੋਈ ਸਾਈਕਲਾਂ ਨੂੰ ਪੈਂਚਰ ਲਾਉਣ ਲੱਗ ਪਿਆ ਤੇ ਕੋਈ ਸਬਜ਼ੀ ਵੇਚਣ ਲੱਗ ਪਿਆ। ਕੋਈ ਛਾਣ ਬੂਰਾ ਵੇਚੇ ਤੇ ਕੋਈ ਡਬਲ ਰੋਟੀਆਂ। ਹੈਰਾਨ ਹੋਵੋਗੇ ਕਿ ਹੁਣ ਸਾਧੂ ਰਾਮ ਦੇ ਟੱਬਰ ਵਿਚ 135 ਜੀਅ ਹਨ ਪਰ ਇਨ੍ਹਾਂ ਦੀ ਪੁੱਛ ਪ੍ਰਤੀਤ ਵੋਟਾਂ ਵਾਲੇ ਦਿਨਾਂ 'ਚ ਹੁੰਦੀ ਹੈ। ਚਾਹੇ ਵੋਟਾਂ ਸਰਪੰਚੀ ਦੀਆਂ ਹੋਣ ਜਾਂ ਐਮ.ਐਲ.ਏ. ਦੀਆਂ, ਚਾਹੇ ਐਮ.ਪੀ. ਦੀਆਂ। ਲਾਲ ਪਰੀ, ਭੁੱਕੀ, ਅਫੀਮ ਪਹਿਲਾਂ ਸਾਧੂ ਰਾਮ ਦੇ ਟੱਬਰ ਵਿਚ ਹੀ ਪੁੱਜਦੀ ਹੈ। ਮੰਨਣਾ ਪਵੇਗਾ ਕਿ ਜਿਨ੍ਹਾਂ ਦੇ ਪ੍ਰੇਮ ਸਫਲ ਹੋ ਗਏ ਹਨ, ਉਹ ਕਵੀ ਨਹੀਂ ਬਣੇ। ਕਵਿਤਾ ਪਿਆਰ 'ਚ ਅਸਫਲ ਹੋਣ ਵਾਲਿਆਂ ਦਾ ਰੋਣਾਂ ਧੋਣਾ ਹੀ ਹੁੰਦੀ ਹੈ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### *ਸਭ ਬਦਲ ਗਿਆ!*

ਨਿੰਮ ਤੇ ਬਰੋਟੇ ਵਾਲਾ ਯੁੱਗ ਕੁਝ ਮੁੱਕ ਚੱਲਿਆ, ਬੋਹੜਾਂ ਵਾਲੀ ਛਾਂ ਗਈ ਖੜਾ ਮੁੱਕ ਚੱਲਿਆ।
ਬੜੀ ਦੇਰ ਹੋ ਗਈ ਪੀਂਘ ਪਿੱਪਲਾਂ ਤੋਂ ਲੱਥ ਗਈ, ਵਿਰਸੇ ਦੀ ਗੱਲ ਮੁੱਕੀ ਜਦੋਂ ਦੀ ਇਹ ਸੱਥ ਗਈ।
ਤਿੰਞਣਾਂ 'ਚ ਰੋਂਦੇ ਦੇਖੇ ਪੂਣੀਆਂ ਤੇ ਚਰਖੇ, ਸਾਰੇ ਰਸਮੋ-ਰਿਵਾਜ ਮੁੱਕੇ ਇਕ ਇਕ ਕਰਕੇ।
ਘੁੰਡ ਵਿਚ ਹੁਣ ਨਹੀਓਂ ਨੈਣ ਲਾਉਂਦੇ ਝਾਤੀਆਂ, ਠੰਢਿਆਂ ਤੋੜ ਦਿੱਤੀਆਂ ਲੱਸੀ ਦੀਆਂ ਚਾਟੀਆਂ।
ਕੋਈ ਵੀ ਸੁਹਾਣੀ ਹੁਣ ਭੱਤਾ ਲੈ ਕੇ ਜਾਵੇ ਨਾ, ਪੋਤਿਆਂ ਨੂੰ ਦਾਦੀ ਹੁਣ ਬਾਤ ਕੋਈ ਸੁਣਾਵੇ ਨਾ।
ਕੌਣ ਰੱਖਦਾ ਏ ਬੂਰੀਆਂ ਤੇ ਫੇਰਦਾ ਮਧਾਣੀਆਂ, ਨਸ਼ੱਈਆਂ ਦੀਆਂ ਲੱਗਦੀਆਂ ਮੋੜਾਂ 'ਤੇ ਢਾਣੀਆਂ।
ਨਵੇਂ ਹੀ ਜ਼ਮਾਨੇ 'ਤੇ ਨਵਾਂ ਸਾਰਾ ਰੰਗ ਹੈ, ਸ਼ਰਮ ਹਯਾ ਦੇ ਨਾਲ ਰੁੜ ਚੱਲੀ ਸੰਗ ਹੈ।
ਢਾਕ 'ਤੇ ਘੜਾ ਕੋਈ ਰੱਖੇ ਮੁਟਿਆਰ ਨਾ, ਅਤਰਫਰੇਲਾਂ ਵਾਲਾ ਰਹਿ ਗਿਆ ਸ਼ਿੰਗਾਰ ਨਾ।
ਲੀਡਰਾਂ ਨੇ ਖਾਧਾ ਪੰਜਾਂ ਪਾਣੀਆਂ ਦਾ ਦੇਸ਼ ਇਹ, ਤਾਈਓਂ ਈ ਤਾਂ ਵੇਖਣਾ ਪਿਆ ਪਰਦੇਸ ਇਹ।
ਸੱਚੀਆਂ ਨੇ ਗੱਲਾਂ ਕੋਈ ਝੂਠ ਵਾਲਾ ਖਾਬ ਨਹੀਂ, ਸੱਚੀ ਹੁਣ ਲੱਗਦਾ ਉਹੋ ਜਿਹਾ ਪੰਜਾਬ ਨਹੀਂ।

# ਅਮਰੀਕਾ ਪੁੱਜਣ ਵਾਲੇ ਪਹਿਲੇ ਪੰਜਾਬੀ ਦੀ ਧੀ ਨਾਲ ਮੁਲਾਕਾਤ



## ਗ਼ਦਰ ਦੌਰ ਦੀ ਚਸ਼ਮਦੀਦ ਕਰਤਾਰ ਢਿੱਲੋਂ ਨਾਲ ਮੁਲਾਕਾਤ

*(1898 'ਚ ਸੈਨ ਫਰਾਂਸਿਸਕੋ ਬੰਦਰਗਾਹ 'ਤੇ ਲੱਥਣ ਵਾਲਾ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੁਰਸਿੰਘ ਦਾ ਬਖਸ਼ੀਸ਼ ਸਿੰਘ ਢਿੱਲੋਂ ਅਮਰੀਕਾ 'ਚ ਪੁੱਜਣ ਵਾਲਾ ਪਹਿਲਾ ਪੰਜਾਬੀ ਸੀ। ਪਿੱਛੋਂ ਉਹ ਅੰਗਰੇਜ਼ੀ ਫੌਜ 'ਚ ਸਾਰਜੰਟ ਦੀ ਨੌਕਰੀ ਕਰਦਾ ਆਇਆ ਸੀ, ਨੌਕਰੀ ਦੌਰਾਨ ਕਿੰਨੇ ਸਾਲ ਉਹ ਸ਼ੰਘਈ ਰਿਹਾ। ਤਿੰਨ ਹੋਰ ਸਿੰਘਾਂ ਨਾਲ ਉਹ ਸਮੁੰਦਰੀ ਜਹਾਜ਼ ਰਾਹੀਂ ਅਮਰੀਕਾ ਦੇ ਪੱਛਮੀ ਤੱਟ 'ਤੇ ਪੁੱਜ ਗਿਆ। ਇਮੀਗ੍ਰੇਸ਼ਨ ਦੇ ਅਧਿਕਾਰੀ ਉਹਦਾ ਦਸਤਾਰਬੱਧ ਤੇ ਦਾਹੜੇ ਵਾਲਾ ਚਿਹਰਾ ਤੇ ਉਚਾ ਲੰਮਾ ਕੱਦ-ਕਾਠ ਦੇਖ ਕੇ ਹੈਰਾਨ ਤੇ ਪ੍ਰਸੰਨ ਹੋਏ। ਉਨ੍ਹਾਂ ਅਖ਼ਬਾਰਾਂ ਵਾਲਿਆਂ ਨੂੰ ਸੱਦ ਲਿਆ। ਅਨੂਠੀ ਦਿੱਖ ਵਾਲੇ ਦਰਸ਼ਨੀ ਜਵਾਨਾਂ ਦੀ ਫੋਟੋ ਤੇ ਖ਼ਬਰ ਸੈਨ ਫਰਾਂਸਿਸਕੋ ਦੇ ਅਖਬਾਰ 'ਚ ਛਪੀ। ਕੁਝ ਸਾਲ ਪਹਿਲਾਂ ਆਪਣੀ ਅਮਰੀਕਾ ਫੇਰੀ ਵੇਲੇ ਡਾ. ਗੁਰਬਚਨ, ਬਖਸ਼ੀਸ਼ ਸਿੰਘ ਦੀ ਧੀ ਕਰਤਾਰ ਢਿੱਲੋਂ ਨੂੰ ਸੈਨ ਫਰਾਂਸਿਸਕੋ ਉਹਦੇ ਘਰ ਜਾ ਮਿਲਿਆ। ਅੱਤ ਸੁੰਦਰ ਦਿੱਖ ਤੇ ਲੰਮੇ ਉਚੇ ਕੱਦ-ਕਾਠ ਤੇ ਜੁੱਸੇ ਵਾਲੀ ਕਰਤਾਰ ਉਦੋਂ ਪੱਚਾਸੀ ਸਾਲਾਂ ਦੀ ਸੀ। ਸਵੈ-ਨਿਰਭਰ ਹੋ ਕੇ ਕੰਮ ਕਰਦੀ, ਕਾਰ ਚਲਾਉਂਦੀ, ਦਾਨਿਸ਼ਵਰੀ ਦੀਆਂ ਗੱਲਾਂ ਕਰਦੀ। ਉਹ ਆਪਣੇ ਪਿਤਾ, ਪਰਿਵਾਰ ਦੇ ਹੋਰ ਜੀਆਂ ਬਾਰੇ ਅਤੇ ਆਪਣੇ ਗਦਰ ਲਹਿਰ ਦੇ ਮਾਹੌਲ ਸਬੰਧੀ ਗੱਲਬਾਤ ਕਰਨ ਲਈ ਮੰਨ ਗਈ। ਇਹ ਲੰਮੀ ਗੱਲਬਾਤ ਉਹਦੀ ਧੀ ਡਾ. ਆਇਸ਼ਾ ਦੇ ਘਰ ਬਰਕਲੇ (ਕੈਲੀਫੋਰਨੀਆ) 'ਚ ਤਿੰਨ ਦਿਨਾਂ 'ਚ ਮੁਕੰਮਲ ਹੋਈ। ਅੰਗਰੇਜ਼ੀ 'ਚ ਹੋਈ ਇਹ ਗੱਲਬਾਤ ਉਦੋਂ ਅੰਗਰੇਜ਼ੀ 'ਚ ਛਪੀ। 5 ਜੂਨ, 2008 ਨੂੰ ਕਰਤਾਰ ਢਿੱਲੋਂ 93 ਸਾਲ ਦੀ ਉਮਰ ਭੋਗ ਕੇ ਕਾਲਵਸ ਹੋ ਗਈ। ਸ਼ਾਨਦਾਰ ਸ਼ਖਸੀਅਤ ਵਾਲੀ ਤੇ ਆਪਣੇ ਯੁੱਗ ਤੋਂ ਬਹੁਤ ਅਗਾਂਹ ਦੀ ਸੋਚ ਰੱਖਣ ਵਾਲੀ ਇਸ ਸ਼ਖਸੀਅਤ ਨਾਲ ਹੋਈ ਉਸੇ ਗੱਲਬਾਤ ਦਾ ਪੰਜਾਬੀ ਰੂਪ ਇਥੇ ਛਾਪਿਆ ਜਾ ਰਿਹਾ ਹੈ। -ਸੰਪਾਦਕ*

**ਸਵਾਲ: ਆਪਣੇ ਪਿਤਾ ਬਖਸ਼ੀਸ਼ ਸਿੰਘ ਬਾਰੇ ਕੁਝ ਦੱਸੋ। ਸੁਣਿਐ, ਉਹ ਅਮਰੀਕਾ 'ਚ ਪੁੱਜਣ ਵਾਲਾ ਪਹਿਲਾ ਪੰਜਾਬੀ ਸੀ?**

-ਜਿੰਨਾ ਕੁ ਮੈਨੂੰ ਪਤਾ, ਅਮਰੀਕਾ 'ਚ ਆਉਣ ਵਾਲਾ ਉਹ ਪਹਿਲਾ ਪੰਜਾਬੀ ਸੀ।

**ਸਵਾਲ: ਅਮਰੀਕਾ ਪਹੁੰਚਣ ਤੋਂ ਪਹਿਲਾਂ ਤੁਹਾਡੇ ਪਿਤਾ ਦਾ ਪਿਛੋਕੜ?**

-ਉਹ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੁਰਸਿੰਘ ਤੋਂ ਸੀ। ਸੋਲਾਂ-ਸਤਾਰਾਂ ਸਾਲਾਂ ਦਾ ਸੀ ਜਦ ਉਹ ਕਮਾਈ ਕਰਨ ਘਰੋਂ ਤੁਰ ਪਿਆ। ਦੋ ਭਰਾਵਾਂ 'ਚੋਂ ਉਹ ਨਿੱਕਾ ਸੀ। ਪਰਿਵਾਰ ਲਈ ਬੜੀ ਔਖਿਆਈ ਦੇ ਦਿਨ ਸਨ। ਅੰਗਰੇਜ਼ਾਂ ਨੇ ਮਾਲੀਆ ਏਨਾ ਵਧਾ ਦਿੱਤਾ ਸੀ ਕਿ ਕੁੱਲ ਕਮਾਈ ਦਾ ਅੱਧ ਇਸ ਵਿਚ ਚਲਾ ਜਾਂਦਾ। ਬਹੁਤੇ ਲੋਕ ਕੰਗਾਲ ਤੇ ਬੇਜ਼ਮੀਨੇ ਹੋਣ ਲੱਗੇ ਤੇ ਸ਼ਾਹੂਕਾਰਾਂ ਦੇ ਸ਼ਿਕਾਰ ਹੋ ਗਏ। ਕੰਮ ਜੇ ਮਿਲਦਾ ਤਾਂ ਉਹ ਬਰਤਾਨਵੀ ਫੌਜ 'ਚ ਨੌਕਰੀ ਦਾ ਸੀ। ਮੇਰਾ ਪਿਤਾ ਫੌਜ 'ਚ ਭਰਤੀ ਹੋ ਗਿਆ। ਉਹ ਤੋਪ ਗੋਲਾ ਦਸਤੇ ਵਿਚ ਸੀ ਤੇ ਉਹਨੂੰ ਚੀਨ ਭੇਜ ਦਿੱਤਾ ਗਿਆ। ਉਹ ਬਹੁਤ ਲੰਮਾ ਤੇ ਤਕੜੇ ਜੁੱਸੇ ਵਾਲਾ ਜੁਆਨ ਸੀ। ਤੋਪ ਗੋਲੇ ਦੇ ਸਾਮਾਨ ਨਾਲ ਸਿੱਝਣ ਲਈ ਉਹਦੇ ਵਰਗੇ ਬੰਦੇ ਦੀ ਲੋੜ ਸੀ।

**ਸਵਾਲ: ਉਹ ਫੌਜ 'ਚ ਕਿੰਨੀ ਦੇਰ ਰਹੇ? ਫੌਜ 'ਚੋਂ ਰੁਖ਼ਸਤ ਕਿਉਂ ਹੋਏ?**

-ਇਹਦਾ ਜੁਆਬ ਮੈਂ ਬਚਪਨ ਵੇਲੇ ਜੋ ਸੁਣਿਆ ਉਹਨੂੰ ਯਾਦ ਕਰਕੇ ਹੀ ਦੇ ਸਕਦੀ ਹਾਂ। ਉਹਨੂੰ ਅੰਗਰੇਜ਼ਾਂ ਦੀ ਨੌਕਰੀ ਕਰਨੀ ਮਾੜੀ ਲੱਗਦੀ ਸੀ। ਪਹਿਲਾ ਮੌਕਾ ਮਿਲਦੇ ਹੀ ਉਹਨੇ ਫੌਜ ਤੋਂ ਪੱਕੀ ਛੁੱਟੀ ਲੈ ਲਈ।

**ਸਵਾਲ: ਤੁਹਾਡੇ ਪਿਤਾ ਦੇ ਫੌਜ 'ਚ ਭਰਤੀ ਹੋਣ ਨਾਲ ਮਾਇਕ ਲੋੜਾਂ ਪੂਰੀਆਂ ਹੋਈਆਂ?**

-ਕਾਫੀ ਹੱਦ ਤੱਕ।

**ਸਵਾਲ: ਆਪਣੇ ਬਚਪਨ ਦੀਆਂ ਯਾਦਾਂ ਬਾਰੇ ਕੁਝ ਦੱਸੋ।**

-ਮੈਂ ਦੱਖਣੀ ਕੈਲੀਫੋਰਨੀਆ ਦੀ ਸਿੰਮੀ ਵਾਦੀ 'ਚ 1915 'ਚ ਜਨਮੀ। ਮੇਰਾ ਖਿਆਲ ਹੈ ਉਦੋਂ ਮੇਰਾ ਪਿਤਾ ਉਸਾਰੀ ਦੇ ਕੰਮ 'ਤੇ ਸੀ। ਮੈਂ ਕੋਈ ਸਾਲ ਦੀ ਹੋਵਾਂਗੀ ਜਦ ਮੇਰਾ ਪਿਤਾ ਓਰੇਗਾਨ ਸਟੇਟ ਦੇ ਆਸਟੋਰੀਆ ਨਗਰ 'ਚ ਆ ਗਿਆ। ਉਥੇ ਉਹਨੇ ਲਕੜ ਮਿਲ 'ਚ ਕੰਮ ਕੀਤਾ। (ਆਸਟੋਰੀਆ 'ਚ ਕੁਝ ਸਾਲ ਪਹਿਲਾਂ 1913 'ਚ ਹਿੰਦੀ ਕਾਮਿਆਂ ਦੀ ਜਥੇਬੰਦੀ ਬਣ ਚੁੱਕੀ ਸੀ ਜਿਹਦਾ ਨਾਂ 'ਹਿੰਦੀ ਐਸੋਸੀਏਸ਼ਨ ਆਫ ਦਾ ਪੈਸਿਫਿਕ ਕੋਸਟ' ਰੱਖਿਆ ਗਿਆ ਜੋ ਬਾਅਦ ਵਿਚ ਗਦਰ ਪਾਰਟੀ ਦੇ ਨਾਂ ਨਾਲ ਪ੍ਰਸਿੱਧ ਹੋਈ।

**ਸਵਾਲ: ਆਸਟੋਰੀਆ 'ਚ ਉਦੋਂ ਜ਼ਿੰਦਗੀ ਕਿੰਦਾਂ ਦੀ ਸੀ?**

-ਆਸਟੋਰੀਆ ਬਹੁਤ ਖ਼ੂਬਸੂਰਤ ਜਗ੍ਹਾ ਹੈ। ਇਹ ਸ਼ਹਿਰ ਓਰੇਗਾਨ ਸਟੇਟ ਦੇ ਧੁਰ ਉੱਤਰ-ਪੱਛਮੀ ਕੋਨੇ 'ਤੇ ਵੱਸਿਆ ਹੋਇਆ ਹੈ ਜਿੱਥੇ ਕਿੰਨੇ ਦਰਿਆ ਦੂਰੋਂ ਆਉਂਦੇ ਤੇ ਅਗਾਂਹ ਸ਼ਾਂਤ ਮਹਾਂਸਾਗਰ 'ਚ ਜਾ ਦਾਖਲ ਹੁੰਦੇ ਹਨ। ਖ਼ੂਬਸੂਰਤ ਕੋਲੰਬੀਆ ਦਰਿਆ ਉਸ ਥਾਂ ਵਹਿੰਦਾ ਹੈ। ਸਾਡਾ ਟਿਕਾਣਾ ਕੋਲੰਬੀਆ ਦਰਿਆ ਦੇ ਐਨ ਕੰਢੇ 'ਤੇ ਸੀ। ਇਹ ਦਰਿਆ ਬਹੁਤ ਚੌੜਾ ਹੈ। ਮੇਰਾ ਖਿਆਲ ਹੈ ਚਾਰ ਮੀਲ ਚੌੜਾ ਤੇ ਉਥੋਂ ਦੇ ਮੌਸਮਾਂ ਦੀ ਤਾਂ ਗੱਲ ਹੀ ਨਾ ਪੁੱਛੋ। ਸਰਦੀਆਂ 'ਚ ਬਰਫ ਪੈਂਦੀ। ਉਥੇ ਅਸੀਂ ਕਾਲੇ ਬੇਰ ਤੋੜਦੇ। ਅਸੀਂ ਉਦੋਂ ਬੱਚੇ ਸੀ, ਸਿਵਾਏ ਖੇਡਣ ਦੇ ਹੋਰ ਕੋਈ ਕੰਮ ਨਹੀਂ ਸੀ ਹੁੰਦਾ। ਸਾਰੇ ਕੰਮ ਦਾ ਜ਼ਿੰਮਾ ਸਾਡੀ ਮਾਂ ਦਾ ਹੁੰਦਾ ਸੀ। ਪਿਤਾ ਪੈਦਲ ਕੰਮ 'ਤੇ ਜਾਂਦਾ। ਉਥੇ ਇੰਡੀਆ ਤੋਂ ਆ ਕੇ ਰਹਿਣ ਵਾਲਾ ਪਰਿਵਾਰ ਸਿਰਫ ਸਾਡਾ ਹੀ ਸੀ। ਕੋਈ ਚਾਰ ਸੌ ਦੇ ਕਰੀਬ ਕਾਮੇ ਭਾਰਤ ਤੋਂ ਸਨ, ਪਰ ਸਾਰੇ ਮਰਦ, ਕਿਸੇ ਦਾ ਪਰਿਵਾਰ ਨਾਲ ਨਹੀਂ ਸੀ ਹੁੰਦਾ। ਇਸ ਤੋਂ ਇਲਾਵਾ ਫਿਨਲੈਂਡ, ਜਰਮਨੀ, ਆਇਰਲੈਂਡ ਤੇ ਯੂਨਾਨ ਤੋਂ ਆਏ ਕਾਮੇ ਉਥੇ ਰਹਿੰਦੇ ਸਨ। ਮੇਰਾ ਪਿਤਾ ਜਿਸ ਜਗ੍ਹਾ ਕੰਮ ਕਰਦਾ ਉਹਦਾ ਨਾਂ ਹੈਮੰਡ ਲੰਬਰ ਮਿਲ ਸੀ। ਇਹ ਮਿਲ ਹੁਣ ਉਥੇ ਨਹੀਂ ਰਹੀ।

**ਸਵਾਲ: ਉਸ ਆਰਾ ਮਿਲ 'ਚ ਕੰਮ ਦਾ ਕੀ ਹਾਲ ਸੀ, ਕਾਮੇ ਕਿੰਦਾਂ ਮਹਿਸੂਸ ਕਰਦੇ ਸਨ?**

-ਅਮਰੀਕਾ ਦੇ ਉੱਤਰ-ਪੱਛਮ 'ਚ ਸਾਰਾ ਇਲਾਕਾ ਟਿੰਬਰ ਨਾਲ ਭਰਿਆ ਪਿਆ ਹੈ। ਆਰਾ ਮਿਲਾਂ, ਜਿੱਥੇ ਲਕੜ ਦੀ ਚਿਰਾਈ/ਕਟਾਈ ਹੁੰਦੀ, ਉਸ ਇਲਾਕੇ 'ਚ ਇਹ ਬਹੁਤ ਵੱਡੀ ਸਨਅਤ ਹੈ। ਅੰਤਰਰਾਸ਼ਟਰੀ ਪੱਧਰ 'ਤੇ ਕਾਮਿਆਂ ਦੀ ਜਮਾਤ ਨੇ ਆਪਣੇ ਆਪ ਨੂੰ ਆਈ. ਡਬਲਯੂ. ਡਬਲਯੂ. ਜਥੇਬੰਦੀ 'ਚ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਸੰਗਠਨ ਦੀ ਫਿਲਾਸਫੀ ਅਮਰੀਕਨ ਫੈਡਰੇਸ਼ਨ ਆਫ ਲੇਬਰ ਤੋਂ ਵੱਖਰੀ ਸੀ। ਆਈ. ਡਬਲਯੂ. ਡਬਲਯੂ. ਦੀ ਫਿਲਾਸਫੀ ਰੋਟੀ-ਟੁੱਕ ਦੇ ਸੁਆਲ ਤੱਕ ਸੀਮਤ ਨਹੀਂ ਸੀ। ਇਸ ਸੰਸਥਾ ਅੱਗੇ ਇਹ ਸੁਆਲ ਅਹਿਮ ਸੀ ਕਿ ਰੋਟੀ ਕਮਾਉਣ ਬਾਅਦ ਵਰਕਰ ਦਾ ਜੀਵਨ ਕਿੰਦਾਂ ਦਾ ਹੈ, ਯਾਨਿ ਕਿ ਉਹਦਾ ਸਮਾਜਕ ਜੀਵਨ ਕਿਹੋ ਜਿਹਾ ਹੈ, ਉਹ ਬਾਹਰੀ ਦੁਨੀਆਂ ਨਾਲ ਕਿਵੇਂ ਜੁੜਦਾ ਹੈ। ਅਮਰੀਕਨ ਯੂਨੀਅਨ ਰੋਟੀ ਦੇ ਮਸਲੇ ਤੋਂ ਅਗਾਂਹ ਨਹੀਂ ਸੀ ਜਾਂਦੀ। ਉਹ ਵਿਦੇਸ਼ੀ ਕਾਮਿਆਂ ਦੀ ਮੌਜੂਦਗੀ 'ਤੇ ਖੁਸ਼ ਨਹੀਂ ਸੀ, ਨਾ ਹੀ ਉਹ ਵਿਦੇਸ਼ੀ ਕਾਮਿਆਂ ਨੂੰ ਆਪਣੀ ਯੂਨੀਅਨ ਵਿਚ ਦਾਖਲਾ ਦਿੰਦੇ ਸਨ। ਪਰ 'ਇੰਟ੍ਰਨੈਸ਼ਨਲ ਵਰਕਰਜ਼ ਆਫ ਦੀ ਵਰਲਡ' ਸਾਰਿਆਂ ਨੂੰ ਆਪਣੀ ਯੂਨੀਅਨ 'ਚ ਸ਼ਾਮਿਲ ਕਰਨ ਦੇ ਹੱਕ ਵਿਚ ਸੀ। ਇਹ ਬਹੁਤ ਸ਼ਾਨਦਾਰ ਕਿਸਮ ਦੀ ਯੂਨੀਅਨ ਸੀ। ਮੇਰਾ ਪਿਤਾ ਇਸ ਯੂਨੀਅਨ ਦਾ ਮੈਂਬਰ ਸੀ। ਇਕੇਰਾਂ ਕੰਮ ਦੀਆਂ ਸ਼ਰਤਾਂ ਮਾੜੀਆਂ ਹੋਣ ਕਰਕੇ ਇਸ ਯੂਨੀਅਨ ਨੇ ਹੜਤਾਲ ਕਰਨ ਦਾ ਐਲਾਨ ਕੀਤਾ। ਕਾਮਿਆਂ ਨੂੰ ਘਟ ਉਜਰਤ 'ਤੇ ਜ਼ਿਆਦਾ ਘੰਟੇ ਕੰਮ ਕਰਨਾ ਪੈਂਦਾ ਤੇ ਉਜਰਤ ਵਿਚ ਵੀ ਵਿਤਕਰਾ ਕੀਤਾ ਜਾਂਦਾ। ਇੰਡੀਅਨ, ਜਾਪਾਨੀ ਤੇ ਹੋਰ ਗੈਰ-ਗੋਰੇ ਕਾਮਿਆਂ ਨੂੰ ਜੋ ਉਜਰਤ ਦਿੱਤੀ ਜਾਂਦੀ ਉਹ ਗੋਰੇ ਕਾਮਿਆਂ ਨੂੰ ਦਿੱਤੀ ਜਾਣ ਵਾਲੀ ਉਜਰਤ ਤੋਂ ਘੱਟ ਸੀ। ਜਦ ਕਿ ਸੱਚ ਇਹ ਸੀ ਕਿ ਸਿਵਾਏ ਮੂਲ ਵਾਸੀਆਂ ਦੇ ਬਾਕੀ ਸਾਰੇ ਕਾਮੇ, ਜਿਸ ਵਿਚ ਅਮਰੀਕਨ ਗੋਰੇ ਵੀ ਸ਼ਾਮਲ ਸਨ, ਆਵਾਸੀ ਸਨ। ਆਸਟੋਰੀਆ ਤੇ ਹੋਰ ਥਾਵਾਂ 'ਚ ਹੜਤਾਲ ਹੋਈ। ਅੰਤ ਯੂਨੀਅਨ ਨੇ ਮੰਗਾਂ ਮਨਵਾਈਆਂ ਪਰ ਇਹ ਜਿੱਤ ਬਹੁਤ ਤਕੜੀ ਜੱਦੋਜਹਿਦ ਬਾਅਦ ਪ੍ਰਾਪਤ ਹੋਈ। ਉਜਰਤ ਵਿਚ ਵਾਧਾ ਕੀਤਾ ਗਿਆ ਤੇ ਕੰਮ ਦੇ ਘੰਟਿਆਂ ਨੂੰ ਘਟਾਇਆ ਗਿਆ। ਇਸ ਜੱਦੋਜਹਿਦ ਵਿਚ ਮੇਰੇ ਪਿਤਾ ਦਾ ਰੋਲ ਇਹ ਸੀ ਕਿ ਉਹ ਇਸ ਲੜਾਈ ਦੀ ਅਹਿਮੀਅਤ ਬਾਰੇ ਇੰਡੀਆ ਦੇ ਕਾਮਿਆਂ ਵਿਚ ਪ੍ਰਚਾਰ ਕਰਦਾ ਰਿਹਾ ਕਿਉਂਕਿ ਆਪਣੇ ਕਾਮਿਆਂ 'ਚੋਂ ਸਿਰਫ ਉਹੀ ਪੜ੍ਹਿਆ ਲਿਖਿਆ ਸੀ। ਉਹਨੂੰ ਅੰਗਰੇਜ਼ੀ ਤੇ ਪੰਜਾਬੀ ਦੋਵਾਂ ਭਾਸ਼ਾਵਾਂ ਦੀ ਚੰਗੀ ਮੁਹਾਰਤ ਸੀ। ਉਹ ਪੰਜਾਬੀ ਕਾਮਿਆਂ ਨੂੰ ਨਿਤ ਦਿਨ ਹੜਤਾਲ ਦੌਰਾਨ ਜੋ ਕੁਝ ਵਾਪਰਦਾ ਉਹਦੇ ਬਾਰੇ ਜਾਣਕਾਰੀ ਦਿੰਦਾ ਤੇ ਦਸਦਾ ਕਿ ਉਨ੍ਹਾਂ ਦਾ ਹੜਤਾਲ 'ਚ ਸ਼ਾਮਲ ਹੋਣਾ ਕਿਉਂ ਜ਼ਰੂਰੀ ਹੈ। ਆਈ. ਡਬਲਯੂ. ਡਬਲਯੂ. ਦਾ ਇਤਿਹਾਸ ਬਹੁਤ ਅਹਿਮ ਹੈ। ਇਸ ਯੂਨੀਅਨ ਨੇ ਵਰਕਰਾਂ ਦੇ ਹੱਕ 'ਚ ਅਨੇਕਾਂ ਲੜਾਈਆਂ ਲੜੀਆਂ। ਮਾਲਕਾਂ ਨੇ ਕਿੰਨੀ ਵੇਰ ਸਰਕਾਰੀ ਬੰਦੂਕਧਾਰੀ ਬੁਲਾਏ ਤੇ ਸੈਂਕੜੇ ਵਰਕਰ ਇਨ੍ਹਾਂ ਲੜਾਈਆਂ 'ਚ ਮਾਰੇ ਵੀ ਗਏ। ਜਿੱਥੇ ਕਿਤੇ ਵੀ ਸੰਘਰਸ਼ ਹੋਇਆ ਉਸ ਥਾਂ ਬਾਰੇ ਕੋਈ ਨਾ ਕੋਈ ਕਹਾਣੀ ਪ੍ਰਸਿੱਧ ਹੈ। ਹਰੇਕ ਥਾਂ ਝਗੜੇ ਦੀ ਜੜ੍ਹ ਇਹੀ ਸੀ ਕਿ ਇਕ ਪਾਸੇ ਵਰਕਰ ਤੇ ਦੂਜੇ ਪਾਸੇ ਮਿੱਲ ਮਾਲਕ ਸਨ ਤੇ ਇਨ੍ਹਾਂ ਦੋਵਾਂ ਦੇ ਹਿੱਤਾਂ ਵਿਚਕਾਰ ਟੱਕਰ ਹੁੰਦੀ। ਮਿਸਾਲ ਵਜੋਂ, ਆਰਾ ਮਿੱਲਾਂ ਵਿਚ ਵਰਤੀ ਜਾਣ ਵਾਲੀਆਂ ਮਸ਼ੀਨਾਂ ਅਜਿਹੀਆਂ ਹੁੰਦੀਆਂ ਕਿ ਚਲਦੇ ਆਰੇ 'ਚ ਕਾਮੇ ਦਾ ਹੱਥ ਆ ਜਾਣ ਦਾ ਖਤਰਾ ਬਣਿਆ ਰਹਿੰਦਾ। ਉਨ੍ਹਾਂ ਨੂੰ ਆਪਣੇ ਬਚਾਅ ਲਈ ਵੀ ਲੜਨਾ ਪਿਆ। ਲੜਾਈ ਸਿਰਫ ਜ਼ਿਆਦਾ ਉਜਰਤ ਲਈ ਜਾਂ ਕੰਮ ਦੇ ਘੰਟਿਆਂ ਬਾਰੇ ਨਹੀਂ ਸੀ ਲੜੀ ਜਾਂਦੀ, ਇਹ ਵਰਕਰ ਦੀ ਜਾਨ ਦੇ ਬਚਾਅ ਲਈ ਵੀ ਲੜੀ ਜਾਂਦੀ ਸੀ। ਇਸ ਸਾਰੇ ਚੱਕਰ 'ਚ ਪੰਜਾਬ ਤੋਂ ਆਏ ਵਰਕਰਾਂ ਨੂੰ ਸਮਝਾਣ/ਪੜ੍ਹਾਣ ਦੀ ਬੜੀ ਲੋੜ ਸੀ ਕਿਉਂਕਿ ਉਨ੍ਹਾਂ ਦਾ ਪਿਛੋਕੜ ਜ਼ਮੀਨ ਦਾ ਸੀ ਤੇ ਉਨ੍ਹਾਂ ਪਹਿਲਾਂ ਕਦੀ ਆਰਾ ਮਿੱਲਾਂ 'ਚ ਕੰਮ ਨਹੀਂ ਸੀ ਕੀਤਾ। ਇਨ੍ਹਾਂ ਕਾਮਿਆਂ ਨੂੰ ਜੰਗਲ 'ਚ ਵੀ ਕੰਮ ਕਰਨਾ ਪੈਂਦਾ। ਇਨ੍ਹਾਂ ਨੂੰ ਦੱਸਣਾ ਜ਼ਰੂਰੀ ਸੀ ਕਿ ਜਦ ਦਰਖਤ ਨੂੰ ਕੱਟਿਆ ਜਾਂਦਾ ਹੈ ਤਾਂ ਡਿੱਗਦੇ ਦਰਖਤ ਤੋਂ ਕਿਵੇਂ ਬਚਣਾ ਹੁੰਦਾ। ਇਹ ਵੀ ਦੱਸਣਾ ਪੈਂਦਾ ਕਿ ਘਣੇ ਜੰਗਲ 'ਚ ਆਪਣਾ ਰਾਹ ਕਿਵੇਂ ਲੱਭਣਾ।

**ਸਵਾਲ: ਜਦ ਤੁਸੀਂ ਆਸਟੋਰੀਆ 'ਚ ਰਹਿੰਦੇ ਸੀ, ਜਿੱਥੇ ਤੁਹਾਡਾ ਬਚਪਨ ਗੁਜ਼ਰਿਆ, ਉਥੇ ਗ਼ਦਰ ਪਾਰਟੀ ਬਾਰੇ ਗੱਲਾਂ ਹੁੰਦੀਆਂ ਸੁਣੀਆਂ ਹੋਣਗੀਆਂ।**

-ਭਾਰਤੀ ਮਜ਼ਦੂਰਾਂ ਦੀ ਪਹਿਲੀ ਮੀਟਿੰਗ ਅਸਟੋਰੀਆ 'ਚ ਹੋਈ ਜਿੱਥੋਂ ਗਦਰ ਪਾਰਟੀ ਬਣਨ ਦੀ ਸ਼ੁਰੂਆਤ ਹੋਈ। ਜਦੋਂ ਅਸੀਂ ਆਸਟੋਰੀਆ ਰਹਿਣ ਲੱਗੇ ਮੈਂ ਬੜੀ ਛੋਟੀ ਸੀ। ਸਾਡੀ ਬੱਚਿਆਂ ਦੀ ਜ਼ਿੰਦਗੀ ਘਰ ਤੱਕ ਮਾਂ ਦੁਆਲੇ ਹੀ ਮਹਿਦੂਦ ਸੀ। ਮੇਰੀ ਮਾਂ ਰਤਨ ਕੌਰ ਮੇਰੇ ਪਿਤਾ ਨੂੰ ਪੰਜਾਬੀ ਅਖ਼ਬਾਰ ਪੜ੍ਹ ਕੇ ਸੁਣਾਉਂਦੀ ਹੁੰਦੀ ਸੀ ਜਦ ਉਹ ਕੰਮ ਤੋਂ ਥੱਕ ਕੇ ਘਰ ਪੁੱਜਦਾ। ਮੈਨੂੰ ਉਦੋਂ ਇੰਡੀਆ ਜੋ ਵਾਪਰ ਰਿਹਾ ਸੀ ਉਹਦਾ ਜ਼ਿਆਦਾ ਪਤਾ ਨਹੀਂ ਸੀ। ਪੰਜਾਬੀ ਅਖ਼ਬਾਰ ਤੋਂ ਹੀ ਮੈਨੂੰ ਜਲ੍ਹਿਆਂਵਾਲੇ ਬਾਗ 'ਚ ਜੋ ਵਾਪਰਿਆ ਉਹਦੇ ਬਾਰੇ ਪਤਾ ਲੱਗਾ। ਅੰਗਰੇਜ਼ ਸਾਡੇ ਲੋਕਾਂ 'ਤੇ ਜੋ ਜ਼ੁਲਮ ਢਾਅ ਰਹੇ ਸਨ ਉਹਦੇ ਬਾਰੇ ਸਾਨੂੰ ਪਤਾ ਲੱਗਦਾ ਰਹਿੰਦਾ ਸੀ। ਸਾਡੇ ਲੋਕਾਂ ਨਾਲ ਅਮਰੀਕਾ 'ਚ ਜੋ ਵਾਪਰਦਾ ਸੀ ਮੈਨੂੰ ਉਹਦਾ ਪਤਾ ਨਹੀਂ ਸੀ ਲੱਗਦਾ ਕਿਉਂਕਿ ਅਸੀਂ ਆਸਟੋਰੀਆ 'ਚ 1916 'ਚ ਪਹੁੰਚੇ। ਤਦ ਤੱਕ ਪੱਛਮੀ ਤੱਟ ਤੋਂ ਗਦਰੀ ਜੱਥਿਆਂ 'ਚ ਇੰਡੀਆ ਵਲ ਜਾ ਚੁੱਕੇ ਸਨ। ਮੈਨੂੰ ਤਦ ਇਹ ਪਤਾ ਨਹੀਂ ਸੀ ਕਿ ਇਹ ਸਭ ਕਿਵੇਂ ਵਾਪਰਿਆ।

**ਸਵਾਲ: ਜਿਹੜਾ ਪੰਜਾਬੀ ਦਾ ਅਖ਼ਬਾਰ ਤੁਹਾਡੇ ਮਾਤਾ ਉਦੋਂ ਪੜ੍ਹਦੇ ਹੁੰਦੇ ਸਨ ਉਹਦਾ ਨਾਂ ਕੀ ਸੀ?**

-ਹੁਣ ਉਹ ਯਾਦ ਨਹੀਂ।

**ਸਵਾਲ: ਗ਼ਦਰ ਪਾਰਟੀ ਬਾਰੇ ਪਹਿਲੀ ਵੇਰ ਕਦੋਂ ਸੁਣਿਆ?**

-ਜਦ 1922 'ਚ ਅਸੀਂ ਆਸਟੋਰੀਆ ਤੋਂ ਕੈਲੀਫੋਰਨੀਆ ਪੁੱਜੇ ਤਦ ਅਸੀਂ ਗਦਰ ਪਾਰਟੀ ਦੀਆਂ ਮੀਟਿੰਗਾਂ 'ਚ ਜਾਣਾ ਸ਼ੁਰੂ ਕੀਤਾ। ਸਾਲ 'ਚ ਦੋ ਵੇਰ ਮੀਟਿੰਗ ਹੁੰਦੀ ਗੁਰਦੁਆਰੇ ਵਿਚ। ਉਦੋਂ ਕੈਲੀਫੋਰਨੀਆ 'ਚ ਇਕੋ ਗੁਰਦੁਆਰਾ ਸਟਾਕਟਨ 'ਚ ਸੀ। ਅਸੀਂ ਉਥੋਂ ਦੋ ਸੌ ਮੀਲ ਦੀ ਦੂਰੀ 'ਤੇ ਰਹਿੰਦੇ ਸੀ। ਸਟਾਕਟਨ ਵਿਚ ਪਹਿਲੇ ਦਿਨ ਧਾਰਮਿਕ ਦੀਵਾਨ ਸਜਦਾ। ਗ਼ਦਰ ਪਾਰਟੀ ਦੀ ਮੀਟਿੰਗ ਅਗਲੇ ਦਿਨ ਹੁੰਦੀ। ਦੋਵੇਂ ਮੀਟਿੰਗਾਂ ਇਕ ਤਰ੍ਹਾਂ ਨਾਲ ਸਾਂਝੀਆਂ ਹੀ ਹੁੰਦੀਆਂ। ਗੁਰਪੁਰਬ ਵਾਲੇ ਦਿਨ ਗੁਰਦੁਆਰੇ ਇਕੱਠ ਜੋ ਹੁੰਦਾ ਉਹੀ ਲੋਕ ਗਦਰ ਪਾਰਟੀ ਦੀ ਮੀਟਿੰਗ ਦਾ ਹਿੱਸਾ ਬਣ ਜਾਂਦੇ। ਪਰ ਪਾਰਟੀ ਦੀਆਂ ਮੀਟਿੰਗਾਂ, ਜਿੱਥੇ ਕਿਤੇ ਇੰਡੀਅਨ ਲੋਕਾਂ ਦੀ ਭਾਰੀ ਵਸੋਂ ਹੁੰਦੀ, ਉਥੇ ਵੀ ਹੁੰਦੀਆਂ, ਜਿਵੇਂ ਫਰਿਜ਼ਨੋ ਵਾਦੀ ਜਾਂ ਯੂਬਾ ਸਿਟੀ ਵਿਚ। ਜਿੱਥੇ ਵੀ ਸਾਡੇ ਲੋਕ ਹੁੰਦੇ ਮੀਟਿੰਗ ਬੁਲਾ ਲਈ ਜਾਂਦੀ। ਗਦਰ ਪਾਰਟੀ ਦੀਆਂ ਸਰਗਰਮੀਆਂ ਬਾਰੇ ਮੈਨੂੰ ਉਨ੍ਹਾਂ ਦਿਨਾਂ 'ਚ ਹੀ ਪਤਾ ਲੱਗਾ।

**ਸਵਾਲ: ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਕਦੋਂ ਸ਼ੁਰੂ ਕੀਤੀ?**

-ਪੰਜਾਬੀ ਤਾਂ ਮੈਂ ਹੁਣ ਵੀ ਚੰਗੀ ਤਰ੍ਹਾਂ ਪੜ੍ਹ/ਬੋਲ ਨਹੀਂ ਸਕਦੀ। ਮੈਂ ਜਿਵੇਂ ਇਹਦੇ ਵਿਚ ਪਹਿਲੀ ਤੋਂ ਅਗਾਂਹ ਨਾ ਗਈ ਹੋਵਾਂ। ਜਦ ਮੇਰਾ ਪਿਤਾ ਹਲ ਵਾਹੁੰਦਾ ਮੈਂ ਉਹਦੇ ਨਾਲ ਖੇਤ 'ਚ ਦੌੜਦੀ ਰਹਿੰਦੀ, ਉਦੋਂ ਮੈਂ ਸੱਤ ਸਾਲਾਂ ਦੀ ਸੀ। ਉਹ ਮੈਨੂੰ ਮੁਹਾਰਨੀ ਬੋਲਣ ਲਈ ਕਹਿੰਦਾ। ਪਿਤਾ ਨੇ ਮੈਨੂੰ ਪੜ੍ਹਾਉਣ ਦਾ ਜ਼ਿੰਮਾ ਲੈ ਰੱਖਿਆ ਸੀ। ਮਾਂ ਛੋਟੀ ਭੈਣ ਨੂੰ ਪੰਜਾਬੀ ਪੜ੍ਹਾਉਂਦੀ ਸੀ। ਜਦ ਮੈਂ ਹਲ ਵਾਹੁੰਦੇ ਪਿਤਾ ਨਾਲ ਮੁਹਾਰਨੀ ਬੋਲਦੀ ਦੌੜੀ ਜਾਂਦੀ ਮੈਨੂੰ ਬੜਾ ਲੁਤਫ ਆਉਂਦਾ। ਘਰ ਵਿਚ ਬੰਦ ਰਹਿਣ ਨਾਲੋਂ ਇਹ ਕਿਤੇ ਵਧ ਚੰਗਾ ਸੀ। ਉਦੋਂ ਹੀ ਮੈਂ ਪੰਜਾਬੀ ਦੀ ਪੈਂਤੀ ਸਿੱਖੀ। ਸ਼ਾਮ ਨੂੰ ਪਿਤਾ ਘਰ ਆਉਂਦਾ ਤਾਂ ਮੈਨੂੰ ਗੁਰਮੁਖੀ ਲਿਖਣੀ ਸਿਖਾਂਦਾ। ਸ਼ਾਮ ਨੂੰ ਗੁਰਬਾਣੀ ਪੜ੍ਹਨੀ ਜ਼ਰੂਰੀ ਹੁੰਦੀ ਤੇ ਸਵੇਰੇ...ਸਵੇਰੇ ਜਿਹੜਾ ਪਾਠ ਹੁੰਦਾ ਉਹਨੂੰ ਕੀ ਕਹਿੰਦੇ ਆ?

**ਸਵਾਲ: ਜਪੁਜੀ?**

-ਹਾਂ, ਜਪੁਜੀ...ਇਹਦਾ ਸਾਨੂੰ ਸਵੇਰੇ ਪਾਠ ਕਰਨਾ ਪੈਂਦਾ। ਹੁੰਦਾ ਇਹ ਸੀ ਪਈ ਸਵੇਰੇ ਉਠਦਿਆਂ ਹੀ ਸਾਨੂੰ ਠੰਢੇ ਪਾਣੀ ਨਾਲ ਨਹਾਣਾ ਪੈਂਦਾ। ਤਿਆਰ ਹੋ ਕੇ ਪਾਠ ਕਰਨਾ ਪੈਂਦਾ। ਸਾਨੂੰ ਇਕ ਲਫ਼ਜ਼ ਵੀ ਪਾਠ ਦਾ ਸਮਝ ਨਹੀਂ ਸੀ ਪੈਂਦਾ ਪਰ ਇਹੀ ਲੱਗਦਾ ਇਹ ਬਹੁਤ ਜ਼ਰੂਰੀ ਹੈ। ਕਿਉਂਕਿ ਜੋ ਮਾਤਾ-ਪਿਤਾ ਕਰਦੇ ਸਾਨੂੰ ਲੱਗਦਾ ਇਹ ਬਹੁਤ ਅਹਿਮੀਅਤ ਵਾਲੀ ਗੱਲ ਹੈ। ਪੰਜਾਬੀ ਬਾਰੇ ਮੇਰੀ ਵਿਦਿਆ ਇਥੇ ਖ਼ਤਮ ਹੋ ਜਾਂਦੀ ਹੈ।

**ਸਵਾਲ: ਆਪਣੇ ਮੁੱਢਲੇ ਜੀਵਨ 'ਤੇ ਜਿਹੜੀ ਤੁਸੀਂ 'ਤੋਤੇ ਦੀ ਚੁੰਝ' ਕਹਾਣੀ ਲਿਖੀ ਉਹਦੇ ਵਿਚ ਤੁਹਾਡੀ ਮਾਂ ਦੀ ਟੋਕਾ-ਟਾਕੀ ਤੇ ਮਾਰ-ਕੁੱਟ ਦਾ ਜ਼ਿਕਰ ਹੈ। ਇਹਦੇ ਬਾਰੇ ਕੁਝ ਦੱਸੋ?**

-ਜਦੋਂ ਅਸੀਂ ਕੈਲੀਫੋਰਨੀਆ ਆ ਕੇ ਰਹਿਣ ਲੱਗੇ ਮੇਰੀ ਉਮਰ ਉਦੋਂ ਸੱਤਾਂ ਸਾਲਾਂ ਦੀ ਸੀ। ਆਸਟੋਰੀਆ ਵਿਚ ਸਾਡਾ ਆਪਣਾ ਘਰ ਸੀ। ਮਾਂ ਸਾਰੇ ਟੱਬਰ ਦਾ ਖਾਣਾ ਬਣਾਉਂਦੀ। ਟੱਬਰ ਵੱਡਾ ਸੀ, ਏਨਾ ਵੱਡਾ ਕਿ ਮਾਂ ਲਈ ਸੰਭਾਲਣਾ ਮੁਸ਼ਕਿਲ ਸੀ। ਕੈਲੀਫੋਰਨੀਆ ਆਏ ਤਾਂ ਮਾਂ ਦੀ ਜ਼ਿੰਮੇਵਾਰੀ ਹੋਰ ਵਧ ਗਈ। ਉਹਨੂੰ ਬਾਜਰੇ ਦੀ ਵਾਢੀ ਕਰਕੇ ਕੋਠੇ ਦੀ ਛੱਤ 'ਤੇ ਪਾਉਣਾ ਪੈਂਦਾ ਤਾਂ ਜੋ ਸਰਦੀਆਂ 'ਚ ਇਹ ਕੰਮ ਆ ਸਕੇ। ਅਚਾਰ ਪਾਉਣਾ ਵੀ ਵੱਡੀ ਮੁਹਿੰਮ ਸੀ। ਦਹੀਂ ਜੰਮਾਉਣਾ, ਸਾਰਿਆਂ ਨੇ ਲੱਸੀ ਪੀਣੀ ਹੁੰਦੀ। ਮੇਰੀ ਮਾਂ ਹਮੇਸ਼ਾਂ ਘਰ ਦੇ ਕੰਮ 'ਚ ਹੀ ਦੱਬੀ ਰਹਿੰਦੀ। ਉਹਦੇ ਢਿੱਡ 'ਚ ਬੱਚੇ ਤੋਂ ਬਾਅਦ ਬੱਚਾ ਵੀ ਹੁੰਦਾ। ਹੁਣ ਮੈਂ ਸੋਚਦੀ ਹਾਂ ਉਦੋਂ ਮੇਰੀ ਮਾਂ ਦੀ ਜ਼ਿੰਦਗੀ ਕਿੰਨੀ ਔਖੀ ਸੀ। ਮੇਰੇ 'ਤੇ ਮਾਂ ਦੀ ਟੋਕਾ-ਟਾਕੀ ਦਾ ਸਿਲਸਿਲਾ ਆਸਟੋਰੀਆ ਤੋਂ ਸ਼ੁਰੂ ਹੋ ਗਿਆ। ਮੈਂ ਚੌਥਾ ਬੱਚਾ ਸੀ ਤੇ ਮੇਰੇ ਬਾਅਦ ਚਾਰ ਹੋਰ ਹੋਏ। ਅੰਦਾਜ਼ਾ ਲਗਾਓ 16 ਸਾਲਾਂ ਦੀ ਵਿਆਹੁਤਾ ਜ਼ਿੰਦਗੀ 'ਚ ਅੱਠ ਬੱਚੇ। ਮੇਰੇ ਤੋਂ ਪਹਿਲਾਂ ਤਿੰਨ ਬੱਚੇ, ਹਰੇਕ ਬੱਚੇ ਵਿਚਕਾਰ ਦੋ ਸਾਲਾਂ ਤੋਂ ਘੱਟ ਦਾ ਵਕਫ਼ਾ। ਮੇਰੇ ਬਾਅਦ ਪੰਜਾਂ ਸਾਲਾਂ ਦਾ ਫਰਕ ਹੈ। ਪਹਿਲਾ ਬੱਚਾ 1910 'ਚ ਪੈਦਾ ਹੋਇਆ, ਮੈਂ 1915 'ਚ, ਯਾਨਿ ਕਿ ਪੰਜ ਸਾਲਾਂ 'ਚ ਚਾਰ ਬੱਚੇ। ਮੇਰੇ ਤੋਂ ਬਾਅਦ ਜਿਹੜੇ ਚਾਰ ਪੈਦਾ ਹੋਏ ਉਨ੍ਹਾਂ ਵਿਚਕਾਰ ਦੋ ਸਾਲਾਂ ਦਾ ਫਰਕ ਹੈ। ਜੋ ਬੱਚਾ ਸਭ ਤੋਂ ਅਖੀਰ 'ਚ ਹੋਇਆ ਉਹ ਮੇਰੇ ਪਿਤਾ ਦੀ ਮੌਤ ਦੇ ਦੋ ਮਹੀਨੇ ਬਾਅਦ ਪੈਦਾ ਹੋਇਆ। ਜਣੇਪਾ ਕੱਟਣਾ ਕਿਹੜਾ ਸੌਖਾ ਕੰਮ ਹੈ। ਫਿਰ ਮੇਰੀ ਮਾਂ ਦੇ ਸਿਰ ਏਨਾ ਕੰਮ। ਔਰਤ ਹੋਣ ਦੇ ਨਾਤੇ ਮੈਂ ਸਮਝ ਸਕਦੀ ਹਾਂ ਉਹਦੇ ਨਾਲ ਕੀ ਬੀਤੀ ਹੋਵੇਗੀ। ਸਾਡੇ ਬੱਚਿਆਂ ਦੇ ਕਪੜੇ ਵੀ ਉਹਨੂੰ ਆਪ ਸੀਣੇ ਪੈਂਦੇ ਨਿਤ ਸਾਡੇ ਸਵੈਟਰ ਬੁਣਦੀ ਰਹਿੰਦੀ।

**ਸਵਾਲ: ਮਾਂ ਬਾਰੇ ਇਹ ਹਮਦਰਦੀ ਤਾਂ ਤੁਸੀਂ ਏਸ ਉਮਰ 'ਚ ਮਹਿਸੂਸ ਕਰਦੇ ਹੋ, ਉਦੋਂ ਕਿੰਦਾਂ ਮਹਿਸੂਸ ਕਰਦੇ ਸੀ?**

-ਉਦੋਂ ਮੈਂ ਸੋਚਦੀ ਮੇਰੇ ਨਾਲ ਧੱਕਾ ਹੋ ਰਿਹੈ। ਮੈਨੂੰ ਪਤਾ ਨਾ ਲੱਗੇ ਮੈਂ ਮਾੜਾ ਕੀ ਕੀਤਾ ਪਈ ਮਾਂ ਮੇਰੇ ਦੁਆਲੇ ਹੋਈ ਰਹਿੰਦੀ ਹੈ। ਮੇਰੇ ਚਿੱਤ 'ਚ ਆਉਂਦਾ ਮੈਂ ਕਿਸੇ ਵੀ ਤਰ੍ਹਾਂ ਮਾੜਾ ਬੱਚਾ ਨਹੀਂ।

**ਸਵਾਲ: ਇਹਦੇ ਨਾਲ ਤੁਹਾਡੇ ਆਤਮ ਸਨਮਾਨ ਨੂੰ ਠੇਸ ਵੀ ਪੁੱਜਦੀ ਹੋਣੀ ਐ?**

-ਬਿਲਕੁਲ ਠੇਸ ਪੁੱਜਦੀ ਸੀ। ਮੈਨੂੰ ਲੱਗਣ ਲੱਗਦਾ ਜਿਵੇਂ ਮੈਂ ਸੱਚੀ-ਮੁਚੀ ਮਾੜੀ ਹਾਂ।

**ਸਵਾਲ: ਇਸ ਗੱਲ ਨੇ ਤੁਹਾਡੇ ਬਾਅਦ ਦੇ ਜੀਵਨ ਵਿਚ ਕੜਵਾਹਟ ਕਾਇਮ ਰੱਖੀ? ਇਹਦੇ ਬਾਰੇ ਸੁਪਨੇ ਵੀ ਆਉਂਦੇ ਹੋਣਗੇ।**

-ਹਾਂ, ਮੈਂ ਇਸ ਸਭ ਕੁਝ 'ਚੋਂ ਗੁਜ਼ਰੀ ਹਾਂ। ਮਾੜੀ ਗੱਲ ਇਹ ਸੀ ਕਿ ਇਕ ਪਾਸੇ ਮਾਂ ਮੈਨੂੰ ਕੋਸਦੀ ਰਹਿੰਦੀ, ਮਾੜਾ ਕਹਿੰਦੀ, ਦੂਜੇ ਪਾਸੇ ਸਕੂਲ ਵਿਚ ਗੋਰੀਆਂ ਕੁੜੀਆਂ ਆਪਣੇ ਆਪ ਨੂੰ ਇਸ ਕਰਕੇ ਉੱਚਾ ਦੱਸਦੀਆਂ ਕਿ ਉਹ ਗੋਰੀਆਂ ਹਨ ਤੇ ਮੈਂ ਗੋਰੀ ਨਹੀਂ ਹਾਂ। ਪਰ ਕਮਾਲ ਇਸ ਗੱਲ ਦਾ ਹੈ ਕਿ ਇਹਦੇ ਬਾਵਜੂਦ ਮੇਰੇ ਅੰਦਰ ਕਿਸੇ ਵੀ ਤਰ੍ਹਾਂ ਦੀ ਇਹ ਭਾਵਨਾ ਕਦੇ ਨਾ ਆਈ ਕਿ ਮੈਂ ਕਿਸੇ ਹੋਰ ਤੋਂ ਘਟ ਹਾਂ।

**ਸਵਾਲ: ਅਜਿਹੇ ਹਾਂ-ਪੱਖੀ ਅਹਿਸਾਸ ਦਾ ਕਾਰਨ ਕੀ ਸੀ?**

-ਮੈਨੂੰ ਲੱਗਦਾ ਮੇਰੇ ਅੰਦਰ ਜੋ ਤਾਕਤ ਸੀ ਉਹਦਾ ਕਾਰਨ ਮੈਨੂੰ ਬਚਪਨ 'ਚ ਮਿਲੀ ਧਾਰਮਿਕ ਸਿੱਖਿਆ ਸੀ, ਤੇ ਇਹ ਜੋ ਮੈਂ ਪਾਠ ਕਰਦੀ ਸੀ ਉਹ ਸੀ। ਗੋਰਿਆਂ ਦੇ ਮੁਕਾਬਲੇ ਸਾਡਾ ਗਿਰਜਾ ਘਰ ਸਾਡੇ ਆਪਣੇ ਘਰ ਵਿਚ ਹੀ ਸੀ। ਸਾਡੇ ਘਰ ਵਿਚ ਨਿਤ ਦਿਨ ਜੋ ਗੁਰੂ ਦਾ ਨਾਂ ਲਿਆ ਜਾਂਦਾ ਤੇ ਚੰਗੇ ਜੀਵਨ ਮੁੱਲਾਂ ਦੀ ਜੋ ਗੱਲ ਹੁੰਦੀ, ਇਨ੍ਹਾਂ ਮੈਨੂੰ ਅੰਦਰੋਂ ਤਕੜਾ ਬਣਾਇਆ। ਉਦੋਂ ਇਹ ਕੁਝ ਸਾਡੇ ਜੀਵਨ ਦਾ ਹਿਸਾ ਸੀ, ਭਾਵੇਂ ਬਾਅਦ ਵਿਚ ਮੈਂ ਹਰੇਕ ਤਰ੍ਹਾਂ ਦੇ ਧਰਮ ਤੋਂ ਮੁਨਕਰ ਹੋ ਗਈ।

**ਸਵਾਲ: ਉਨ੍ਹਾਂ ਦਿਨਾਂ 'ਚ ਤੁਹਾਡਾ ਮੁੰਡਿਆਂ ਨਾਲ ਵਾਹ ਪੈਂਦਾ ਸੀ? ਤੁਸੀਂ ਉਨ੍ਹਾਂ ਨਾਲ ਖੇਡਦੇ ਜਾਂ ਘੁੰਮਦੇ ਸੀ?**

-ਨਾ, ਉੱਕਾ ਨਹੀਂ। ਅਸੀਂ ਵੱਡੀਆਂ ਹੁੰਦੀਆਂ ਗਈਆਂ, ਜੇ ਕਿਸੇ ਮੁੰਡੇ ਨਾਲ ਗੱਲ ਵੀ ਕਰ ਲੈਣੀ ਤਾਂ ਇਹਨੂੰ ਬਹੁਤ ਮਾੜਾ ਸਮਝਿਆ ਜਾਂਦਾ। ਜੇ ਕੋਈ ਮੁੰਡਾ ਸਾਨੂੰ 'ਹੈਲੋ' ਕਰਦਾ ਜਾਂ ਬੁਲਾਉਂਦਾ ਦੇਖ ਲਿਆ ਜਾਂਦਾ ਤਾਂ ਸ਼ਾਮਤ ਆ ਜਾਂਦੀ।

**ਸਵਾਲ: ਜਦ ਤੁਸੀਂ ਸਕੂਲ ਜਾਣਾ ਸ਼ੁਰੂ ਕੀਤਾ, ਤੁਹਾਡੀ ਮਾਤਾ ਨੂੰ ਫਿਕਰ ਹੁੰਦਾ ਹੋਣਾ ਕਿਉਂਕਿ ਸਕੂਲ 'ਚ ਮੁੰਡੇ-ਕੁੜੀਆਂ ਇਕੱਠੇ ਪੜ੍ਹਦੇ ਸਨ?**

-ਨਿੱਕੀ ਉਮਰ 'ਚ ਜਦ ਅਸੀਂ ਸਕੂਲ ਜਾਂਦੀਆਂ, ਉਦੋਂ ਤਾਂ ਇਹ ਫਿਕਰ ਨਹੀਂ ਸੀ, ਹਾਂ,

*(ਬਾਕੀ ਅਗਲੇ ਸਫੇ 'ਤੇ)*

## ਜੰਗੇ ਆਜ਼ਾਦੀ ਦੇ ਪ੍ਰਵਾਨੇ ਅਤੇ ਗਦਰ ਪਾਰਟੀ ਦੇ ਮੋਢੀ

# ਬਾਬਾ ਸੋਹਣ ਸਿੰਘ ਭਕਨਾ ਦੀ ਘਾਲਣਾ



*ਬਾਬਾ ਸੋਹਣ ਸਿੰਘ ਭਕਨਾ*
*(ਪਿੰਡ ਭਕਨਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਪੈਂਦਾ ਹੈ)*

ਬਾਬਾ ਸੋਹਣ ਸਿੰਘ ਜੀ ਭਕਨਾ ਦਾ ਜਨਮ ਜਨਵਰੀ, 1870 ਈ. ਵਿਚ ਪਿੰਡ ਖ਼ਤਰਾਏ ਕਲਾਂ ਵਿਚ ਹੋਇਆ। ਇਹ ਪਿੰਡ ਅੰਮ੍ਰਿਤਸਰ ਦੀ ਚੜ੍ਹਦੀ ਬਾਹੀ ਵਲ ਵਸਿਆ ਹੈ। ਪੰਜਾਬ ਦੇ ਪਿੰਡਾਂ ਦੀ ਜਿਵੇਂ ਪਹਿਲਾਂ ਤੋਂ ਚਲੀ ਆ ਰਹੀ ਰੀਤ ਮੰਨੀ ਜਾਂਦੀ ਹੈ, ਲੜਕੀ ਆਪਣਾ ਪਹਿਲਾ ਜਣੇਪਾ ਆਪਣੇ ਪੇਕੇ ਘਰ ਹੀ ਕੱਟਿਆ ਕਰਦੀ ਸੀ। ਬੇਸ਼ਕ ਹੁਣ ਸਮਾਂ ਬਦਲਦਾ ਜਾ ਰਿਹਾ ਹੈ ਤੇ ਇਸ ਗੱਲ ਨੂੰ ਜ਼ਿਆਦਾ ਅਹਿਮੀਅਤ ਨਹੀਂ ਦਿੱਤੀ ਜਾਂਦੀ। ਇਹ ਪਿੰਡ ਬਾਬਾ ਜੀ ਦਾ ਨਾਨਕਾ ਪਿੰਡ ਹੈ। ਉਨ੍ਹਾਂ ਦੇ ਪਿਤਾ ਭਾਈ ਕਰਮ ਸਿੰਘ 'ਸ਼ੇਰਗਿੱਲ' ਪਿੰਡ ਭਕਨਾ ਦੇ ਰਹਿਣ ਵਾਲੇ ਸਨ ਅਤੇ ਪੁਰਾਣੇ ਖਿਆਲਾਂ ਦੇ ਧਾਰਨੀ, ਪਰ ਸਖਤ ਜਾਨ ਅਤੇ ਮਿਹਨਤੀ ਕਿਰਸਾਨ ਸਨ ਜੋ ਇਲਾਕੇ ਦੇ ਲੋੜਵੰਦਾਂ ਅਤੇ ਗਰੀਬਾਂ ਦੀ ਮਦਦ ਕਰਨ ਲਈ ਹਰ ਵੇਲੇ ਤੱਤਪਰ ਰਹਿੰਦੇ ਸਨ। ਭਕਨਾ ਜੀ ਦੀ ਮਾਤਾ ਰਾਮ ਕੌਰ ਇਕ ਸਾਧਾਰਨ ਅਤੇ ਸ਼ਾਂਤ ਚਿੱਤ ਪੇਂਡੂ ਔਰਤ ਸੀ। ਸੋਹਣ ਸਿੰਘ ਨੂੰ ਜਿਸ ਗੱਲ ਦਾ ਹਮੇਸ਼ਾਂ ਹੀ ਆਪਣੇ ਆਪ ਤੇ ਕਰਜ਼ ਮਹਿਸੂਸ ਹੁੰਦਾ ਸੀ, ਉਹ ਸੀ ਆਪਣੀ ਮਤਰੇਈ ਮਾਂ, ਹਰ ਕੌਰ ਤੋਂ ਮਿਲਿਆ ਪਿਆਰ ਅਤੇ ਸਨੇਹ ਭਰੀ ਬੁੱਕਲ ਦਾ ਨਿੱਘ।

ਪੰਜਾਬ ਤੋਂ ਦੁਸਰੇ ਮੁਲਕਾਂ ਵਿਚ ਜਾ ਕੇ ਮਿਹਨਤ ਮਜ਼ਦੂਰੀ ਕਰਨ ਵਾਲੇ ਦੂਸਰੇ ਪਰਵਾਸੀਆਂ ਵਾਂਗ ਸੋਹਣ ਸਿੰਘ ਵੀ 1907 ਈ. ਵਿਚ ਅਮਰੀਕਾ ਚਲੇ ਗਏ ਸਨ ਜਿਥੇ ਜਾ ਕੇ ਉਨ੍ਹਾਂ ਨੇ ਕੈਲੇਫੋਰਨੀਆ ਇਕ ਟਿੰਬਰ ਕੰਪਨੀ ਵਿਚ ਨੌਕਰੀ ਕਰ ਲਈ। ਇਸ ਇਲਾਕੇ ਵਿਚ ਜ਼ਿਆਦਾ ਕਰਕੇ ਪੰਜਾਬੀ ਲੋਕ ਸਨ। ਬਾਬਾ ਜੀ ਨੇ ਵੇਖਿਆ ਕਿ ਭਾਰਤੀਆਂ ਦੀ ਆਰਥਿਕ ਦਸ਼ਾ ਤਰਸਯੋਗ ਬਣੀ ਹੋਈ ਸੀ, ਜਿਸ ਨੂੰ ਵੇਖ ਕੇ ਉਨ੍ਹਾਂ ਦਾ ਹਿਰਦਾ ਤੜਪ ਉਠਿਆ। ਕੈਨੇਡਾ ਵਿਚ ਪਹਿਲਾਂ ਵੱਸਣ ਵਾਲੇ ਲੋਕਾਂ ਨੂੰ ਜਿਹੜੇ ਸਿਆਸੀ ਹੱਕ ਹਕੂਕ ਹਾਸਲ ਸਨ ਉਹ ਇਨ੍ਹਾਂ ਪਰਵਾਸੀਆਂ ਨੂੰ ਪ੍ਰਾਪਤ ਨਹੀਂ ਸਨ। ਇਸ ਤੜਪ ਨੇ ਸੋਹਣ ਸਿੰਘ ਨੂੰ ਇਕ ਸਧਾਰਨ ਆਦਮੀ ਤੋਂ ਦੇਸ਼-ਭਗਤ ਵਿਚ ਪ੍ਰਵਰਤਿਤ ਕਰ ਦਿੱਤਾ ਸੀ। ਇਸ ਗਰੀਬੀ ਦੇ ਆਲਮ ਵਿਚ ਪਲ ਰਹੇ ਲੋਕਾਂ ਪ੍ਰਤੀ ਵਿਦੇਸ਼ੀ ਸਰਕਾਰ ਦੇ ਰੁੱਖੇ ਵਤੀਰੇ ਅਤੇ ਹੱਕ ਪ੍ਰਾਪਤੀ ਲਈ ਰਾਹ ਲੱਭਣ ਲਈ ਕੁਝ ਵਤਨਪ੍ਰਸਤ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ ਜਿਨ੍ਹਾਂ ਵਿਚ ਲਾਲਾ ਹਰਦਿਆਲ, ਪੰਡਤ ਕਾਂਸ਼ੀ ਰਾਮ, ਪੀ.ਐਸ. ਖੋਖੜੇ, ਬਰਕਤਉਲਾ ਅਤੇ ਬਾਬਾ ਭਕਨਾ ਤੋਂ ਇਲਾਵਾ ਬਹੁਤ ਸਾਰੇ ਮੈਂਬਰ ਕੈਲੀਫੋਰਨੀਆ ਅਤੇ ਬਰਕਲੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਦਿਆਲ, ਤਾਰਕ ਨਾਥ ਦਾਸ, ਕਰਤਾਰ ਸਿੰਘ ਸਰਾਭਾ ਅਤੇ ਵੀ.ਜੀ. ਪਿੰਗਲੇ ਵੀ ਸ਼ਾਮਲ ਸਨ। ਇਸ ਸਮੇਂ ''ਪੈਸੇਫਿਕ ਭਾਰਤੀ ਖਾੜੀ ਸਭਾ'' ਦੀ ਸਥਾਪਨਾ ਕੀਤੀ ਗਈ ਅਤੇ ਸੋਹਣ ਸਿੰਘ ਭਕਨਾ ਨੂੰ ਇਸ ਦਾ ਪਹਿਲਾ ਪ੍ਰਧਾਨ ਥਾਪਿਆ ਗਿਆ ਸੀ। ਇਹ ਹੀ ਸੰਸਥਾ ਅੱਗੇ ਚੱਲ ਕੇ ''ਗਦਰ ਪਾਰਟੀ'' ਦੇ ਨਾਂ ਨਾਲ ਜਾਣੀ ਜਾਣ ਲੱਗੀ। ਇਸੇ ਪਾਰਟੀ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਅਤੇ ਕਾਮਯਾਬੀ ਨਾਲ ਕੀਤੀਆਂ ਰੈਲੀਆਂ ਨੇ ਅਮਰੀਕਾ ਵਿਚ ਨਿਰਾਸ਼ਾ ਭਰੀ ਜ਼ਿੰਦਗੀ ਜਿਊਂ ਰਹੇ ਹਿੰਦੋਸਤਾਨੀਆਂ ਨੂੰ ਗਦਰ ਪਾਰਟੀ ਨਾਲ ਜੋੜਿਆ ਸੀ।

ਇਸ ਪਾਰਟੀ ਦੀ ਸਥਾਪਨਾ ਸਬੰਧੀ ਖਬਰਾਂ ਇੰਗਲੈਂਡ, ਕੈਨੇਡਾ ਅਤੇ ਏਸ਼ੀਆ ਵਿਚ ਵੱਸਣ ਵਾਲੇ ਪੰਜਾਬੀਆਂ ਨੂੰ ਵੀ ਮਿਲ ਗਈਆਂ ਸਨ ਅਤੇ ਉਨ੍ਹਾਂ ਵਲੋਂ ਮਦਦ ਦੇ ਸੰਦੇਸ਼ੇ ਵੀ ਪ੍ਰਾਪਤ ਹੋਣ ਲੱਗ ਪਏ ਸਨ। ਇਸ ਪਾਰਟੀ ਦੀਆਂ ਮੀਟਿੰਗਾਂ ਲਾਸ ਏਂਜਲਸ, ਵੀਆਨਾ, ਵਾਸ਼ਿੰਗਟਨ ਅਤੇ ਸ਼ੰਘਾਈ ਵਿਚ ਹੋਇਆ ਕਰਦੀਆਂ ਸਨ। ਪਾਰਟੀ ਵਿਚ ਇਕਸੁਰਤਾ ਅਤੇ ਵਧਦੇ ਜੋਸ਼ ਨੂੰ ਵੇਖ ਕੇ ਪਾਰਟੀ ਵਲੋਂ ਬਾਬਾ ਭਕਨਾ ਨੂੰ ਅਮਰੀਕਾ ਤੋਂ ਭਾਰਤ ਜਾਣ ਦੀ ਰਾਏ ਦਿੱਤੀ ਗਈ ਤਾਂ ਜੋ ਸੰਸਾਰ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਹੀ ਕ੍ਰਾਂਤੀਕਾਰੀਆਂ ਅਤੇ ਅਸਲੇ ਸਮੇਤ ਕਾਮਾਗਾਟਾ ਮਾਰੂ ਦੇ ਪਿੱਛੇ ਪਿੱਛੇ ਭਾਰਤ ਪਹੁੰਚਿਆ ਜਾਵੇ। ਜਦੋਂ ਪਾਰਟੀ ਨੂੰ ਪਤਾ ਲੱਗਾ ਕਿ ਜੁਲਾਈ 1914 ਈ. ਵਿਚ ਲੜਾਈ ਲੱਗਣ ਵਾਲੀ ਹੈ ਤਾਂ ਸੋਹਣ ਸਿੰਘ ਨੇ ਮੁੜਦੇ ਹੋਏ ਕਾਮਾਗਾਟਾ ਮਾਰੂ ਜਹਾਜ਼ ਨਾਲ ਰਾਬਤਾ ਕਾਇਮ ਕਰਕੇ ਜਾਪਾਨ ਦੀ ''ਯੋਕੋਹਾਮਾ'' ਬੰਦਰਗਾਹ ਤੇ ਬਾਬਾ ਗੁਰਦਿੱਤਾ ਸਿੰਘ ਨੂੰ ਹਥਿਆਰਾਂ ਦੀ ਇਕ ਖੇਪ ਭੇਜ ਦਿੱਤੀ ਤਾਂ ਜੁ ਇਹ ਲੋੜ ਵੇਲੇ ਕੰਮ ਆ ਸਕੇ। ਯੂਰਪ ਵਿਚ ਜੰਗ ਛਿੜ ਜਾਣ ਨਾਲ ਗਦਰ ਪਾਰਟੀ ਵਿਚ ਵੀ ਤੇਜ਼ੀ ਆ ਗਈ ਸੀ। ਬਾਬ ਭਕਨਾ ਦੂਸਰੇ ਕ੍ਰਾਂਤੀਕਾਰੀਆਂ ਸਮੇਤ ਜਹਾਜ਼ ''ਨਾਮਸੰਗ'' ਰਾਹੀਂ 13 ਅਕਤੂਬਰ, 1914 ਈ. ਨੂੰ ਕਲਕੱਤੇ ਪਹੁੰਚੇ ਸਨ ਪਰ ਉਨ੍ਹਾਂ ਨੂੰ ਛੇਤੀ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਲੁਧਿਆਣਾ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਇਥੋਂ ਬਾਬਾ ਸੋਹਣ ਸਿੰਘ ਨੂੰ ਸੈਂਟਰਲ ਜੇਲ੍ਹ ਮੁਲਤਾਨ ਤਬਦੀਲ ਕਰ ਦਿੱਤਾ ਗਿਆ ਸੀ। ਬਗਾਵਤ ਦੇ ਜੁਰਮ ਵਿਚ ਬਾਬਾ ਜੀ ਤੇ ''ਪਹਿਲਾ ਲਾਹੌਰ ਸਾਜ਼ਿਸ਼ ਕੇਸ'' ਚਲਾ ਕੇ ਉਨ੍ਹਾਂ ਨੂੰ ਸਜਾਏ ਮੌਤ ਦਾ ਹੁਕਮ ਸੁਣਾ ਦਿੱਤਾ ਗਿਆ ਸੀ। ਬਾਬਾ ਜੀ ਦੀ ਸਾਰੀ ਜਾਇਦਾਦ ਵੀ ਕੁਰਕ ਕਰ ਲਈ ਗਈ ਸੀ। ਹਾਈ ਕੋਰਟ ਵਿਚ ਅਪੀਲ ਕਰਨ 'ਤੇ ਇਹ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ ਸੀ ਅਤੇ ਉਨ੍ਹਾਂ ਨੂੰ ਕਾਲੇ ਪਾਣੀ (ਅੰਡੇਮਾਨ) ਭੇਜ ਦਿੱਤਾ ਗਿਆ ਸੀ। ਮਿਤੀ 10 ਦਸੰਬਰ, 1915 ਈ. ਨੂੰ ਬਾਬਾ ਸੋਹਣ ਸਿੰਘ ਕਾਲੇ ਪਾਣੀ ਪਹੁੰਚੇ, ਜਿੱਥੇ ਕੈਦੀਆਂ ਨੂੰ ਮਿਲਣ ਵਾਲੇ ਮਾੜੇ ਖਾਣੇ ਦੇ ਵਿਰੋਧ ਵਿਚ ਉਨ੍ਹਾਂ ਨੇ ਭੁੱਖ ਹੜਤਾਲ ਕੀਤੀ ਅਤੇ ਸਾਥੀਆਂ ਨੂੰ ਇਨਸਾਫ ਦਿਵਾਇਆ। ਸੰਨ 1921 ਵਿਚ ਸੋਹਣ ਸਿੰਘ ਨੂੰ ਕੋਇੰਬਟੋਰ ਜੇਲ੍ਹ ਵਿਚ ਤਬਦੀਲ ਕਰ ਦਿੱਤਾ। ਇਸ ਜੇਲ੍ਹ ਵਿਚ ਕੈਦੀਆਂ ਨੂੰ ਪੱਗ ਨਹੀਂ ਸੀ ਬੰਨ੍ਹਣ ਦਿੱਤੀ ਜਾਂਦੀ ਅਤੇ ਨਾ ਕਛਹਿਰਾ ਪਾਉਣ ਦੀ ਇਜਾਜ਼ਤ ਸੀ। ਇਸ ਧੱਕੇ ਵਿਰੁਧ ਬਾਬਾ ਜੀ ਭੁੱਖ ਹੜਤਾਲ 'ਤੇ ਬੈਠ ਗਏ ਅਤੇ ਇਨਸਾਫ ਮਿਲਣ ਤੱਕ ਇਸ ਤੇ ਡਟੇ ਰਹੇ ਸਨ। ਇਥੋਂ ਉਨ੍ਹਾਂ ਨੂੰ ਸੈਂਟਲ ਜੇਲ੍ਹ ਲਾਹੌਰ ਤਬਦੀਲ ਕਰ ਦਿੱਤਾ। ਇਥੇ ਵੀ ਜੇਲ੍ਹ ਦੀਆਂ ਵਧੀਕੀਆਂ ਦਾ ਬੋਲਬਾਲਾ ਸੀ। ਨੀਵੀਂ ਜਾਤ ਵਾਲੇ (ਮਜ਼ਬੀ ਸਿੱਖ) ਕੈਦੀਆਂ ਨੂੰ ਸਵਰਨ ਜਾਤੀ ਦੇ ਕੈਦੀਆਂ ਨਾਲੋਂ ਵੱਖ ਕਰ ਕੇ ਖਾਣਾ ਦਿੱਤਾ ਜਾਂਦਾ ਸੀ। ਇਸ ਵਿਤਕਰੇ ਵਿਰੁਧ ਬਾਬਾ ਭਕਨਾ ਨੇ ਭੁੱਖ ਹੜਤਾਲ ਕਰਕੇ ਇਸ ਵਿਤਕਰੇ ਨੂੰ ਦੂਰ ਕਰਵਾਇਆ। ਸੰਨ 1919 ਵਿਚ ਬਾਬਾ ਭਕਨਾ ਨੇ ਸ. ਭਗਤ ਸਿੰਘ ਤੇ ਉਸ ਦੇ ਸਾਥੀਆਂ ਨਾਲ ਹਮਦਰਦੀ ਵਜੋਂ ਭੁੱਖ ਹੜਤਾਲ ਵੀ ਕੀਤੀ। ਇਸ ਤਰ੍ਹਾਂ 16 ਸਾਲ ਜੇਲ੍ਹ ਦੇ ਕਸ਼ਟ ਸਹਿੰਦੇ ਹੋਏ ਜੁਲਾਈ, 1930 ਵਿਚ ਸੋਹਣ ਸਿੰਘ ਭਕਨਾ ਨੂੰ ਰਿਹਾਈ ਮਿਲੀ ਸੀ।

ਜੇਲ੍ਹ 'ਚੋਂ ਰਿਹਾ ਹੋਣ ਉਪਰੰਤ ਵੀ ਉਹ ਸਰਗਰਮ ਸਿਆਸਤ ਵਿਚ ਰਹੇ ਅਤੇ ਉਹ ਕੌਮੀ ਅਤੇ ਸਿਆਸੀ ਲਹਿਰਾਂ ਵਿਚ ਜੁੜਦੇ ਰਹੇ। ਮੁੱਖ ਤੌਰ 'ਤੇ ਬਾਬਾ ਜੀ ਦੇ ਇਨ੍ਹਾਂ ਘੋਲਾਂ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੇ ਘੋਲਾਂ ਦਾ ਨਾਂ ਦਿੱਤਾ ਜਾਂਦਾ ਹੈ। ਹੁਣ ਸੋਹਣ ਸਿੰਘ ਭਕਨਾ ਨੇ ਆਪਣਾ ਜ਼ਿਆਦਾ ਸਮਾਂ ਕਿਸਾਨ ਸਭਾਵਾਂ ਗਠਿਤ ਕਰਨ ਦੇ ਨਾਲ ਨਾਲ ਗਦਰੀ ਬਾਬਿਆਂ, ਜੋ ਨਜ਼ਰਬੰਦ ਕੀਤੇ ਹੋਏ ਸਨ, ਦੀ ਰਿਹਾਈ ਦੇ ਕਾਰਜਾਂ ਵਲ ਲਾਇਆ। ਦੂਸਰੇ ਵਿਸ਼ਵ ਯੁੱਧ ਦੇ ਸਮੇਂ ਵੀ ਭਕਨਾ ਜੀ ਨੂੰ ਗ੍ਰਿਫਤਾਰ ਕਰ ਡਿਊਲੀ ਕੈਂਪ ਜੇਲ੍ਹ, ਜਿਹੜੀ ਹੁਣ ਰਾਜਸਥਾਨ ਵਿਚ ਹੈ, ਭੇਜ ਦਿੱਤਾ ਗਿਆ ਸੀ ਜਿੱਥੇ ਉਹ ਤਿੰਨ ਸਾਲ ਕੈਦ ਰਹੇ।

ਆਜ਼ਾਦੀ ਉਪਰੰਤ ਸੋਹਣ ਸਿੰਘ ਭਕਨਾ ਪੂਰੇ ਤੌਰ 'ਤੇ ਕਮਿਊਨਿਸਟ ਪਾਰਟੀ ਨਾਲ ਜੁੜ ਗਏ। 31 ਮਾਰਚ, 1948 ਨੂੰ ਦੁਬਾਰਾ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਰ ਛੇਤੀ ਹੀ 8 ਮਈ, 1948 ਨੂੰ ਰਿਹਾ ਕਰ ਦਿੱਤਾ ਗਿਆ।

ਗ੍ਰਿਫਤਾਰੀਆਂ ਅਤੇ ਬਾਬਾ ਜੀ ਦਾ ਜਿਵੇਂ ਚੋਲੀ-ਦਾਮਨ ਦਾ ਸਾਥ ਬਣ ਗਿਆ ਸੀ। ਬਾਬਾ ਭਕਨਾ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ ਪਰ ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਦਖਲ ਦੇਣ 'ਤੇ ਜੇਲ੍ਹਾਂ ਦਾ ਖਹਿੜਾ ਛੁੱਟ ਗਿਆ। ਬੁਢਾਪੇ ਦਾ ਜ਼ੋਰ ਅਤੇ ਨਮੂਨੀਏ ਦੀ ਮਾਰ ਨੇ ਇਸ ਲੋਹ-ਪੁਰਸ਼ ਗਦਰੀ ਬਾਬੇ ਨੂੰ ਅੰਮ੍ਰਿਤਸਰ ਵਿਖੇ 21, ਦਸੰਬਰ, 1968 ਵਾਲੇ ਦਿਨ ਢਾਹ ਲਿਆ ਅਤੇ ਮਾਝੇ ਦਾ ਇਹ ਸਿਰਮੌਰ ਆਜ਼ਾਦੀ ਘੁਲਾਟੀਆ ਇਸ ਜਹਾਨ ਨੂੰ ਸਦਾ ਲਈ ਅਲਵਿਦਾ ਕਹਿ ਗਿਆ।

# ਅਮਰੀਕਾ ਪੁੱਜਣ ਵਾਲੇ ਪਹਿਲੇ ਪੰਜਾਬੀ ਦੀ ਧੀ...

ਜਦ ਅਸੀਂ ਵੱਡੀਆਂ ਹੋਈਆਂ ਮਾਂ ਲਈ ਵਕਤ ਗੁਜ਼ਾਰਨਾ ਔਖਾ ਹੋ ਜਾਂਦਾ।

**ਸਵਾਲ: ਤੁਸੀਂ ਕਦੇ ਆਪਣੇ ਮਾਂ ਬਾਪ ਦੇ ਜ਼ਬਤ ਨੂੰ ਤੋੜਨ ਦੀ ਕੋਸ਼ਿਸ਼ ਕੀਤੀ?**

-ਬਿਲਕੁਲ ਕੀਤੀ, ਖਾਸ ਕਰਕੇ ਜਦ ਮੇਰੇ ਪਿਤਾ ਗੁਜ਼ਰ ਗਏ। ਉਦੋਂ ਹੀ ਮੇਰੀ ਮਾਂ ਦੇ ਫਿਕਰ ਵਧ ਗਏ।

**ਸਵਾਲ: ਪਿਤਾ ਦੇ ਗੁਜ਼ਰ ਜਾਣ ਬਾਅਦ ਤੁਸੀਂ ਸੁਰੱਖਿਅਤ ਮਹਿਸੂਸ ਕਰਦੇ ਰਹੇ? ਕੈਲੀਫੋਰਨੀਆ 'ਚ ਜਿੱਥੇ ਤੁਹਾਡੇ ਪਿਤਾ ਖੇਤੀ ਕਰਦੇ ਸਨ ਉਥੇ ਹੋਰ ਇੰਡੀਅਨ ਵੀ ਹੋਣਗੇ।**

-ਅਸੀਂ ਜਿੱਥੇ ਕਿਤੇ ਵੀ ਰਹੇ ਪੰਜਾਬੀ ਭਾਈਬੰਦ ਤਾਂ ਹਰੇਕ ਜਗ੍ਹਾ ਹੁੰਦੇ ਸਨ, ਮੇਰੀ ਮਾਂ ਨੂੰ ਉਨ੍ਹਾਂ ਕਰਕੇ ਫਿਕਰ ਨਹੀਂ ਸੀ। ਉਹਨੂੰ ਫਿਕਰ ਸਾਡੇ ਇੰਡੀਅਨ ਚੌਗਿਰਦੇ ਦੇ ਬਾਹਰ ਦਾ ਸੀ। ਸਾਰੇ ਇੰਡੀਅਨ ਪ੍ਰਵਾਰ ਵਾਂਗ ਹੀ ਸਨ। ਜਦ ਮੇਰੇ ਪਿਤਾ ਦੀ ਮੌਤ ਹੋਈ ਸਾਰੇ ਕੈਲੀਫੋਰਨੀਆ ਵਿਚ ਪੰਜਾਬੀਆਂ 'ਚੋਂ ਸਿਰਫ ਸਾਡਾ ਪਰਿਵਾਰ ਹੀ ਕੈਲੀਫੋਰਨੀਆ 'ਚ ਰਹਿੰਦਾ ਸੀ। ਬਾਕੀ ਸਾਰੇ ਪੰਜਾਬ ਤੋਂ ਆਏ ਮਰਦ ਬਿਨਾਂ ਪਰਿਵਾਰ ਦੇ ਇਕੱਲੇ ਰਹਿੰਦੇ ਸਨ। ਇਨ੍ਹਾਂ ਪੰਜਾਬੀ ਮਰਦਾਂ ਨੇ ਬੜੇ ਔਖੇ ਦਿਨ ਦੇਖੇ। ਉਨ੍ਹਾਂ ਦੇ ਟੱਬਰ ਪਿਛਲੇ ਪੰਜਾਬ 'ਚ ਸਨ ਤੇ ਉਹ ਏਨੀ ਦੂਰ ਇਕੱਲੇ ਰਹਿੰਦੇ ਸਨ।

**ਸਵਾਲ: ਇਨ੍ਹਾਂ ਪੰਜਾਬੀ ਬੰਦਿਆਂ ਬਾਰੇ ਦੱਸੋ। ਬਾਲ ਬੱਚੇ ਤੋਂ ਟੁੱਟ ਕੇ ਏਨੀ ਦੂਰ ਰਹਿਣਾ ਇਨ੍ਹਾਂ ਲਈ ਤਾਂ ਬੜੀ ਔਖਾ ਹੁੰਦਾ ਹੋਵੇਗਾ, ਅਗੋਂ ਉਨ੍ਹਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਕਦ ਬਾਲ ਪਰਿਵਾਰ ਨਾਲ ਮੇਲ ਹੋਵੇਗਾ। ਉਹ ਆਪਣਾ ਕਿਵੇਂ ਗੁਜ਼ਰ ਕਰਦੇ ਸਨ? ਤੁਹਾਨੂੰ ਜ਼ਰੂਰ ਯਾਦ ਹੋਵੇਗਾ ਇਹਦੇ ਬਾਰੇ।**

-ਉਹ ਫਾਰਮਾਂ 'ਚ ਟੋਲੇ ਬਣਾ ਕੇ ਰਹਿੰਦੇ ਤੇ ਇਕੱਠੇ ਖਾਣਾ ਪੀਣਾ ਕਰਦੇ। ਉਦੋਂ ਉਨ੍ਹਾਂ ਨੂੰ ਜ਼ਮੀਨ ਦੀ ਮਾਲਕੀ ਦਾ ਹੱਕ ਨਹੀਂ ਸੀ, ਜਿੱਥੇ ਵੀ ਕਿਤੇ ਟਿਕਾਣੇ ਦਾ ਸਬੱਬ ਬਣਦਾ ਉਥੇ ਰਹਿਣ ਲੱਗ ਪੈਂਦੇ। ਉਨ੍ਹਾਂ ਦਾ ਜੀਵਨ ਕੈਂਪਾਂ ਵਰਗਾ ਸੀ। ਮੰਜੀਆਂ ਦੀ ਕਤਾਰ ਬਣਾ ਕੇ ਸੌਂਦੇ ਤੇ ਉਨ੍ਹਾਂ ਦਾ ਸਾਮਾਨ ਮੰਜੇ ਹੇਠ ਸੂਟਕੇਸ 'ਚ ਹੁੰਦਾ। ਸੂਰਜ ਚੜ੍ਹਨ ਵੇਲੇ ਕੰਮ 'ਤੇ ਲੱਗਦੇ ਤੇ ਡੁੱਬਦੇ ਤੱਕ ਕੰਮ ਕਰਦੇ ਰਹਿੰਦੇ। ਜਿਸ ਦਿਨ ਔਫ ਹੁੰਦਾ ਉਸ ਦਿਨ ਕਪੜੇ ਧੋਂਦੇ। ਜੇ ਕਿਸੇ ਪਾਸ ਕਾਰ ਹੁੰਦੀ, ਸੰਗੀ ਸਾਥੀ ਕਾਰ 'ਚ ਸਵਾਰ ਹੋ ਕੇ ਘੁੰਮਣ ਜਾਂਦੇ।

**ਸਵਾਲ: ਤੁਹਾਡੇ ਪਰਿਵਾਰ ਦਾ ਉਨ੍ਹਾਂ ਨਾਲ ਕਿਹੋ ਸੰਬੰਧ ਸੀ?**

-ਉਹ ਸਾਰੇ ਜਿਵੇਂ ਸਾਡੀ ਫੈਮਿਲੀ ਦਾ ਹੀ ਹਿੱਸਾ ਸਨ। ਕੋਈ ਸਫਰ ਕਰਦਾ ਉਧਰ ਆ ਨਿਕਲਦਾ ਤਾਂ ਸਾਡੇ ਘਰ ਆ ਟਿਕਦਾ। ਉਨ੍ਹਾਂ ਦਿਨਾਂ 'ਚ ਆਪਣੇ ਇੰਡੀਅਨ ਇਕ ਦੂਜੇ ਨਾਲ ਬੜੇ ਜੁੜੇ ਹੋਏ ਸਨ। ਇਹ ਸਾਰੇ ਪੰਜਾਬ ਦੇ ਪਿੰਡਾਂ ਤੋਂ ਆਏ ਜੱਟ ਸਿੱਖ ਸਨ। ਸ਼ਹਿਰੀ ਹੁੰਦੇ ਤਾਂ ਗੱਲ ਹੋਰ ਸੀ।

**ਸਵਾਲ: ਕੀ ਇਹ ਪੰਜਾਬੀ ਭਾਈਬੰਦ ਜੋ ਖੇਤਾਂ 'ਚ ਕੰਮ ਕਰਦੇ ਸਨ ਉਹ ਗਦਰ ਲਹਿਰ ਬਾਰੇ ਜਾਂ ਇੰਡੀਆ 'ਚ ਜੋ ਸਿਆਸੀ ਹਾਲਾਤ ਸੀ, ਉਹਦੇ ਬਾਰੇ ਗੱਲਾਂ ਕਰਦੇ ਸਨ?**

-ਉਹ ਏਹਦਾਂ ਦੀਆਂ ਗੱਲਾਂ ਜ਼ਰੂਰ ਕਰਦੇ ਸਨ।

**ਸਵਾਲ: ਤੁਹਾਨੂੰ ਗਦਰ ਲਹਿਰ ਦੀ ਅਹਿਮੀਅਤ ਬਾਰੇ ਕਦੋਂ ਪਤਾ ਲੱਗਣਾ ਸ਼ੁਰੂ ਹੋਇਆ?**

-ਬਚਪਨ 'ਚ। ਮੈਂ ਕਈ ਵੇਰ ਆਪਣੇ ਸਕੂਲ 'ਚ ਅੰਗਰੇਜ਼ੀ ਦੀ ਟੀਚਰ ਨਾਲ ਬਹਿਸਣ ਲੱਗ ਪੈਣਾ। ਉਹ ਬਹੁਤ ਚੰਗੀ ਔਰਤ ਸੀ। ਮੈਨੂੰ ਪਤਾ ਸੀ ਕਿ ਅੰਗਰੇਜ਼ ਸਾਡੇ ਦੇਸ਼ 'ਚ ਰਾਜ ਕਰ ਰਹੇ ਸਨ। ਉਦੋਂ ਘਰਾਂ 'ਚ ਬਰਤਾਨੀਆ-ਵਿਰੋਧੀ ਭਾਵਨਾ ਬੜੀ ਤਕੜੀ ਸੀ, ਅਤੇ ਅਸੀਂ ਇਸਾਈਅਤ ਦੇ ਖਿਲਾਫ ਵੀ ਸੀ ਕਿਉਂਕਿ ਇਹ ਮਿਸ਼ਨਰੀ ਹੀ ਸਨ ਜੋ ਸਾਡੇ ਲੋਕਾਂ ਨੂੰ ਆਪਣੇ ਵੱਸ 'ਚ ਕਰ ਰਹੇ ਸਨ।

**ਸਵਾਲ: ਤੁਸੀਂ ਗੋਰੀ ਨਸਲ ਦੇ ਖਿਲਾਫ ਸੀ?**

-ਨਹੀਂ, ਉਲਟਾ ਉਹ ਸਾਡੇ ਖਿਲਾਫ ਸਨ। ਸਾਨੂੰ ਇਹ ਲੋਕ ਹੀਣ ਸਮਝਦੇ ਸਨ। ਅਸੀਂ ਇਨ੍ਹਾਂ ਦੇ ਨਾਲ ਮਿਲਦੇ ਬੈਠਦੇ ਨਹੀਂ ਸੀ। ਹੁਣ ਤੁਸੀਂ ਇਹ ਜੋ ਮੇਰਾ ਦੋਹਤਾ ਦੇਖਿਆ, ਇਹਦੇ ਨਾਲ ਕਈ ਹੋਰ ਬੱਚੇ ਵੀ ਸਨ, ਇਨ੍ਹਾਂ 'ਚੋਂ ਇਕ ਬਲੈਕ ਸੀ, ਦੂਜੀ ਜਾਪਾਨੀ ਕੁੜੀ ਸੀ, ਇਕ ਭੂਰੇ ਵਾਲਾਂ ਵਾਲੀ ਕੁੜੀ ਸੀ, ਏਦਾਂ ਉਦੋਂ ਨਹੀਂ ਸੀ ਹੁੰਦਾ ਕਿ ਵੱਖੋ-ਵੱਖਰੀ ਨਸਲ ਦੇ ਬੱਚੇ ਇਕੱਠੇ ਤੁਰਨ ਫਿਰਨ। ਸਾਡੀ ਫੈਮਿਲੀ ਇੰਡੀਅਨ ਸੀ ਤੇ ਇਹ ਜ਼ਰੂਰੀ ਸੀ ਕਿ ਸਿਰਫ ਇੰਡੀਅਨ ਫਰੈਂਡ ਹੀ ਸਾਡੇ ਘਰ ਆਉਣ, ਹੋਰ ਨਹੀਂ ਸਨ ਆਉਂਦੇ। ਅਸੀਂ ਕਦੇ ਕਿਸੇ ਅਮਰੀਕਨ ਦੇ ਘਰ ਨਹੀਂ ਸੀ ਗਏ। ਹਾਂ, ਅਸੀਂ ਸਕੂਲ 'ਚ ਹਰ ਤਰ੍ਹਾਂ ਦੇ ਬੱਚੇ ਨੂੰ ਮਿਲਦੇ, ਤੇ ਗੱਲ ਉਥੇ ਹੀ ਖਤਮ ਹੋ ਜਾਂਦੀ।

## ਗਦਰ ਪਾਰਟੀ ਦਾ ਪਹਿਲਾ ਸ਼ਹੀਦ

# ਮੇਵਾ ਸਿੰਘ ਲੋਪੋਕੇ

***ਪਿੰਡ ਲੋਪੋਕੇ ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਪੈਂਦਾ ਹੈ।***



ਮਨੁੱਖ ਦੀਆਂ ਤਿੰਨ ਮੁੱਖ ਲੋੜਾਂ ਹਨ ਕੁੱਲੀ, ਗੁੱਲੀ ਅਤੇ ਜੁੱਲੀ। ਉਹ ਇਨ੍ਹਾਂ ਤਿੰਨਾਂ ਦੀ ਪੂਰਤੀ ਲਈ ਹੀ ਸੰਘਰਸ਼ ਕਰਦਾ ਰਹਿੰਦਾ ਹੈ। ਦੂਸਰੀਆਂ ਕੌਮਾਂ ਨਾਲੋਂ ਸਿੱਖ ਕੌਮ ਜ਼ਿਆਦਾ ਮਿਹਨਤਕਸ਼ ਅਤੇ ਜੁਝਾਰੂ ਗਿਣੀ ਗਈ ਹੈ। ਇਹ ਸਮਾਂ ਅੰਗਰੇਜ਼ ਰਾਜ ਦਾ ਸੀ ਜਦੋਂ ਭਾਰਤ ਪੂਰੀ ਤਰ੍ਹਾਂ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜਿਆ ਜਾ ਚੁੱਕਾ ਸੀ। ਪੰਜਾਬ ਦਾ ਸੂਬਾ ਵੀ ਆਪਣੇ ਗੱਦਾਰਾਂ ਅਤੇ ਭੇਤੀਆਂ ਕਾਰਨ ਆਪਣੀ ਲੰਕਾ ਲੁਟਾ ਚੁੱਕਾ ਸੀ। ਮਾਝੇ ਦੇ ਸਿਰੜੀ ਲੋਕ ਵੀ ਆਪਣੀ ਰੋਜ਼ੀ ਰੋਟੀ ਦੀ ਭਾਲ ਵਿਚ ਵਤਨ ਤੋਂ ਦੂਰ ਜਾਣਾ ਸ਼ੁਰੂ ਹੋ ਗਏ ਸਨ।

ਬਾਬਾ ਗੁਰਦਿੱਤ ਸਿੰਘ ਸਰਹਾਲੀ ਵਾਲਿਆਂ ਦੇ ਉਪਰਾਲੇ ਨਾਲ 376 ਪੰਜਾਬੀ ਕਰਾਏ ਤੇ ਲਏ ਇਕ ਜਪਾਨੀ ਸਮੁੰਦਰੀ ਜਹਾਜ਼ ਜਿਸ ਦਾ ਨਾਂ ''ਕਾਮਾਗਾਟਾ ਮਾਰੂ'' ਸੀ ਵਿਚ ਸਵਾਰ ਹੋ ਕੇ ਰੁਜ਼ਗਾਰ ਦੀ ਭਾਲ ਵਿਚ ਨਿਕਲ ਤੁਰੇ। ਵੱਖ-ਵੱਖ ਬੰਦਰਗਾਹਾਂ ਤੋਂ ਹੁੰਦਾ ਹੋਇਆ ਇਹ ਜਹਾਜ਼ ਜਦੋਂ ਕੈਨੇਡਾ ਦੀ ਬੰਦਰਗਾਹ ਨੇੜੇ ਪੁੱਜਣ ਵਾਲਾ ਸੀ ਤਾਂ ਕੈਨੇਡਾ ਸਰਕਾਰ ਨੇ ਆਪਣੇ ਸਮੁੰਦਰੀ ਜਹਾਜ਼ ''ਸੀ ਲਾਇਨ'' ਵਿਚ ਫੌਜ ਦੀ ਇਕ ਟੁਕੜੀ ਭੇਜ ਕੇ ਭਾਰਤੀ ਜਹਾਜ਼ ਨੂੰ ਖਦੇੜਨ ਦਾ ਹੁਕਮ ਦਿੱਤਾ ਪਰ ਮੁਸਾਫਰਾਂ ਨੇ ਆਪਣੇ ਹੌਸਲੇ ਦਾ ਪ੍ਰਦਰਸ਼ਨ ਕਰਦਿਆਂ ਇਸ ਹਮਲੇ ਨੂੰ ਨਾਕਾਮ ਬਣਾ ਦਿੱਤਾ ਅਤੇ ਜਹਾਜ਼ ਦੀ ਤੋੜ ਭੰਨ ਵੀ ਕਰ ਦਿੱਤੀ। ਇਸ ਨਾਕਾਮੀ ਤੋਂ ਖਿੱਝ ਕੇ ਸਰਕਾਰ ਨੇ ਕਾਮਾਗਾਟਾ ਮਾਰੂ 'ਤੇ ਤੋਪਾਂ ਨਾਲ ਹਮਲਾ ਕਰਨ ਦਾ ਫੈਸਲਾ ਲਿਆ ਪਰ ਕੈਨੇਡਾ ਵਿਚ ਵੱਸਦੇ ਭਾਰਤੀਆਂ ਦੇ ਦਬਾਅ ਕਾਰਨ ਅਧਿਕਾਰੀਆਂ ਨੂੰ ਇਹ ਫੈਸਲਾ ਵਾਪਿਸ ਲੈਣਾ ਪਿਆ।

ਕੈਨੇਡਾ ਦਾ ਇਕ ਅਧਿਕਾਰੀ ਹਾਪਕਿਨਸਨ ਬੜਾ ਹੀ ਬਦਨਾਮ ਅਤੇ ਦੁਸ਼ਟ ਸੋਚ ਦਾ ਮਾਲਕ ਸੀ ਜਿਸ ਨੇ ਸਥਾਨਕ ਭਾਰਤੀਆਂ 'ਤੇ ਜ਼ੁਲਮ ਕਰਕੇ ਉਨ੍ਹਾਂ ਦੇ ਨੱਕ ਵਿਚ ਦਮ ਕੀਤਾ ਹੋਇਆ ਸੀ। ਇਸ ਜ਼ੁਲਮ ਤੋਂ ਭਾਰਤੀ ਪਰਵਾਸੀ ਤਰਾਸ ਤਰਾਸ ਕਰਦੇ ਸਨ। ਇਸ ਅਧਿਕਾਰੀ ਨੇ ਆਪਣੀ ਸਫਲਤਾ ਵਾਸਤੇ ਇਕ ਗੱਦਾਰ ਭਾਰਤੀ ਬੇਲਾ ਸਿੰਘ ਦੀ ਪਿੱਠ ਤੇ ਹੱਥ ਰੱਖਿਆ ਹੋਇਆ ਸੀ ਜਿਹੜਾ ਗਦਰ ਪਾਰਟੀ ਦੇ ਇਨਕਲਾਬੀਆਂ ਦੀ ਸੂਹ ਇਸ ਅਫਸਰ ਨੂੰ ਦਿੰਦਾ ਰਹਿੰਦਾ ਸੀ। ਇਸ ਅਫਸਰ ਦੀ ਸ਼ਹਿ ਤੇ ਹੀ ਬੇਲਾ ਸਿੰਘ ਨੇ ਵੈਨਕੂਵਰ ਦੇ ਗੁਰਦੁਆਰੇ ਵਿਚ ਗੋਲੀ ਚਲਾ ਦਿੱਤੀ ਸੀ ਜਿਸ ਨਾਲ ਭਾਗ ਸਿੰਘ (ਪਿੰਡ ਭਿੱਖੀਵਿੰਡ, ਜ਼ਿਲ੍ਹਾ ਅੰਮ੍ਰਿਤਸਰ) ਅਤੇ ਵਤਨ ਸਿੰਘ ਸ਼ਹੀਦ ਹੋ ਗਏ ਸਨ। ਇਸ ਤੋਂ ਇਲਾਵਾ ਹੋਰ 12 ਭਾਰਤੀ ਫੱਟੜ ਵੀ ਹੋ ਗਏ ਸਨ ਜਿਨ੍ਹਾਂ ਵਿਚ ਸੋਹਨ ਲਾਲ ਪਾਠਕ ਵੀ ਸੀ।

ਇਸ ਘਟਨਾ ਨੇ ਇਨਕਲਾਬੀਆਂ ਦੇ ਮਨਾਂ ਵਿਚ ਬਦਲੇ ਦੇ ਭਾਂਬੜ ਬਾਲ ਦਿੱਤੇ। ਉਹ ਹਰ ਵੇਲੇ ਇਸੇ ਤਾਕ ਵਿਚ ਰਹਿਣ ਲੱਗ ਪਏ ਕਿ ਕਦੋਂ ਮੌਕਾ ਮਿਲੇ ਅਤੇ ਉਹ ਹਾਪਕਿਨਸਨ ਨੂੰ ਨਰਕ ਪਹੁੰਚਾਉਣ। ਆਖਿਰ ਮੇਵਾ ਸਿੰਘ ਨੂੰ ਇਕ ਦਿਨ ਮੌਕਾ ਮਿਲ ਹੀ ਗਿਆ ਜਦੋਂ ਹਾਪਕਿਨਸਨ ਵੈਨਕੂਵਰ ਦੀ ਕਚਹਿਰੀ ਵਿਚ ਗਿਆ ਹੋਇਆ ਸੀ। ਮੇਵਾ ਸਿੰਘ ਨੇ ਉਸ ਨੂੰ ਕਚਹਿਰੀ ਵਿਚ ਹੀ ਗੋਲੀਆਂ ਮਾਰ ਕੇ ਜਹਨਮ ਪਹੁੰਚਾ ਦਿੱਤਾ। ਮੇਵਾ ਸਿੰਘ ਨੂੰ ਗ੍ਰਿਫਤਾਰ ਕਰਕੇ ਕੈਦ ਵਿਚ ਸੁੱਟ ਦਿੱਤਾ ਗਿਆ ਜਿੱਥੇ ਉਸ 'ਤੇ ਅਕਹਿ ਅਤੇ ਅਸਹਿ ਜ਼ੁਲਮ ਢਾਏ ਗਏ ਪਰ ਇਸ ਸ਼ੇਰ ਦੂਲੇ ਨੇ ਸੀ ਨਾ ਕੀਤੀ ਅਤੇ ਆਖਿਰ 11 ਜਨਵਰੀ, 1915 ਨੂੰ ਹੱਸਦਾ-ਹੱਸਦਾ ਫਾਂਸੀ 'ਤੇ ਝੂਲ ਗਿਆ। ਗੱਦਾਰ ਬੇਲਾ ਸਿੰਘ ਨੂੰ ਬਚਾਉਣ ਲਈ ਅੰਗਰੇਜ਼ ਸਰਕਾਰ ਨੇ ਹਰ ਹੀਲਾ ਕੀਤਾ। ਉਸ ਨੂੰ ਸਵੈ ਰੱਖਿਆ ਲਈ ਸਿਪਾਹੀ ਦੇ ਕੇ ਉਸ ਦੇ ਪਿੰਡ ਜੈਨੀ, ਜ਼ਿਲ੍ਹਾ ਹੁਸ਼ਿਆਰਪੁਰ ਭੇਜ ਦਿੱਤਾ ਗਿਆ ਸੀ ਪਰ ਉਸ ਦੇ ਮਗਰ ਲੱਗੇ ਇਨਕਲਾਬੀਆਂ ਜਿਨ੍ਹਾਂ ਵਿਚ ਹਰੀ ਸਿੰਘ ਸੂੰਦ, ਇੰਦਰ ਸਿੰਘ ਆਦਿ ਸ਼ਾਮਿਲ ਸਨ ਨੇ ਉਸ ਨੂੰ ਉਸ ਦੇ ਪਿੰਡ ਵਿਚ ਹੀ ਸਦਾ ਦੀ ਨੀਂਦ ਸਵਾ ਦਿੱਤਾ ਸੀ।

# ਸਿੱਖ-ਸਮਕਾਲ ਦੀ ਹੋਣੀ

ਬਲਕਾਰ ਸਿੰਘ*

ਮੂਲ-ਮੁੱਦਿਆਂ ਪ੍ਰਤੀ ਬਣੀ ਨਿੱਜੀ-ਸਮਝ ਅਤੇ ਸਿੱਖ ਭਾਈਚਾਰੇ ਵਲੋਂ ਤੈਅਸ਼ੁਦਾ ਵਰਤਾਰੇ ਨੂੰ ਹੀ ਸਿੱਖ-ਸਮਕਾਲ ਸਮਝਿਆ ਜਾ ਰਿਹਾ ਹੈ। ਤੈਅਸ਼ੁਦਾ ਵਰਤਾਰੇ ਦੀ ਚੂਲ, ਸਾਂਝੀ-ਸਮਝ ਨੂੰ ਹੋਣਾ ਚਾਹੀਦਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚੋਂ ਪੈਦਾ ਹੋਣ ਵਾਲੀਆਂ ਮਜਬੂਰੀਆਂ ਨੂੰ 'ਹੋਣੀ' ਕਿਹਾ ਜਾ ਰਿਹਾ ਹੈ। ਸਮਕਾਲ ਨੂੰ ਕਿਸੇ ਹੋਰ ਤਾਕਤ ਦੇ ਆਸਰੇ 'ਤੇ ਛੱਡ ਦੇਣ ਦੀ ਕੀਮਤ ਬਹੁਤ ਤਾਰਨੀ ਪੈਂਦੀ ਹੈ। ਸਮਕਾਲ ਨੂੰ ਗਲ ਪਏ ਢੋਲ ਵਾਂਗ ਵਜਾਉਣ ਵਾਲਿਆਂ ਨੂੰ, ਸਮਕਾਲ ਨਾਲ ਗੋਡਿਆਂ ਪਰਨੇ ਤੁਰਨਾ ਪੈਂਦਾ ਹੈ। ਸਮਕਾਲ 'ਤੇ ਸਿਰਦਾਰੀ ਉਹੀ ਕਰ ਸਕਦੇ ਹਨ, ਜਿਹੜੇ ਸਮਕਾਲ ਨੂੰ ਘੜ ਸਕਣ ਦੀ ਸਮਰੱਥਾ ਦੇ ਮਾਲਕ ਹੁੰਦੇ ਹਨ। ਇਹ ਸਮਰੱਥਾ ਇਨਸਾਨ ਵਿਚ ਜਗਦੀਸ਼-ਅੰਸ਼ ਹੋਣ ਕਰਕੇ, ਨਿਹਿਤ ਹੁੰਦੀ ਹੈ।

## ਸਿੱਖ-ਚਿੰਤਨ

ਜਗਦੀਸ਼-ਅੰਸ਼ ਲਈ ਬਾਣੀ ਵਿਚ 'ਜੋਤਿ' ਸ਼ਬਦ ਦੀ ਵਰਤੋਂ ਹੋਈ ਹੈ ਅਤੇ ਗੁਰੂ ਅਮਰਦਾਸ ਜੀ ਨੇ "ਹਰਿ ਤੁਮ ਮਹਿ ਜੋਤਿ ਰਖੀ ਤ ਤੂ ਜਗ ਮਹਿ ਆਇਆ" ਨਾਲ ਇਨਸਾਨੀ-ਸਮਰੱਥਾ ਦੀਆਂ ਨਿਹਿਤ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰ ਦਿੱਤੀ ਹੈ। ਸੱਚ ਨਾਲ ਸਹੂਲਤਮੁਖੀ ਵਰਤਾਰਿਆਂ ਦੇ ਇਕਹਿਰੇ ਪ੍ਰਗਟਾਵਿਆਂ ਨਾਲ ਸਮਕਾਲ-ਸਥਾਪਤੀ ਦੀਆਂ ਦੁਸ਼ਵਾਰੀਆਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਹਰ ਧਰਮ ਨੇ ਸਮਕਾਲ ਨਾਲ ਨਜਿੱਠਣ ਦੀਆਂ ਵਿਧੀਆਂ ਸਾਹਮਣੇ ਲਿਆਉਣ ਦੇ ਯਤਨ ਆਪਣੇ ਆਪਣੇ ਤਰੀਕੇ ਨਾਲ ਕੀਤੇ ਹਨ। ਇਸ ਵਿਸਥਾਰ ਵਿਚ ਜਾਏ ਬਿਨਾਂ, ਵਿਚਾਰਿਆ ਇਹ ਜਾ ਰਿਹਾ ਹੈ ਕਿ (ੳ) ਕਿਸੇ ਵੀ ਧਰਮ ਵਾਂਗ ਸਿੱਖ ਧਰਮ ਵਲੋਂ ਕੀਤੇ ਗਏ ਯਤਨਾਂ ਨਾਲ ਕਿਸ ਕਿਸਮ ਦਾ ਇਨਸਾਨ ਪੈਦਾ ਕੀਤਾ ਗਿਆ ਹੈ ਅਤੇ (ਅ) ਕਿਸੇ ਵੀ ਧਾਰਮਿਕ-ਭਾਈਚਾਰੇ ਵਾਂਗ ਸਿੱਖ-ਭਾਈਚਾਰੇ ਦਾ ਸਮਕਾਲੀ-ਰੋਲ ਮਾਡਲ ਕਿਹੋ ਜਿਹਾ ਹੈ ਜਾਂ ਕਿਹੋ ਜਿਹਾ ਰਿਹਾ ਹੈ? ਇਨ੍ਹਾਂ ਦੋਹਾਂ ਪ੍ਰਸ਼ਨਾਂ ਦੇ ਉਤਰ ਵਿਚੋਂ ਹੀ ਸਿੱਖ-ਸਮਕਾਲ ਦੀ ਹੋਣੀ ਦੀ ਗੱਲ ਸ਼ੁਰੂ ਕੀਤਾ ਜਾ ਰਹੀ ਹੈ।

ਸਪਸ਼ਟ ਕਰ ਦਈਏ ਕਿ ਸਿੱਖ ਭਾਈਚਾਰੇ ਦੇ ਸਮਕਾਲ ਦੀਆਂ ਧਾਰਮਿਕ ਅਤੇ ਰਾਜਨੀਤਕ ਗਤੀਵਿਧੀਆਂ ਦਾ ਅਲੋਚਨਾਤਮਕ ਨਿਰੀਖਣ ਇਸ ਪਰਚੇ ਦਾ ਹਿੱਸਾ ਨਹੀਂ ਹੈ। ਸ਼ਾਨਮੱਤੀ ਸਿੱਖ-ਵਿਰਾਸਤ ਦੇ ਸੋਹਿਲੇ ਗਾਉਣ ਦੀ ਥਾਂ, ਸਿੱਖ-ਵਾਰਸਾਂ ਦੀ ਭੂਮਿਕਾ ਦਾ ਸਮਕਾਲ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। 15ਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਵੀ ਸਮਕਾਲੀ ਧਰਮ-ਚੇਤਨਾ ਨਾਲ ਜੁੜੇ ਹੋਏ ਸਰੋਕਾਰ, ਅੜਾਉਣੀ ਬਣੇ ਹੋਏ ਸਨ। ਸਮਕਾਲੀ ਅੜਾਉਣੀਆਂ ਦੇ ਹੱਲ, ਭੂਤ ਨਾਲ ਜੋੜ ਕੇ ਕੱਢਣ ਵਾਲਿਆਂ ਨੇ ਵਰਤਮਾਨ ਨੂੰ ਸਮਕਾਲੀ ਕਰਮ-ਭੂਮੀ ਮੰਨ ਲੈਣ ਦੀ ਥਾਂ, ਕੀਤੇ ਹੋਏ ਭੂਤ ਦੇ ਕਰਮਾਂ ਨਾਲ ਜੋੜ ਕੇ ਗੱਲਾਂ ਕਰਦਿਆਂ ਪ੍ਰਾਪਤ ਖੁਸ਼ੀਆਂ-ਗਮੀਆਂ ਨੂੰ ਪ੍ਰਾਪਤ ਸਮਕਾਲੀ-ਹੋਣੀ ਵਜੋਂ ਲੈ ਲਿਆ ਸੀ। ਇਸੇ ਦੀ ਦੂਜੀ ਪਰਤ ਵਰਤਮਾਨ ਦੇ ਵਰਤਾਰੇ ਨੂੰ ਭਵਿੱਖ ਦੀ ਤਿਆਰੀ ਲਈ ਪ੍ਰਾਪਤ ਅਵਸਰ ਮੰਨ ਲੈਣਾ ਸੀ। ਦੋਹਾਂ ਹੀ ਹਾਲਤਾਂ ਵਿਚ ਵਰਤਮਾਨ ਦੇ ਗੁੰਮ ਜਾਣ ਦੀ ਸੰਭਾਵਨਾ, ਧਾਰਮਿਕ ਵਰਤਾਰੇ ਦਾ ਹਿੱਸਾ ਹੋ ਗਈ ਸੀ। ਇਨ੍ਹਾਂ ਦੋਹਾਂ ਨਾਲੋਂ ਵੱਖਰੀ ਧਾਰਮਿਕ-ਪਹੁੰਚ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਭੂਤ ਅਤੇ ਭਵਿੱਖ ਦੀਆਂ ਹੱਦਬੰਦੀਆਂ ਦੀ ਕਾਲਪਨਿਕ-ਪਾਬੰਦੀ ਤੋਂ ਮੁਕਤ ਕਰਕੇ, ਧਰਮ ਦੇ ਵਰਤਮਾਨ ਨੂੰ ਜਿਸ ਤਰ੍ਹਾਂ ਸਥਾਪਤ ਕੀਤਾ, ਉਸੇ ਨੂੰ ਸਿੱਖ-ਧਰਮ ਵਜੋਂ ਜਾਣਿਆ ਜਾਂਦਾ ਹੈ। ਇਹ ਸਿੱਖ-ਸਮਝ ਵਿਚ ਜਿਸ ਤਰ੍ਹਾਂ ਉਤਰਿਆ, ਉਹ ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਹੈ:

> ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ
> ਚੜ੍ਹਦੀ ਕਲਾ ਨਿਵਾਸ ਸੱਦ ਹੀ ਰਖਣਾ।

ਇਸ ਕਾਵਿ-ਟੁਕ ਵਿਚਲੇ ਗੁਰਮਤੀ-ਵਰਤਾਰੇ ਦੀ ਵਿਰਾਸਤੀ-ਸ਼ਾਨ ਦਾ ਗੁਵਾਚ ਜਾਣਾ, ਸਿੱਖ-ਸਮਕਾਲ ਦੀ ਹੋਣੀ ਦਾ ਰੜਕਵਾਂ ਹਿੱਸਾ ਹੋ ਗਿਆ।

ਸਿੱਖੀ ਦਾ ਸਮਕਾਲ ਤਿੰਨ ਕੋਟੀਆਂ ਵਿਚ ਪ੍ਰਚਲਿਤ ਅਤੇ ਪ੍ਰਾਪਤ ਹੈ। ਪਹਿਲੀ ਕੋਟੀ ਹੈ, ਜਿਸ ਤਰ੍ਹਾਂ ਆਮ ਆਦਮੀ ਵੱਲੋਂ ਇਸ ਨੂੰ ਜੀਵਿਆ ਜਾ ਰਿਹਾ ਹੈ, ਇਸ ਨੂੰ ਸਿੱਖ-ਸਭਿਆਚਾਰ ਕਹਿ ਸਕਦੇ ਹਾਂ ਅਤੇ ਇਸ ਵਿਚ ਨਿੱਜੀ-ਸਮਝ ਨੂੰ ਕੇਂਦਰੀ ਸਥਾਨ ਪ੍ਰਾਪਤ ਰਹਿੰਦਾ ਹੈ ਅਤੇ ਇਸ ਹਾਲਤ ਵਿਚ ਵਾਸਤਵਿਕਤਾ ਆਮ ਤੌਰ 'ਤੇ ਹਾਸ਼ੀਏ 'ਤੇ ਚਲੀ ਜਾਂਦੀ ਹੈ। ਦੂਜੀ ਕੋਟੀ ਧਰਮ ਦੀ ਹੈ ਅਤੇ ਇਸ ਵਿਚ ਸਤਿ ਨੂੰ ਕੇਂਦਰੀਅਤਾ ਪ੍ਰਾਪਤ ਹੋ ਜਾਂਦੀ ਹੈ ਅਤੇ ਨਿੱਜੀ-ਸਮਝ ਹਾਸ਼ੀਏ 'ਤੇ ਧੱਕੀ ਜਾ ਸਕਦੀ ਹੈ। ਅੰਮ੍ਰਿਤ ਵੇਲੇ ਦਾ ਜਾਗਣਾ, ਕੱਕਾਰਧਾਰੀ-ਪਛਾਣ ਅਤੇ ਗੁਰਦੁਆਰੇ ਚੱਲ ਕੇ ਜਾਣ ਵਲ ਸਿੱਖ-ਸਭਿਆਚਾਰ ਵਿਚ ਵਰਤ ਰਹੀ ਬੇਪਰਵਾਹੀ, ਇਸੇ ਕੋਟੀ ਵਿਚ ਆਉਂਦੀ ਹੈ। ਧਰਮ ਨੂੰ ਮੰਜ਼ਲ ਵਜੋਂ ਨਹੀਂ, ਮਾਧਿਅਮ ਵਜੋਂ ਸਮਝੇ ਜਾਣ ਨਾਲ, ਧਰਮ ਨੂੰ ਸਮਕਾਲ ਦੀ ਘਾੜਤ ਵਾਸਤੇ ਲੋੜੀਂਦੀ ਤਕਨਾਲੋਜੀ ਵਜੋਂ ਵਰਤਿਆ ਜਾ ਸਕਦਾ ਹੈ। ਇਸ ਦਾ ਆਧਾਰ ਬਾਣੀ ਵਿਚ ਇਹ ਪ੍ਰਾਪਤ ਹੈ ਕਿ ਛੱਡਣਾ ਹੀ ਹੈ ਤਾਂ ਮਾੜੇ ਕੰਮਾਂ ਨੂੰ ਛੱਡਣਾ ਚਾਹੀਦਾ ਹੈ। ਇਸ ਵਿਚ ਦੇਰ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਧਰਮ, ਨਾਮ-ਤਕਨਾਲੋਜੀ ਹੈ:

> ਨਹ ਬਿਲੰਬ ਧਰਮੰ ਬਿਲੰਬ ਪਾਪੰ॥
> ਦ੍ਰਿੜੰਤ ਨਾਮੰ ਤਜੰਤ ਲੋਭੰ॥

ਧਰਮ ਨੂੰ ਜਨਮ ਤੋਂ ਮੰਨ ਲੈਣ ਨਾਲ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਕਿਸੇ ਵੀ ਇਨਸਾਨ ਦੀ ਪੈਦਾਇਸ਼ ਤਾਂ ਸਭਿਆਚਾਰ ਵਿਚ ਹੁੰਦੀ ਹੈ। ਧਰਮ ਨੂੰ ਤਾਂ ਧਾਰਨ ਕੀਤਾ ਜਾਂਦਾ ਹੈ। ਸਭਿਆਚਾਰ ਵਿਚੋਂ ਧਰਮ ਵਿਚ ਪਰਵੇਸ਼ ਕਰਨ ਨਾਲ ਕੇਂਦਰੀਅਤ ਧਰਮ ਨੂੰ ਪ੍ਰਾਪਤ ਹੋ ਜਾਂਦੀ ਹੈ। ਸਿੱਖੀ ਮੁਤਾਬਿਕ ਧਰਮ ਦਾ ਕੰਮ, ਅਧਿਆਤਮਿਕ-ਵਰਤਾਰੇ ਦੀ ਸਿਰਜਣਾ ਕਰਨਾ ਹੈ। ਅਧਿਆਤਮਿਕ-ਵਰਤਾਰੇ ਵਿਚ ਪ੍ਰਾਪਤ ਲੀਲ੍ਹਾ ਦੀ ਅਚੁੱਕ ਚਾਲਕ-ਸ਼ਕਤੀ ਦੇ ਪ੍ਰਤੱਖ-ਦੀਦਾਰ ਲਈ ਲੋੜੀਂਦਾ ਸਮਝ-ਗੋਚਰੇ ਆ ਸਕਣ ਵਾਲਾ ਭਾਸ਼ਾਈ-ਪ੍ਰਗਟਾਵਾ ਸ਼ਾਮਲ ਹੁੰਦਾ ਹੈ। ਇਸਦਾ ਸਮਰਥਨ ਮੂਲ-ਮੰਤ੍ਰ ਤੋਂ ਹੋ ਜਾਂਦਾ ਹੈ। ਆਮ ਬੰਦੇ ਦੀ ਭਾਸ਼ਾ ਵਿਚ ਬਾਣੀ ਦੇ ਅਰੰਭਕ-ਪ੍ਰਗਟਾਵੇ ਵਜੋਂ, ਅਕਾਲ ਪੁਰਖ ਦਾ ਸਰੂਪ ਇਸ ਤਰ੍ਹਾਂ ਮੂਲ-ਮੰਤ੍ਰ ਵਜੋਂ ਪ੍ਰਾਪਤ ਹੈ:

> ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਜੇ ਅਧਿਆਤਮਿਕ-ਪ੍ਰਗਟਾਵਾ ਕਿਸੇ ਵੀ ਕਾਰਨ ਕਰਕੇ ਸੂਖਮਤਰ ਹੋ ਜਾਵੇ ਤਾਂ ਸਮਕਾਲ-ਸਥਾਪਨਾ ਲਈ ਲੋੜੀਂਦੀ ਭੂਮਿਕਾ ਅਕਸਰ ਸ਼ਕੀ ਹੋ ਜਾਂਦੀ ਹੈ। ਇਸੇ ਲਈ ਸਿੱਖ ਧਰਮ ਵਿਚ ਇਸਦਾ ਸਮਝ-ਗੋਚਰਾ ਪ੍ਰਗਟਾਵਾ ਪ੍ਰਤੱਖ-ਗੁਰੂ ਵਜੋਂ ਪ੍ਰਾਪਤ ਹੈ:

> ਬੇਦ ਕਤੇਬ ਸੰਸਾਰ ਸਭ ਹੂੰ ਬਾਹਰਾ॥
> ਨਾਨਕ ਕਾ ਪਾਤਸਾਹੁ ਦਿਸੈ ਜਾਹਿਰਾ॥

ਇਹ ਇਕ ਪਾਸੇ ਅਕਾਲ-ਪੁਰਖ ਪ੍ਰਤੀ ਸੁਤੰਤਰ-ਸਥਾਪਨਾ ਹੈ ਅਤੇ ਦੂਜੇ ਪਾਸੇ ਪ੍ਰਤੱਖ ਅਨੁਭਵ ਦੀ ਸਮਕਾਲ-ਸਥਾਪਤੀ ਦੀਆਂ ਸੰਭਾਵਨਾਵਾਂ ਦਾ ਭਰੋਸਾ ਹੈ। ਇਸਦੀ ਅਧਿਆਤਮਿਕ ਵਿਆਖਿਆ ਪ੍ਰਾਪਤ 'ਨੈਣ-ਮੁੰਦੀ ਸਮਾਧੀ' ਦੀ ਥਾਂ 'ਤੇ, ਭਾਈ ਵੀਰ ਸਿੰਘ ਨੇ 'ਨੈਣ-ਖੁਲ੍ਹੀ ਸਦਾ-ਸਮਾਧੀ' ਵਜੋਂ 'ਗੁਰਮਤਿ ਨਿਰਣਯ' ਪੁਸਤਕ ਦੀ ਭੂਮਿਕਾ ਵਿਚ ਇਸ ਤਰ੍ਹਾਂ ਕੀਤੀ ਹੋਈ ਹੈ:

"ਹਾਂ, ਇਹ ਅਰੋਗ, ਨਵਾਂ ਨਰੋਆ, ਜੁਆਨੀ ਤੇ ਜੋਬਨ ਵਾਂਗ ਠਾਠਾਂ ਮਾਰਦਾ ਵਾਹਿਗੁਰੂ ਦਾ ਲਗਾਤਾਰਾ ਝਾਕਾ, ਜੋ ਅੰਦਰ ਆਪੇ ਦੀਆਂ ਅਮਿਤ ਡੂੰਘਾਈਆਂ ਵਿਚ ਉਤਰ ਕੇ ਆਪੇ ਤੋਂ ਅਗੇਰੇ 'ਪਰਮ ਆਪੇ' ਦੇ ਸਦਾ ਮੇਲ ਵਿਚ ਰੱਖਣ ਵਾਲਾ ਇਕ ਅਮਲੀ ਤਜਰਬਾ ਸੀ, ਜੋ ਨੈਣ-ਮੁੰਦੀ ਸਮਾਧੀ ਵਿਚੋਂ ਕੱਢ ਕੇ ਨੈਣ-ਖੁਲ੍ਹੀ ਸਦਾ-ਸਮਾਧੀ ਵਿਚ ਸਦਾ-ਜਾਗ੍ਰਿਤ ਦੀ ਤਾਜ਼ਗੀ ਵਿਚ ਸਦਾ-ਦਰਸ਼ਨ ਦੇਂਦਾ ਸਦਾ-ਉਮਾਹ ਵਿਚ ਰਖਦਾ ਸੀ, ਏਹੋ ਜਿਹੇ ਮਹਾਂਵਾਕ ਉਚਾਰਨ ਕਰਵਾਉਂਦਾ ਸੀ: "ਨਾਨਕ ਕਾ ਪਾਤਸਾਹੁ ਦਿਸੈ ਜਾਹਿਰਾ॥""

ਗੁਰਮਤਿ ਦੇ ਰੰਗ ਵਿਚ ਰੰਗਣ ਵਾਲੀਆਂ ਪਰੰਪਰਕ-ਵਿਧਾਵਾਂ (ਟਕਸਾਲ, ਢਾਡੀ ਅਤੇ ਰਾਗੀ ਆਦਿ) ਦੇ ਆਧੁਨਿਕ-ਬੱਦਲ ਅਤੇ ਮੰਡੀਕਰਨ ਨੇ, ਜੋ ਨੁਕਸਾਨ ਕੀਤਾ ਹੈ, ਉਸਨੂੰ ਪਛਾਣਨ ਲਈ ਪ੍ਰਾਪਤ-ਵਿਧੀਆਂ ਨਾਲੋਂ ਸਿੱਖ ਭਾਈਚਾਰਾ ਦੂਰ ਹੋ ਗਿਆ ਹੈ। ਇਸ ਨਾਲ ਪੈਦਾ ਹੋ ਰਹੀ ਅਗਿਆਨੀ-ਨਿਸ਼ਠਾ ਅਤੇ ਉਘਲਈ-ਪਹੁੰਚ, ਸਿੱਖ-ਸਮਕਾਲ ਦੀ ਹੋਣੀ ਹੁੰਦੀ ਜਾ ਰਹੀ ਹੈ।

ਸਿੱਖ-ਸਮਕਾਲ, ਕਲਚਰ ਤੋਂ ਧਰਮ ਅਤੇ ਧਰਮ ਤੋਂ ਅਧਿਆਤਮ ਦੇ ਸਿੱਖ-ਕ੍ਰਮ ਵਿਚੋਂ ਨਿਕਲ ਕੇ, ਅਧਿਆਤਮ ਤੋਂ ਧਰਮ ਅਤੇ ਧਰਮ ਤੋਂ ਕਲਚਰ ਦੇ ਪਿਛਲਮੁਖੀ-ਕ੍ਰਮ ਤੱਕ ਪਹੁੰਚ ਗਿਆ ਹੈ। ਸਿੱਖ-ਸਭਿਆਚਾਰ ਵਿਚ ਵੀ ਕੇਂਦਰੀ-ਸਰੋਕਾਰਾਂ ਦੀ ਥਾਂ, ਹਾਸ਼ੀਆ-ਸਰੋਕਾਰਾਂ ਦੀ ਸੁਰ ਪ੍ਰਧਾਨ ਹੋ ਗਈ ਹੈ। ਇਸ ਵਿਚ ਨੈਤਿਕ ਕਦਰਾਂ-ਕੀਮਤਾਂ ਦੀ ਥਾਂ 'ਤੇ ਕਿਸੇ ਵੀ ਹੀਲੇ ਸਫਲ ਹੋਣ ਦੀ ਉਪਭੋਗੀ ਮਾਨਸਿਕਤਾ ਦਾ ਬੋਲਬਾਲਾ ਹੋ ਗਿਆ ਹੈ। ਇਸ ਕਿਸਮ ਦੀ ਧਰਮਨੁਮਾ-ਮਾਨਸਿਕਤਾ ਵਿਚੋਂ ਵਪਾਰੀਨੁਮਾ-ਧਰਮੀਆਂ ਨੂੰ ਸਿੱਖ-ਸਮਕਾਲ ਦਾ ਰੋਲ-ਮਾਡਲ ਹੋ ਸਕਣ ਦਾ ਰਾਹ ਪੱਧਰਾ ਹੋ ਗਿਆ ਹੈ। ਇਹ ਧਾਰਕ-ਬਿਰਤੀ ਦੀ ਥਾਂ 'ਤੇ ਪੂਜਕ-ਬਿਰਤੀ ਵਲ ਤੁਰਨਾ ਹੈ। ਇਹ, ਸਮਝੇ ਬਗੈਰ ਸਵੈ-ਵਿਗਾੜ ਨੂੰ ਪਰਵਾਨ ਕਰਨਾ ਹੈ। ਇਹ, ਵਾਰਸਾਂ ਦਾ ਵਿਰਾਸਤ ਪ੍ਰਤੀ ਉਘਲਈ ਹੋ ਜਾਣਾ ਹੈ। ਇਹ, ਧਰਮ ਦੀ ਸਿਆਸਤ ਨੂੰ ਧਰਮ ਮੰਨ ਲੈਣਾ ਹੈ। ਪਰ ਗੁਰਮਤਿ ਵਿਚ ਤਾਂ ਸਿਆਸਤ ਦਾ ਧਰਮ ਸਥਾਪਿਤ ਕਰਨ ਦੀ ਸਿੱਖਿਆ ਹੈ। ਇਸ ਨਾਲ ਸਿੱਖ-ਧਰਮ ਦੀ ਉਸਾਰੂ ਪਹੁੰਚ ਦੀ ਥਾਂ, ਜਵਾਬੀ ਪਹੁੰਚ ਅੱਗੇ ਆ ਗਈ ਹੈ। ਉਸਾਰੂ ਪਹੁੰਚ ਦਾ ਬਾਣੀ-ਮਾਡਲ ਇਹ ਹੈ ਕਿ ਸਮਕਾਲ ਦੀ ਹੋਣੀ ਦੇ ਸਨਮੁਖ ਹੋ ਕੇ, ਪ੍ਰਾਪਤ ਦਾ ਸਹਿਜ-ਸਥਾਪਨ ਕਰਨਾ ਹੈ:

> ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥
> ਸਾਹਾ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥
> ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥

ਜਵਾਬੀ ਪਹੁੰਚ ਵਿਚ ਨਿੱਜੀ-ਸਮਝ ਸਮਕਾਲੀ-ਸਤਿ 'ਤੇ ਭਾਰੂ ਹੋ ਜਾਂਦੀ ਹੈ। ਭਾਈ ਗੁਰਦਾਸ ਦੇ ਸ਼ਬਦਾਂ ਵਿਚ ਇਹ "ਕਾਵਾਂ ਰੌਲੀ ਮੂਰਖ ਸੰਗੇ" ਵਰਗੀ ਸਥਿਤੀ ਹੈ। ਇਹ 'ਹੱਥ ਵਿਚ ਛੁਰੀ ਅਤੇ ਮੂੰਹ ਵਿਚ ਰਾਮ ਰਾਮ' ਦੀ ਦੋਹਰੀ ਜ਼ਿੰਦਗੀ ਹੈ ਅਤੇ ਇਸ ਨੂੰ 'ਕੱਚੇ' ਕਿਹਾ ਗਿਆ ਹੈ ਕਿਉਂਕਿ ਕੱਚਿਆਂ ਦੇ ਮਨ ਵਿਚ ਕੁਝ ਹੋਰ ਹੁੰਦਾ ਹੈ ਅਤੇ ਮੂੰਹ ਵਿਚ ਕੁਝ ਹੋਰ ਹੁੰਦਾ ਹੈ। ਇਹ ਸਿਧਾਂਤ ਦੇ ਅਮਲ ਨਾਲੋਂ ਕਿਸੇ ਵੀ ਕਾਰਨ ਕਰਕੇ ਟੁੱਟ ਜਾਣਾ ਹੈ। ਬਾਬਾ ਫਰੀਦ ਇਸ ਨੂੰ ਜ਼ਿੰਦਗੀ ਨਹੀਂ, ਧਰਤੀ 'ਤੇ ਭਾਰ ਵਾਂਗ ਵੇਖਦੇ ਹਨ:

> ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
> ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ॥

ਇਸ ਨੂੰ ਵਿਰਾਸਤੀ-ਜੜ੍ਹਾਂ ਨਾਲੋਂ ਟੁੱਟੇ ਹੋਏ ਕਿਸੇ ਭਾਈਚਾਰੇ ਦੇ ਸਮਕਾਲ ਦੀ ਹੋਣੀ ਵਜੋਂ ਸਮਝਿਆ ਜਾ ਸਕਦਾ ਹੈ।

ਸਿੱਖ-ਸਮਕਾਲ ਵਿਚ ਵਾਰਸ-ਨੈਤਿਕਤਾ ਦੇ ਬਿਰਦ ਦੀ ਪਾਲਣਾ ਦਿਨੋ-ਦਿਨ ਮੁਸ਼ਕਿਲ ਹੁੰਦੀ ਜਾ ਰਹੀ ਹੈ। ਜ਼ਿੰਦਗੀ ਨੂੰ ਵਰਗਾਂ ਦੀ ਵੰਡ ਵਿਚ ਭੁਗਤਣ ਦੀ ਮਜਬੂਰੀ ਵਿਚੋਂ ਕੱਢ ਕੇ ਭਾਈਚਾਰਕ-ਸਮੂਹਕਤਾ ਵਿਚ ਹੰਢਾਉਣ ਦੀ ਪ੍ਰਾਪਤ ਗੁਰਮਤਿ-ਸਿੱਖਿਆ ਨੂੰ ਛੱਡ ਕੇ, ਸਿੱਖ-ਭਾਈਚਾਰਾ ਜ਼ਿੰਦਗੀ ਨੂੰ ਟੁਕੜਿਆਂ ਵਿਚ ਹੰਢਾਉਣ ਦੇ ਰਾਹ ਪੈ ਗਿਆ ਹੈ। ਇਹ ਪਿਛਲਮੁਖੀ-ਵਰਤਾਰਾ ਹੈ। ਇਸ ਵਿਚੋਂ ਪਾਠੀ-ਸ਼੍ਰੇਣੀ, ਕੀਰਤਨ-ਸ਼੍ਰੇਣੀ ਅਤੇ ਪ੍ਰਬੰਧਕ-ਸ਼੍ਰੇਣੀ ਆਦਿ ਪੈਦਾ ਹੋ ਗਏ ਹਨ। ਇਸ ਹਾਲਤ ਅੰਦਰ ਧਰਮ ਵਿਚ ਧੰਦੇ ਦੇ ਪਰਵੇਸ਼ ਨੂੰ ਕਿਵੇਂ ਰੋਕ ਸਕਾਂਗੇ? ਨਾ ਰੋਕ ਸਕਣ ਵਿਚੋਂ ਹੀ ਕਿਸੇ ਇਕੋ ਵਰਗ ਵਲੋਂ ਬਾਕੀ ਵਰਗਾਂ ਦੇ ਅਪਹਰਣ ਦੀਆਂ ਸੰਭਾਵਨਾਵਾਂ ਸਿੱਖ-ਸਮਕਾਲ ਦਾ ਹਿੱਸਾ ਹੋ ਗਈਆਂ ਹਨ। ਇਹ ਸੱਚ ਹੈ ਕਿ ਵਾਰਸਾਂ ਦੀ ਅਸਫਲਤਾ, ਵਿਰਾਸਤ ਦੀ ਅਸਫਲਤਾ ਨਹੀਂ ਹੁੰਦੀ। ਅਸਫਲਤਾ ਮਾਨਸਿਕਤਾ ਦੀ ਹੁੰਦੀ ਹੈ। ਮਾਨਸਿਕਤਾ ਵਿਚ ਕਰਮ ਅਤੇ ਵਿਚਾਰ ਸ਼ਾਮਲ ਰਹਿੰਦੇ ਹਨ। ਇਸੇ ਕਰਕੇ ਬਦੀ ਵਿਚੋਂ ਬਦੀ ਹੀ ਪੈਦਾ ਹੋ ਸਕਦੀ ਹੈ ਅਤੇ ਅੱਕ ਬੀਜ ਕੇ ਅੰਬਾਂ ਦੀ ਆਸ ਨਹੀਂ ਕੀਤੀ ਜਾ ਸਕਦੀ।

ਜੇ ਮਾਨਸਿਕਤਾ, ਕੀਤੇ ਜਾ ਰਹੇ ਕਰਮ ਦੇ ਮੁਤਾਬਿਕ ਨਹੀਂ ਹੈ ਤਾਂ ਗੁਰੂ ਰਾਮਦਾਸ ਜੀ ਦੇ ਸ਼ਬਦਾਂ ਵਿਚ ਪ੍ਰਾਪਤੀਆਂ ਦੀ ਆਸ ਨਹੀਂ ਕੀਤੀ ਜਾ ਸਕਦੀ:

> ਸਤਿਗੁਰ ਕੀ ਸੇਵਾ ਨਿਰਮਲੀ
> ਨਿਰਮਲ ਜਨੁ ਹੋਇ ਸੁ ਸੇਵਾ ਘਾਲੇ॥
> ਜਿਨ ਅੰਦਰਿ ਕਪਟੁ ਵਿਕਾਰੁ ਹੈ
> ਓਇ ਆਪੇ ਸਚੈ ਵਖਿ ਕਢਿ ਜਜਮਾਲੇ॥

ਇਸ ਕਰਕੇ ਹੋਣੀ ਦਾ ਸਬੰਧ ਸਮਕਾਲੀ-ਵਿਵਹਾਰ ਨਾਲ ਹੈ। ਇਹ "ਜਿਉ ਬੋਲਨਿ ਤਿਵੈ ਸੋਹੰਨਿ" ਹੈ। ਇਹੀ "ਜੇਹਾ ਬੀਜੈ ਤੇਹਾ ਕੋ ਪਾਏ" ਹੈ। ਇਸੇ ਦਾ ਸਿੱਟਾ ਹੈ ਕਿ ਆਚਾਰ ਨੂੰ, ਨੈਤਿਕਤਾ ਨੂੰ, ਮਾਨਵ-ਵਿਹਾਰ ਦਾ ਕੇਂਦਰੀ-ਸਰੋਕਾਰ ਪਰਵਾਨ ਕੀਤਾ ਹੋਇਆ ਹੈ। ਇਸ ਵਿਚ ਖਲਲ ਪਾਉਣ ਵਾਲੇ ਸਰੋਕਾਰਾਂ ਨੂੰ ਹਾਸ਼ੀਏ 'ਤੇ ਰੱਖ ਸਕਣ ਦੀ ਸਮਰੱਥਾ ਪੈਦਾ ਕੀਤੇ ਬਿਨਾਂ ਇਹ ਬਿਬੇਕੀ-ਪਹੁੰਚ ਸੰਭਵ ਨਹੀਂ ਹੋ ਸਕਦੀ। ਦੋਹਰੀ ਜ਼ਿੰਦਗੀ, ਤਣਾਉ-ਮੁਕਤ ਨਹੀਂ ਹੋ ਸਕਦੀ। ਇਸ ਨੂੰ ਗੁਰੂ ਨਾਨਕ ਸਾਹਿਬ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

> ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥
> ਮਨਹੁ ਕਸੁਧਾ ਕਾਲੀਆ ਬਾਹਰਿ ਚਿਟਵੀਆਹ॥

ਇਸ ਦੋਗਲੀ ਪਹੁੰਚ ਨਾਲ ਭਰਮ-ਮੂਲਕ ਅਤੇ ਅਗਿਆਨ-ਕਲਪਿਤ ਵਿਵਹਾਰ ਸਿੱਖ ਭਾਈਚਾਰੇ ਵਿਚ ਦਾਖਲ ਹੋ ਗਿਆ ਹੈ। ਇਸ ਨੂੰ ਹੋਣੀ ਵਾਂਗ ਹੰਢਾਉਣ ਦੀ ਮਾਨਸਿਕਤਾ ਨੂੰ ਸਿੱਖ-ਧਰਮ ਵਿਚ ਮਾਨਤਾ ਪ੍ਰਾਪਤ ਨਹੀਂ ਹੈ।

ਆਧੁਨਿਕਤਾ ਨਾਲ ਪਰਵੇਸ਼ ਕੀਤੀਆਂ ਗਲੋਬਲੀ ਗਤੀਵਿਧੀਆਂ ਅਤੇ ਲੋੜਾਂ ਵਿਚ ਉਲਝਿਆ ਸਿੱਖ-ਸਮਕਾਲ, ਇਕ ਪਾਸੇ ਉਪਭੋਗੀ-ਮਾਨਸਿਕਤਾ ਦੇ ਭਾਰ ਹੇਠ ਦਬਦਾ ਵੀ ਜਾ ਰਿਹਾ ਹੈ ਅਤੇ ਦੂਜੇ ਪਾਸੇ ਫੈਸ਼ਨਵਾਦ ਦੀ ਤਲਿੱਸਮੀ-ਖਿੱਚ ਵਿਚ ਫਸਦਾ ਵੀ ਜਾ ਰਿਹਾ ਹੈ। ਇਸ ਨਾਲ ਵਿਰਾਸਤੀ-ਸਮਕਾਲ ਉਸਾਰਨ ਦੀਆਂ ਕੋਮਲ-ਭਾਵਨਾਵਾਂ ਵਾਲੀ ਸਿੱਖ-ਮਾਨਸਿਕਤਾ ਦਾ ਕਬਾੜਾ ਹੋਈ ਜਾ ਰਿਹਾ ਹੈ। ਇਸ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਹੀ ਨਿਕਲਿਆ ਜਾ ਸਕਦਾ ਹੈ। ਇਹ ਗੱਲ "ਮੁੰਦਾਵਣੀ" ਦੇ ਆਧਾਰ 'ਤੇ ਕਹੀ ਜਾ ਰਹੀ ਹੈ। ਇਹ, 'ਸ਼ਬਦ-ਗੁਰੂ' ਵੱਲ ਮੁੜਿਆਂ ਹੀ ਸੰਭਵ ਹੋ ਸਕਦਾ ਹੈ। ਸ਼ਬਦ-ਗੁਰੂ ਵੱਲ ਮੁੜਨ ਵਾਸਤੇ ਲੋੜੀਂਦੀ ਯੋਗਤਾ-ਮੂਲਕ ਮਾਨਸਿਕਤਾ, ਗੁਰੂ ਦੇ ਰੰਗ ਵਿਚ ਰੰਗੀਜਕੇ ਹੀ ਸੰਭਵ ਹੋ ਸਕਦੀ ਹੈ। ਸ਼ਰਧਾ ਤੋਂ ਚੇਤਨਾ ਅਤੇ ਚੇਤਨਾ ਤੋਂ ਸ਼ਰਧਾ ਵੱਲ ਲਗਾਤਾਰਾ ਤੁਰੇ ਬਿਨਾਂ, ਵਰਤਮਾਨ ਦੇ ਹਾਣ ਦਾ ਰੋਲ-ਮਾਡਲ ਪੈਦਾ ਕਰਨ ਦਾ ਰਾਹ ਪੱਧਰਾ ਨਹੀਂ ਹੋ ਸਕੇਗਾ।

ਸਿੱਖਾਂ ਵਰਗੀ ਘੱਟ-ਗਿਣਤੀ ਕੌਮੀਅਤਾਂ ਦੇ ਸਮਕਾਲ ਨੂੰ, ਪੁਰਾਤਤਵੀ-ਰੋਲ-ਮਾਡਲ ਦੇ ਆਸਰੇ ਸੰਭਾਲਣਾ ਸੌਖਾ ਨਹੀਂ ਹੁੰਦਾ ਪਰ ਹਾਲਾਤ ਵੱਸ ਅਸੀਂ ਏਸੇ ਪਾਸੇ ਵਧੀ ਜਾ ਰਹੇ ਹਾਂ ਅਤੇ ਏਹੋ ਸਾਡਾ ਸਮਕਾਲ ਹੁੰਦਾ ਜਾ ਰਿਹਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ-ਸਮਕਾਲ ਆਮ ਤੌਰ 'ਤੇ ਸੰਘਰਸ਼ ਤੇ ਕੁਰਬਾਨੀਆਂ ਨਾਲ ਹੀ ਜੁੜਿਆ ਰਿਹਾ ਹੈ। ਸਿੱਖਾਂ ਦੀ ਜੇਤੂ-ਚੜ੍ਹਤ ਦੇ ਇਤਿਹਾਸ ਨੇ ਸਿੱਖ-ਸਮਕਾਲ ਨੂੰ ਭੂਤਮੁਖੀ ਵੀ ਬਣਾਇਆ ਹੈ ਅਤੇ ਸਿਆਸਤਮੁਖੀ ਵੀ। ਇਸ ਵਿਚੋਂ ਉਲਾਰ-ਨਿੱਜੀ-ਸਮਝਾਂ, ਕੱਟੜ-ਧੈਂਤੜੇ ਅਤੇ ਸ਼ਕੀ-ਧਾਰਨਾਵਾਂ ਪੈਦਾ ਹੁੰਦੀਆਂ ਰਹੀਆਂ ਹਨ। ਇਸ ਨਾਲ ਪਰਸਪਰ-ਭਾਈਚਾਰਕ ਭਰੋਸਾ ਕਾਫੀ ਹੱਦ ਤਕ ਗੁਆਚ ਗਿਆ ਹੈ। ਸਿੱਖ ਨੂੰ ਸਿੱਖ ਵਾਂਗ ਵੇਖਿਆਂ ਸਿੱਖ ਦੇ ਗੁਣ ਨਜ਼ਰ ਆਉਣਗੇ ਪਰ ਸਿੱਖ ਨੂੰ ਸ਼ਰੀਕ ਵਾਂਗ ਵੇਖਿਆਂ, ਸਿੱਖ ਦੇ ਔਗੁਣ ਹੀ ਨਜ਼ਰ ਆਉਣਗੇ। ਸਿੱਖ-ਸਮਕਾਲ ਵਿਚ ਵਿਅਕਤੀਗਤ-ਸਮਝ, ਭਾਈਚਾਰਕ-ਸਮਝ ਉਤੇ ਇਥੋਂ ਤੱਕ ਹਾਵੀ ਹੋ ਗਈ ਹੈ ਕਿ ਪੰਥਕ-ਪ੍ਰਸੰਗ ਹੀ ਗੁਆਚਦਾ ਜਾ ਰਿਹਾ ਹੈ। ਇਸ ਦਾ ਹੱਲ ਟਕਰਾਉ ਵਿਚ ਨਹੀਂ, ਸਮੱਸਿਆਵਾਂ ਦੇ ਸਹਿਜ-ਸਥਾਪਨ ਵਿਚ ਹੈ। ਇਸ ਵਾਸਤੇ ਸਾਂਝੀ-ਸਮਝ ਜਾਂ ਪੰਥਕ-ਪਹੁੰਚ ਬਣਾਉਣ ਅਤੇ ਅਮਲ ਵਿਚ ਲਿਆਉਣ ਦਾ ਮਾਹੌਲ ਬਣਾਉਣਾ ਪਵੇਗਾ। ਇਸ ਵਾਸਤੇ ਸਿੱਖ ਧਰਮ ਦੇ ਅਤ੍ਰੁੱਟ ਆਧਾਰਾਂ ਦੀ ਵਰਤੋਂ ਕਰਨੀ ਪਵੇਗੀ। ਇਨ੍ਹਾਂ ਅਤ੍ਰੁੱਟ ਆਧਾਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਦੁਆਰਾ ਅਤੇ ਅਕਾਲ ਤਖਤ ਨੂੰ ਇਸ ਕਰਕੇ ਗਿਣਿਆ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਤਿੰਨਾਂ ਦਾ ਸਤਿਕਾਰ ਸਿੱਖ-ਮਾਨਸਿਕਤਾ ਵਿਚ ਅਤ੍ਰੁੱਟੀ-ਭਾਵਨਾ ਵਿਚ ਕਾਇਮ ਹੈ। ਇਨ੍ਹਾਂ ਤਿੰਨਾਂ ਨੂੰ ਲੈ ਕੇ ਸਿੱਖ-ਮਾਨਸਿਕਤਾ ਦਾ ਮਾਰਗ-ਦਰਸ਼ਨ ਹੋ ਸਕਦਾ ਹੈ। ਇਸ ਨਾਲ ਸਿਹਤਮੰਦ ਸਿੱਖ-ਸਮਕਾਲ ਦੀਆਂ ਸੰਭਾਵਨਾਵਾਂ ਵੀ ਉਜਾਗਰ ਹੋ ਸਕਦੀਆਂ ਹਨ। ਇਸ ਵਾਸਤੇ ਚਾਹੀਦੇ ਹਨ ਸੋਚਵਾਨ ਜਣ੍ਹਾਂ, ਮਨ ਦੀ ਧੱਧਰ 'ਤੇ ਜੁੜੇ ਹੋਏ ਜਣ੍ਹਾਂ ਅਤੇ ਉਸਾਰੂ ਸੁਭਾਅ ਵਾਲੇ ਸਿੱਖ। ਏਸੇ ਲਈ ਕਹਿਣਾ ਪੈ ਰਿਹਾ ਹੈ ਕਿ ਜੇ ਸਮਕਾਲੀ-ਸਰੋਕਾਰ ਵਿਹਾਰਕਤਾ ਦੇ ਕੇਂਦਰ ਵਿਚੋਂ ਨਿਕਲ ਕੇ, ਹਾਸ਼ੀਏ 'ਤੇ ਖਿਸਕ ਜਾਣ ਤਾਂ ਜ਼ਿੰਮੇਵਾਰੀ ਤੋਂ ਟਾਲਾ ਵਟ ਸਕਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ। ਏਹੋ ਜਿਹੀ ਹਾਲਤ ਵਿਚ ਕਰਦਾ ਕੋਈ ਹੈ ਅਤੇ ਭਰਦਾ ਕੋਈ। ਇਹ ਮੰਨ ਲੈਣਾ ਚਾਹੀਦਾ ਹੈ ਕਿ ਆਮ ਸਿੱਖ ਪ੍ਰਾਪਤ ਸਿੱਖ-ਨੈਤਿਕਤਾ ਦੀ ਪਾਲਣਾ ਨਹੀਂ ਕਰ ਰਿਹਾ ਜਾਂ ਨਹੀਂ ਕਰ ਪਾ ਰਿਹਾ ਪਰ ਆਮ ਸਿੱਖ ਵਲੋਂ ਹੋ ਰਹੀ ਇਸ ਅਵਗਿਆ ਵਾਸਤੇ ਜ਼ਿੰਮੇਵਾਰੀ ਆਪ ਕਬੂਲਣ ਦੀ ਥਾਂ ਦੂਜਿਆਂ 'ਤੇ ਸੁੱਟਣ ਦੀ ਵਧੀਕੀ ਪੂਰੀ ਦਿਆਨਤਦਾਰੀ ਨਾਲ ਹੋ ਰਹੀ ਹੈ। ਇਸ ਨਾਲ ਸਾਂਝੀ-ਸਿੱਖ-ਸਮਝ ਬਣਨ ਦਾ ਰਾਹ ਰੁਕ ਗਿਆ ਹੈ। ਏਸੇ ਵਿਚੋਂ ਇਕਪਾਸੜ ਸਿੱਖ-ਮਾਨਸਿਕਤਾ ਪੈਦਾ ਹੋ ਗਈ ਹੈ। ਇਹ ਕਿਸੇ ਨਾ ਕਿਸੇ ਰੂਪ ਵਿਚ ਬੰਧੂਆ-ਮਾਨਸਿਕਤਾ ਹੀ ਹੈ ਕਿਉਂਕਿ ਇਸ ਵਿਚੋਂ ਸਿੱਖ-ਵਚਨਬੱਧਤਾ ਮਨਫੀ ਹੋ ਗਈ ਹੈ। ਇਹੀ ਸਿੱਖ-ਸਮਕਾਲ ਦੀ ਹੋਣੀ ਹੋ ਗਈ ਹੈ।



ਤਸਵੀਰ:ਲੌਂਗਮੈਨ ਸਟੂਡੀਓ

*ਫੋਨ:91-93163-01328
e-mail:balkarsingh@mail.com

# ਗਾਰਗੀ ਦੀ ਰੇਸ਼ਮਾ

***ਇਸ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪਾਇਦਾਰ ਲਿਖਤ ਜਾਂ ਰਚਨਾ ਸਮੇਂ ਨੂੰ ਉਲੰਘ ਜਾਂਦੀ ਹੈ। ਇਹ ਗੱਲ ਪੰਜਾਬੀ ਨਾਟਕਕਾਰ ਬਲਵੰਤ ਗਾਰਗੀ ਦੀਆਂ ਲਿਖਤਾਂ ਬਾਰੇ ਸਹਿਜੇ ਕਹੀ ਜਾ ਸਕਦੀ ਹੈ। ਗਾਰਗੀ ਦੇ ਨਾਟਕ ਤਾਂ ਆਪਣੀ ਵੱਖਰੀ ਪਛਾਣ ਰੱਖਦੇ ਹੀ ਹਨ ਪਰ ਉਸ ਵਲੋਂ ਲਿਖੇ ਗਏ ਰੇਖਾ-ਚਿਤਰਾਂ ਦਾ ਮੁਕਾਬਲਾ ਵੀ ਕੋਈ ਨਹੀਂ ਹੈ। ਅੱਜ ਗਾਰਗੀ ਸਾਡੇ ਵਿਚ ਨਹੀਂ ਰਿਹਾ। ਹਥਲੀ ਲਿਖਤ ਪ੍ਰੋ. ਪ੍ਰੀਤਮ ਸਿੰਘ ਨੇ ਕਈ ਵਰ੍ਹੇ ਪਹਿਲਾਂ ਲਿਖੀ ਸੀ, ਅੱਜ ਉਹ ਵੀ ਸਾਡੇ ਵਿਚਕਾਰ ਨਹੀਂ ਹਨ ਪਰ ਗਾਰਗੀ ਦੀ ਰੇਸ਼ਮਾ ਅਤੇ ਉਸ ਉਪਰ ਪ੍ਰੋ. ਪ੍ਰੀਤਮ ਸਿੰਘ ਦੀ ਇਹ ਟਿੱਪਣੀ ਦੋਵੇਂ ਹੀ ਸਮੇਂ ਦੀ ਸੀਮਾਂ ਉਲੰਘਣ ਦੇ ਸਮਰਥ ਹਨ। ਜਿਸ ਗਾਇਕ ਕਲਾਕਾਰ ਦਾ ਜ਼ਿਕਰ ਹੈ ਉਹ ਵੀ ਸਾਡੇ ਵਿਚਕਾਰ ਕੱਲ ਨੂੰ ਨਹੀਂ ਰਹੇਗੀ ਪਰ ਉਸ ਦੀ ਆਵਾਜ਼ ਨੂੰ ਵੀ ਰਹਿੰਦੀਆਂ ਪੁਸ਼ਤਾਂ ਤੱਕ ਯਾਦ ਰੱਖਿਆ ਜਾਵੇਗਾ। -ਸੰਪਾਦਕ***

**ਪ੍ਰੋ. ਪ੍ਰੀਤਮ ਸਿੰਘ**

ਇਕ ਵੇਲਾ ਸੀ, ਜਦੋਂ ਪਾਕਿਸਤਾਨ ਦੀ ਮਸ਼ਹੂਰ ਗਾਇਕਾ 'ਰੇਸ਼ਮਾ' ਆਜ਼ਾਦ ਜਾਂਗਲੀ ਹਿਰਨੀ ਵਾਂਗ, ਕਦੀ ਬੇਲਿਆਂ ਵਿਚ ਤੇ ਕਦੀ ਥਲਾਂ ਵਿਚ, ਚੁੰਗੀਆਂ ਭਰਦੀ ਤੇ ਮਨ ਦੀ ਮੌਜ ਨਾਲ ਆਪਣੇ ਗਾਉਣ 'ਹਵਾ' ਦੇ ਮੋਢਿਆਂ ਉਤੇ ਖਿਲਾਰਦੀ, ਬੇ-ਪਰਵਾਹ ਫਿਰਿਆ ਕਰਦੀ ਸੀ। ਕਰਨੀ ਰੱਬ ਦੀ, 'ਦਮਾ ਦਮ ਮਸਤ ਕਲੰਦਰ' ਗਾਉਂਦੀ ਦੀ ਆਵਾਜ਼, ਪਾਕਿਸਤਾਨੀ ਰੇਡੀਓ ਦੇ ਇਕ ਚੁਕੰਨੇ ਅਫਸਰ ਨੇ ਸੁਣ ਲਈ। ਨਤੀਜਾ ਇਹ ਨਿਕਲਿਆ ਕਿ ਰੇਸ਼ਮਾ ਰਾਤੋ-ਰਾਤ ਪਾਕਿਸਤਾਨ ਦੀ ਇਕ ਮਸ਼ਹੂਰ ਗਾਇਕਾ ਬਣ ਗਈ। ਰੇਡੀਓ, ਟੀ. ਵੀ. ਤੇ ਵੀਡੀਓ-ਕੈਸੇਟਾਂ ਨੇ ਉਸ ਦੀ ਕਦੀ-ਅਰਸ਼ਾਂ-ਦੀਆਂ-ਉਚਾਣਾਂ ਵਲ ਉਲਰਦੀ ਭਰਵੀਂ ਹੇਕ ਤੇ ਕਦੀ ਹਿਰਦੇ ਨੂੰ ਚੀਰ ਕੇ ਉਸ ਦੀਆਂ ਡੂੰਘਾਣਾਂ ਵਿਚ ਉਤਰਦੀ ਹੂਕ, ਦੇਸ-ਦੇਸਾਂਤਰਾਂ ਵਿਚ ਹੁਲਾ ਦਿੱਤੀ। ਉਸ ਦੀ ਆਵਾਜ਼ ਸ਼ਾਸਤਰੀ ਸੰਗੀਤ ਦੇ ਅਦਭੁਤ ਕੰਠਗਤ ਕਰਤਬਾਂ ਤੋਂ ਅਵਾਣ ਹੈ ਤਾਂ ਪਈ ਹੋਵੇ, ਤੇ ਦਰਬਾਰੀ ਸੁਰ-ਸੰਸਾਰ ਦੇ ਅਤੀ ਸੂਖਮ ਲਹਿਰੀਏ ਤੇ ਝਾਲਰਦਾਰ ਅਲਾਪਾਂ ਦੇ ਵਿਹਾਰ ਤੋਂ ਵਾਂਝੀ ਹੈ ਤਾਂ ਵੀ ਕੋਈ ਗੱਲ ਨਹੀਂ ਕਿਉਂਕਿ ਜਦੋਂ ਉਹ ਆਪਣੀਆਂ ਕਲੰਦਰੀ ਤਾਨਾਂ ਦੇ ਥਾਨ ਖੋਲ੍ਹਣ ਲੱਗਦੀ ਹੈ ਤਾਂ ਪੰਜਾਬ ਦੇ ਜੰਗਲਾਂ-ਬੇਲਿਆਂ ਤੇ ਥਲਾਂ ਵਿਚ ਵੱਸਦੇ ਖ਼ਾਨਾਬਦੋਸ਼ਾਂ ਦਾ ਸਾਰਾ



ਇਤਿਹਾਸ, ਜਿਵੇਂ ਸਾਡੇ ਸਾਹਮਣੇ ਉਲੇੜ੍ਹਿਆ ਜਾਣ ਲੱਗ ਪੈਂਦਾ ਹੈ।

ਬਲਵੰਤ ਗਾਰਗੀ ਨੇ ਆਪਣੇ ਇਕ ਲੇਖ ਵਿਚ ਰੇਸ਼ਮਾ ਤੇ ਉਸ ਦੀ ਕਲਾ ਨਾਲ ਸਾਡੀ ਜਾਣ-ਪਛਾਣ ਕਰਵਾਈ ਹੈ। ਗਾਰਗੀ ਨੇ ਆਪਣੇ ਸਮਕਾਲੀ ਲੇਖਕਾਂ ਤੇ ਕਲਾਕਾਰਾਂ ਨੂੰ ਆਪਣੇ ਲੇਖਾਂ ਵਿਚ ਜਿਸ ਸੁਆਦਲੀ ਜੁਗਤ ਵਿਚ ਰੇਖਾਂਕਿਤ ਕੀਤਾ ਹੈ ਉਸ ਨੇ ਗਾਰਗੀ ਲਈ ਮੌਲਿਕ ਪੰਜਾਬੀ ਗੱਦ-ਰਚਨਾ ਦੇ ਖੇਤਰ ਵਿਚ ਇਕ ਵੱਖਰੀ, ਹੋਰਨਾਂ ਨਾਲੋਂ ਕੁਝ ਹਟਵੀਂ ਤੇ ਵਿਸ਼ੇਸ਼ ਥਾਂ ਸੁਰੱਖਿਅਤ ਕਰ ਦਿੱਤੀ ਹੈ। ਪੰਜਾਬੀ ਗੱਦ-ਸ਼ੈਲੀ ਬਾਰੇ ਲਿਖਦਿਆਂ ਗਾਰਗੀ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਪਰ ਉਸ ਦੀ ਪੇਸ਼ਕਾਰੀ ਤੇ ਸ਼ੈਲੀ ਨੂੰ ਅੰਗ-ਨਿਖੇੜਵੀਂ ਨਿਰਣਾਇਕ ਦ੍ਰਿਸ਼ਟੀ ਨਾਲ ਵੇਖਣ-ਘੋਖਣ ਦੇ ਉਪਰਾਲੇ ਅਜੇ ਬਹੁਤ ਘੱਟ ਹੋਏ ਹਨ। ਗਾਰਗੀ ਦੇ ਆਪਣੇ ਮੁਲੰਕਣ ਅਨੁਸਾਰ, ਰੇਸ਼ਮਾ ਵਾਲਾ ਲੇਖ, ਉਸ ਦੀ ਕਲਾ ਦੀ ਸਰਬੋਤਮ ਨੁਮਾਇੰਦਗੀ ਨਹੀਂ ਕਰਦਾ। ਪਰ ਕਿਉਂਕਿ ਗਾਰਗੀ ਦੀ ਰਚਨਾ ਹੈ, ਇਸ ਲਈ ਇਹ ਹੋ ਨਹੀਂ ਸਕਦਾ ਕਿ ਇਸ ਵਿਚ ਉਸ ਦੀ ਕਲਾ ਨਾ ਵਰਤੀ ਹੋਈ ਹੋਵੇ। ਹੱਥਲਾ ਲੇਖ, ਗਾਰਗੀ ਵਲੋਂ 'ਰੇਸ਼ਮਾ' ਵਿਚ ਵਰਤਾਈ ਕਲਾ ਨੂੰ ਸਮਝਣ ਦਾ ਇਕ ਸੰਖਿਪਤ ਜਿਹਾ ਯਤਨ ਹੈ। ਇਉਂ ਕਰਨ ਲਈ 'ਰੇਸ਼ਮਾ' ਨੂੰ ਕਿਸੇ ਹੋਰ ਲੇਖ ਦੇ ਮੁਕਾਬਲੇ ਵਿਚ ਰੱਖ ਕੇ ਇਸ ਦੇ ਚੰਗ-ਮੰਦ ਦੀ ਤੁਲਨਾ ਕਰਨ ਵਾਲੇ ਪਾਸੇ ਪੈਣ ਦੀ ਥਾਂ, ਖੁਦ ਇਸੇ ਨੂੰ ਇਕ ਸੁਤੰਤਰ ਇਕਾਈ ਮੰਨ ਕੇ, ਲੇਖਕ ਦੀ ਕਲਾ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਸ ਲੇਖ ਦੇ ਪਾਠ ਤੋਂ ਪਹਿਲਾਂ 'ਰੇਸ਼ਮਾ' ਵਾਲੇ ਲੇਖ ਦਾ ਪਾਠ ਸਾਡੇ ਕਥਨਾਂ ਦਾ ਅੱਗਾ-ਪਿੱਛਾ ਸਮਝਣ ਵਿਚ ਯਕੀਨਨ ਸਹਾਇਕ ਸਾਬਤ ਹੋਵੇਗਾ।

ਲੇਖਕ ਦਾ ਪਹਿਲਾ ਵਾਕ, ਠਾਹ ਕਰ ਕੇ, ਇਕ ਅਚਾਨਕ ਵਾਪਰੀ ਘਟਨਾ ਦੇ ਜ਼ਿਕਰ ਨਾਲ ਸ਼ੁਰੂ ਹੁੰਦਾ ਹੈ; ''ਪਿਛਲੇ ਸਾਲ 'ਰੇਸ਼ਮਾ' ਅਚਾਨਕ ਪਾਕਿਸਤਾਨ ਤੋਂ ਨਵੀਂ ਦਿੱਲੀ ਆਈ।''

ਇਹ ਦੱਸਣ ਦੀ ਲੋੜ ਨਹੀਂ ਕਿ ਆਚਨਕ ਕੁਝ ਵੀ ਵਾਪਰੇ, ਉਤਸੁਕਤਾ ਦੇ ਕੰਨ ਝੱਟ ਖੜੇ ਹੋ ਜਾਂਦੇ ਹਨ-ਫੇਰ ਕੀ ਹੋਇਆ? ਲੇਖਕ ਆਪਣੇ ਪਾਠਕ ਨੂੰ ਪਹਿਲਾਂ ਇਹ ਨਹੀਂ ਦੱਸਦਾ ਕਿ 'ਰੇਸ਼ਮਾ' ਹੈ ਕੌਣ? ਪਰ ਇਹ ਦੱਸਦਾ ਹੈ ਕਿ ਜਿਸ ਪਾਸ ਉਸ ਨੇ ਠਹਿਰਨਾ ਹੈ, ਉਹ 'ਰਾਜਕੁਮਾਰੀ' ਹੈ ਤੇ ਜਿਵੇਂ ਕਿ ਹਰ ਪਾਠਕ ਫਰਜ਼ ਕਰੇਗਾ, ਰਾਜਕੁਮਾਰੀ ਹੈ ਵੀ ਖੂਬਸੂਰਤ। ਪਾਠਕ ਨੂੰ ਰੇਸ਼ਮਾ ਦੀ ਉਡੀਕ ਵਿਚ ਤ੍ਰਿਖਾਵੰਤ ਰੱਖ ਕੇ, ਰਾਜਕੁਮਾਰੀ ਦੀ ਹੋਂਦ ਨੂੰ ਠੋਸ ਰੂਪ ਦੇਣ ਲਈ ਉਸ ਦਾ ਹੁਲੀਆ ਬਿਆਨਣ ਲੱਗ ਪੈਂਦਾ ਹੈ; ''ਮੋਟੀਆਂ ਸਿਆਹ ਅੱਖਾਂ, ਘਨਘੋਰ ਸਿਆਹ ਵਾਲ, ਚੰਪਈ ਰੰਗ... ਦਿੱਲੀ ਦੀਆਂ ਕਲਚਰਲ ਮਹਿਫਲਾਂ ਦੀ ਜਾਨ।'' ਕਿਹੜਾ ਪਾਠਕ ਹੋਵੇਗਾ ਜਿਸ ਦੇ ਮਨ ਵਿਚ ਇਹ ਫੁਰਨਾ ਨਹੀਂ ਫੁਰੇਗਾ ਕਿ 'ਰੇਸ਼ਮਾ' ਨਾਂ ਦੀ ਜਿਸ ਸ਼ਖਸੀਅਤ ਨੂੰ ਏਨੀ ਹਸੀਨ ਤੇ ਪ੍ਰਸਿੱਧ ਸ਼ਹਿਜ਼ਾਦੀ ਆਪਣੇ ਪਾਸ ਠਹਿਰਾ ਰਹੀ ਹੈ, ਉਹ ਐਵੇਂ-ਕੈਵੇਂ ਨਹੀਂ, ਕੋਈ ਖਾਸੁਲ-ਖਾਸ ਹਸਤੀ ਹੀ ਹੋਵੇਗੀ। ਉਤੋਂ ਪਾਠਕ ਨੂੰ ਇਹ ਵੀ ਦੱਸਿਆ ਜਾਂਦਾ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਚੋਟੀ ਦੇ ਸੰਗੀਤਕਾਰ ਤੇ ਗਾਇਕ ਜਦ ਕਦੀ ਵੀ ਦਿੱਲੀ ਆਉਂਦੇ ਹਨ, ਇਸੇ ਰਾਜਕੁਮਾਰੀ ਦੇ ਘਰ ਦੀ ਰੌਣਕ ਬਣਦੇ ਹਨ, ਤੇ ਫੇਰ, ਮਤੇ ਕੋਈ ਇਸ ਨੂੰ ਨਿਰੀ ਗੱਪ ਸਮਝ ਲਵੇ, ਲੇਖਕ ਇਕ ਇਕ ਕਰ ਕੇ ਉਨ੍ਹਾਂ ਦੇ ਨਾਂ ਗਿਣਾਉਣੇ ਸ਼ੁਰੂ ਕਰਦਾ ਹੈ; ਵਲਾਇਤ ਖ਼ਾਨ, ਰਵੀ ਸ਼ੰਕਰ, ਕਿਸ਼ੋਰੀ ਅਮੋਨਕਰ, ਪਰਵੀਨ ਸੁਲਤਾਨਾ, ਮੁਨੱਵਰ ਅਲੀ ਖ਼ਾਨ, ਗੁਲਾਮ ਅਲੀ, ਤੁਫੈਲ ਨਿਆਜ਼ੀ। ਹਰ ਵਾਕ ਰੇਸ਼ਮਾ ਦੀ ਵਡਿਆਈ ਵਿਚ ਵਾਧਾ ਕਰਦਾ ਹੈ ਤੇ ਪਾਠਕ ਦੇ ਮਨ 'ਤੇ ਉਸ ਦਾ ਰੁਆਬ ਬਿਠਾਉਣ ਵਿਚ ਸਹਾਈ ਹੁੰਦਾ ਹੈ। ਏਨੀ ਕੁ ਭੂਮਿਕਾ ਉਪਰੰਤ ਉਹ ਪਾਠਕ ਦਾ ਧਿਆਨ ਰੇਸ਼ਮਾ ਵਲ ਇਸ ਤਰ੍ਹਾਂ ਮੋੜਦਾ ਹੈ; ''ਜਦੋਂ ਭਾਰਤ ਵਿਚ ਰੇਸ਼ਮਾ ਦੀ ਆਵਾਜ਼ ਦਾ ਪਹਿਲਾ ਪ੍ਰਵੇਸ਼ ਹੋਇਆ ਤਾਂ ਸਾਰੇ ਅੱਗ ਲੱਗ ਗਈ।'' ਰੇਸ਼ਮਾ ਨਾਲ ਜਾਣ-ਪਛਾਣ ਕਰਵਾਈ ਜਾ ਰਹੀ ਹੈ ਉਸ ਦੀ ਆਵਾਜ਼ ਰਾਹੀਂ, ਜਿਸ ਵਿਚ; 'ਜੰਗਲੀ ਕਬੀਲੇ ਦਾ ਹੁਸਨ ਤੇ ਦਿਲ ਨੂੰ ਧੂਹ ਪਾਉਣ ਵਾਲੀ ਹੂਕ ਹੈ।'

ਏਥੇ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਲੇਖਕ ਨੇ ਪਾਠਕ ਨੂੰ ਕਾਫੀ ਅੱਗੇ ਜਾ ਕੇ ਦੱਸਣਾ ਹੈ ਕਿ ਰੇਸ਼ਮਾ ਦਾ ਨਸਲੀ ਪਿਛੋਕੜ ਇਕ ਜੰਗਲੀ ਕਬੀਲੇ ਨਾਲ ਜੁੜਿਆ ਹੋਇਆ ਹੈ, ਪਰ ਰਾਜਿਆਂ, ਰਾਜਕੁਮਾਰੀਆਂ, ਫਿਲਮੀ ਸੁਪਰਸਟਾਰਾਂ ਤੇ ਚੋਟੀ ਦੇ ਸ਼ਾਸਤ੍ਰੀ ਸੰਗੀਤਕਾਰਾਂ ਤੇ ਗਾਇਕਾਂ ਦੀਆਂ ਸਲੀਕੇਦਾਰ ਮਹਿਫਲਾਂ ਦੇ ਮਾਹੌਲ ਵਿਚ, ਰੇਸ਼ਮਾ ਦਾ ਨਿਮਾਣਾ ਪਿਛਾ, ਉਸ ਦੀ ਆਵਾਜ਼ ਦੇ 'ਜਾਂਗਲੀ ਤੇ ਕਬਾਇਲੀ' ਹੁਸਨ ਵਾਲੇ ਇਸ਼ਾਰੇ ਰਾਹੀਂ ਸੁਝਾਇਆ ਹੈ। ਪਰ ਆਵਾਜ਼ ਬਾਰੇ ਜੋ ਕੁਝ ਉਹ ਕਹਿ ਬੈਠਾ ਹੈ, ਉਸ ਨਾਲ ਉਸ ਦੀ ਤਸੱਲੀ ਨਹੀਂ ਹੋਈ। ਉਸ ਦਾ ਕਲਾਤਮਕ ਅਹਿਸਾਸ ਉਸ ਨੂੰ ਦੱਸਦਾ ਹੈ ਕਿ ਪਾਠਕ ਨੂੰ ਪਤਿਆਉਣ ਲਈ ਅਜੇ ਕੁੱਝ ਹੋਰ ਜ਼ੋਰ ਲਾਉਣ ਦੀ ਲੋੜ ਹੈ। ਸੋ ਉਹ ਸ਼ਿਵਕੁਮਾਰ ਵਰਗੇ ਹੂਕਾਂ ਦੇ ਉਸਤਾਦ ਗੀਤਕਾਰ ਤੇ ਗਾਇਕ ਦੀ ਲੋਕਾਂ ਵਿਚ ਬਣੀ ਹੋਈ ਸਾਖ ਦਾ ਲਾਭ ਉਠਾਉਣ ਦਾ ਫੈਸਲਾ ਕਰਦਾ ਹੋਇਆ, ਕਹਿੰਦਾ ਹੈ;

ਜੋ ਕੋਈ ਰੇਸ਼ਮਾ ਦੇ ਗੀਤ ਨੂੰ ਸੁਣਦਾ ਦਿਲ ਫੜ ਕੇ ਬੈਠ ਜਾਂਦਾ। ਉਨ੍ਹੀਂ ਦਿਨੀਂ ਸ਼ਿਵ ਕੁਮਾਰ ਬਟਾਲਵੀ ਨੇ ਮੈਨੂੰ ਪੁੱਛਿਆ, 'ਤੂੰ ਸੁਣਿਐ ਰੇਸ਼ਮਾ ਦਾ ਗੀਤ-ਨੱਸ ਗਈ ਸੱਪਣੀ, ਰੋਵੇ ਸਪੇਰਾ, ਹਾਏ ਓ, ਰੱਬਾ! ਨਹੀਂਓਂ ਲੱਗਦਾ ਦਿਲ ਮੇਰਾ।' ਸ਼ਿਵ ਨੇ ਇਹ ਗੀਤ ਆਪਣੀ ਆਵਾਜ਼ ਵਿਚ ਸੁਣਾਇਆ। ਇਸ ਵਿਚ ਅਜੀਬ ਵੈਣ ਤੇ ਦਰਦ ਸੀ।

ਇਹ ਗਵਾਹੀ ਪਾਠਕ ਦੇ ਮਨ ਵਿਚ ਇਕ ਵਿਚਾਰ-ਲੜੀ ਨੂੰ ਜਨਮ ਦੇਵੇਗੀ, ਜੇ ਸ਼ਿਵ ਕੁਮਾਰ, ਜਿਸ ਦੀ ਆਪਣੀ ਆਵਾਜ਼ ਵਿਚ ਅੰਤਾਂ ਦਾ ਦਰਦ ਸੀ, ਇਸ ਆਵਾਜ਼ ਉਤੇ ਮਰਦਾ ਸੀ ਤਾਂ ਇਹ ਆਵਾਜ਼ ਜ਼ਰੂਰ ਹੀ ਵਿਸ਼ੇਸ਼ ਗੁਣਾਂ-ਲੱਛਣਾਂ ਵਾਲੀ ਹੋਵੇਗੀ। ਵਿਚਲੀ ਗੱਲ ਇਹ ਹੈ ਕਿ ਰਾਜਕੁਮਾਰੀ ਦੇ ਸਰੀਰ ਤੇ ਮੂੰਹ-ਮੁਹਾਂਦਰੇ ਦੀ ਖੂਬਸੂਰਤੀ ਬਾਰੇ ਤਾਂ ਲਿਖਿਆ ਜਾ ਸਕਦਾ ਹੈ ਕਿਉਂਕਿ ਉਹ ਹੋਵੇਗੀ ਹੀ ਸੁਹਣੀ, ਪਰ ਰੇਸ਼ਮਾ ਵਿਚਾਰੀ ਦਾ ਮੂੰਹ-ਮੱਥਾ ਨੁਮਾਇਸ਼ ਵਿਚ ਰੱਖਣ ਵਾਲਾ ਹੈ ਨਹੀਂ, ਸੋ ਗਾਰਗੀ ਕੀ ਕਰੇ? ਉਹ ਸ਼ਹਿਜ਼ਾਦੀ ਦੇ ਸਰੀਰਕ ਹੁਸਨ ਦੇ ਮੁਕਾਬਲੇ ਵਿਚ ਰੇਸ਼ਮਾ ਦੇ ਗਲੇ ਵਿਚੋਂ ਨਿਕਲਦੀ, ਰਾਹ-ਜਾਂਦਿਆਂ-ਨੂੰ-ਕੀਲ-ਕੇ-ਬਹਾ-ਲੈਣ-ਵਾਲੀ ਜਾਦੂਈ ਸੁਰ ਪੇਸ਼ ਕਰ ਕੇ ਆਪਣੇ ਪਾਤਰ ਨੂੰ ਹੇਠੀ ਤੋਂ ਬਚਾਉਣ ਦਾ ਯਤਨ ਕਰਦਾ ਹੈ। ਜੇ ਕਿਤੇ ਰੇਸ਼ਮਾ ਦਾ ਸਰੀਰ ਸ਼ਹਿਜ਼ਾਦੀ ਵਰਗਾ ਦਿਲਕਸ਼ ਹੁੰਦਾ ਤਾਂ ਬਹੁਤੀ ਸੰਭਾਵਨਾ ਇਸ ਗੱਲ ਦੀ ਸੀ ਕਿ ਉਹ ਉਸ ਦਾ ਇਹ ਪੱਖ ਸ਼ੁਰੂ ਵਿਚ ਹੀ ਉਜਾਗਰ ਕਰਦਾ।

ਹਾਲੀ ਵੀ ਲੇਖਕ ਜੀਉਂਦੀ-ਜਾਗਦੀ ਰੇਸ਼ਮਾ ਨੂੰ ਪਾਠਕ ਦੇ ਸਾਹਮਣੇ ਨਹੀਂ ਲਿਆਉਣਾ ਚਾਹੁੰਦਾ ਕਿਉਂਕਿ ਉਸ ਨੂੰ ਮੰਚ 'ਤੇ ਲਿਆਉਣ ਤੋਂ ਪਹਿਲਾਂ ਉਸ ਨੇ ਨਿੱਕੇ ਨਿੱਕੇ ਕਈ ਹੋਰ ਵੇਰਵਿਆਂ ਤੇ ਲੀਹਾਂ ਨਾਲ ਪਿਛੋਕੜ ਦੇ ਰੰਗ ਨੂੰ ਹੋਰ ਸ਼ੋਖ ਕਰਨਾ ਹੈ। ਸਪੱਸ਼ਟ ਹੈ ਕਿ ਜਦੋਂ ਗਾਰਗੀ ਆਪਣੀ ਪਾਤਰ ਨੂੰ ਸਾਡੇ ਸਾਹਮਣੇ ਲਿਆਵੇਗਾ ਤਾਂ ਉਸ ਦੀ ਵਡਿਆਈ ਦਾ ਛੱਪਾ ਸਾਡੇ ਮਨ 'ਤੇ ਪੂਰੀ ਤਰ੍ਹਾਂ ਪੈ ਚੁੱਕਾ ਹੋਵੇਗਾ। ਪਰ ਰੇਸ਼ਮਾ ਜਿਹੋ ਜਿਹੀ ਵੀ ਹੈ, ਆਖਰ ਤਾਂ ਲੇਖਕ ਨੂੰ ਪਾਠਕ ਦੇ ਸਾਹਮਣੇ ਲਿਆਉਣੀ ਹੀ ਪੈਣੀ ਹੈ ਤੇ ਇਉਂ ਪੇਸ਼ ਕਰਦਾ ਹੈ ਉਹ, ਉਸ ਦੀ ਪਹਿਲੀ ਝਲਕ;

''ਉਹ ਵੱਡੇ ਪਲੰਘ 'ਤੇ ਬੈਠੀ ਪਾਨ ਖਾ ਰਹੀ ਸੀ। ਉਸ ਦੇ ਨੱਕ ਵਿਚ ਹੀਰਿਆਂ ਜੜਿਆ ਲੌਂਗ ਸੀ, ਗੁੱਟ 'ਤੇ ਸੋਨੇ ਦਾ ਮੋਟਾ ਕੜਾ ਤੇ ਪੈਰਾਂ ਵਿਚ ਪੰਜੇਬਾਂ। ਸਿਰ 'ਤੇ ਟਿਮਕਣਿਆਂ ਵਾਲੀ ਹਰੀ ਚੁੰਨੀ, ਖੁੱਲ੍ਹੀ ਕਮੀਜ਼ ਤੇ ਚੌੜੇ ਪਹੁੰਚਿਆਂ ਵਾਲੀ ਸਲਵਾਰ।''

ਇਸ ਟੋਟੇ ਨੂੰ ਇਕ ਵਾਰੀ ਫੇਰ ਪੜ੍ਹੋ ਤੇ ਵੇਖੋ ਕਿ ਚਤਰ ਲੇਖਕ ਨੇ ਰੇਸ਼ਮਾ ਦੇ ਸਰੀਰ ਦੇ ਕਿਸੇ ਵੀ ਅੰਗ ਦੀ ਸਡੌਲਤਾ ਬਾਰੇ ਇਕ ਸ਼ਬਦ ਵੀ ਨਹੀਂ ਵਰਤਿਆ। ਰੇਸ਼ਮਾ ਦਾ ਸਰਮਾਇਆ ਉਸ ਦੀ ਆਵਾਜ਼ ਹੈ ਰਾਜਕੁਮਾਰੀ ਵਾਂਗ ਉਸ ਦਾ



ਹੁਸਨ ਨਹੀਂ। ਇਸ ਲਈ ਉਸ ਦੀ ਆਵਾਜ਼ ਦੇ ਹੁਸਨ ਦਾ ਮੁੜ ਮੁੜ ਕਿੱਸਾ ਛੇੜਦਾ ਹੈ। ਪਰ ਉਸ ਦੇ ਸਰੀਰ ਨੂੰ ਜਿੰਨਾ ਵੀ ਟਲ ਸਕੇ, ਟਾਲਣ ਦਾ ਯਤਨ ਕਰ ਰਿਹਾ ਹੈ। ਉਹ ਪਤਾ ਨਹੀਂ ਲੱਗਣ ਦੇ ਰਿਹਾ ਕਿ ਉਹ ਇਸ ਤਰ੍ਹਾਂ ਜਾਣ ਬੁੱਝ ਕੇ ਕਰ ਰਿਹਾ ਹੈ। ਪਾਠਕ ਦਾ ਜੀ ਕਰਦਾ ਹੈ ਕਿ ਉਹ ਛੇਤੀ ਰੇਸ਼ਮਾ ਦੇ ਨਖ-ਸ਼ਿਖ ਦਾ ਜਾਣੂੰ ਹੋ ਜਾਵੇ, ਪਰ ਗਾਰਗੀ ਉਸ ਦੀ ਆਵਾਜ਼ ਦਾ ਪੱਲਾ ਛੱਡਦਾ ਹੈ ਤਾਂ ਪਾਠਕ ਦੇ ਧਿਆਨ ਨੂੰ ਉਸ ਦੇ ਪਹਿਰਾਵੇ ਦੇ ਬਿਆਨ ਵਿਚ ਉਲਝਾਉਣ ਲੱਗ ਪੈਂਦਾ ਹੈ। ਇਕ ਜਿਉਂ ਜਿਉਂ ਉਤਾਵਲਾ ਹੁੰਦਾ ਜਾਂਦਾ ਹੈ, ਦੂਜਾ ਤਿਉਂ ਤਿਉਂ ਉਸ ਦੀ ਉਤਾਵਲ ਨੂੰ ਹੋਰ ਜੁਗਤਾਂ ਨਾਲ ਸਰਚਾ ਕੇ ਮੱਠਾ ਕਰਨ ਦੀਆਂ ਤਰਕੀਬਾਂ ਲੱਭਣ ਵਿਚ ਲੱਗਾ ਦਿੱਸਦਾ ਹੈ। ਗਾਰਗੀ ਦੀ ਸਫਲਤਾ ਇਸ ਵਿਚ ਹੈ ਕਿ ਪਾਠਕ ਦੀ ਉਤਾਵਲ ਨੂੰ ਲਮਕਾਈ ਤਾਂ ਜਾਂਦਾ ਹੈ ਪਰ ਮਰਨ-ਮੁੱਕਣ ਨਹੀਂ ਦੇਂਦਾ। ਰੇਸ਼ਮਾ ਦੇ ਖੁੱਲ੍ਹੇ-ਡੁੱਲ੍ਹੇ ਪਹਿਰਾਵੇ ਰਾਹੀਂ, ਲੇਖਕ ਉਸ ਦੀ ਖੁੱਲ੍ਹੀ-ਡੁੱਲ੍ਹੀ, ਸ਼ਹਿਰੀ ਪੋਚਾ-ਪਾਚੀ ਤੋਂ ਸੱਖਣੀ ਰਹਿਤ-ਬਹਿਤ ਤੇ ਉਸ ਦੇ ਅੰਗਾਂ ਦੇ ਮੋਕਲੇਪਨ ਵਲ ਇਸ਼ਾਰੇ ਸੁੱਟਦਾ ਹੈ। ''ਵੱਡੇ ਪਲੰਘ ਉਤੇ ਬੈਠੀ'', ''ਪਾਨ ਖਾ ਰਹੀ'', ''ਸੋਨੇ ਦਾ ਮੋਟਾ ਕੜਾ'', ''ਖੁੱਲ੍ਹੀ ਕਮੀਜ਼'', ''ਚੌੜੇ ਪਹੁੰਚਿਆਂ ਵਾਲੀ ਸਲਵਾਰ''- ਭਲਾ ਇਹੀ ਕੁਝ ਸ਼ਹਿਜ਼ਾਦੀ ਅਨੀਤਾ ਸਿੰਘ 'ਤੇ ਢੁਕਾ ਕੇ ਵੇਖੋ ਖਾਂ, ਤੁਹਾਨੂੰ ਆਪਣੇ ਆਪ ਪਤਾ ਲੱਗ ਜਾਵੇਗਾ ਕਿ ਇਸ ਸਭ ਕੁੱਝ ਨੂੰ ਹੰਢਾਉਣ ਵਾਲੀ ਕੋਈ ਖੋੜ੍ਹ ਜਾਂ ਟੱਪਰੀਵਾਸ ਤੀਵੀਂ ਤਾਂ ਹੋ ਸਕਦੀ ਹੈ, ਕੋਈ ਰਾਜਕੁਮਾਰੀ ਨਹੀਂ।

ਜੇ ਤੁਸੀਂ ਇਸ ਸਾਰੇ ਰੇਖਾ-ਚਿਤਰ ਨੂੰ ਇਸ ਤਰ੍ਹਾਂ ਦੀ ਵਿਸ਼ਲੇਸ਼ਣੀ ਦ੍ਰਿਸ਼ਟੀ ਨਾਲ ਪੜ੍ਹਨਾ ਸ਼ੁਰੂ ਕਰ ਦਿਓ ਤਾਂ ਤੁਹਾਨੂੰ ਆਪਣੇ ਆਪ ਪਤਾ ਲੱਗ ਜਾਵੇਗਾ ਕਿ ਇਸ ਲੇਖਕ ਨੇ ਰੇਸ਼ਮਾ ਬਾਰੇ ਪਾਠਕ ਦਾ ਸੁਆਦ ਬਣਾਈ ਰੱਖਣ ਦੀ ਖਾਤਰ ਆਪਣੀ ਸਮੱਗਰੀ ਨੂੰ ਬੜੇ ਚਤੁਰਾਈ ਨਾਲ ਪਰੋਸਿਆ ਹੈ। ਜਿੱਥੇ ਲੋੜ ਸਮਝੀ ਹੈ ਆਪ ਗੱਲ ਕਰ ਲਈ ਹੈ, ਪਰ ਕਿਸੇ ਹੋਰ ਥਾਂ ਰੇਸ਼ਮਾ ਪਾਸੋਂ ਅਖਵਾ ਲਈ ਹੈ। ਕਿਸੇ ਵੀ ਘਟਨਾ ਤੋਂ ਪਹਿਲਾਂ ਉਸ ਲਈ ਯੋਗ ਮਾਹੌਲ ਪੈਦਾ ਕੀਤਾ ਹੈ। ਸੁਪਰ ਫਿਲਮ-ਸਟਾਰਾਂ ਤੇ ਇੰਦਰਾ ਗਾਂਧੀ ਦੇ ਬਾਦਸ਼ਾਹੀ ਠਾਠ-ਬਾਠ ਦੇ ਮੁਕਾਬਲੇ ਵਿਚ, ਰੇਸ਼ਮਾ ਦੇ ਸਰਲ ਧਾਰਮਿਕ ਵਿਸ਼ਵਾਸਾਂ, ਉਸ ਦੇ ਜਾਂਗਲੀ ਪਿਛੋਕੜ ਤੇ ਸਿਕਲੀਗਰਨੀਆਂ ਵਰਗੀ ਦੱਖ ਤੇ ਖਾਧ ਖੁਰਾਕ ਵਿਖਾਉਣ ਦੇ ਨਾਲ-ਨਾਲ ਆਪਣੇ ਇਸ ਪਾਤਰ ਦੇ ਅਸਲ ਗੁਣ-ਉਸ ਦੇ ਅਨੂਪਮ ਸੰਗੀਤ ਦੀ ਹਰ ਥਾਂ ਆਰਤੀ ਉਤਾਰੀ ਹੈ।

ਇਹ ਤਾਂ ਹੋਈ ਉਸ ਦੀ ਪੇਸ਼ਕਾਰੀ ਦੀ ਇਕ ਜੁਗਤ। ਇਕ ਹੋਰ ਜੁਗਤ, ਜਿਸ ਨੇ ਬਲਵੰਤ ਗਾਰਗੀ ਦੇ ਰੇਖਾ-ਚਿੱਤਰਾਂ ਨੂੰ ਹਰਮਨ ਪਿਆਰਾ ਬਣਾਇਆ ਹੈ, ਉਸ ਦੀ ਵਾਰਤਕ ਦੀ ਪ੍ਰਗਟਾਇਕ ਸ਼ਕਤੀ ਹੈ, ਜੋ ਪਾਠਕ ਨੂੰ ਆਪਣੇ ਨਾਲ ਨਾਲ ਰੋੜ੍ਹ ਕੇ ਲੈ ਜਾਂਦੀ ਹੈ। ਬਲਵੰਤ ਗਾਰਗੀ ਤੋਂ ਪਹਿਲਾਂ ਕੇਵਲ ਪ੍ਰੋ. ਪੂਰਨ ਸਿੰਘ ਨੇ ਆਪਣੇ ਅਲਬੇਲੇ ਮਨੋਵੇਗ ਪੰਜਾਬੀ ਵਾਰਤਕ ਰਾਹੀਂ ਪੇਸ਼ ਕਰਨ ਦੇ ਤਜਰਬੇ ਕੀਤੇ ਸਨ, ਪਰ ਉਹ ਆਪਣੀ ਅਨਘੜਤਾ ਨੂੰ ਨਹੀਂ ਸੀ ਲੁਕਾ ਸਕਿਆ। ਉਸ ਦੀ ਵਾਰਤਕ ਉਸ ਦੇ ਮਨੋਵੇਗਾਂ ਨੂੰ ਸਲੀਕੇ ਨਾਲ ਸਾਂਭਣ ਤੋਂ ਅਸਮਰਥ ਰਹਿੰਦੀ ਸੀ। ਪਰ ਗਾਰਗੀ ਵਿਚ ਹੀਰਿਆਂ ਦੇ ਘਾੜੇ ਵਾਲੀ ਘਾੜਤ, ਕਵੀਆਂ ਵਾਲੀ ਬਿੰਬ-ਰਚਨਾ ਤੇ ਕਲਾਕਾਰਾਂ ਵਾਲੇ ਸੁਹਜ ਦਾ ਸੁਮੇਲ ਹੈ। ਰੇਸ਼ਮਾ ਵਾਰਿਸ ਦੀ ਹੀਰ ਗਾਉਣੀ ਸ਼ੁਰੂ ਕਰਦੀ ਹੈ ਤਾਂ ਗਾਰਗੀ ਉਸ ਦੀ ਆਵਾਜ਼ ਦੇ ਪੈਦਾ ਕੀਤੇ ਜਾਦੂ ਦਾ ਪ੍ਰਭਾਵ ਪਾਠਕ ਤਕ ਇਨ੍ਹਾਂ ਸ਼ਬਦਾਂ ਰਾਹੀਂ ਪਹੁੰਚਾਉਂਦਾ ਹੈ;

ਕਮਰਾ ਉਸ ਦੀ ਆਵਾਜ਼ ਨਾਲ ਗੂੰਜ ਉਠਿਆ। ਦੋ ਵਾਰ ਟੈਲੀਫੋਨ ਦੀ ਘੰਟੀ ਵੱਜੀ, ਏਅਰ ਕੰਡੀਸ਼ਨਰ ਦੀ ਆਵਾਜ਼ ਵੀ ਸੀ, ਪਰ ਰੇਸ਼ਮਾ ਦੀ ਆਵਾਜ਼ ਇਨ੍ਹਾਂ ਦੇ ਉਤੋਂ ਦੀ ਫ਼ਿਜ਼ਾ ਵਿਚ ਉਚੇ ਗੁੰਬਦ ਤੇ ਮੀਨਾਰ ਉਸਾਰ ਰਹੀ ਸੀ। ਉਸ ਦੀ ਆਵਾਜ਼ ਵਿਚ ਸਹਿਰਾ ਦੀ ਅਜ਼ਾਨ ਸੀ, ਇਕ ਮਿਕਨਾਤੀਸੀ ਤਾਕਤ।

ਉਸ ਦਾ ਚਿਹਰਾ ਪਿਘਲ ਗਿਆ ਤੇ ਹੁਸੀਨ ਹੋ ਗਿਆ। ਉਸ ਦੀ ਆਵਾਜ਼ ਨੂੰ ਸਿਰਫ ਮੇਰੇ ਕੰਨ ਹੀ ਨਹੀਂ ਸਨ ਸੁਣ ਰਹੇ, ਸਗੋਂ ਮੇਰੇ ਜਿਸਮ ਦਾ ਹਰ ਮਸਾਮ ਇਸ ਨੂੰ ਮਹਿਸੂਸ ਕਰ ਰਿਹਾ ਸੀ। ਇਸ ਆਵਾਜ਼ ਵਿਚ ਕੀ ਸੀ? ਇਸ ਵਿਚ ਕਾਲੇ ਨਾਗ ਸਨ-ਇਕ ਅਜੀਬ ਜ਼ਹਿਰੀਲੀ ਕਸ਼ਿਸ਼, ਜੋ ਮੈਨੂੰ ਡਸ ਰਹੀ ਸੀ। ਕਦੇ ਕਦੇ ਸਿਰ ਤੋਂ ਪੈਰਾਂ ਤੀਕ ਝੁਣਝੁਣੀ ਦੌੜ ਜਾਂਦੀ। ਇਕ ਸੋਕ ਆ ਰਿਹਾ ਸੀ ਉਸ ਦੀ ਆਵਾਜ਼ ਵਿਚੋਂ।

ਕੀ ਆਵਾਜ਼ ਗੁੰਬਦ ਜਾਂ ਮੀਨਾਰ ਉਸਾਰ ਸਕਦੀ ਹੈ? ਕਿਸੇ ਨੇ ਆਵਾਜ਼ ਤੋਂ ਨਾਗ ਪੈਦਾ ਹੁੰਦੇ ਦੇਖੇ ਹਨ? ਜਾਂ ਸੇਕ ਆਉਂਦਾ ਸੁਣਿਆ ਹੈ? ਨਹੀਂ, ਪਰ ਗਾਰਗੀ ਆਪਣੇ ਮਨ ਉਤੇ ਪਏ ਅਸਾਧਾਰਨ ਪ੍ਰਭਾਵ ਦਾ ਵਰਨਣ, ਸਾਧਾਰਨ ਸ਼ਬਦਾਂ ਵਿਚ ਕਰ ਕਰ ਕੇ, ਆਪਣੀ ਵਾਰਤਕ ਦਾ ਭੱਠਾ ਕਿਵੇਂ ਬਿਠਾ ਲਵੇ? ਇਸ ਲਈ ਉਹ ਏਥੇ ਸੂਖਮ ਤੇ ਅਮੂਰਤ ਭਾਵਾਂ ਨੂੰ ਬੜੀ ਖੂਬਸੂਰਤੀ ਨਾਲ ਸਥੂਲ ਰੂਪ ਦੇਂਦਾ ਹੈ। ਕਿਹੜਾ ਪਾਠਕ, ਜੋ ਗਾਰਗੀ ਦਾ ਇਹ ਬਿਆਨ ਪੜ੍ਹ ਕੇ ਰੇਸ਼ਮਾ ਦੀ ਆਵਾਜ਼ ਦੇ ਜਾਦੂ ਦਾ ਅਨੁਭਵ ਆਪਣੇ ਘਰ ਬੈਠਿਆਂ ਨਹੀਂ ਕਰ ਲਵੇਗਾ? ਕੀ ਤੁਹਾਨੂੰ ਪਤਾ ਲੱਗਾ ਹੈ ਕਿ ਗਾਰਗੀ, ਅਮੂਰਤ ਨੂੰ ਮੂਰਤ ਤੇ ਮੂਰਤ ਨੂੰ ਅਮੂਰਤ ਬਣਾਉਣ ਦੇ ਆਕਰਸ਼ਕ ਅਮਲ ਦੇ ਦੌਰਾਨ, ਤੁਹਾਨੂੰ, ਮਲਕੜੇ ਜਿਹੇ, ਇਹ ਦੱਸ ਗਿਆ ਹੈ ਕਿ ਰੇਸ਼ਮਾ ਸੁਹਣੀ ਨਹੀਂ ਹੈ? ਉਸ ਦਾ ਵਾਕ ਹੈ: ''ਉਸ ਦਾ ਚਿਹਰਾ ਪਿਘਲ ਗਿਆ ਤੇ ਹੁਸੀਨ ਹੋ ਗਿਆ।''

ਇਥੇ ਜੋ ਪ੍ਰਸੰਗ ਚੱਲ ਰਿਹਾ ਹੈ, ਪਾਠਕ ਨੂੰ ਉਸ ਦੇ ਵੇਗ ਵਿਚ ਰੋੜ੍ਹਨ ਲਈ, ਲੇਖਕ ਰੇਸ਼ਮਾ ਦੇ ਚਿਹਰੇ 'ਤੇ ਹੁਸਨ ਦੇ ਅਵਤਰਣ ਨੂੰ, ਹੋਰ ਜੁਗਤਾਂ ਦੇ ਨਾਲ ਰਲਾ ਕੇ, ਇਕ ਸਹਾਇਕ ਜੁਗਤ ਵਜੋਂ ਵਰਤ ਰਿਹਾ ਹੈ। ਉਹ ''ਹੁਸੀਨ ਹੋ ਗਿਆ'' ਦੀ ਥਾਂ ''ਹੋਰ ਹੁਸੀਨ ਹੋ ਗਿਆ'' ਨਹੀਂ ਕਹਿੰਦਾ। ਉਹ ਕਿਸੇ ਸ਼ਾਨਦਾਰ ਹੁਨਰਮੰਦੀ ਨਾਲ ਇਹ ਦੱਸ ਗਿਆ ਹੈ ਕਿ ਰੇਸ਼ਮਾ ਹੁਸੀਨ ਨਹੀਂ ਹੈ। ਇਸ ਤਰ੍ਹਾਂ ਦੀ ਕਲਮੀ ਉਸਤਾਦੀ ਹਾਰੀ-ਸਾਰੀ ਦੇ ਵੱਸ ਦਾ ਰੋਗ ਨਹੀਂ ਹੈ। ਗਾਰਗੀ ਆਪਣੇ ਰੇਖਾ-ਚਿੱਤਰਾਂ ਨੂੰ ਲੁਭਾਇਮਾਨ ਬਣਾਉਣ ਲਈ ਜੁਗਤਾਂ ਤਾਂ ਹੋਰ ਵੀ ਬਹੁਤ ਵਰਤਦਾ ਹੈ, ਪਰ 'ਰੇਸ਼ਮਾ' ਵਿਚ ਵਰਤੀਆਂ ਜੁਗਤਾਂ ਨੂੰ ਸਮਝਣ ਵਾਸਤੇ ਏਨੀ ਕੁ ਮੁੱਢਲੀ ਆਲੋਚਕੀ ਸਹਾਇਤਾ ਕਾਫੀ ਹੋਣੀ ਚਾਹੀਦੀ ਹੈ।

# ਦਸਤਕ-ਬਾਬਾ ਬੂਝਾ ਸਿੰਘ ਨੂੰ ਲੋਕਾਂ ਦੇ ਦਿਲਾਂ 'ਤੇ ਲਿਖਣ ਵਾਲੀ ਫ਼ਿਲਮ

**ਜਸਵੀਰ ਸਮਰ***

ਬਖ਼ਸ਼ਿੰਦਰ ਨੇ ਗ਼ਦਰੀ ਬਾਬੇ ਬੂਝਾ ਸਿੰਘ ਬਾਰੇ ਫ਼ਿਲਮ 'ਬਾਬਾ ਇਨਕਲਾਬ ਸਿੰਘ' ਦੀ ਪਟਕਥਾ ਲਿਖੀ ਹੈ। ਇਸ ਪਟਕਥਾ ਵਿਚ 97 ਦ੍ਰਿਸ਼ ਹਨ, ਜਿਨ੍ਹਾਂ ਵਿਚ ਬਾਬਾ ਬੂਝਾ ਸਿੰਘ ਦੇ ਜੀਵਨ, ਗ਼ਦਰ ਲਹਿਰ ਅਤੇ ਪੰਜਾਬ ਦੀ ਕਮਿਊਨਿਸਟ ਲਹਿਰ ਦੀਆਂ ਅਹਿਮ ਝਲਕੀਆਂ ਪੇਸ਼ ਕੀਤੀਆਂ ਗਈਆਂ ਹਨ। ਇਥੇ ਇਸ ਪਟਕਥਾ ਵਿਚੋਂ ਦੋ ਦ੍ਰਿਸ਼ (40 ਤੇ 41), ਵੀ ਦਿੱਤੇ ਜਾ ਰਹੇ ਹਨ।

ਕਹਾਣੀਕਾਰ ਅਜਮੇਰ ਸਿੱਧੂ ਦੀ ਕਿਤਾਬ 'ਬਾਬਾ ਬੂਝਾ ਸਿੰਘ: ਗ਼ਦਰ ਤੋਂ ਨਕਸਲਬਾੜੀ ਤੱਕ' ਛਪੀ ਤਾਂ ਇਸ ਦੀਆਂ ਕੁਝ ਕਾਪੀਆਂ ਮੇਰੇ ਝੋਲੇ ਵਿਚ ਆ ਗਈਆਂ। ਇਨ੍ਹਾਂ ਵਿਚੋਂ ਇਕ ਦਾ ਗਾਹਕ ਮੇਰਾ ਸਹਿਕਰਮੀ ਬਖ਼ਸ਼ਿੰਦਰ ਬਣਿਆ। ਤੀਜੇ ਦਿਨ ਫ਼ੋਨ ਖੜਕਿਆ, "ਬਾਬੇ ਦਾ ਜੀਵਨ ਤਾਂ ਬੜਾ ਨਾਟਕ ਭਰਪੂਰ ਹੈ।" ਮੈਂ ਖੁਸ਼ ਸੀ ਕਿ ਮੇਰੀ ਵੇਚੀ ਕਿਤਾਬ ਲੋਕਾਂ ਨੂੰ ਪਸੰਦ ਆ ਰਹੀ ਹੈ। ਹਫ਼ਤੇ ਕੁ ਬਾਅਦ ਫਿਰ ਟਰਨ-ਟਰਨ-ਟਰਨ। ਮੋਬਾਇਲ ਦੀ ਸਕਰੀਨ ਉਤੇ ਉਹੀ ਨਾਂ: ਬਖ਼ਸ਼ਿੰਦਰ।

"ਹਾਂ ਬਈ ਸਮਰ! ਮੈਂ ਬਾਬੇ ਬਾਰੇ ਫ਼ਿਲਮ ਦੀ ਪਟਕਥਾ ਲਿਖਾਂਗਾ।"

ਮੈਂ ਉਸ ਨੂੰ ਦੱਸਿਆ ਨਹੀਂ ਕਿ ਮੈਂ ਇਹ ਕੰਮ ਕਰਨ ਲਈ ਉਸ ਨੂੰ ਕਹਿਣ ਹੀ ਵਾਲਾ ਸਾਂ। ਪੂਰਾ ਹਫ਼ਤਾ ਬਾਬੇ ਦੀ ਸ਼ਖ਼ਸੀਅਤ ਬਾਬਤ ਹੀ ਗੱਲਾਂ ਹੋਈਆਂ ਸਨ। ਕੁਝ ਦਿਨਾਂ ਬਾਅਦ ਉਹਨੇ 17 ਸਫ਼ਿਆਂ ਦਾ ਪੁਲੰਦਾ ਮੇਰੇ ਹੱਥ ਲਿਆ ਫੜਾਇਆ। ਇਹਦਾ ਸਿਰਲੇਖ ਸੀ: ਬਾਬਾ ਇਨਕਲਾਬ ਸਿੰਘ - ਪਟਕਥਾ ਲਈ ਨਾਟਕੀ ਅੰਸ਼। ਨਾਲ ਹੁਕਮ ਸੀ ਕਿ ਅਜਮੇਰ ਸਿੱਧੂ ਨਾਲ ਵਿਚਾਰ ਕਰ ਕੇ ਦ੍ਰਿਸ਼ਾਂ ਬਾਰੇ ਗੱਲ ਕਰਨੀ ਹੈ: ਕੋਈ ਕਾਂਟ-ਛਾਂਟ, ਕੋਈ ਵਾਧਾ-ਘਾਟਾ। ਅਜਮੇਰ ਨਾਲ ਗੱਲ ਹੋਈ ਤਾਂ ਇਨ੍ਹਾਂ ਦ੍ਰਿਸ਼ਾਂ ਦੀ ਰੂਪ ਰੇਖਾ ਵਿਚ ਤਬਦੀਲੀ ਕਰਨਯੋਗ ਦੱਸਣ ਲਈ ਕੁਝ ਨਹੀਂ ਲੱਗਿਆ। ਲਗਦਾ ਸੀ ਕਿਤਾਬ ਵਾਲੀਆਂ ਸਾਰੀਆਂ ਗੱਲਾਂ ਇਨ੍ਹਾਂ 17 ਸਫ਼ਿਆਂ ਵਿਚ ਸਿਮਟ ਗਈਆਂ ਹਨ। ਬਖ਼ਸ਼ਿੰਦਰ ਪਟਕਥਾ ਬਾਰੇ ਰੋਜ਼ ਗੱਲ ਕਰਦਾ। ਮੈਂ ਪਹਿਲੀ ਵਾਰ ਦੇਖ ਰਿਹਾ ਸਾਂ ਕਿ ਕਿਸੇ ਨੂੰ ਕੋਈ ਲਿਖਤ ਇਉਂ ਦਾਰੂ ਵਾਂਗ ਵੀ ਚੜ੍ਹ ਸਕਦੀ ਹੈ। ਪਾਤਰਾਂ ਬਾਬਤ ਉਹ ਰੋਜ਼ ਕੁਝ ਨਾ ਕੁਝ ਨਵਾਂ ਦੱਸਦਾ। ਕੁਝ ਦਿਨਾਂ ਬਾਅਦ ਹੀ ਉਹਨੇ ਸਿੱਧਿਆਂ, ਕੰਪਿਊਟਰ ਉਤੇ ਪਟਕਥਾ ਲਿਖਣੀ ਸ਼ੁਰੂ ਕਰ ਲਈ। ਪਹਿਲਾ ਦ੍ਰਿਸ਼ ਲਿਖ ਕੇ ਉਸ ਨੇ ਫ਼ੋਨ ਖੜਕਾਇਆ, "ਤੈਨੂੰ ਇਕ ਚੀਜ਼ ਦਿਖਾਉਣੀ ਆ।" ਉਸ ਨੇ ਕੋਈ ਹੋਰ ਗੱਲ ਕਰਨ ਤੋਂ ਪਹਿਲਾਂ ਕੰਪਿਊਟਰ ਦਾ ਬਟਨ ਦੱਬਿਆ। ਸਕਰੀਨ ਉਤੇ ਆਮ ਛੋਟੇ ਅੱਖਰਾਂ ਵਿਚ 'ਪਟਕਥਾ' ਸ਼ਬਦ ਤੋਂ ਬਾਅਦ ਮੋਟੇ ਅੱਖਰਾਂ ਵਿਚ 'ਬਾਬਾ ਇਨਕਲਾਬ ਸਿੰਘ' ਲਿਖਿਆ ਹੋਇਆ ਦਿਸਿਆ ਤੇ ਮੈਂ ਸਮਝਿਆ ਕਿ ਉਸ ਤੋਂ 'ਬਾਬਾ ਬੂਝਾ ਸਿੰਘ' ਦਾ ਨਾਂ ਗ਼ਲਤ ਲਿਖਿਆ ਗਿਆ ਹੈ। ਮੈਂ ਕੁੱਝ ਕਹਿਣ ਹੀ ਲੱਗਿਆ ਸਾਂ ਕਿ ਉਹ ਬੋਲਿਆ, "ਫ਼ਿਲਮ ਦਾ ਟਾਈਟਲ ਇਹੀ ਹੋਵੇਗਾ।"

ਮੈਨੂੰ ਕੰਪਿਊਟਰ ਅੱਗੇ ਕੁਰਸੀ 'ਤੇ ਬਿਠਾ ਉਹ ਚਾਹ ਬਣਾਉਣ ਰਸੋਈ 'ਚ ਚਲਾ ਗਿਆ ਅਤੇ ਉਥੋਂ ਕੁਝ ਨਾ ਕੁਝ ਬੋਲੀ ਗਿਆ। ਮੈਂ ਸੀਨ ਪੜ੍ਹ ਰਿਹਾ ਸਾਂ ਤਾਂ ਇਉਂ ਲੱਗ ਰਿਹਾ ਸੀ ਕਿ ਅੱਖਾਂ ਅੱਗੇ ਫ਼ਿਲਮ ਚੱਲ ਰਹੀ ਹੈ। ਜਦੋਂ ਤੱਕ ਚਾਹ ਆਈ, ਮੈਂ ਪਹਿਲਾ ਸੀਨ ਪੜ੍ਹ ਚੁੱਕਾ ਸਾਂ। ਦੋਹਾਂ ਦੀਆਂ ਨਜ਼ਰਾਂ ਮਿਲੀਆਂ। ਅਗਲੇ ਹੀ ਪਲ ਅਸੀਂ ਇਕ ਦੂਜੇ ਦੀ ਗਲਵਕੜੀ 'ਚ ਸਾਂ। ਇਸ ਤੋਂ ਅੱਗੇ ਬਾਬਾ ਸੀ ਤੇ ਬਖ਼ਸ਼ਿੰਦਰ ਸੀ। ਸੀਨ ਦਰ ਸੀਨ ਕੰਪਿਊਟਰ ਵਿਚ ਬੰਦ ਹੋਣ ਲੱਗੇ। ਇਕ ਦਿਨ ਪਤਾ ਲੱਗਿਆ ਕਿ ਉਹ ਉਚੇਚਾ ਬਾਬੇ ਦੇ ਪਿੰਡ ਚੱਕ ਮਾਈਦਾਸ ਵੀ ਹੋ ਆਇਆ ਹੈ। ਮੋਬਾਈਲ ਨਾਲ ਖਿੱਚੀ ਬਾਬੇ ਦੀ ਸਮਾਧ ਦੀ ਫ਼ੋਟੋ ਦੇਖੀ ਤਾਂ ਮੇਰਾ ਦਿਲ ਵੀ ਵਲੂੰਧਰਿਆ ਗਿਆ। ਝਾੜ-ਝੁੰਡੇ। ਉਚਾ ਸੁੱਕਿਆ ਘਾਹ ਬਾਬੇ ਨੂੰ ਮਖ਼ੌਲ ਕਰ ਰਿਹਾ ਜਾਪਦਾ ਸੀ।...ਬਖ਼ਸ਼ਿੰਦਰ ਪਟਕਥਾ ਵਾਂਗ ਫਿਰ ਚਿੱਤਰ ਖਿੱਚਣ ਲੱਗ ਪਿਆ।...ਪਿੰਡ ਦੇ ਰਾਹ ਵੱਲ ਜਾਂਦਿਆਂ ਉਹਨੂੰ ਇਕ ਬਜ਼ੁਰਗ ਔਰਤ ਦਿਸੀ। ਇਤਫ਼ਾਕਨ ਉਹ ਬਾਬੇ ਦੀ ਰਿਸ਼ਤੇਦਾਰੀ ਵਿਚੋਂ ਸੀ। ਮੈਂ ਬਾਬੇ ਦੀ ਪਟਕਥਾ ਵਾਂਗ ਇਹ ਕਥਾ ਵੀ ਸੁਣੀ। ਫਿਰ ਕਹਿਣ ਲੱਗਿਆ, "ਆਪਾਂ ਅਜਮੇਰ ਸਿੱਧੂ ਨਾਲ ਗੱਲ ਕਰ ਕੇ, ਸਮਾਧ ਦੀ ਸਫ਼ਾਈ ਕਰਾ ਕੇ ਫੁੱਲਾਂ ਦੇ ਦੋ-ਚਾਰ ਬੂਟੇ ਨਾ ਲਗਾ ਦੇਈਏ?"

ਦੋ ਮਹੀਨੇ ਵੀ ਨਹੀਂ ਲੰਘੇ ਹੋਣੇ ਕਿ ਫ਼ਿਲਮ ਦਾ ਆਖ਼ਰੀ ਸੀਨ ਵੀ ਲਿਖਿਆ ਗਿਆ। ਇਹ ਸੀਨ ਬਾਬੇ ਦੀ ਸਮਾਧ ਉਤੇ ਮੁੱਕਦਾ ਹੈ। ਆਖ਼ਰੀ ਸੀਨ ਸੁਣ ਕੇ ਹਟਿਆ ਤਾਂ ਲੱਗਿਆ ਕਿ ਫ਼ਿਲਮ ਦੇਖ ਕੇ ਹਟਿਆ ਹਾਂ। ਪਟਕਥਾ ਵਿਚੋਂ ਬਾਬਾ ਬੂਝਾ ਸਿੰਘ



ਬਾਬਾ ਬੂਝਾ ਸਿੰਘ

ਦੇ ਦਰਸ਼ਨ ਜਿਸ ਤਰ੍ਹਾਂ ਹੋਏ ਹਨ, ਉਸ ਤੋਂ ਲੱਗਿਆ, ਜੇ ਉਹ ਕਿਸੇ ਦਿਨ ਕਿਸੇ ਰਾਹ ਜਾਂਦਾ ਦਿਸਿਆ ਤਾਂ ਮੈਂ ਉਸ ਨੂੰ ਝੱਟ ਪਛਾਣ ਲਵਾਂਗਾ। ਦਿਲ ਵਿਚ ਉਬਾਲ ਜਿਹਾ ਉਠਿਆ ਕਿ ਫ਼ਿਲਮ ਛੇਤੀ ਬਣਨੀ ਚਾਹੀਦੀ ਹੈ। ਵਿਦੇਸ਼ ਵਸਦੇ ਬਾਬੇ ਦੇ ਰਿਸ਼ਤੇਦਾਰ ਅਤੇ ਸੰਤ ਰਾਮ ਉਦਾਸੀ ਟਰੱਸਟ ਦੇ ਪ੍ਰਧਾਨ ਸੁਖਵਿੰਦਰ ਕੰਧੋਲਾ ਨੇ ਫ਼ਿਲਮ ਬਣਾਉਣ ਬਾਰੇ ਗੱਲ ਚਲਾਈ, ਪਰ ਉਹ ਵੀ ਪੱਛਮ ਵਿਚ ਪਏ ਮੰਦਵਾੜੇ ਦੀ ਲਪੇਟ ਵਿਚ ਆ ਗਿਆ। ਬਖ਼ਸ਼ਿੰਦਰ ਅਜੇ ਵੀ ਆਪਣੇ ਇਸ ਪ੍ਰਾਜੈਕਟ ਨੂੰ ਸਿਰੇ ਚੜ੍ਹਿਆ ਦੇਖਣ ਲਈ ਜੂਝ ਰਿਹਾ ਹੈ। ਉਹ ਅਕਸਰ ਕਹਿੰਦਾ ਹੈ, "ਇਹ ਪ੍ਰਾਜੈਕਟ ਸਿਰੇ ਚੜ੍ਹਨ ਤੋਂ ਭਾਵੇਂ ਅਗਲੇ ਦਿਨ ਹੀ ਮਰ ਜਾਵਾਂ, ਏਦਾਂ ਸਮਝਾਂਗਾ ਕਿ ਜ਼ਿੰਦਗੀ ਵਿਚ ਕੁਝ ਕਰ ਚੱਲਿਆ ਹਾਂ।" ਮੈਂ ਫਿਰ ਤੜਫ਼ਦਾ ਹਾਂ।

ਬਖ਼ਸ਼ਿੰਦਰ, ਮਸ਼ਹੂਰ ਫ਼ਿਲਮਸਾਜ਼ ਸ਼ਿਆਮ ਬੈਨੇਗਲ ਦੀ ਮਿਸਾਲ ਦਿੰਦਾ ਹੈ, ਜਿਸ ਨੂੰ ਫ਼ਿਲਮ 'ਨਿਸ਼ਾਂਤ' ਪੂਰੀ ਕਰਨ ਲਈ ਤਿੰਨ ਲੱਖ ਕਿਸਾਨਾਂ ਨੇ ਇਕ-ਇਕ ਰੁਪਈਆ ਦਿੱਤਾ ਸੀ। ਇਸੇ ਤਰ੍ਹਾਂ ਫ਼ਿਲਮ 'ਨੈਕਸਲਾਈਟ' ਸਿਰੇ ਚਾੜ੍ਹਨ ਲਈ ਖਵਾਜਾ ਅਹਿਮਦ ਅੱਬਾਸ ਨੇ ਆਪਣੇ ਕੈਮਰਾਮੈਨ ਤੇ ਹੋਰ ਸਾਥੀਆਂ ਨੂੰ ਫ਼ਿਲਮ ਦੇ ਖਰਚ ਅਤੇ ਨਫ਼ੇ ਦੇ ਸਾਂਝੀਦਾਰ ਬਣਾ ਲਿਆ ਸੀ। ਉਹ ਅੱਖਾਂ ਵਿਚ ਅੱਖਾਂ ਪਾ ਕੇ ਪੁੱਛਦਾ ਹੈ, "ਬਾਬੇ ਦੇ ਇੰਨੇ ਕੁ ਖ਼ੈਰ-ਖਵਾਹ ਤਾਂ ਜ਼ਰੂਰ ਹੋਣਗੇ ਕਿ ਇਕ ਫ਼ਿਲਮ ਫਾਇਨਾਂਸ ਕਰ ਸਕਣ?" ਮੈਂ ਉਸ ਵਲੋਂ ਦਿੱਤੀਆਂ ਇਨ੍ਹਾਂ ਦਲੀਲਾਂ ਤੋਂ ਕਾਇਲ ਹੋਏ ਬਗ਼ੈਰ ਨਾ ਰਹਿ ਸਕਿਆ ਤੇ ਕਹਿੰਦਾ ਹਾਂ, "ਮੇਰੇ ਵਲੋਂ ਦਸ ਹਜ਼ਾਰ ਰੁਪਏ। ਤੁਸੀਂ ਖਾਤਾ ਖੋਲ੍ਹ ਕੇ ਮਹੂਰਤ ਕਰੋ।" ਕੋਲ ਬੈਠਾ ਗੁਰਮੇਲ ਸਰਾਂ ਜਿਰੜਾ ਸਾਡੀਆਂ ਗੱਲਾਂ ਨੀਝ ਲਾ ਕੇ ਸੁਣ ਰਿਹਾ ਸੀ, ਬੋਲਿਆ, "ਮੇਰਾ ਵੀ ਦਸ ਹਜ਼ਾਰ।" ਮੈਨੂੰ ਫ਼ਿਲਮ ਦੀ ਸ਼ੂਟਿੰਗ ਹੋ ਰਹੀ ਦਿਸਣ ਲੱਗੀ। ਕੁਝ ਚਿਰ ਪਿੱਛੋਂ ਬਖ਼ਸ਼ਿੰਦਰ ਦੀ ਆਵਾਜ਼ ਆਉਣ ਲਗਦੀ ਹੈ, "ਇਸ ਫ਼ਿਲਮ ਉਤੇ ਖ਼ਰਚੀ ਜਾਣ ਵਾਲੀ ਇਕ ਇਕ ਪਾਈ ਦਾ ਹਿਸਾਬ ਰੱਖਿਆ ਹੀ ਨਹੀਂ ਜਾਵੇਗਾ, ਸਭ ਨੂੰ ਦੱਸਿਆ ਵੀ ਜਾਵੇਗਾ। ਬੈਂਕ ਵਿਚ ਖਾਤਾ ਖੋਲ੍ਹ ਕੇ ਅਸੀਂ 'ਫੇਸਬੁੱਕ' ਰਾਹੀਂ ਸਭ ਨੂੰ ਸੂਚਿਤ ਕਰਾਂਗੇ।" ਜਿਹੜੀ ਗੱਲ ਮੈਂ ਕਹਿਣ ਨੂੰ ਫਿਰਦਾ ਸਾਂ, ਬਖ਼ਸ਼ਿੰਦਰ ਨੇ ਆਪ ਕਰ ਦਿੱਤੀ।

ਉਸ ਨੇ ਤਾਂ 'ਫੇਸਬੁੱਕ' ਉਤੇ 'ਬਾਬਾ ਇਨਕਲਾਬ ਸਿੰਘੀਏ' ਦੇ ਨਾਂ ਹੇਠ ਗਰੁੱਪ ਵੀ ਖੜ੍ਹਾ ਕਰ ਲਿਆ ਹੈ ਅਤੇ ਹੋਕਾ ਦੇ ਰਿਹਾ ਹੈ ਕਿ ਬਾਬੇ ਦੀ ਕੁਰਬਾਨੀ ਦਾ ਮੁੱਲ ਪਾਉਣ ਲਈ ਸਾਂਝਾ ਹੰਭਲਾ ਮਾਰਿਆ ਜਾਵੇ। ਬਿਲਕੁਲ ਉਸੇ ਤਰ੍ਹਾਂ, ਜਿਸ ਤਰ੍ਹਾਂ ਬਾਬਾ ਬੂਝਾ ਸਿੰਘ ਇਸ ਪਟਕਥਾ ਦੇ ਦ੍ਰਿਸ਼ ਨੰਬਰ 40 ਵਿਚ ਆਪਣੀ ਪਤਨੀ ਨਾਲ ਗੱਲਾਂ ਕਰਦਾ ਆਖਦਾ ਹੈ, "ਮੈਂ ਸਾਰੇ ਜਹਾਨ ਦੀ ਕਬੀਲਦਾਰੀ ਸਹੇੜ ਲਈ ਆ...ਮੈਂ ਸਾਰੀ ਦੁਨੀਆਂ ਦੇ ਦੁੱਖ-ਦਲਿੱਦਰ ਦੂਰ ਕਰਨੇ ਚਾਹੁੰਨਾਂ।"

ਜੱਗ-ਜਹਾਨ ਦੇ ਦੁੱਖ-ਦਲਿੱਦਰ ਦੂਰ ਕਰਨ ਲਈ ਘਰ ਦੀ ਦਹਿਲੀਜ਼ ਟੱਪਣ ਵਾਲਾ ਬੂਝਾ ਸਿੰਘ ਤਾਉਮਰ ਘਰ ਨਹੀਂ 'ਪਰਤ' ਸਕਿਆ। 41ਵੇਂ ਸੀਨ ਵਿਚ ਉਸ ਦੀ ਪਤਨੀ ਧੰਤੀ ਉਹਨੂੰ ਇਨਕਲਾਬ ਲਈ ਤੋਰਦੀ ਆਖਦੀ ਹੈ, "ਤੂੰ ਜਿਹੜੇ ਰਾਹੇ ਪੈ ਗਿਆ ਏਂ, ਇਹ ਪਰਉਪਕਾਰ ਦਾ ਰਾਹ ਆ, ਸੰਤਾਂ-ਮਹਾਪੁਰਖਾਂ ਦਾ ਰਾਹ ਆ। ਇਸ ਰਾਹ ਪਿਆ ਏਂ ਸਰਦਾਰ ਜੀ ਤਾਂ ਫਤਿਹ ਕਰ ਕੇ ਮੁੜੀਂ ਤੇ ਮੈਨੂੰ ਲੋਕਾਂ ਵਲੋਂ ਕੋਈ ਉਲ੍ਹਾਮਾ ਨਾ ਦੁਆਵੀਂ।"...ਤੇ ਬੂਝਾ ਸਿੰਘ ਨੇ ਧੰਤੀ ਨੂੰ ਕੋਈ ਉਲ੍ਹਾਮਾ ਨਹੀਂ ਦਿਵਾਇਆ। ਉਹ ਆਪ ਇਨਕਲਾਬ ਦੇ ਰਾਹ ਚੱਲਿਆ ਅਤੇ ਦੂਜਿਆਂ ਨੂੰ ਵੀ ਪ੍ਰੇਰਿਆ। ਉਹਦੇ ਲਾਏ ਪਾਰਟੀ ਸਕੂਲਾਂ ਵਿਚ ਜਿਹੜਾ ਵੀ ਗਿਆ, ਉਮਰ ਭਰ ਭੁੱਲ ਨਹੀਂ ਸਕਿਆ। ਜਦੋਂ ਜਾਨ 'ਤੇ ਆਣ ਪਈ ਤਾਂ ਰਣ ਤੱਤੇ ਵਿਚ ਜੂਝ ਮਰਿਆ। ਇਸ ਪਟਕਥਾ ਵਿਚ ਬਾਬੇ ਦੇ ਇਨਕਲਾਬੀ ਨੈਣ-ਨਕਸ਼ ਖ਼ੂਬ ਉਘੜੇ ਹਨ। ਕੋਈ ਦਾਅਵਾ ਨਹੀਂ ਸਗੋਂ ਯਕੀਨ ਹੈ ਕਿ ਜੇ ਇਸ ਪਟਕਥਾ ਦੇ ਆਧਾਰ 'ਤੇ ਬਣੀ ਫ਼ਿਲਮ ਲੋਕਾਂ ਨੇ ਦੇਖ ਲਈ ਤਾਂ ਬਾਬਾ ਬੂਝਾ ਸਿੰਘ ਉਸ ਫ਼ਿਲਮ ਰਾਹੀ ਲੋਕਾਂ ਦੇ ਦਿਲਾਂ ਉਤੇ ਲਿਖਿਆ ਜਾਵੇਗਾ।

*ਫੋਨ: 91-98156-22928



ਪਿੰਡ ਨਾਈਮਾਜਰੇ ਦਾ ਪੁਲ ਜਿਥੇ ਪੁਲਿਸ ਮੁਕਾਬਲਾ ਬਣਾਇਆ ਗਿਆ

# ਬਾਬਾ ਇਨਕਲਾਬ ਸਿੰਘ

ਜੀਆਂ ਦਾ ਠਹਾਕਾ ਰਲ ਜਾਂਦਾ ਹੈ। ਇਉਂ ਲੱਗਦੈ ਜਿਵੇਂ ਕਿਸੇ ਨੇ ਕੋਈ ਗੱਲ ਕੀਤੀ ਹੋਵੇ ਤੇ ਸਾਰੇ ਜਣੇ ਉਸ 'ਤੇ ਹੱਸੇ ਹੋਣ। ਬੂਝਾ ਸਿੰਘ ਇਕ ਮੰਜੇ ਉਤੇ ਬੈਠਾ ਹੈ ਤੇ ਸਾਰਾ ਪਰਿਵਾਰ ਉਸ ਦੇ ਦੁਆਲੇ ਬੈਠਾ ਹੈ। ਬੂਝਾ ਸਿੰਘ ਦੇ ਭਰਾਵਾਂ ਵਿਚੋਂ ਇਕ ਦਾ ਮੁੰਡਾ ਕਾਕੂ ਕਹਿੰਦਾ ਹੈ)

**ਕਾਕੂ:** ਕੁਛ ਵੀ ਆ, ਤਾਇਆ ਪਹਿਲਾਂ ਨਾਲੋਂ ਗੋਰਾ ਹੋ ਕੇ ਆਇਐ।

**ਧੰਤੀ:** ਚੁੱਪ ਕਰ ਵੇ ਕਾਕੂ, ਵੱਡਿਆਂ ਨੂੰ ਐਂ ਨਹੀਂ ਬੋਲੀਦਾ।

**ਅਮਰ ਸਿੰਘ:** ਓਦਾਂ ਭਾਬੀ, ਕਾਕੂ ਦੀ ਗੱਲ ਤਾਂ ਠੀਕ ਹੀ ਆ। ਜਦੋਂ ਭਾਅ ਆਹ ਵੱਡਾ ਸਾਰਾ ਟਰੰਕ ਚੁੱਕੀ ਅੰਦਰ ਵੜਿਆ ਤਾਂ ਮੈਂ ਤਾਂ ਇਹੋ ਲੱਖਣ ਲਾਇਆ ਬਈ ਕੋਈ ਓਪਰਾ ਬੰਦਾ ਆ ਵੜਿਆ ਸਾਡੇ ਘਰ।



ਬੂਝਾ ਸਿੰਘ ਦੀ ਪਤਨੀ ਬੀਬੀ ਧੰਤੀ

**ਧੰਤੀ:** ਨਾ ਬਈ ਅਮਰ ਸਿੰਹਾਂ ਤੈਨੂੰ ਲੱਗਿਆ ਹਊ ਏਦਾਂ। ਮੈਂ ਤਾਂ ਦਰ ਟੱਪਦੇ ਨੂੰ ਸਿਆਣ ਲਿਆ ਸੀ ਕਿ ਇਹ ਤਾਂ ਸਾਡਾ ਹੀ ਵਲਾਇਤੀਆ ਰਾਹ ਭੁੱਲ ਆਇਐ।

**ਬੂਝਾ ਸਿੰਘ:** ਮਿਹਣੇ ਨਾ ਮਾਰ ਸਰਦਾਰਨੀਏ, ਰਾਹ ਭੁੱਲਿਆ ਨਹੀਂ, ਸਹੀ ਰਾਹ ਪੈ ਕੇ ਮੁੜਿਆਂ।

**ਧੰਤੀ:** ਸਾਨੂੰ ਕੀ ਇਲਮ, ਅਸੀਂ ਤਾਂ ਉਹੀ ਕਿਹਾ, ਜੋ ਸਾਡੇ ਨਾਲ ਹੋਇਆ-ਬੀਤਿਐ।

ਅਮਰ ਸਿੰਘ: ਚਲੋ ਤੁਸੀਂ ਆਪਣਾ ਨਿਆਂ ਫੇਰ ਕਰਦੇ ਰਿਹੋ। ਮੈਂ ਚੱਲਿਆਂ ਖੂਹ ਨੂੰ, ਬਾਪੂ ਨੂੰ ਭਾਅ ਦੇ ਆਉਣ ਦੀ ਖ਼ਬਰ ਦੇਣ। ਉਨ੍ਹੇ ਕਹਿਣਾ ਮੈਨੂੰ ਸਾਰੇ ਪਿੰਡ ਨੂੰ ਖ਼ਬਰ ਹੋਣ ਤੋਂ ਮਗਰੋਂ ਦੱਸਿਐ। ਭਾਅ ਤੂੰ ਵੀ ਹੱਥ-ਮੂੰਹ ਸੁੱਚਾ ਕਰ ਕੇ, ਅੰਨ-ਪਾਣੀ ਛਕ ਕੇ ਘੜੀ ਆਰਾਮ ਕਰ ਲੈ, ਲੰਮਾ ਪੈਂਡਾ ਕਰ ਕੇ ਥੱਕਿਆ ਹੋਵੇਂਗਾ। ਮੈਂ ਗਿਆ ਤੇ ਆਇਆ। ਫੇਰ ਸੁਣਾਂਗੇ ਸਾਰੇ ਜਣੇ ਬੈਠ ਕੇ ਤੇਰੇ ਸਫ਼ਰ ਦਾ ਚਿੱਠਾ। (ਇਹ ਕਹਿ ਕੇ ਉਹ ਤੁਰਨ ਹੀ ਲੱਗਦਾ ਹੈ ਕਿ ਬਾਪੂ ਧਰਮ ਸਿੰਘ ਵੀ ਬੂਹੇ ਆ ਵੜਦਾ ਹੈ)

**ਧਰਮ ਸਿੰਘ:** ਓਏ ਤੇਰੇ ਆਉਣ ਦੀਆਂ ਵਧਾਈਆਂ ਦੇਣ ਵਾਲੇ ਤਾਂ ਮੈਨੂੰ ਖੂਹ 'ਤੇ ਵੀ ਜਾ ਮਿਲੇ, ਤੇਰਾ ਚਿੱਤ ਨਾ ਕੀਤਾ ਮੈਨੂੰ ਮਿਲਣ ਨੂੰ? (ਇੰਨਾ ਕਹਿੰਦਾ ਹੀ ਉਹ ਉਠ ਕੇ ਖੜ੍ਹੇ ਹੋ ਗਏ ਬੂਝਾ ਸਿੰਘ ਨੂੰ ਕਲਾਵੇ ਵਿਚ ਲੈ ਲੈਂਦਾ ਹੈ ਤੇ ਬੂਝਾ ਸਿੰਘ ਕਲਾਵਾ ਢਿੱਲਾ ਹੁੰਦੇ ਹੀ ਝੁਕ ਕੇ ਬਾਪੂ ਦੇ ਗੋਡੀਂ ਹੱਥ ਲਾ ਕੇ ਕਹਿੰਦਾ ਹੈ)

**ਬੂਝਾ ਸਿੰਘ:** ਅਜੇ ਤਾਂ ਆ ਕੇ ਜੁੱਤੀ ਲਾਹੀ ਆ ਬਾਪੂ, ਅਮਰ ਸਿਹੁੰ ਤੈਨੂੰ ਦੱਸਣ ਜਾਣ ਲਈ ਤੁਰਨ ਹੀ ਲੱਗਿਆ ਸੀ ਖੂਹ ਨੂੰ ਕਿ ਤੂੰ ਆ ਗਿਆ। ਮੈਨੂੰ ਆਏ ਨੂੰ ਕਿਹੜਾ ਦਸ ਦਿਨ ਹੋ ਗਏ।

**ਧਰਮ ਸਿੰਘ:** ਤੂੰ ਤਾਂ ਕੋਹਝਿਆ ਮੂਲੋਂ ਹੀ ਨਿਰਮੋਹਾ ਹੋ ਗਿਆ, ਜਾ ਕੇ ਕੋਈ ਚਿੱਠੀ ਨਾ ਚੀਰਾ।

**ਬੂਝਾ ਸਿੰਘ:** ਉਹ ਵੀ ਸਾਰੀਆਂ ਗੱਲਾਂ ਕਰਾਂਗੇ ਬਾਪੂ, ਪਹਿਲਾਂ ਇਹ ਦੱਸ ਤੇਰੀ ਸਿਹਤ ਕਿੱਦਾਂ ਰਹਿੰਦੀ ਆ ਹੁਣ?

**ਧਰਮ ਸਿੰਘ:** ਤੂੰ ਮੇਰੀ ਸਿਹਤ ਦਾ ਫਿਕਰ ਕਦੋਂ ਦਾ ਕਰਨ ਲੱਗ ਪਿਐਂ? ਤੂੰ ਤਾਂ ਲਾਂਭੇ ਹੋ ਗਿਆ, ਤੈਨੂੰ ਕੀ ਕੋਈ ਮਰੇ ਕੋਈ ਜੀਵੇ।

**ਬੂਝਾ ਸਿੰਘ:** ਤੂੰ ਹੁਣ 'ਸਾਨ ਲਾਉਣੇ ਛੱਡ ਵੀ ਦੇਹ।

**ਧਰਮ ਸਿੰਘ:** ਤੇਰੇ 'ਤੇ ਕਾਹਦੇ 'ਸਾਨ ਮੱਲਾ, ਏਸ ਬੇਗਾਨੀ ਧੀ ਵੱਲ ਦੇਖ, ਜਿਹੜੀ ਮੇਰੀ ਨੂੰਹ ਨਹੀਂ, ਧੀ ਵੀ ਬਣੀ ਤੇ ਪੁੱਤ ਵੀ। ਇਕ ਤੂੰ ਏਂ ਜਿਹੜਾ ਪੁੱਤ ਹੋ ਕੇ ਵੀ...(ਧਰਮ ਸਿੰਘ ਦਾ ਗੱਚ ਭਰ ਆਉਂਦਾ ਹੈ ਤੇ ਧੰਤੀ ਉਸ ਦੇ ਮੋਢੇ 'ਤੇ ਹੱਥ ਰੱਖ ਕੇ ਕਹਿੰਦੀ ਹੈ)

**ਧੰਤੀ:** ਬੱਸ ਵੀ ਕਰ ਬਾਪੂ ਜੀ ਕਿਹਦੇ ਅੱਗੇ ਬੀਨ ਵਜਾਉਣ ਡਿਹਾ ਏਂ।

**ਬੂਝਾ ਸਿੰਘ:** ਲੈ ਹੁਣ ਇਹ ਵੀ ਪਾਛੂ ਬਣ ਗਈ ਆ। ਓ ਯਾਰ, ਮੈਂ ਹੁਣ ਏਥੇ ਹੀ ਆਂ, ਟੰਗ ਲਿਓ ਜਿਹੜੇ ਫਾਹੇ ਟੰਗਣਾ ਹੋਇਆ।

**ਧਰਮ ਸਿੰਘ:** ਫਾਹੇ ਤਾਂ ਸਾਨੂੰ ਤੂੰ ਟੰਗ ਕੇ ਟਿਭ ਗਿਆ।

**ਅਮਰ ਸਿੰਘ:** ਚੁੱਪ ਕਰ ਜਾ ਬਾਪੂ! ਭਾਅ, ਤੂੰ ਹੀ ਕੁਛ ਸਿਆਣਾ ਬਣ। ਜਹਾਨ ਕੀ ਕਹੂ ਪਈ ਆਉਣ ਸਾਰ ਹੀ ਝੰਜੂਆੜਾ ਪੈ ਗਿਆ। ਭਾਬੀ ਤੂੰ ਤਾਂ ਏਨੀ ਸਿਆਣੀ ਹੋ ਕੇ ਵੀ...ਮੈਂ ਤੈਨੂੰ ਸਮਝਾਉਂਦਾ ਚੰਗਾ ਲੱਗਦਾਂ? ਜਾਹ ਅੰਦਰ ਜਾ ਕੇ ਕੋਈ ਰੋਟੀ ਟੁਕ ਦਾ ਆਹਰ ਕਰੋ ਭਾਅ ਲਈ। ਇਹ ਗੱਲਾਂ ਕਰਨ ਨੂੰ ਬਥੇਰੀ ਉਮਰ ਪਈ ਆ। ਬਹਿ ਗਏ ਖੂਹ 'ਚ ਡਿੰਗੇ ਨੂੰ...।

(ਇੰਨੇ ਨੂੰ ਅਮਰ ਸਿੰਘ ਦੇ ਘਰ ਵਾਲੀ ਘੁੰਡ ਕੱਢੀ ਆ ਕੇ ਬੂਝਾ ਸਿੰਘ ਅੱਗੇ ਰੋਟੀ ਦੀ ਥਾਲੀ ਰੱਖ ਕੇ ਉਸ ਦੇ ਪੈਰੀਂ ਹੱਥ ਲਾ ਜਾਂਦੀ ਹੈ ਤਾਂ ਅਮਰ ਸਿੰਘ ਮਾਹੌਲ ਬਦਲਣ ਲਈ ਕਹਿੰਦਾ ਹੈ)

-ਚੱਲ ਤੂੰ ਚੰਗੇ ਵੇਲੇ ਚਾਂਦ ਮਾਰੀ ਕਰ ਗਈ, ਨਹੀਂ ਤਾਂ ਓਦਾਂ ਕਿਹੜਾ ਭਾਅ ਨੇ ਤੈਨੂੰ ਆਪਣੇ ਪੈਰਾਂ ਤਕ ਪਹੁੰਚਣ ਦੇਣਾ ਸੀ।

(ਨਾ ਚਾਹੁੰਦਿਆਂ ਵੀ ਸਾਰਿਆਂ ਦਾ ਹਾਸਾ ਨਿਕਲ ਜਾਂਦਾ ਹੈ ਤੇ ਅਮਰ ਸਿੰਘ ਕਹਿੰਦਾ ਹੈ)

-ਹੁਣ ਮੋਟੀ ਮੋਟੀ ਭੁੱਖ ਮਾਰ ਲਾ ਭਾਅ, ਰੋਟੀ ਤਾਂ ਆਪਾਂ ਖੂਹ ਦਾ ਗੇੜਾ ਮਾਰ ਕੇ ਆ ਕੇ ਹੀ ਖਾਵਾਂਗੇ।

**ਕੱਟ**

---

**ਸੀਨ-41**

**ਇਨ ਡੋਰ-ਬੂਝਾ ਸਿੰਘ ਦੇ ਘਰ ਦੀ ਇਕ ਬੈਠਕ-ਰਾਤ**

(ਧੰਤੀ ਆਪਣੇ ਘਰ ਦੇ ਇਕ ਕਮਰੇ ਵਿਚ ਮੰਜੇ ਬਿਸਤਰੇ ਵਿਛਾ ਰਹੀ ਹੈ। ਇੰਨੇ ਵਿਚ ਬੂਝਾ ਸਿੰਘ, ਜਿਸ ਨੇ ਉਹੋ ਹੀ ਲਿਬਾਸ ਪਾਇਆ ਹੋਇਆ ਹੈ, ਜੋ ਉਸ ਨੇ ਸੀਨ 40 ਵਿਚ ਵਿਦੇਸ਼ ਤੋਂ ਆਉਣ ਸਮੇਂ ਤੇ ਅਮਰ ਸਿੰਘ ਨਾਲ ਖੂਹ ਨੂੰ ਜਾਣ ਸਮੇਂ ਪਾਇਆ ਹੋਇਆ ਸੀ, ਅੰਦਰ ਵੜਦਾ ਹੈ। ਉਸ ਵਲੋਂ ਬੂਹਾ ਖੋਲ੍ਹਣ ਨਾਲ ਹੋਇਆ ਖੜਾਕਾ ਸੁਣ ਕੇ ਧੰਤੀ ਕਹਿੰਦੀ ਹੈ)

**ਧੰਤੀ:** ਹੋ ਗਿਆ ਮੇਲ ਮਿਲਾਪ ਤੋਂ ਵਿਹਲਾ

**(ਬਾਕੀ ਅਗਲੇ ਸਫੇ 'ਤੇ)**

# ਸਫ਼ਰ ਜ਼ਿੰਦਗੀ ਦਾ

**ਮੋਤਾ ਸਿੰਘ**




1957 ਦੇ ਜੂਨ ਮਹੀਨੇ ਦੀ ਇਕ ਬਹੁਤ ਅੰਧੇਰੀ ਰਾਤ ਨੂੰ ਸੁੱਤੇ ਪਏ ਬਾਬਾ ਅਮਰ ਸਿੰਘ ਤ੍ਰਭਕ ਕੇ ਮੰਜੇ ਤੋਂ ਉੱਠੇ ਅਤੇ ਭੱਜ ਕੇ ਖੂਹ ਤੇ ਗਏ ਜਿੱਥੇ ਉਨ੍ਹਾਂ ਦੇ ਹੋਰ ਸਾਰੇ ਪਸ਼ੂ ਬੈਠੇ ਜੁਗਾਲੀ ਕਰ ਰਹੇ ਸਨ, ਪਰ ਉਨ੍ਹਾਂ ਦੀ ਸਭ ਤੋਂ ਪਿਆਰੀ ਗਊ ਬੜੀ ਬੇਚੈਨ ਜਿਹੀ ਖੜ੍ਹੀ ਸੀ ਤੇ ਬਾਬਾ ਜੀ ਦੇ ਵੇਖਦਿਆਂ ਵੇਖਦਿਆਂ ਉਹ ਗਸ਼ ਖਾ ਕੇ ਜ਼ਮੀਨ ਉਤੇ ਡਿਗ ਪਈ ਅਤੇ ਪਲਾਂ ਵਿਚ ਹੀ ਸਦਾ ਦੀ ਨੀਂਦਰ ਸੌਂ ਗਈ। ਬਾਬਾ ਜੀ ਬੁਰੀ ਤਰ੍ਹਾਂ ਝੰਜੋੜੇ ਗਏ ਅਤੇ ਗਊ ਦੀ ਲੋਥ ਉਤੇ ਦੁਹੱਥੜੀ ਮਾਰਦਿਆਂ ਰੋਂਦੇ ਹੋਏ ਕਹਿਣ ਲੱਗੇ, 'ਹਾਏ ਮੇਰੀ ਨੂਰਾਂ ਤੈਨੂੰ ਕੀ ਹੋ ਗਿਆ?'

ਅਸਲ ਵਿਚ ਬਾਬਾ ਅਮਰ ਸਿੰਘ ਦੇ ਜਾਗਣ ਦਾ ਕਾਰਨ ਇਕ ਸੁਪਨਾ ਸੀ, ਜਿਸ ਵਿਚ ਬਾਬਾ ਜੀ ਨੇ ਇਕ ਮਾਸੂਮ ਮੁਸਲਮਾਨ ਕੁੜੀ ਨੂੰ ਵੇਖਿਆ ਸੀ ਜਿਸ ਦਾ ਨਾਂ ਵੀ ਨੂਰਾਂ ਸੀ ਜੋ 1947 ਦੇ ਰੌਲਿਆਂ ਸਮੇਂ ਅਚਾਨਕ ਇਕ ਰਾਤ ਨੂੰ ਸਾਮੂਪੁਰ ਤੋਂ ਕਿਧਰੇ ਚਲੀ ਗਈ ਸੀ। ਬਾਬਾ ਜੀ ਹੋਰਾਂ ਦੇ ਲੱਖ ਯਤਨ ਕਰਨ 'ਤੇ ਵੀ ਉਸ ਦੀ ਅਤੇ ਉਸ ਦੇ ਅੱਬਾ ਦੀ ਕਿਤੋਂ ਕੋਈ ਖਬਰ ਨਾ ਮਿਲੀ। ਆਖਿਰ ਸਭ ਨੇ ਇਹੀ ਸੋਚ ਕੇ ਮਨਾਂ ਨੂੰ ਢਾਰਸ ਦੇ ਲਿਆ ਕਿ ਸ਼ਾਇਦ ਉਹ ਦੋਵੇਂ ਪਾਕਿਸਤਾਨ ਚਲੇ ਗਏ ਅਤੇ ਅੱਜ ਰਾਤ ਉਸੇ ਕੁੜੀ ਨੇ ਫੇਰ ਬਾਬਾ ਜੀ ਦੇ ਸੁਪਨੇ ਵਿਚ ਆ ਕੇ ਕੇਵਲ ਇਕੋ ਗੱਲ ਆਖੀ ਕਿ 'ਸ਼ਾਹਾ ਹੁਣ ਮੈਂ ਚੱਲੀ ਹਾਂ' ਸਾਡਾ ਲੇਖਾ ਅੱਜ ਮੁੱਕ ਗਿਆ। ਤੁਸੀਂ ਸਭ ਖੁਸ਼ ਰਹੋ। ਅਲਵਿਦਾ। ਬਸ ਏਸੇ ਹੀ ਸੁਪਨੇ ਨਾਲ ਬਾਬਾ ਅਮਰ ਸਿੰਘ ਹੋਰੀਂ ਤ੍ਰਭਕ ਕੇ ਉੱਠੇ ਸਨ।

ਬਾਬਾ ਜੀ ਦੀਆਂ ਅੱਖਾਂ ਸਾਹਮਣੇ ਪਿਛਲੇ ਬਾਰਾਂ ਸਾਲ ਦੀ ਕਹਾਣੀ ਫਿਲਮ ਦੀ ਝਾਕੀ ਵਾਂਗ ਲੰਘ ਗਈ। ਇਹ ਗੱਲ 1945 ਦੇ ਅੱਸੂ ਮਹੀਨੇ ਦੀ ਹੈ। ਕਪਾਹ ਦੀ ਚੁਗਾਈ ਕਰਨ ਦਾ ਸਮਾਂ ਸੀ। ਸਾਮੂਪੁਰ ਦੁਆਬੇ ਵਿਚ ਇਕ ਛੋਟਾ ਜਿਹਾ ਪਿੰਡ ਹੈ। ਬਾਬਾ ਅਮਰ ਸਿੰਘ ਏਸੇ ਪਿੰਡ ਦੇ ਇਕ ਸਰਦੇ ਪੁੱਜਦੇ ਘਰ ਦੇ ਬਜ਼ੁਰਗ ਸਨ। ਆਪਣੇ ਨੇਕ ਅਤੇ ਸਾਊ ਸੁਭਾਅ ਦੇ ਗੁਣਾਂ ਕਾਰਨ ਆਲੇ ਦੁਆਲੇ ਦੇ ਪਿੰਡਾਂ ਵਿਚ ਬਾਬਾ ਜੀ ਦੇ ਸੰਬੋਧਨ ਨਾਲ ਸਤਿਕਾਰੇ ਜਾਂਦੇ ਸਨ। ਦਿਨ ਰਾਤ ਸਖਤ ਮਿਹਨਤ ਉਨ੍ਹਾਂ ਦੀ ਭਗਤੀ ਸੀ ਅਤੇ ਮਾਲ ਪਸ਼ੂ ਹੀ ਉਨ੍ਹਾਂ ਦੀ ਪੂੰਜੀ ਸੀ। ਉਨ੍ਹਾਂ ਵਾਂਗ ਉਨ੍ਹਾਂ ਦੇ ਪੁੱਤਰ ਵੀ ਬਹੁਤ ਮਿਹਨਤੀ ਅਤੇ ਨੇਕ ਸੁਭਾਅ ਵਾਲੇ ਹੋਣ ਦੇ ਨਾਲ-ਨਾਲ ਮੰਨੇ ਦੰਨੇ ਕਾਮਯਾਬ ਕਿਸਾਨ ਸਨ। ਤਰਕਾਲਾਂ ਵੇਲੇ ਬਾਬਾ ਜੀ ਤੇ ਉਨ੍ਹਾਂ ਦੇ ਪੁੱਤਰ ਖੂਹ ਵਾਲੇ ਤੌੜ ਵਿਚ ਮੰਜਿਆਂ 'ਤੇ ਸਜ ਜਾਂਦੇ ਅਤੇ ਘਰ ਦੀ ਕੱਢੀ ਰੂੜੀ ਬਰਾਂਡ ਦੀਆਂ ਚੁਸਕੀਆਂ ਲੈਂਦੇ ਦਿਨ ਭਰ ਦਾ ਥਕੇਵਾਂ ਦੂਰ ਕਰਦੇ। ਮਿਲਣ ਆਉਣ ਵਾਲੇ ਭਾਈਬੰਦ ਵੀ ਬਾਬਾ ਜੀ ਦੀ ਸੰਗਤ ਵਿਚ ਦੋ ਘੁੱਟ ਲਾ ਕੇ ਲੋਰ ਵਿਚ ਘਰਾਂ ਨੂੰ ਜਾਂਦੇ। ਕੋਈ ਗਰੀਬ-ਗੁਰਬਾ ਸਾਗ ਤੋੜ ਕੇ ਲੈ ਜਾਏ ਤਾਂ ਇਹ ਕਦੇ ਮੱਥੇ ਵੱਟ ਨਾ ਪਾਉਂਦੇ। ਕਿਸੇ ਆਂਢੀ-ਗੁਆਂਢੀ ਨੂੰ ਪੈਸੇ ਧੇਲੇ ਦੀ ਗਰਜ਼ ਪੈ ਜਾਏ, ਰੱਸਾ, ਗੱਡਾ ਜਾਂ ਹਲ ਪੰਜਾਲੀ ਦੀ ਲੋੜ ਪੈ ਜਾਏ ਤਾਂ ਇਹ ਉਨ੍ਹਾਂ ਨੂੰ ਕਦੇ ਖਾਲੀ ਨਾ ਮੋੜਦੇ। ਇਥੋਂ ਤੱਕ ਕਿ ਜੇ ਕਿਸੇ ਦਾ ਕੰਮ ਡੰਗਰ ਪਸ਼ੂ ਬਿਨਾਂ ਅੜਦਾ ਹੋਵੇ ਇਹ ਆਪਣੇ ਪਸ਼ੂ ਭੇਜ ਕੇ ਉਸ ਦੀ ਮਦਦ ਕਰ ਦਿੰਦੇ। ਬਾਬਾ ਅਮਰ ਸਿੰਘ ਅਤੇ ਉਸ ਦੇ ਟੱਬਰ ਦੀ ਇਸ ਨੇਕ ਭਾਵਨਾ ਦਾ ਸਦਕਾ ਨੇੜੇ ਤੇੜੇ ਦੇ ਪਿੰਡਾਂ ਵਿਚ ਉਨ੍ਹਾਂ ਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ।

ਦੇਸ਼ ਦੀ ਆਜ਼ਾਦੀ ਅਤੇ ਦੁਖਦਾਈ ਵੰਡ ਤੋਂ ਕਾਫੀ ਚਿਰ ਪਹਿਲਾਂ ਹੀ ਧਾਰਮਿਕ ਫਿਰਕਾਪ੍ਰਸਤੀ ਦੇ ਜਨੂੰਨ ਦੀ ਕੁੜਿੱਤਣ ਰਸਦੇ-ਵਸਦੇ ਭਾਈਚਾਰੇ ਦੀ ਸਾਂਝੀਵਾਲਤਾ ਵਿਚ ਤ੍ਰੇੜਾਂ ਪਾ ਰਹੀ ਸੀ। ਮੁਸਲਮ-ਲੀਗ, ਪੰਥਕ ਜਥੇਬੰਦੀਆਂ, ਹਿੰਦੂ ਮਹਾਸ਼ਾ ਸੰਗਠਨ ਲੋਕਾਂ ਦੇ ਜਜ਼ਬਾਤ ਨੂੰ ਭੜਕਾ ਕੇ ਨਫਰਤ ਦੀ ਜ਼ਹਿਰ ਫੈਲਾਉਣ ਵਿਚ ਸਰਗਰਮ ਸਨ ਪਰ ਬਾਬਾ ਜੀ 'ਤੇ ਇਸ ਦਾ ਕੋਈ ਅਸਰ ਨਾ ਹੋਇਆ। ਉਹ ਸਭ ਨੂੰ ਉਸ ਪਰਮਾਤਮਾ ਦੇ ਬੰਦੇ ਸਮਝਦੇ ਅਤੇ ਹਰ ਲੋੜਵੰਦ ਦੇ ਕੰਮ ਆਉਣ ਨੂੰ ਹੀ ਆਪਣਾ ਧਰਮ ਸਮਝਦੇ। ਉਨ੍ਹਾਂ ਦੇ ਦਰ ਤੋਂ ਕਦੇ ਕੋਈ ਖਾਲੀ ਹੱਥ ਨਹੀਂ ਸੀ ਗਿਆ।

ਇਕ ਦਿਨ ਇਕ ਬਹੁਤ ਗਰੀਬ ਮੁਸਲਮਾਨ ਬਜ਼ੁਰਗ ਗੁਲਾਮ ਮੁਹੰਮਦ, ਹੱਥ ਵਿਚ ਸੋਟੀ ਫੜੀ ਤੇ ਮੋਢੇ ਉਤੇ ਸਾਫਾ ਸੁੱਟੀ ਬਾਬਾ ਜੀ ਨੂੰ ਮਿਲਣ ਵਾਸਤੇ ਆਏ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਜਵਾਨ ਬੇਟੀ ਨੂਰਾਂ ਵੀ ਸੀ। ਨੂਰਾਂ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਭਰ ਜਵਾਨੀ ਵਿਚ ਵੀ ਉਹ ਮੁਰਝਾਈ ਮੁਰਝਾਈ ਲੱਗਦੀ ਸੀ। ਗੁਲਾਮ ਮੁਹੰਮਦ ਹੋਰਾਂ ਬਾਬਾ ਜੀ ਨੂੰ ਬੜੇ ਆਦਰ ਨਾਲ ਸਲਾਮ ਕਰਦਿਆਂ ਬੇਨਤੀ ਕੀਤੀ ਕਿ ਉਹ ਰੁਜ਼ਗਾਰ ਭਾਲਦੇ ਭਾਲਦੇ ਉਨ੍ਹਾਂ ਦੀ ਸ਼ਰਨ ਵਿਚ ਆਏ ਹਨ। ਗੁਲਾਮ ਮੁਹੰਮਦ ਨੇ ਇਹ ਵੀ ਦੱਸਿਆ ਕਿ ਉਹ ਬਹੁਤ ਦੂਰ ਦੇ ਪਿੰਡ ਤੋਂ ਆਏ ਹਨ। ਉਸ ਦੀ ਪਤਨੀ ਹੁਣ ਇਸ ਦੁਨੀਆਂ ਵਿਚ ਨਹੀਂ ਹੈ। ਸਾਲ ਕੁ ਪਹਿਲਾਂ ਨੂਰਾਂ ਦੀ ਸ਼ਾਦੀ ਕੀਤੀ ਸੀ ਪਰ ਬਦਕਿਸਮਤੀ ਨੂੰ ਉਸ ਦੇ ਖਾਵੰਦ ਨੇ ਘਰੋਂ ਕੱਢ ਦਿੱਤਾ। ਲੋਕਾਂ ਦੀਆਂ ਭਾਂਤ-ਭਾਂਤ ਦੀਆਂ ਗੱਲਾਂ ਅਤੇ ਉਸ ਦੀ ਬੇਟੀ ਨੂੰ ਭੈੜੀਆਂ ਨਜ਼ਰਾਂ ਨਾਲ ਵੇਖਣ ਵਾਲੇ ਮਰਦਾਂ ਤੋਂ ਡਰਦਿਆਂ ਉਨ੍ਹਾਂ ਨੇ ਉਹ ਪਿੰਡ ਛੱਡ ਕੇ ਕਿਧਰੇ ਦੂਰ ਜਾ ਵਸਣ ਦਾ ਫੈਸਲਾ ਕਰ ਲਿਆ ਹੈ। ਇਹੀ ਗੱਲ ਸਾਨੂੰ ਆਪਦੇ ਖੂਹ ਤੱਕ ਲੈ ਆਈ ਹੈ। ਅਸੀਂ ਬਹੁਤ ਭੁੱਖੇ ਹਾਂ ਤੇ ਰਹਿਣ ਵਾਸਤੇ ਕੋਈ ਟਿਕਾਣਾ ਵੀ ਨਹੀਂ। ਸਾਨੂੰ ਕਪਾਹ ਚੁਗਣ ਲਈ ਰੱਖ ਲਉ। ਅਸੀਂ ਆਪਦੇ ਡੰਗਰ ਪਸ਼ੂਆਂ ਦੀ ਵੀ ਦੇਖਭਾਲ ਕਰਾਂਗੇ ਅਤੇ ਹਰ ਤਰ੍ਹਾਂ ਨਾਲ ਸਾਰੇ ਕੰਮਾਂ ਵਿਚ ਆਪਦਾ ਹੱਥ ਵਟਾਵਾਂਗੇ। ਅੱਲਾ ਤਾਲਾ ਤੁਹਾਨੂੰ ਸਲਾਮਤ ਰੱਖੇ।

ਆਪਣੇ ਨੇਕ ਸੁਭਾ ਸਦਕਾ ਬਾਬਾ ਜੀ ਨੇ ਗੁਲਾਮ ਮੁਹੰਮਦ ਅਤੇ ਨੂਰਾਂ ਨੂੰ ਕੰਮ 'ਤੇ ਰੱਖ ਲਿਆ ਅਤੇ ਖੂਹ 'ਤੇ ਹੀ ਇਕ ਕੋਠੇ ਵਿਚ ਉਨ੍ਹਾਂ ਦੇ ਰਹਿਣ ਦਾ ਵੀ ਪ੍ਰਬੰਧ ਕਰ ਦਿੱਤਾ। ਕਪਾਹ ਦੀ ਚੁਗਾਈ ਖ਼ਤਮ ਹੋਣ ਮਗਰੋਂ ਦੋਵੇਂ ਪਿਉ ਤੇ ਧੀ ਪਸ਼ੂਆਂ ਨੂੰ ਨਹਾਉਣ, ਪੱਠੇ ਪਾਉਣ ਅਤੇ ਗੋਹੇ ਕੂੜੇ ਦੇ ਕੰਮ ਵਿਚ ਰੁਝੇ ਰਹਿੰਦੇ। ਨੂਰਾਂ ਘਰ ਜਾ ਕੇ ਔਰਤਾਂ ਦੇ ਨਾਲ ਵੀ ਕੰਮਕਾਰ ਵਿਚ ਹੱਥ ਵਟਾ ਆਉਂਦੀ। ਖੂਹ ਉਤੇ ਵੀ ਘਰ ਵਰਗਾ ਖੁਸ਼ੀਆਂ ਭਰਿਆ ਮਾਹੌਲ ਬਣ ਗਿਆ। ਨੂਰਾਂ ਦੇ ਮਿੱਠੇ ਸੁਭਾਅ ਅਤੇ ਕੰਮ ਕਰਨ ਦੀ ਲਗਨ ਨੇ ਬਾਬਾ ਜੀ ਦਾ ਦਿਲ ਜਿੱਤ ਲਿਆ ਅਤੇ ਉਹ ਇਵੇਂ ਮਹਿਸੂਸ ਕਰਨ ਲੱਗੇ ਜਿਵੇਂ ਨੂਰਾਂ ਗੁਲਾਮ ਮੁਹੰਮਦ ਦੀ ਨਹੀਂ ਉਨ੍ਹਾਂ ਦੀ ਆਪਣੀ ਧੀ ਹੋਵੇ। 1946 ਵਿਚ ਹੀ ਹਿੰਦੂ-ਮੁਸਲਿਮ ਫਸਾਦਾਂ ਦੀਆਂ ਖ਼ਬਰਾਂ ਨੇ ਦੇਸ਼ ਭਰ ਦੇ ਵਾਤਾਵਰਨ ਵਿਚ ਨਫਰਤ ਦੀ ਜ਼ਹਿਰ ਘੋਲ ਦਿੱਤੀ। ਸਭ ਤੋਂ ਵੱਡੀ ਮਾਰ ਪਈ ਦੇਸ਼ ਨੂੰ ਦੋ ਟੁਕੜਿਆਂ ਵਿਚ ਵੰਡ ਕੇ ਹਿੰਦੋਸਤਾਨ ਤੇ ਪਾਕਿਸਤਾਨ ਬਣਨ ਦੇ ਐਲਾਨ ਹੋਣ ਨਾਲ। ਪਿੰਡਾਂ, ਸ਼ਹਿਰਾਂ, ਮੰਦਰਾਂ, ਮਸੀਤਾਂ ਅਤੇ ਗੁਰਦੁਆਰਿਆਂ ਵਿਚੋਂ ਜਨੂੰਨੀਆਂ ਦੇ ਕਾਫਲੇ ਤਲਵਾਰਾਂ, ਭਾਲੇ ਬਰਛੇ ਤੇ ਗੰਡਾਸਿਆਂ ਨਾਲ ਹਥਿਆਰਬੰਦ ਹੋ ਕੇ ਇਕ ਦੂਜੇ 'ਤੇ ਹਮਲੇ ਕਰਨ ਲੱਗ ਪਏ। ਅਨਭੋਲ ਤੇ ਬੇਬਸ ਲੋਕ, ਬੱਚੇ, ਬੁੱਢੇ, ਔਰਤਾਂ, ਕੋਈ ਵੀ ਇਸ ਕਹਿਰ ਤੋਂ ਨਾ ਬਚਿਆ। ਧੀਆਂ ਭੈਣਾਂ ਦੀ ਪੱਤ ਲੁੱਟੀ ਗਈ। ਇਨਸਾਨ ਜਿਵੇਂ ਹੈਵਾਨ ਬਣ ਗਏ ਹੋਣ।

ਸਾਮੂਪੁਰ ਅਜੇ ਇਸ ਕਹਿਰ ਦਾ ਸ਼ਿਕਾਰ ਨਹੀਂ ਸੀ ਹੋਇਆ ਅਤੇ ਬਾਬਾ ਅਮਰ ਸਿੰਘ ਦੇ ਖੂਹ 'ਤੇ ਰਹਿੰਦਿਆਂ ਹੋਇਆਂ ਭਾਵੇਂ ਗੁਲਾਮ ਮੁਹੰਮਦ ਨੂੰ ਕੋਈ ਵੀ ਖਤਰਾ ਨਹੀਂ ਸੀ ਪਰ ਉਸ ਦਾ ਦਿਲ ਦਹਿਲ ਗਿਆ ਅਤੇ ਨੂਰਾਂ ਦੀ ਇੱਜ਼ਤ ਦੀ ਰਾਖੀ ਦੀ ਚਿੰਤਾ ਉਸ ਨੂੰ ਵੱਢ-ਵੱਢ ਖਾਣ ਲੱਗੀ। ਇਸੇ ਡਰ ਤੋਂ ਮਜਬੂਰ ਹੋ ਕੇ ਉਹ ਅਚਾਨਕ ਆਪਣੀ ਧੀ ਨੂਰਾਂ ਨੂੰ ਨਾਲ ਲੈ ਕੇ ਖੂਹ ਤੋਂ ਚਲਾ ਗਿਆ ਅਤੇ ਛਾਉਣੀ ਦੇ ਲਾਗੇ ਕੈਂਪ ਵਿਚ ਠਹਿਰੇ ਮੁਸਲਮਾਨਾਂ ਦੇ ਕਾਫਲੇ ਨਾਲ ਜਾ ਰਲਿਆ। ਉਹ ਇਕ ਕਪਾਹ ਦੀ ਭਰੀ ਹੋਈ ਬੋਰੀ ਵੀ ਛੱਡ ਗਏ ਜੋ ਬਾਬਾ ਜੀ ਨੇ ਉਨ੍ਹਾਂ ਦੀ ਮਜ਼ਦੂਰੀ ਵਜੋਂ ਦਿੱਤੀ ਸੀ। ਬਾਬਾ ਅਮਰ ਸਿੰਘ ਹੋਰੀਂ ਜਦੋਂ ਸਵੇਰ ਨੂੰ ਉੱਠੇ ਤਾਂ ਗੁਲਾਮ ਮੁਹੰਮਦ ਤੇ ਨੂਰਾਂ ਦੀ ਕੋਠੜੀ ਖਾਲੀ ਦੇਖ ਕੇ ਬਹੁਤ ਦੁਖੀ ਹੋਏ। ਉਨ੍ਹਾਂ ਨੂੰ ਲੱਗਾ ਜਿਵੇਂ ਉਨ੍ਹਾਂ ਦੇ ਪਰਿਵਾਰ ਦੇ ਦੋ ਜੀਅ ਵਿਛੜ ਗਏ ਹੋਣ। ਉਨ੍ਹਾਂ ਦੀ ਛੱਡੀ ਹੋਈ ਕਪਾਹ ਦੀ ਬੋਰੀ ਗੁਰਦੁਆਰੇ ਦੇ ਦਿੱਤੀ।

1947 ਦੇ ਇਤਿਹਾਸ ਦਾ ਕਾਲਾ ਪੰਨਾ ਲਿਖਿਆ ਗਿਆ। ਪਾਕਿਸਤਾਨ ਬਣ ਗਿਆ। ਲੱਖਾਂ ਮੁਸਲਮਾਨ ਲਹਿੰਦੇ ਪੰਜਾਬ ਵਲ ਰਿਫਿਊਜੀ ਬਣ ਕੇ ਟੁਰ ਗਏ ਅਤੇ ਲੱਖਾਂ ਹੀ ਹਿੰਦੂ ਤੇ ਸਿੱਖ ਆਪਣੇ ਘਰੋਂ ਬੇਘਰ ਹੋ ਕੇ ਇਧਰ ਵਾਲੇ ਪੰਜਾਬ ਵਲ ਵਹੀਰਾਂ ਘੱਤ ਕੇ ਚਲ ਪਏ। ਪੰਜਾਬ ਦੀ ਮਿੱਟੀ ਲੱਖਾਂ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਦੇ ਖੂਨ ਨਾਲ ਸਿੰਜੀ ਗਈ। ਕੀਮਤੀ ਸਾਮਾਨ ਤੇ ਡੰਗਰ ਪਸ਼ੂਆਂ ਵਾਂਗ ਔਰਤਾਂ ਵੀ ਲੁੱਟੀਆਂ ਗਈਆਂ। ਵਿਧਵਾ ਮਾਵਾਂ, ਯਤੀਮ ਬੱਚੇ ਅਤੇ ਬੇਪੱਤ ਹੋਈਆਂ ਜਵਾਨ ਧੀਆਂ ਦੀਆਂ ਸਿਸਕੀਆਂ ਅਸਮਾਨ ਚੀਰ ਗਈਆਂ। ਲੱਖਾਂ ਜਵਾਨ ਔਰਤਾਂ ਅਤੇ ਕੰਵਾਰੀਆਂ ਮਾਸੂਮ ਧੀਆਂ ਆਪਣੀ ਇੱਜ਼ਤ ਬਚਾਉਣ ਲਈ ਖੂਹਾਂ ਵਿਚ ਕੁੱਦ ਕੇ ਖੁਦਕਸ਼ੀ ਕਰ ਗਈਆਂ। ਥਾਂ-ਥਾਂ 'ਤੇ ਪਈਆਂ ਇਨਸਾਨਾਂ ਦੀਆਂ ਲਾਸ਼ਾਂ ਦੀ ਦੁਰਗੰਧ ਅਤੇ ਉਜੜੇ ਤੇ ਸੜਦੇ ਘਰਾਂ ਦੀ ਬਦਬੂ ਨਾਲ ਬਿਮਾਰੀ ਫੈਲ ਗਈ। ਇਕ ਦਿਨ ਬਾਬਾ ਅਮਰ ਸਿੰਘ ਦਾ ਵੱਡਾ ਪੁੱਤਰ ਚੋਅ ਵਿਚ ਪਸ਼ੂ ਚਾਰ ਕੇ ਜਦੋਂ ਵਾਪਸ ਮੁੜਨ ਲੱਗਾ ਤਾਂ ਇਕ ਨਿੱਕੀ ਜਿਹੀ ਦੋ ਕੁ ਸਾਲ ਦੀ ਦੁੱਧ ਚਿੱਟੀ ਵੱਛੀ ਉਸ ਦੇ ਪਸ਼ੂਆਂ ਵਿਚ ਆ ਰਲੀ। ਬਾਬਾ ਜੀ ਦੇ ਪੁੱਤਰ ਨੇ ਉਸ ਨੂੰ ਡਰਾ ਧਮਕਾ ਕੇ ਆਪਣੇ ਵੱਗ ਤੋਂ ਦੂਰ ਭਜਾ ਦਿੱਤਾ ਪਰ ਰਾਤ ਵੇਲੇ ਉਹ ਵੱਛੀ ਇਨ੍ਹਾਂ ਦੇ ਖੂਹ 'ਤੇ ਆ ਕੇ ਫੇਰ ਪਸ਼ੂਆਂ ਦੇ ਨਾਲ ਬੈਠ ਗਈ। ਦੂਜੇ ਦਿਨ ਵੀ ਉਹ ਵੱਛੀ ਖੂਹ ਤੋਂ ਜਾਣ ਦਾ ਨਾਂ ਨਾ ਲਵੇ। ਬਾਬਾ ਜੀ ਦੇ ਕਹਿਣ 'ਤੇ ਉਸ ਨੂੰ ਵੀ ਪੱਠੇ ਪਾ ਦਿੱਤੇ ਗਏ। ਬਾਕੀ ਪਸ਼ੂ ਵੀ ਉਸ ਨੂੰ ਕੁਝ ਕਹਿਣ ਦੀ ਥਾਂ ਸਗੋਂ ਪਿਆਰ ਕਰਨ ਲੱਗੇ। ਬਾਬਾ ਅਮਰ ਸਿੰਘ ਹੋਰੀਂ ਕਹਿਣ ਲੱਗੇ, 'ਵੇਖੋ ਪੁੱਤਰ, ਇਨਸਾਨ ਨਾਲੋਂ ਤਾਂ ਇਹ ਪਸ਼ੂ ਚੰਗੇ, ਜੋ ਇਕ ਦੂਜੇ ਨੂੰ ਨਫਰਤ ਨਹੀਂ ਕਰਦੇ।' ਬਾਬਾ ਜੀ ਨੂੰ ਇਵੇਂ ਲੱਗਾ ਕਿ ਇਹ ਵੱਛੀ ਵੀ ਉਨ੍ਹਾਂ ਦੇ ਜੀਵਨ ਵਿਚ ਉਵੇਂ ਹੀ ਆਈ ਹੈ, ਜਿਵੇਂ ਇਕ ਦਿਨ ਆਚਨਕ ਨੂਰਾਂ ਆਪਣੇ ਅੱਬਾ ਨਾਲ ਆਈ ਸੀ ਤੇ ਉਨ੍ਹਾਂ ਨੇ ਇਸ ਵੱਛੀ ਦਾ ਨਾਂ ਵੀ ਨੂਰਾਂ ਰੱਖ ਦਿੱਤਾ।

ਵੇਖਦਿਆਂ ਹੀ ਵੇਖਦਿਆਂ ਉਹ ਵੱਛੀ ਗਾਂ ਬਣ ਗਈ ਅਤੇ ਉਸ ਨੇ ਇਕ ਵੱਛੇ ਨੂੰ ਜਨਮ ਦਿੱਤਾ। ਪਿੰਡਾਂ ਵਿਚ ਸਾਰੇ ਲੰਬੜਦਾਰਾਂ ਨੂੰ ਪੰਜਾਬ ਸਰਕਾਰ ਦੇ ਨੋਟਿਸ ਆ ਗਏ ਕਿ ਮੁਸਲਮਾਨਾਂ ਦਾ ਜੋ ਮਾਲ ਪਸ਼ੂ ਪਿੰਡਾਂ ਵਿਚ ਰਹਿ ਗਿਆ ਹੈ ਉਸ ਦੀ ਨਿਲਾਮੀ ਕਰਕੇ ਰਕਮ ਸਰਕਾਰ ਨੂੰ ਭੇਜੀ ਜਾਵੇ। ਬਾਬਾ ਅਮਰ ਸਿੰਘ ਹੋਰਾਂ ਵੀ ਇਹ ਗਾਂ ਜੋ ਆਪਣੇ ਆਪ ਉਨ੍ਹਾਂ ਦੇ ਕੋਲ ਆ ਗਈ ਸੀ, ਲੰਬੜਦਾਰ ਕੋਲ ਦਰਜ ਕਰਵਾ ਦਿੱਤੀ। ਲੰਬੜਦਾਰ ਜ਼ਿੱਦ ਕਰੇ ਕਿ ਵੱਛਾ ਵੀ ਦਰਜ ਹੋਵੇਗਾ। ਫੈਸਲਾ ਇਹ ਹੋਇਆ ਕਿ ਵੱਛਾ ਬਾਬਾ ਜੀ ਦੇ ਖੂਹ 'ਤੇ ਜਨਮਿਆ ਹੈ, ਇਸ ਲਈ ਕੇਵਲ ਗਾਂ ਹੀ ਨਿਲਾਮ ਕੀਤੀ ਜਾਵੇਗੀ। ਜਦੋਂ ਬੋਲੀ ਹੋਈ ਤਾਂ ਗੁਆਂਢੀ ਪਿੰਡ ਦੇ ਇਕ ਕਿਸਾਨ ਨੇ ਵਧ ਬੋਲੀ ਦੇ ਕੇ ਗਾਂ ਖਰੀਦ ਲਈ। ਬਾਬਾ ਅਮਰ ਸਿੰਘ ਹੋਰਾਂ ਸੇਜਲ ਅੱਖੀਆਂ ਨਾਲ ਗਾਂ ਦਾ ਰੱਸਾ ਖਰੀਦਦਾਰ ਦੇ ਹੱਥ ਫੜਾ ਦਿੱਤਾ ਪਰ ਗਾਂ ਉਸ ਨਾਲ ਤੁਰਨ ਦੀ ਬਜਾਏ ਜ਼ਮੀਨ 'ਤੇ ਲਿਟ ਗਈ। ਹਜ਼ਾਰ ਯਤਨ ਕਰਨ 'ਤੇ ਵੀ ਉਹ ਜ਼ਮੀਨ ਤੋਂ ਨਾ ਉੱਠੀ। ਖਰੀਦਦਾਰ ਨੇ ਉਸ ਨੂੰ ਉਠਾਉਣ ਲਈ ਜਦੋਂ ਕੁੱਟਮਾਰ ਕਰਨੀ ਚਾਹੀ ਤਾਂ ਬਾਬਾ ਜੀ ਨੇ ਉਸ ਦਾ ਹੱਥ ਫੜ ਲਿਆ ਅਤੇ ਖਰੀਦਦਾਰ ਨੂੰ ਉਹਦੇ ਪੈਸੇ ਪੱਲਿਉਂ ਦੇ ਕੇ ਗਾਂ ਆਪ ਰੱਖਣ ਲਈ ਬੇਨਤੀ ਕੀਤੀ। ਬੋਲੀ 'ਤੇ ਲਾਏ ਸਾਰੇ ਪੈਸੇ ਅਤੇ ਇਕ ਸ਼ਰਾਬ ਦੀ ਬੋਤਲ 'ਤੇ ਸੌਦਾ ਤੈਅ ਹੋ ਗਿਆ। ਬਾਬਾ ਜੀ ਨੇ ਪੈਸੇ ਉਸ ਦੇ ਹੱਥ ਫੜਾਏ ਅਤੇ ਕੁੱਪ ਵਿਚੋਂ ਘਰ ਦੀ ਕੱਢੀ ਸ਼ਰਾਬ ਦੀ ਇਕ ਬੋਤਲ ਕੱਢ ਲਿਆਂਦੀ। ਖੂਹ ਦੀ ਟਿੰਡ ਵਿਚੋਂ ਪਾਣੀ ਲਿਆ ਕੇ ਦੋਹਾਂ ਧਿਰਾਂ ਨੇ ਰਲ ਕੇ ਬੋਤਲ ਵਿਚ ਫੂਕ ਮਾਰ ਦਿੱਤੀ। ਉਨ੍ਹਾਂ ਵਲ ਵੇਖ ਕੇ ਨੂਰਾਂ ਵੀ ਛਾਲ ਮਾਰ ਕੇ ਉਠੀ ਅਤੇ ਪੱਠੇ ਖਾਣ ਲੱਗ ਪਈ। ਸਮਾਂ ਲੰਘਦਾ ਗਿਆ।

ਨੂਰਾਂ ਬਾਬੇ ਦੇ ਖੂਹ ਦਾ ਸ਼ਿੰਗਾਰ ਬਣੀ ਰਹੀ। ਨੂਰਾਂ ਨੇ ਤਿੰਨ ਹੋਰ ਵੱਛਿਆਂ ਨੂੰ ਜਨਮ ਦਿੱਤਾ। ਨੂਰਾਂ ਦਾ ਚਾਰ ਬਲਦਾਂ ਦਾ ਪਰਿਵਾਰ ਬਾਬਾ ਜੀ ਦੇ ਖੂਹ ਦਾ ਸ਼ਿੰਗਾਰ ਬਣ ਗਿਆ। ਲੋਕੀਂ ਇਨ੍ਹਾਂ ਬਲਦਾਂ ਦੀਆਂ ਜੋੜੀਆਂ ਅਤੇ ਬਾਬਾ ਜੀ ਦੀਆਂ ਲਹਿ-ਲਹਿ ਕਰਦੀਆਂ ਫਸਲਾਂ ਵਲ ਵੇਖ ਕੇ ਅਸ਼ ਅਸ਼ ਕਰ ਉੱਠਦੇ ਪਰ ਕਈਆਂ ਦੇ ਮਨਾਂ ਵਿਚ ਈਰਖਾ ਵੀ ਸੁਲਗਦੀ। ਫੇਰ ਇਕ ਰਾਤ ਇਕ ਅਚੰਭੇ ਵਾਲੀ ਗੱਲ ਹੋਈ। ਨੂਰਾਂ ਦਾ ਇਕ ਬੱਗੇ ਰੰਗ ਦਾ ਚੰਗਾ ਵਹਿੜਕਾ ਚੋਰੀ ਹੋ ਗਿਆ। ਦੂਜੇ ਦਿਨ ਲੱਖ ਭਾਲ ਕਰਨ 'ਤੇ ਵੀ ਉਹ ਵਹਿੜਕਾ ਕਿਤੇ ਨਾ ਮਿਲਿਆ। ਖੂਹ 'ਤੇ ਉਦਾਸੀ ਛਾਈ ਰਹੀ। ਬਾਬਾ ਅਮਰ ਸਿੰਘ ਨੇ ਉਦਾਸੀ ਵਿਚ ਦੋ ਹੋਰ ਹਾੜੇ ਲਾਏ ਤੇ ਸੌਂ ਗਿਆ। ਉਸੇ ਰਾਤ ਤੜਕ ਸਾਰ ਉਹ ਕੁੜੀ ਨੂਰਾਂ ਹੱਥ ਜੋੜ ਕੇ ਬਾਬਾ ਜੀ ਦੇ ਸੁਪਨੇ ਵਿਚ ਆਈ ਤੇ ਕਿਹਾ ਕਿ ਚੰਗਾ ਸ਼ਾਹਾ ਆਪਣਾ ਲੇਖਾ ਮੁੱਕ ਗਿਆ ਤੇ ਹੁਣ ਮੈਂ ਚੱਲੀ ਹਾਂ। ਬਾਬਾ ਜੀ ਤ੍ਰਭਕ ਕੇ ਉੱਠੇ ਤੇ ਵਾਹੋ ਦਾਹੀ ਦੈੜ ਵਲ ਭੱਜੇ ਪਰ ਉਨ੍ਹਾਂ ਦੇ ਵੇਖਦਿਆਂ ਹੀ ਵੇਖਦਿਆਂ ਨੂਰਾਂ ਅਲੋਪ ਹੋ ਗਈ।

---

# ਬਾਬਾ ਇਨਕਲਾਬ ਸਿੰਘ

***27 ਜੁਲਾਈ, 2010 ਨੂੰ ਬਾਬਾ ਬੂਝਾ ਸਿੰਘ ਨੂੰ ਸ਼ਹੀਦ ਹੋਇਆਂ 40 ਸਾਲ ਹੋ ਜਾਣਗੇ। ਕਿੰਨੀ ਚੰਗੀ ਗੱਲ ਹੋਵੇ ਜੇ ਇਸੇ ਦਿਨ ਬਾਬਾ ਜੀ ਨੂੰ 'ਬਾਬਾ ਇਨਕਲਾਬ ਸਿੰਘ' ਦੇ ਰੂਪ ਵਿਚ ਸਾਕਾਰ ਕਰਨ ਦਾ ਅਮਲ ਵਿੱਢ ਲਿਆ ਜਾਵੇ। ਤੁਹਾਡਾ ਕੀ ਖਿਆਲ ਹੈ? ...***

ਸਰਦਾਰ ਜੀ?

**ਬੂਝਾ ਸਿੰਘ:** ਵਿਹਲਾ ਹੋ ਗਿਆ ਜਾਂ ਨਹੀਂ, ਤੂੰ ਇਹ ਦੱਸ ਤੇਰੇ ਕੋਲ ਵਿਹਲ ਹੈਗਾ ਮੇਰੇ ਕੋਲ ਦੋ ਪਲ ਬੈਠਣ ਜੋਗਾ?

**ਧੰਤੀ:** ਵਿਹਲ ਈ ਵਿਹਲ ਆ, ਆਪਾਂ ਨੂੰ। ਉਤੇ ਕਿਹੜਾ ਕੋਈ ਕੰਮ ਆ। ਕਰਨ-ਕਰਾਉਣ ਵਾਲੇ, ਆਪੇ ਹੀ ਬਥੇਰਾ ਕੰਮ ਕਰੀ ਜਾਂਦੇ ਆ।

**ਬੂਝਾ ਸਿੰਘ:** ਦੇਖ, ਜੇ ਏਦਾਂ ਟਾਂਚਾਂ-ਟਕੋਰਾਂ ਹੀ ਮਾਰੀ ਜਾਏਂਗੀ ਤਾਂ ਗੱਲ ਨਹੀਂ ਬਣਨੀ।

**ਧੰਤੀ:** ਹੁਣ ਤਕ ਓਦਾਂ ਵੀ ਗੱਲ ਕਿੰਨੀ ਕੁ ਬਣੀ ਹੋਈ ਆ ਸਰਦਾਰਾ? ਰਹਿੰਦੀ-ਖੂੰਹਦੀ ਤੇਰੇ ਟਰੰਕ ਨੇ ਬਣਾ ਦਿੱਤੀ, ਜਿਸ ਵਿਚੋਂ ਤੇਰੇ ਮੈਲ਼ੇ ਲੀੜਿਆਂ ਤੋਂ ਬਿਨਾਂ ਕੁਛ ਨਹੀਂ ਨਿਕਲਿਆ।

**ਬੂਝਾ ਸਿੰਘ:** ਅੱਛਾ ਟਰੰਕ ਦੀ ਤਲਾਸ਼ੀ ਤਾਂ ਤੂੰ ਲੈ ਹੀ ਹਟੀ ਏਂ, ਇਸ ਬੰਦੇ ਦਾ ਮਨ ਵੀ ਟੋਹ ਲਾ ਹੁਣ। (ਇਹ ਕਹਿੰਦਾ ਬੂਝਾ ਸਿੰਘ, ਧੰਤੀ ਦੇ ਮੋਢੇ 'ਤੇ ਹੱਥ ਰੱਖਣ ਲੱਗਦਾ ਹੈ ਤਾਂ ਧੰਤੀ ਤ੍ਰਬਕ ਕੇ ਪਿੱਛੇ ਹਟ ਜਾਂਦੀ ਹੈ)

**ਧੰਤੀ:** ਹੱਥ ਨਾ ਲਾਈਂ ਮੈਨੂੰ, ਜਿਹੜੀ ਗੱਲ ਕਰਨੀ ਆ, ਪਰ੍ਹਾਂ ਬੈਠਾ ਈ ਕਰੀ ਚੱਲ।

**ਬੂਝਾ ਸਿੰਘ:** ਦੇਖ ਤੂੰ ਮੈਨੂੰ ਉਸ ਗੁਨਾਹ ਦੀ ਸਜ਼ਾ ਦੇਈ ਜਾਨੀ ਏਂ, ਜਿਹੜਾ ਮੈਂ ਕੀਤਾ ਈ ਨਹੀਂ।

**ਧੰਤੀ:** ਗੁਨਾਹ? ਤੂੰ ਤਾਂ ਤਿੰਨ ਨਿਆਣਿਆਂ ਦਾ ਪੇ ਬਣ ਕੇ ਘਰੋਂ ਤੁਰ ਗਿਆ ਸੀ, ਮੈਨੂੰ ਇੱਥੇ ਸੱਤ ਨਿਆਣਿਆਂ ਦੀ ਮਾਂ ਬਣਨਾ ਪੈ ਗਿਆ। ਮੈਂ ਆਪਣੇ ਪਾਲਦੀ ਕਿ ਬਾਪੂ ਦੇ ਵਿਆਹੁੰਦੀ-ਨਜਿੱਠਦੀ?

**ਬੂਝਾ ਸਿੰਘ:** ਮੈਨੂੰ ਇਨ੍ਹਾਂ ਗੱਲਾਂ ਦਾ ਤੇਰੇ ਦੱਸਣ ਨਾਲੋਂ ਵੱਧ ਪਤੈ। ਤੂੰ ਆਪਣੀ ਤੇ ਬਾਪੂ ਦੀ ਕਬੀਲਦਾਰੀ ਬਾਰੇ ਹੀ ਸੋਚਦੀ ਏਂ, ਮੈਂ ਸਾਰੇ ਜਹਾਨ ਦੀ ਕਬੀਲਦਾਰੀ ਸਹੇੜ ਲਈ ਆ।

**ਧੰਤੀ:** ਕਿਉਂ, ਤੂੰ ਕੋਈ ਹੋਰ ਟੱਬਰ ਕਰ ਲਿਆ ਆ?

**ਬੂਝਾ ਸਿੰਘ:** ਏਨੀ ਸਿਆਣੀ ਹੋ ਕੇ ਵੀ ਤੂੰ ਗੱਲ ਸਮਝਦੀ ਕਿਉਂ ਨਹੀਂ ਧੰਤ ਕੋਰੇ? ਮੈਨੂੰ ਸਾਰਾ ਜਹਾਨ ਆਪਣਾ ਟੱਬਰ ਲੱਗਦੈ, ਮੈਂ ਸਾਰੀ ਦੁਨੀਆਂ ਦੇ ਦੁੱਖ-ਦਲਿੱਦਰ ਦੂਰ ਕਰਨੇ ਚਾਹੁੰਨਾਂ।

**ਧੰਤੀ:** ਜਿਹੜਾ ਬੰਦਾ ਆਪਣਾ ਘਰ ਨਾ ਸੁਆਰ ਸਕੇ, ਉਹ ਜੱਗ-ਜਹਾਨ ਦੇ ਦੁੱਖ ਕਿੱਦਾਂ ਤੋੜ ਦਊ ਭਲਾ?

**ਬੂਝਾ ਸਿੰਘ:** ਇਹੋ ਤਾਂ ਗੱਲ ਆ ਜਿਹੜੀ ਮੈਂ ਤੈਨੂੰ ਸਮਝਾਉਣੀ ਚਾਹੁੰਨਾ।

**ਧੰਤੀ:** ਮੇਰੇ ਗੋਲ ਖਾਨੇ ਨਹੀਂ ਪੈਂਦੀਆਂ ਤੇਰੀਆਂ ਇਹ ਚਾਰ ਖੂੰਜੀਆਂ।

**ਬੂਝਾ ਸਿੰਘ:** ਤੇਰੇ ਹੀ ਨਹੀਂ, ਹਾਲੇ ਇਹ ਹੋਰ ਬਹੁਤਿਆਂ ਦੇ ਨਹੀਂ ਪੈਣੀਆਂ। ਪਹਿਲਾਂ ਸਾਨੂੰ ਇਹੋ ਕੰਮ ਕਰਨਾ ਪੈਣਾ ਆ।

**ਧੰਤੀ:** ਸਾਨੂੰ? ਕੋਈ ਹੋਰ ਵੀ ਆ ਤੇਰੇ ਨਾਲ?

**ਬੂਝਾ ਸਿੰਘ:** ਆਹੋ, ਸਾਡੀ ਪਾਰਟੀ ਆ, ਉਸ ਦੇ ਲੀਡਰ ਆ। ਤੂੰ ਪਹਿਲਾਂ ਮੇਰੀ ਇਕ ਗੱਲ ਧਿਆਨ ਨਾਲ ਸੁਣ। ਆਪਾਂ ਆਪਣੇ ਘਰ ਦਾ ਕੂੜਾ ਸੁੰਭਰ ਕੇ ਨਾਲ ਦੇ ਘਰ ਦੀ ਮੁੱਖ ਨਾਲ ਲਾ ਕੇ ਇਹ ਸਮਝਦੇ ਹਾਂ ਕਿ ਸਾਡਾ ਘਰ ਸੁਥਰਾ ਹੋ ਗਿਆ। ਅਸਲ ਵਿਚ ਹੁੰਦਾ ਕੀ ਆ ਕਿ ਅਸੀਂ ਉਹ ਕੂੜਾ ਆਪਣੇ ਘਰੋਂ ਕੱਢ ਕੇ ਕਿਸੇ ਹੋਰ ਦੇ ਘਰ ਨੇੜੇ ਰੱਖ ਦਿੱਤਾ, ਇਸ ਨਾਲ ਗੰਦ ਖ਼ਤਮ ਤਾਂ ਨਾ ਹੋਇਆ ਨਾ?

**ਧੰਤੀ:** ਨਾ ਹੋਵੇ, ਸਾਡਾ ਘਰ ਤਾਂ ਸੁਥਰਾ ਹੋ ਈ ਗਿਆ।

**ਬੂਝਾ ਸਿੰਘ:** ਇਹੋ ਤਾਂ ਉਹ ਸੋਚ ਆ, ਜਿਸ ਨੂੰ ਬਦਲਨ ਦੀ ਲੋੜ ਆ। ਜੇ ਤੇਰੀ ਗੁਆਂਢਣ ਉਹ ਕੂੜਾ ਤੇ ਆਪਣੇ ਘਰ ਦਾ ਕੂੜਾ ਹੂੰਝ ਕੇ ਤੀਜੇ ਘਰ ਦੀ ਮੁੱਖ ਨਾਲ ਲਾ ਆਵੇ ਤਾਂ ਤੀਜੇ ਘਰ ਵਾਲ਼ੀ ਨੂੰ ਆਪਣੇ ਸਣੇ ਤਿੰਨ ਘਰਾਂ ਦਾ ਕੂੜਾ ਹੂੰਝਣਾ ਪੈ ਜਾਊ। ਏਦਾਂ ਹੀ ਇਸ ਬੀਹੀ ਦੇ ਅਖੀਰਲੇ ਘਰ ਵਾਲ਼ੀ ਨੂੰ ਸਾਰੀ ਬੀਹੀ ਦਾ ਕੂੜਾ ਚੁੱਕਣਾ-ਹੂੰਝਣਾ ਨਾ ਪੈ ਜਾਊ?

**ਧੰਤੀ:** ਫੇਰ ਤਾਂ ਏਦਾਂ ਹੀ ਹੋਊ।

**ਬੂਝਾ ਸਿੰਘ:** ਉਸ ਅਖੀਰਲੇ ਘਰ ਵਾਲੀ ਨੂੰ ਇਸ ਜਹਿਮਤ ਤੋਂ ਬਚਾਇਆ ਜਾ ਸਕਦੈ।

**ਧੰਤੀ:** ਉਹ ਕਿੱਦਾਂ?

**ਬੂਝਾ ਸਿੰਘ:** ਜੇ ਸਾਰੇ ਘਰਾਂ ਦੀਆਂ ਤੀਮੀਆਂ ਆਪਣੇ-ਆਪਣੇ ਘਰ ਦਾ ਕੂੜਾ ਇਕ-ਦੂਜੀ ਦੇ ਘਰ ਦੀਆਂ ਮੁੱਖਾਂ ਨਾਲ ਲਾਉਣ ਦੀ ਥਾਂ 'ਕੱਠੀਆਂ ਹੋ ਕੇ ਸਾਰੀ ਬੀਹੀ ਸੁੰਭਰ ਲੈਣ ਤਾਂ ਕੰਮ ਤਾਂ ਓਨਾ ਹੀ ਹੋਊ, ਰਲ ਕੇ ਕਰਦਿਆਂ ਕਿਸੇ ਨੂੰ ਵੀ ਭਾਰਾ ਨਾ ਲੱਗੂ ਤੇ ਆਪਸ ਵਿਚ ਭਾਈਚਾਰਾ ਵੀ ਵਧੂਗਾ।

**ਧੰਤੀ:** ਚਲੋ, ਤੁਹਾਡੀ ਇਹ ਗੱਲ ਮੰਨ ਲਈ, ਪਰ ਸਾਰੀ ਬੀਹੀ ਦੀਆਂ ਤੀਮੀਆਂ ਨੂੰ 'ਕੱਠੀਆਂ ਕੌਣ ਕਰੂ?

**ਬੂਝਾ ਸਿੰਘ:** ਇਹ ਕੰਮ ਹੁਣ ਤੂੰ ਕਰ ਸਕਦੀ ਏਂ। ਬੱਸ ਇਹੋ ਜਿਹੀਆਂ ਕੁਛ ਗੱਲਾਂ ਸਿੱਖ ਕੇ ਆਇਆਂ। ਜੇ ਮੈਂ ਤੇ ਮੇਰੇ ਨਾਲ ਦੇ, ਲੋਕਾਂ ਤੋਂ ਇਹੋ ਜਿਹੀਆਂ ਗੱਲਾਂ ਉਤੇ ਅਮਲ ਕਰਾਉਣ 'ਚ ਕਾਮਯਾਬ ਹੋ ਗਏ ਤਾਂ ਇਸ ਜਹਾਨ ਤੋਂ ਸਾਰਾ ਹੀ ਕੂੜਾ ਤੇ ਦੁੱਖ-ਦਲਿੱਦਰ ਥੋੜ੍ਹੇ ਜਿਹੇ ਸਮੇਂ ਵਿਚ ਹੀ ਹੂੰਝਿਆ ਜਾਊ ਤੇ ਇਸੇ ਕੰਮ ਨੂੰ ਹੀ ਇਨਕਲਾਬ ਕਹਿੰਦੇ ਹਨ।

(ਕੁਝ ਚਿਰ ਚੁੱਪ ਕਰ ਕੇ ਧੰਤੀ 'ਤੇ ਆਪਣੀ ਗੱਲ ਦਾ ਅਸਰ ਹੁੰਦਾ ਦੇਖਦਾ ਹੈ। ਧੰਤੀ, ਜੋ ਹੁਣ ਤਕ ਉਸ ਤੋਂ ਪਰ੍ਹਾਂ ਦੂਜੇ ਮੰਜੇ ਉਤੇ ਬੈਠੀ ਹੁੰਦੀ ਹੈ, ਉਸ ਦੇ ਨੇੜੇ ਆ ਕੇ ਗ਼ੌਰ ਨਾਲ ਉਸ ਦਾ ਚਿਹਰਾ ਇਸ ਤਰ੍ਹਾਂ ਦੇਖਦੀ ਹੈ, ਜਿੱਦਾਂ ਉਸ ਨੂੰ ਪਛਾਣਨ ਦਾ ਯਤਨ ਕਰ ਰਹੀ ਹੋਵੇ। ਧੰਤੀ ਦੇ ਚਿਹਰੇ ਦੇ ਪ੍ਰਭਾਵਾਂ ਵਿਚ ਆਈ ਨਰਮੀ ਮਹਿਸੂਸ ਕਰ ਕੇ ਬੂਝਾ ਸਿੰਘ ਉਸ ਨੂੰ ਬਹੁਤ ਹੀ ਪੁਖ਼ਤਾ ਤੇ ਪ੍ਰਭਾਵਸ਼ਾਲੀ ਸੁਰ ਵਿਚ ਕਹਿੰਦਾ ਹੈ)

**ਬੂਝਾ ਸਿੰਘ:** ਤੇ ਮੈਂ ਇਨਕਲਾਬ ਲਿਆਉਣਾ ਆ, ਇਨਕਲਾਬ ਲਿਆ ਕੇ ਹੀ ਦਮ ਲੈਣਾ ਆ।

**ਧੰਤੀ:** ਹੁਣ ਬਹਿ ਗਈ ਆ ਮੇਰੇ ਵੀ ਖਾਨੇ ਗੱਲ।

**ਬੂਝਾ ਸਿੰਘ:** ਏਦਾਂ ਹੀ ਹਰ ਹਿੰਦੁਸਤਾਨੀ ਦੇ ਖਾਨੇ ਵਿਚ ਇਹ ਗੱਲ ਬਹਾਉਣ ਲਈ ਮੈਂ ਭਲਕੇ-ਪਰਸੋਂ ਤੁਰ ਜਾਣਾ ਆ। ਹੁਣ ਮੈਂ ਤੇਰੇ ਘਰ ਕਦੇ-ਕਦਾਈਂ ਦਾ ਪ੍ਰਾਹੁਣਾ ਹੀ ਹੋਇਆ ਕਰੂੰ ਧੰਤ ਕੋਰੇ।

**ਧੰਤੀ:** ਇਕ ਗੱਲ ਮੇਰੀ ਵੀ ਸੁਣ ਲਾ ਸਰਦਾਰ ਜੀ, ਤੇਰੀਆਂ ਦੋਵੇਂ ਧੀਆਂ ਵਿਆਹੁਣ ਯੋਗ ਆ ਸੁੱਖ ਨਾਲ, ਤੂੰ ਉਨ੍ਹਾਂ ਦੇ ਹੱਥ ਪੀਲੇ ਕਰ ਜਾ ਆਪਣੀ ਹਾਜਰੀ 'ਚ, ਬਾਕੀ ਮੈਂ ਜਾਣਾ, ਮੇਰਾ ਕੰਮ।

**ਬੂਝਾ ਸਿੰਘ:** ਤੇਰਾ ਕਿਹਾ ਸਿਰ ਮੱਥੇ।

**ਧੰਤੀ:** ਇਕ ਗੱਲ ਹੋਰ, ਤੂੰ ਜਿਹੜੇ ਰਾਹੇ ਪੈ ਗਿਆ ਏਂ, ਇਹ ਪਰਉਪਕਾਰ ਦਾ ਰਾਹ ਆ, ਸੰਤਾਂ-ਮਹਾਪੁਰਖਾਂ ਦਾ ਰਾਹ ਆ। ਇਸ ਰਾਹ ਪਿਆ ਏਂ ਸਰਦਾਰ ਜੀ ਤਾਂ ਫਤਿਹ ਕਰ ਕੇ ਮੁੜੀਂ ਤੇ ਮੈਨੂੰ ਲੋਕਾਂ ਵਲੋਂ ਕੋਈ ਉਲ੍ਹਾਮਾ ਨਾ ਦੁਆਵੀਂ।

*ਕੱਟ*

# ਰੱਬ 'ਤੇ ਭਰੋਸਾ ਰੱਖਣ ਵਾਲਾ ਦਰਵੇਸ਼ ਸੀਰਤ ਇਨਸਾਨ ਏ ਦਲੀਪ ਕੁਮਾਰ

**ਗੁਰਮੁਖ ਸਿੰਘ ਸਹਿਗਲ**

ਦਲੀਪ ਕੁਮਾਰ ਪਠਾਣ ਹੈ। ਪਿਸ਼ਾਵਰੀ ਪਠਾਣ ਜਿਸ ਦਾ ਅਸਲੀ ਨਾਂ ਮੁਹੰਮਦ ਯੂਸਫ ਖਾਨ ਹੈ। ਪਿਸ਼ਾਵਰ ਤੋਂ ਜਦੋਂ ਮੁੰਬਈ ਆਇਆ ਤਾਂ ਵਿਲਸਨ ਕਾਲਜ ਵਿਚ ਦਾਖਲਾ ਲੈ ਕੇ ਪੜ੍ਹਨ ਲੱਗ ਪਿਆ। ਫੁੱਟਬਾਲ ਦਾ ਚੰਗਾ ਖਿਡਾਰੀ ਹੋਣ ਕਰਕੇ ਛੇਤੀ ਹੀ ਕਾਲਜ ਦੇ ਵਿਦਿਆਰਥੀਆਂ ਵਿਚ



ਮਕਬੂਲ ਹੋ ਗਿਆ। ਗਰੈਜੂਏਸ਼ਨ ਕਰਨ ਤੋਂ ਬਾਅਦ ਮਿਲਟਰੀ ਕੰਟੀਨ ਵਿਚ ਅਸਿਸਟੈਂਟ ਮੈਨੇਜਰ ਲੱਗ ਪਿਆ। ਉਰਦੂ ਅਤੇ ਅੰਗਰੇਜ਼ੀ ਬੋਲਣ ਵਿਚ ਇਕੋ ਜਿਹੀ ਮੁਹਾਰਤ ਰੱਖਦਾ ਸੀ। ਮਿਲਟਰੀ ਕੰਟੀਨ ਵਿਚ ਹੀ ਉਸ ਦੀ ਮੁਲਾਕਾਤ ਆਪਣੇ ਸਮੇਂ ਦੀ ਪ੍ਰਸਿੱਧ ਫਿਲਮ ਅਭਿਨੇਤਰੀ ਦੇਵਿਕਾ ਰਾਣੀ ਨਾਲ ਹੋਈ। ਦੇਵਿਕਾ ਰਾਣੀ, ਜੋ ਕਿ ਮਸ਼ਹੂਰ ਫਿਲਮ ਕੰਪਨੀ 'ਬੰਬੇ ਟਾਕੀਜ਼' ਦੇ ਮਾਲਕ ਹਿਮਾਸ਼ੂ ਰਾਏ ਦੀ ਪਤਨੀ ਸੀ, ਯੂਸਫ ਖਾਨ ਦੇ ਬੋਲ-ਚਾਲ ਦੇ ਅੰਦਾਜ਼ ਤੋਂ ਏਨੀ ਪ੍ਰਭਾਵਤ ਹੋਈ ਕਿ ਉਸ ਨੂੰ ਫਿਲਮਾਂ ਵਿਚ ਕੰਮ ਕਰਨ ਲਈ ਪ੍ਰੇਰਨ ਲੱਗੀ।

ਦੇਵਿਕਾ ਰਾਣੀ ਦੀ ਪ੍ਰੇਰਨਾ ਸਦਕਾ ਹੀ 1944 ਵਿਚ ਉਸ ਨੇ ਪਹਿਲੀ ਫਿਲਮ 'ਜਵਾਰ ਭਾਟਾ' ਵਿਚ ਹੀਰੋ ਦਾ ਰੋਲ ਕੀਤਾ ਅਤੇ ਯੂਸਫ ਖਾਨ ਤੋਂ ਦਲੀਪ ਕੁਮਾਰ ਬਣ ਗਿਆ। 'ਜਵਾਰ ਭਾਟਾ' ਫਿਲਮ ਵਿਚ ਅਦਾਕਾਰੀ ਕਰ ਕੇ ਭਾਵੇਂ ਦਲੀਪ ਕੁਮਾਰ ਨੂੰ ਬਹੁਤੀ ਸਫਲਤਾ ਨਹੀਂ ਮਿਲ ਸਕੀ ਪਰ ਜਦੋਂ ਉਸ ਦੀਆਂ 'ਜੁਗਨੂੰ' ਤੇ 'ਸ਼ਹੀਦ' ਵਰਗੀਆਂ ਫਿਲਮਾਂ ਰਿਲੀਜ਼ ਹੋਈਆਂ ਤਾਂ ਫਿਲਮ ਇੰਡਸਟਰੀ ਵਿਚ ਉਸ ਦਾ ਨਾਂ ਬੋਲਣ ਲੱਗ ਪਿਆ ਅਤੇ ਫੇਰ ਜਦੋਂ 'ਮੇਲਾ,' 'ਅੰਦਾਜ਼,' 'ਬਾਬੁਲ,' 'ਜੋਗਨ' ਅਤੇ 'ਸ਼ਬਨਮ' ਆਦਿ ਫਿਲਮਾਂ ਪਰਦੇ ਉਤੇ ਆਈਆਂ ਤਾਂ ਇਨ੍ਹਾਂ ਫਿਲਮਾਂ ਨਾਲ ਦਲੀਪ ਕੁਮਾਰ ਪੂਰੀ ਤਰ੍ਹਾਂ ਸਥਾਪਤ ਹੋ ਕਿ ਇਕ ਵੱਡਾ ਨਾਂ ਬਣ ਗਿਆ ਸੀ।

ਉਸ ਦਾ ਅਕਸ ਇਕ ਚੰਗੇ ਅਦਾਕਾਰ ਅਤੇ ਗੰਭੀਰ ਤੇ ਭਾਵੁਕ ਕਿਸਮ ਦੇ ਪ੍ਰੇਮੀ ਵਜੋਂ ਉਭਰਨ ਲੱਗ ਪਿਆ ਜੋ ਉਸ ਦੀ ਇਕ ਪਛਾਣ ਬਣ ਗਿਆ। ਬਾਅਦ ਵਿਚ ਜਦੋਂ ਬਿਮਲ ਰਾਏ ਦੀ ਫਿਲਮ 'ਦੇਵਦਾਸ' ਲੋਕਾਂ ਦੇ ਸਾਹਮਣੇ ਆਈ ਤਾਂ ਦਲੀਪ ਕੁਮਾਰ ਦੇ ਨਾਂ ਨਾਲ 'ਟਰੈਜਡੀ ਕਿੰਗ' ਦਾ ਖਿਤਾਬ ਜੁੜ ਗਿਆ। ਮਨ ਦੇ ਸੂਖਮ ਤੇ ਕੋਮਲ ਭਾਵਾਂ ਨੂੰ ਜਿਸ ਅੰਤ੍ਰੀਵ ਦ੍ਰਿਸ਼ਟੀ ਤੇ ਸ਼ਿੱਦਤ ਨਾਲ ਪੇਸ਼ ਕਰਨ ਦੀ ਸਮਰੱਥਾ ਦਲੀਪ ਕੁਮਾਰ ਦੇ ਧੁਰ ਅੰਦਰ ਡੂੰਘ ਤੱਕ ਫਸ ਗਈ ਸੀ, ਉਸ ਨਾਲ ਉਸ ਦੇ ਆਪਣੇ ਵਜੂਦ ਵਿਚ ਵੀ ਟੁੱਟ-ਭੱਜ ਤੇ ਹਲਚਲ ਮੱਚ ਗਈ ਸੀ। ਉਸ ਦਾ ਮਾਨਸਿਕ ਸੰਤੁਲਨ ਡੋਲਣ ਲੱਗ ਪਿਆ ਸੀ ਜਿਸ ਨੂੰ ਹਮਵਾਰ ਤੇ ਬਰਕਰਾਰ ਰੱਖਣ ਲਈ ਉਸ ਨੇ 'ਆਜ਼ਾਦ,' 'ਕੋਹਿਨੂਰ,' 'ਮਧੂਮਤੀ' ਅਤੇ 'ਨਯਾ ਦੌਰ' ਵਰਗੀਆਂ ਸੁਖਾਂਤਕ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ।

ਸੱਠਵਿਆਂ ਦੇ ਦੌਰ ਵਿਚ ਉਸ ਦੀ ਇਕ ਵੱਡੀ ਫਿਲਮ 'ਮੁਗਲ-ਏ-ਆਜ਼ਮ' ਲੋਕਾਂ ਦੇ ਸਾਹਮਣੇ ਆਈ ਜਿਸ ਵਿਚ ਉਸ ਨੇ ਮੁਗਲ ਬਾਦਸ਼ਾਹ ਅਕਬਰ ਦੇ ਪੁੱਤਰ ਸਲੀਮ ਦਾ ਰੋਲ ਅਦਾ ਕੀਤਾ। ਉਹ ਸਲੀਮ ਜੋ ਅਨਾਰਕਲੀ ਦੇ ਪਿਆਰ ਵਿਚ ਦੀਵਾਨਾ ਹੋ ਗਿਆ ਸੀ। ਅਨਾਰਕਲੀ ਦਾ ਰੋਲ ਕਰ ਰਹੀ ਮਧੂ ਬਾਲਾ ਬਾਰੇ ਉਸ ਦੇ ਇਸ਼ਕ ਦੇ ਚਰਚੇ ਤਾਂ 'ਤਰਾਨਾ' ਅਤੇ 'ਅਮਰ' ਵਰਗੀਆਂ ਫਿਲਮਾਂ ਤੋਂ ਹੀ ਸ਼ੁਰੂ ਹੋ ਗਏ ਸਨ ਪਰ ਬਾਅਦ ਵਿਚ ਦੋਹਾਂ ਦੀ ਕੁਝ ਅਣਬਣ ਹੋ ਗਈ ਸੀ। 'ਮੁਗਲ-ਏ-ਆਜ਼ਮ' ਵਿਚ ਇਸ ਇਸ਼ਕ ਦੀ ਸ਼ਿੱਦਤ ਨੇ ਕੁਝ ਹੁਲਾਰਾ ਲਿਆ। ਸਲੀਮ ਵਰਗੇ ਆਸ਼ਕ ਦਾ ਕਿਰਦਾਰ ਨਿਭਾਉਂਦਿਆਂ ਦਲੀਪ ਕੁਮਾਰ ਨੇ ਅਨਾਰਕਲੀ (ਮਧੂ ਬਾਲਾ) ਲਈ ਆਪਣੇ ਇਸ਼ਕ ਦੀ ਸ਼ਿੱਦਤ ਨੂੰ ਆਪਣੇ ਚਿਹਰੇ ਦੇ ਹਾਵ-ਭਾਵਾਂ ਰਾਹੀਂ ਜਿਸ ਕਲਾਤਮਕ ਦ੍ਰਿਸ਼ਟੀ ਨਾਲ ਦਰਸਾਇਆ, ਉਸ ਦੀ ਮਿਸਾਲ ਭਾਰਤੀ ਫਿਲਮਾਂ ਵਿਚ ਮਿਲਣੀ ਮੁਸ਼ਕਲ ਹੈ।

ਇਕ ਸਫਲ ਐਕਟਰ ਹੋਣ ਦੇ ਨਾਲ-ਨਾਲ ਉਸ ਨੇ ਇਕ ਕਾਮਯਾਬ ਪ੍ਰੋਡਿਊਸਰ ਵਜੋਂ 'ਗੰਗਾ ਜਮਨਾ' ਨਾਂ ਦੀ ਫਿਲਮ ਦਾ ਨਿਰਮਾਣ ਵੀ ਕੀਤਾ। ਇਸ ਫਿਲਮ ਵਿਚ ਉਸ ਨੇ ਭੋਜਪੁਰੀ ਬੋਲੀ ਤੇ ਸਭਿਆਚਾਰ ਨੂੰ ਏਨੀ ਕਲਾਤਮਿਕ ਦ੍ਰਿਸ਼ਟੀ ਨਾਲ ਪੇਸ਼ ਕੀਤਾ ਕਿ ਭੋਜਪੁਰੀ ਫਿਲਮਾਂ ਦੇ ਇਤਿਹਾਸ ਵਿਚ ਅਜੇ ਤੱਕ ਇਸ ਦੇ ਟੱਕਰ ਦੀ ਫਿਲਮ ਨਹੀਂ ਬਣ ਸਕੀ। ਦਲੀਪ ਕੁਮਾਰ ਨੇ ਫਿਲਮਾਂ ਵਿਚ ਕਈ ਤਰ੍ਹਾਂ ਦੇ ਕਿਰਦਾਰ ਨਿਭਾਏ। 'ਰਾਮ ਔਰ ਸ਼ਿਆਮ' ਵਿਚ ਉਸ ਨੇ ਡਬਲ ਰੋਲ ਕੀਤਾ। 'ਬੈਰਾਗ' ਫਿਲਮ ਵਿਚ ਉਸ ਨੇ ਤੀਹਰਾ ਰੋਲ ਅਦਾ ਕੀਤਾ ਅਤੇ ਇਸ ਤਰ੍ਹਾਂ ਫਿਲਮੀ ਦੁਨੀਆਂ ਵਿਚ ਅਦਾਕਾਰੀ ਦੀ ਧਾਂਕ ਜਮਾਈ।

ਆਪਣੀ ਉਮਰ ਤੋਂ ਅੱਧੀ ਉਮਰ ਵਾਲੀ ਅਦਾਕਾਰਾ ਸਾਇਰਾ ਬਾਨੋ ਨਾਲ ਵਿਆਹ ਕੀਤਾ ਅਤੇ ਫਿਰ ਉਸ ਨੂੰ ਆਪਣੀ ਹੀਰੋਇਨ ਬਣਾ ਕੇ 'ਗੋਪੀ', 'ਸਗੀਨਾ' ਅਤੇ 'ਬੈਰਾਗ' ਵਰਗੀਆਂ ਫਿਲਮਾਂ ਵਿਚ ਅਦਾਕਾਰੀ ਦੇ ਜੌਹਰ ਵਿਖਾਏ। ਸੰਨ ਅੱਸੀ ਦੌਰਾਨ ਉਸ ਨੇ ਆਪਣੇ ਹੀਰੋ ਵਾਲੇ ਇਮੇਜ ਨੂੰ ਬਦਲ ਕੇ ਚਰਿੱਤਰ ਅਭਿਨੇਤਾ ਦੇ ਰੋਲ ਕਰਨੇ ਸ਼ੁਰੂ ਕੀਤੇ। 'ਕ੍ਰਾਂਤੀ,' 'ਵਿਧਾਤਾ,' 'ਕਰਮਾ,' 'ਸੌਦਾਗਰ,' 'ਦੁਨੀਆ,' 'ਮਸ਼ਾਲ' ਅਤੇ ਰਮੇਸ਼ ਸਿੱਪੀ ਦੀ ਫਿਲਮ 'ਸ਼ਕਤੀ' ਵਿਚ ਇਕ ਵੱਖਰੇ ਕਿਸਮ ਦੇ ਦਲੀਪ ਕੁਮਾਰ ਦੀ ਅਦਾਕਾਰੀ ਵੇਖਣ ਵਿਚ ਆਈ।

ਭਾਰਤੀ ਫਿਲਮਾਂ ਦੇ ਇਸ ਅਜ਼ੀਮ ਫਨਕਾਰ ਨੂੰ ਤਿੰਨ-ਚਾਰ ਵਾਰੀ ਮਿਲਣ ਅਤੇ ਗੱਲਬਾਤ ਕਰਨਾ ਦਾ ਜੋ ਸ਼ਰਫ ਮੈਨੂੰ ਹਾਸਲ ਹੋਇਆ ਹੈ ਉਹ ਮੇਰੇ ਜੀਵਨ ਦੀਆਂ ਅਭੁੱਲ ਯਾਦਾਂ ਦਾ ਇਕ ਬੇਸ਼ਕੀਮਤੀ ਸਰਮਾਇਆ ਹੈ। ਪਹਿਲੀ ਵਾਰੀ ਆਪਣੇ ਮਿੱਤਰ ਕਮਲੇਸ਼ ਪੁਰੋਹਿਤ ਨਾਲ ਜਦ ਮੈਂ ਉਸ ਦੇ ਪਾਲੀ ਹਿਲ ਸਥਿਤ ਬੰਗਲੇ ਵਿਚ ਜਾ ਕੇ ਉਸ ਨੂੰ ਮਿਲਿਆ ਤਾਂ ਉਹ ਏਨੀ ਨਿੱਘ ਨਾਲ ਪੇਸ਼ ਆਇਆ ਜਿਵੇਂ ਬੜੀ ਮੁੱਦਤ ਤੋਂ ਮੇਰਾ ਵਾਕਿਫ ਹੋਵੇ। ਬੜੀ ਗਰਮਜੋਸ਼ੀ ਨਾਲ ਮੇਰੇ ਨਾਲ ਹੱਥ ਮਿਲਾਉਂਦਿਆਂ ਹੋਇਆਂ ਉਸ ਨੇ ਪੰਜਾਬੀ ਵਿਚ ਪੁੱਛਿਆ, "ਤੁਸੀਂ ਕਦੋਂ ਆਏ?" ਸਾਧਾਰਨ ਜਿਹੀ ਸਫੈਦ ਕਮੀਜ਼ ਪੈਂਟ ਵਿਚ ਮਲਬੂਸ ਅਤੇ ਪੈਰਾਂ ਵਿਚ 'ਵੀ' ਸ਼ੇਪ ਦੀਆਂ ਚੱਪਲਾਂ ਪਾਈ ਉਹ ਬੜੇ ਸਹਿਜ ਭਾਵ ਨਾਲ ਮਿਲਿਆ। ਸਾਦਾ ਜਿਹੇ ਲਿਬਾਸ ਵਿਚ ਇਸ ਅਜ਼ੀਮ ਫਨਕਾਰ ਦੀ ਸ਼ਖ਼ਸੀਅਤ ਦੇ ਜਾਦੂਈ ਪ੍ਰਭਾਵ ਹੇਠ ਮੈਂ ਛੋਟਾ ਜਿਹਾ ਇਨਸਾਨ ਆਪਣੇ ਆਪ ਨੂੰ ਬੜਾ ਵੱਡਾ ਤੇ ਮਾਣਮੱਤਾ ਮਹਿਸੂਸ ਕਰਨ ਲੱਗ ਪਿਆ।

ਉਸ ਦੇ ਪਹਿਰਾਵੇ ਅਤੇ ਗੱਲਬਾਤ ਦੇ ਲਹਿਜੇ ਤੋਂ ਮੈਨੂੰ ਇਸ ਗੱਲ ਦਾ ਅਹਿਸਾਸ ਹੋ ਰਿਹਾ ਸੀ ਕਿ ਇਸ ਮਨੁੱਖ ਦੀ ਸ਼ਖ਼ਸੀਅਤ ਦੀ ਮਹਾਨਤਾ ਨਾਲ ਇਸ ਦੇ ਲਿਬਾਸ ਦੇ ਸੋਹਣਾ ਜਾਂ ਕੋਝਾ ਹੋਣ ਨਾਲ ਕੋਈ ਵਾਸਤਾ ਹੀ ਨਹੀਂ। ਮੇਰੇ ਮਿੱਤਰ ਕਮਲੇਸ਼ ਨੇ ਜਦੋਂ ਮੇਰਾ ਪਰਿਚੈ ਕਰਵਾਉਂਦਿਆਂ ਉਸ ਨੂੰ ਦੱਸਿਆ ਕਿ ਮੈਂ ਖਾਲਸਾ ਕਾਲਜ ਵਿਚ ਪੜ੍ਹਾਉਂਦਾ ਹਾਂ ਤਾਂ ਉਹ ਮੇਰੇ ਨਾਲ ਹੋਰ ਵੀ ਅਪਣੱਤ ਭਰੇ ਲਹਿਜੇ ਨਾਲ ਪੇਸ਼ ਆਇਆ।

ਆਪਣੇ ਕਾਲਜ ਦੇ ਦਿਨਾਂ ਬਾਰੇ ਦਲੀਪ ਕੁਮਾਰ ਬੜਾ ਹੀ ਭਾਵੁਕ ਹੋ ਕੇ ਦੱਸਣ ਲੱਗਾ, "ਕੋਈ ਜ਼ਮਾਨਾ ਸੀ ਜਦੋਂ ਮੈਂ ਵੀ ਖਾਲਸਾ ਕਾਲਜ ਮੁੰਬਈ ਦਾ ਵਿਦਿਆਰਥੀ ਸਾਂ। ਉਸ ਤੋਂ ਪਹਿਲਾਂ ਮੈਂ ਵਿਲਸਨ ਕਾਲਜ ਵਿਚ ਸਾਂ। ਇਕ ਵਾਰੀ ਕਾਲਜ ਦੀਆਂ ਟੀਮਾਂ ਦਾ ਫੁੱਟਬਾਲ ਦਾ ਮੈਚ ਹੋਇਆ ਤਾਂ ਸਾਡੇ ਕਾਲਜ ਦੀ ਟੀਮ ਮੈਚ ਜਿੱਤ ਗਈ। ਉਸ ਸਮੇਂ ਖਾਲਸਾ ਕਾਲਜ ਬੰਬਈ ਦੇ ਪ੍ਰਿੰਸੀਪਲ ਬਲ ਸਾਹਿਬ ਸਨ। ਉਹ ਮੇਰੀ ਫੁੱਟਬਾਲ ਦੀ ਗੇਮ ਤੋਂ ਬਹੁਤ ਪ੍ਰਭਾਵਤ ਹੋਏ ਅਤੇ ਮੈਨੂੰ ਕੋਲ ਬੁਲਾ ਕੇ ਕਹਿਣ ਲੱਗੇ, 'ਖਾਨ ਤੂੰ ਇਹ ਹੋਰਾਂ ਕਾਲਜਾਂ ਵਿਚ ਕਿੱਧਰ ਫਿਰ ਰਿਹਾ ਹੈਂ? ਤੂੰ ਇਥੇ ਸਾਡੇ ਕਾਲਜ ਵਿਚ ਆ ਜਾ, ਇਥੇ ਤੈਨੂੰ ਆਪਣਾਪਣ ਮਿਲੇਗਾ।' ਪ੍ਰਿੰਸੀਪਲ ਬੱਲ ਸਾਹਿਬ ਦੇ ਕਹਿਣ 'ਤੇ ਮੈਂ ਖਾਲਸਾ ਕਾਲਜ ਦਾ ਵਿਦਿਆਰਥੀ ਬਣ ਗਿਆ।" ਅਤੇ ਫੇਰ ਉਸ ਨੇ ਬੜੇ ਮਾਣ ਨਾਲ ਇਹ ਵੀ ਦੱਸਿਆ, "ਖਾਲਸਾ ਕਾਲਜ ਦਾ ਪਲੇਅ ਗਰਾਊਂਡ ਮੈਂ ਆਪਣੇ ਖਿਡਾਰੀ ਸਾਥੀਆਂ ਨਾਲ ਮਿਲ ਕੇ ਤਿਆਰ ਕੀਤਾ ਸੀ।"

ਇਸ ਤਰ੍ਹਾਂ ਗੱਲਾਂ-ਬਾਤਾਂ ਕਰਦਾ ਹੋਇਆ ਉਹ ਕਲਾ ਅਤੇ ਸਾਹਿਤ ਦੇ ਵਿਸ਼ਿਆਂ 'ਤੇ ਬੋਲਣ ਲੱਗ ਪਿਆ ਸੀ। ਉਸ ਦੀ ਗੱਲਬਾਤ ਦੇ ਵਿਸ਼ੇ ਵਿਚ ਗਾਲਿਬ, ਇਕਬਾਲ, ਟੈਨਿਸੀ ਵਿਲੀਅਮ, ਬੁੱਲ੍ਹੇਸ਼ਾਹ ਤੇ ਹੋਰ ਕਈ ਫਕੀਰ ਦਰਵੇਸ਼ਾਂ ਦਾ ਜ਼ਿਕਰ ਆਪ ਮੁਹਾਰੇ ਆਉਂਦਾ ਗਿਆ। ਉਹ ਜ਼ਿੰਦਗੀ ਦੀਆਂ ਇਖਲਾਕੀ ਕਦਰਾਂ-ਕੀਮਤਾਂ, ਖੁਦਾ ਦੀ ਜ਼ਾਤ ਅਤੇ ਉਸ ਦੀਆਂ ਰਹਿਮਤਾਂ ਅਤੇ ਫੇਰ ਰੂਹਾਨੀਅਤ ਦੀਆਂ ਗੱਲਾਂ ਕਰਦਾ ਹੋਇਆ ਹੋਰ ਵੀ ਗੰਭੀਰ ਹੋ ਗਿਆ ਸੀ। ਉਸ ਦੇ ਚਿਹਰੇ 'ਤੇ ਪ੍ਰਭਾਵਸ਼ਾਲੀ ਮਨੁੱਖ ਦੇ ਆਸਾਰ ਨੁਮਾਇਆਂ ਹੋ ਰਹੇ ਸਨ। ਉਸਦੇ ਚੌੜੇ ਮੱਥੇ 'ਤੇ ਉਭਰਦੀਆਂ ਹੋਈਆਂ ਡੂੰਘੀਆਂ ਲੀਕਾਂ ਅਤੇ ਮੱਥੇ ਹੇਠਾਂ ਗਹਿਰੀਆਂ ਚਮਕਦੀਆਂ ਹੋਈਆਂ ਅੱਖਾਂ ਵਿਚ ਇਕ ਅਜੀਬ ਜਿਹੀ ਕਸ਼ਿਸ਼ ਸੀ ਜਿਸ ਦਾ ਕੀਲਿਆ ਹੋਇਆ ਮੈਂ ਉਸ ਦੀਆਂ ਗੱਲਾਂ ਵਿਚ ਬਿਲਕੁਲ ਉਸੇ ਤਰ੍ਹਾਂ ਖੋ ਗਿਆ ਸਾਂ ਜਿਸ ਤਰ੍ਹਾਂ ਅੰਗਰੇਜ਼ੀ ਦੇ ਮਸ਼ਹੂਰ ਕਵੀ ਕੌਲਰਿਜ ਦੀ ਕਵਿਤਾ ਦੀ 'ਏਨਸ਼ੀਐਂਟ ਮੈਰੀਨਰ' ਦਾ ਪਾਤਰ ਬੁੱਢਾ ਮਲਾਹ ਆਪਣੀਆਂ ਡੂੰਘੀਆਂ ਚਮਕਦੀਆਂ ਅੱਖਾਂ ਦੀ ਕਸ਼ਿਸ਼ ਨਾਲ ਵਿਆਹ ਦੇ ਸਮਾਗਮ 'ਤੇ ਜਾ ਰਹੇ ਇਕ ਬਰਾਤੀ ਨੂੰ ਰੋਕ ਕੇ ਆਪਣੀ ਕਹਾਣੀ ਸੁਣਾਉਂਦਾ ਹੈ ਤੇ ਉਹ ਬਰਾਤੀ ਬੁੱਢੇ ਮਲਾਹ ਦੀ ਕਹਾਣੀ ਸੁਣਨ 'ਚ ਏਨਾ ਖੋ ਜਾਂਦਾ ਹੈ ਕਿ ਉਹ ਵਿਆਹ ਦੇ ਸਮਾਗਮ ਵਿਚ ਜਾਣਾ ਹੀ ਭੁੱਲ ਜਾਂਦਾ ਹੈ।

ਦਲੀਪ ਕੁਮਾਰ ਦੀਆਂ ਗੱਲਾਂ ਦੀ ਕੈਫੀਅਤ ਵੀ ਕੁਝ ਇਸੇ ਤਰ੍ਹਾਂ ਦੀ ਸੀ। ਤਕਰੀਬਨ ਡੇਢ ਘੰਟੇ ਤਕ ਅਸੀਂ ਉਸ ਕੋਲ ਬੈਠੇ ਰਹੇ ਅਤੇ ਜਦੋਂ ਅਸੀਂ ਉਸ ਤੋਂ ਵਿਦਾ ਲੈਣ ਲੱਗੇ ਤਾਂ ਉਸ ਨੇ ਦੱਸਿਆ ਕਿ 'ਕੱਲ੍ਹ ਆਰ. ਕੇ. ਸਟੂਡੀਓ ਵਿਚ ਮੇਰੀ ਸ਼ੂਟਿੰਗ ਹੈ। ਜੇ ਦਿਲ ਕਰੇ ਤਾਂ ਆ ਜਾਣਾ।' ਮੇਰੇ ਲਈ ਇਹ ਹੋਰ ਵੀ ਖੁਸ਼ੀ ਦੀ ਖਬਰ ਸੀ। ਅਸੀਂ ਖੁਸ਼ੀ ਖੁਸ਼ੀ ਉਸ ਤੋਂ ਵਿਦਾ ਲਈ।

ਦੂਜੇ ਦਿਨ ਮੈਂ ਅਤੇ ਕਮਲੇਸ਼ ਪੁਰੋਹਿਤ ਵਕਤ ਤੋਂ ਪਹਿਲਾ ਹੀ ਚੈਂਬੂਰ ਸਥਿਤ ਆਰ. ਕੇ. ਸਟੂਡੀਓ ਪਹੁੰਚ ਗਏ। ਸਟੂਡੀਓ ਤੋਂ ਬਾਹਰ ਗੇਟ ਉਤੇ ਲੋਕਾਂ ਦੀ ਭੀੜ ਲੱਗੀ ਹੋਈ ਸੀ ਪਰ ਸਾਡੀ ਕਾਰ ਸਿੱਧੀ ਸਟੂਡੀਓ ਦੇ ਅੰਦਰ ਦਾਖਲ ਹੋ ਗਈ।

ਇਹ ਸਭ ਕਮਲੇਸ਼ ਪੁਰੋਹਿਤ ਦੀ ਬਦੌਲਤ ਹੀ ਸੀ ਜਿਸ ਦੇ ਦਲੀਪ ਕੁਮਾਰ ਨਾਲ ਚੰਗੇ ਸਬੰਧ ਸਨ। ਅਸੀਂ ਥੋੜ੍ਹੀ ਦੇਰ ਸਟੂਡੀਓ ਦੇ ਅਹਾਤੇ ਵਿਚ ਖੜ੍ਹੇ ਗੱਲਾਂ ਕਰ ਹੀ ਰਹੇ ਸਾਂ ਕਿ ਦਲੀਪ ਕੁਮਾਰ ਦੀ ਕਾਰ ਵੀ ਸਟੂਡੀਓ ਦੇ ਗੇਟ ਰਾਹੀਂ ਅੰਦਰ ਆਈ। ਮੈਨੂੰ ਅਤੇ ਕਮਲੇਸ਼ ਨੂੰ ਖੜ੍ਹਿਆਂ ਦੇਖ ਕੇ ਉਸ ਨੇ ਹੱਥ ਹਿਲਾ ਕੇ ਸਾਨੂੰ ਵਿਸ਼ ਕੀਤਾ। ਇਕ ਆਮ ਜਿਹੇ ਇਨਸਾਨ ਵਾਂਗ ਦਲੀਪ ਕੁਮਾਰ ਕਾਰ ਵਿਚੋਂ ਉਤਰਿਆ। ਸਟੂਡੀਓ ਅੰਦਰ ਜਿੰਨੇ ਵੀ ਲੋਕ ਬੈਠੇ ਸਨ ਸਭ ਦੀਆਂ ਨਜ਼ਰਾਂ ਉਸ ਵਲ ਉਠ ਗਈਆਂ। ਹੋਠਾਂ 'ਤੇ ਹਲਕੀ ਜਿਹੀ ਮੁਸਕਰਾਹਟ ਲਿਆ ਕੇ ਉਸ ਨੇ ਕਈ ਚਹੇਤਿਆਂ ਦਾ ਸਲਾਮ ਕਬੂਲ ਕੀਤਾ ਅਤੇ ਫੇਰ ਸਿੱਧਾ ਮੇਕਅਪ ਰੂਮ 'ਚ ਦਾਖਲ ਹੋ ਗਿਆ।

ਕੁਝ ਦੇਰ ਬਾਅਦ ਜਦੋਂ ਉਹ ਮੇਕਅਪ ਰੂਮ 'ਚੋਂ ਬਾਹਰ ਨਿਕਲਿਆ ਤਾਂ ਉਹ ਬਿਲਕੁਲ ਇਕ ਵੱਖਰਾ ਇਨਸਾਨ ਸੀ। ਮੇਕਅਪ ਮੈਨ ਨੇ ਉਸ ਦੇ ਚਿਹਰੇ 'ਤੇ ਮੁੱਛਾਂ ਲਗਾ ਦਿੱਤੀਆਂ ਸਨ ਅਤੇ ਸਿਰ ਦੇ ਵਾਲਾਂ ਨੂੰ ਗੋਲ ਅਕਾਰ ਦੇ ਕੇ ਮੱਥੇ 'ਤੇ ਸੈਟ ਕੀਤਾ ਹੋਇਆ ਸੀ। ਉਸ ਦੇ ਚਿਹਰੇ ਦਾ ਰੰਗ ਵੀ ਸਾਂਵਲਾ ਬਣਾ ਦਿਤਾ ਗਿਆ ਸੀ ਅਤੇ ਉਸ 'ਤੇ ਇਕ ਜ਼ਖਮ ਦਾ ਨਿਸ਼ਾਨ ਵੀ ਨਜ਼ਰ ਆ ਰਿਹਾ ਸੀ। ਖੁਲ੍ਹੀ ਜਿਹੀ ਬੰਦ ਗਲੇ ਵਾਲੀ ਕਮੀਜ਼ ਅਤੇ ਧੋਤੀ ਪਹਿਨੀ ਹੋਈ ਉਸ ਨੇ ਆਪਣੇ ਮੋਢੇ ਦੇ ਇਰਦ-ਗਿਰਦ ਇਕ ਚਾਦਰ ਵਲੇਟੀ ਹੋਈ ਸੀ। ਉਸ ਦੀ ਚਾਲ ਵਿਚ ਇਕ ਲੈਅ ਸੀ। ਉਸ ਦੀਆਂ ਡੂੰਘੀਆਂ ਚਮਕਦਾਰ ਅੱਖਾਂ ਵਿਚ ਇਕ ਵੰਗਾਰ ਤੇ ਵਿਦਰੋਹ ਉਮਡ ਰਿਹਾ ਸੀ। ਉਹ ਜ਼ੁਲਮ ਅਤੇ ਅਤਿਆਚਾਰ ਕਰਨ ਵਾਲਿਆਂ ਦੇ ਖਿਲਾਫ ਸਾਕਾਰ ਕ੍ਰਾਂਤੀ ਦਾ ਰੂਪ ਬਣਿਆ ਹੋਇਆ ਸੀ।

ਸੈਟ ਦੇ ਇਰਦ-ਗਿਰਦ ਕੁਝ ਫਾਸਲੇ 'ਤੇ ਸ਼ੂਟਿੰਗ ਵੇਖਣ ਵਾਲਿਆਂ ਦੀ ਭੀੜ ਲੱਗੀ ਹੋਈ ਸੀ। ਸਾਹਮਣੇ ਕੁਰਸੀ 'ਤੇ ਬੈਠੇ ਦਲੀਪ ਕੁਮਾਰ ਦੀ ਨਜ਼ਰ ਜਦੋਂ ਮੇਰੇ ਤੇ ਪਈ ਤਾਂ ਉਸ ਨੇ ਹੱਥ ਦਾ ਇਸ਼ਾਰਾ ਕਰਕੇ ਮੈਨੂੰ ਆਪਣੇ ਕੋਲ ਬੁਲਾਇਆ। ਇਕ ਉਤਸ਼ਾਹ ਜਿਹੇ ਨਾਲ ਭੀੜ ਵਿਚੋਂ ਨਿਕਲ ਕੇ ਜਦ ਮੈਂ ਦਲੀਪ ਕੁਮਾਰ ਕੋਲ ਗਿਆ ਤਾਂ ਉਸ ਨੇ ਆਪਣੇ ਨੇੜੇ ਕੁਰਸੀ 'ਤੇ ਬੈਠੇ ਪ੍ਰੇਮ ਚੋਪੜਾ ਨਾਲ ਮੇਰਾ ਤਾਅਰੁਫ ਕਰਵਾਉਂਦਿਆਂ ਹੋਇਆਂ ਪੰਜਾਬੀ 'ਚ ਕਿਹਾ, "ਇਹ ਪ੍ਰੇਮ ਚੋਪੜਾ ਜੀ ਨੇ..."

ਪ੍ਰੇਮ ਚੋਪੜਾ ਨੇ ਮੇਰੇ ਨਾਲ ਹੱਥ ਮਿਲਾਇਆ ਤਾਂ ਫਿਰ ਦਲੀਪ ਕੁਮਾਰ ਮੈਨੂੰ ਕਹਿਣ ਲੱਗਾ, ਤੁਸੀਂ ਉਪਰ ਉਸ ਬਰਾਮਦੇ ਵਿਚ ਜਾ ਕੇ ਬੈਠ ਜਾਓ।" ਅਤੇ ਜਦੋਂ ਮੈਂ ਬਰਾਮਦੇ ਵਾਲੀ ਪੌੜੀ ਕੋਲ ਪੁੱਜਿਆ ਤਾਂ ਪੌੜੀਆਂ ਕੋਲ ਮਨੋਜ ਕੁਮਾਰ ਖੜ੍ਹਾ ਸੀ ਜਿਸ ਨੇ ਮੈਨੂੰ ਦਲੀਪ ਕੁਮਾਰ ਕੋਲ ਖੜ੍ਹਿਆ ਵੇਖ ਲਿਆ ਸੀ। ਮਨੋਜ ਕੁਮਾਰ ਦੇ ਨੇੜਿਉਂ ਜਦ ਮੈਂ ਪੌੜੀ ਚੜ੍ਹਨ ਲੱਗਾ ਤਾਂ ਪਿੱਛੋਂ ਦਲੀਪ ਕੁਮਾਰ ਦੀ ਆਵਾਜ਼ ਆਈ, "ਇਹ ਮਨੋਜ ਕੁਮਾਰ ਨੇ।" ਮੈਂ ਕਿਹਾ, "ਇਨ੍ਹਾਂ ਨੂੰ ਕੌਣ ਨਹੀਂ ਜਾਣਦਾ?"

ਇਕ ਵਾਰੀ ਜਦੋਂ ਉਹ ਪੈਡਰ ਰੋਡ ਵਿਚ ਸਥਿਤ ਵਿਮਲਾ ਮਹੱਲ ਬਿਲਡਿੰਗ ਦੀ ਛੇਵੀਂ ਮੰਜ਼ਲ ਤੋਂ ਲਿਫਟ ਰਾਹੀਂ ਉਤਰ ਰਿਹਾ ਸੀ ਤਾਂ ਇਤਫਾਕਨ ਮੈਂ ਵੀ ਉਸੇ ਲਿਫਟ ਵਿਚ ਉਤਰ ਰਿਹਾ ਸਾਂ। ਮੈਨੂੰ ਇਸ ਗੱਲ ਦੀ ਖੁਸ਼ੀ ਹੋ ਰਹੀ ਸੀ ਕਿ ਹਿੰਦੋਸਤਾਨ ਦਾ ਏਨਾ ਵੱਡਾ ਅਦਾਕਾਰ ਕੁਝ ਪਲਾਂ ਲਈ ਮੇਰਾ ਹਮਸਫਰ ਹੈ ਭਾਵੇਂ ਲਿਫਟ ਵਿਚ ਹੀ ਸਹੀ। ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਮੈਂ ਉਸ ਨੂੰ ਮੁਖਾਤਿਬ ਹੁੰਦਿਆਂ ਕਹਿ ਹੀ ਦਿੱਤਾ, "ਖੁਦਾ ਕਾ ਸ਼ੁਕਰ ਹੈ ਜੋ ਮੁਝੇ ਆਜ ਆਪ ਜੈਸੇ ਅਜ਼ੀਮ ਫਨਕਾਰ ਕੇ ਸਾਥ ਲਿਫਟ ਮੇਂ ਉਤਰਨੇ ਕਾ ਸ਼ਰਫ ਹਾਸਿਲ ਹੋ ਰਹਾ ਹੈ।" ਮੇਰੀ ਗੱਲ ਸੁਣਦਿਆਂ ਹੀ ਉਹ ਬੜੀ ਅਜ਼ੀਜ਼ ਨਾਲ ਬੋਲਿਆ, "ਕਿਉਂ ਕਾਂਟੋ ਮੇਂ ਘਸੀਟ ਰਹੇ ਹੋ ਯਾਰ।" ਅਤੇ ਮੈਨੂੰ ਇੰਜ ਜਾਪਿਆ ਜਿਵੇਂ ਉਸ ਦੀ ਵਡਿਆਈ ਕਰਦਿਆਂ ਮੈਂ ਉਸ ਦੀ ਸ਼ਖ਼ਸੀਅਤ ਦੇ ਵਿਰੁਧ ਕੋਈ ਗੱਲ ਕਹਿ ਦਿੱਤੀ ਹੋਵੇ।

ਦਲੀਪ ਕੁਮਾਰ ਬੜਾ ਹੀ ਖੁਦਦਾਰ ਅਤੇ ਗੈਰਤਮੰਦ ਇਨਸਾਨ ਹੈ। ਉਸ ਦੇ ਇਸ ਖੁਦਦਾਰ ਸੁਭਾਅ ਬਾਰੇ ਅਕਸਰ ਉਸ ਦੇ ਨਜ਼ਦੀਕੀ ਦੋਸਤਾਂ ਵਿਚ ਚਰਚਾ ਹੁੰਦੀ ਰਹਿੰਦੀ ਹੈ। ਉਸ ਨਾਲ ਗੱਲਾਂਬਾਤਾਂ ਕਰਦਿਆਂ ਉਸ ਨੇ ਦੱਸਿਆ ਕਿ ਇਕ ਵਾਰੀ ਮਹਿਬੂਬ ਸਾਹਿਬ ਨੇ ਉਸ ਨੂੰ ਸਟੂਡੀਓ ਵਿਚ ਇਕ ਵੱਖਰਾ ਕਮਰਾ ਅਲਾਟ ਕਰਦਿਆਂ ਕਿਹਾ ਸੀ ਕਿ ਅੱਜ ਤੋਂ ਬਾਅਦ ਇਹ ਕਮਰਾ ਸਿਰਫ ਤੁਹਾਡਾ ਹੀ ਹੋਵੇਗਾ।



ਜਦੋਂ ਦਲੀਪ ਕੁਮਾਰ ਉਸ ਕਮਰੇ ਦੇ ਦਰਵਾਜ਼ੇ ਤੱਕ ਪਹੁੰਚਿਆ ਤਾਂ ਉਸ ਨੇ ਦੇਖਿਆ ਕਿ ਕਮਰੇ ਦੇ ਦਰਵਾਜ਼ੇ ਉਤੇ ਇਕ ਹੋਰ ਵੱਡੇ ਐਕਟਰ ਦੀ ਨੇਮ ਪਲੇਟ ਲੱਗੀ ਹੋਈ ਸੀ। ਦਲੀਪ ਕੁਮਾਰ ਨੇ ਜਦੋਂ ਉਸ ਨੇਮ ਪਲੇਟ ਦਾ ਜ਼ਿਕਰ ਮਹਿਬੂਬ ਨਾਲ ਕੀਤਾ ਤਾਂ ਮਹਿਬੂਬ ਸਾਹਿਬ ਕਹਿਣ ਲੱਗੇ, "ਕੋਈ ਗੱਲ ਨਹੀਂ, ਇਹ ਨੇਮ ਪਲੇਟ ਉਤਾਰ ਕੇ ਤੁਹਾਡੀ ਨੇਮ ਪਲੇਟ ਲਗਾ ਦੇਵਾਂਗੇ।" ਦਲੀਪ ਕੁਮਾਰ ਦੀ ਖੁਦਦਾਰੀ ਨੂੰ ਕੁਝ ਠੇਸ ਜਿਹੀ ਲੱਗੀ ਅਤੇ ਇਹ ਕਹਿੰਦਿਆਂ ਕਿ, "ਅੱਜ ਇਸ ਐਕਟਰ ਦੀ ਨੇਮ ਪਲੇਟ ਉਤਾਰ ਕੇ ਮੇਰੀ ਨੇਮ ਪਲੇਟ ਲਗਾ ਰਹੇ ਹੋ, ਕੱਲ੍ਹ ਨੂੰ ਕਿਸੇ ਹੋਰ ਦੀ ਨੇਮ ਪਲੇਟ ਲਗਵਾ ਕੇ ਮੇਰੀ ਨੇਮ ਪਲੇਟ ਉਤਾਰ ਲਈ ਜਾਵੇਗੀ, ਜੋ ਮੈਨੂੰ ਬਿਲਕੁਲ ਮਨਜ਼ੂਰ ਨਹੀਂ।" ਜਦੋਂ ਅਸੀਂ ਪੁੱਛਿਆ ਕਿ ਉਹ ਵੱਡਾ ਐਕਟਰ ਕੌਣ ਸੀ ਜਿਸ ਦੀ ਨੇਮ ਪਲੇਟ ਪਹਿਲਾਂ ਹੀ ਲੱਗੀ ਹੋਈ ਸੀ ਤਾਂ ਉਸ ਨੇ ਸਾਨੂੰ ਦੱਸਿਆ ਕਿ ਉਸ ਨੇਮ ਪਲੇਟ ਉਤੇ ਅਸ਼ੋਕ ਕੁਮਾਰ ਦਾ ਨਾਂ ਲਿਖਿਆ ਸੀ ਅਤੇ ਮੈਂ ਨਹੀਂ ਸਾਂ ਚਾਹੁੰਦਾ ਕਿ ਅਸ਼ੋਕ ਕੁਮਾਰ ਦੀ ਨੇਮ ਪਲੇਟ ਉਥੋਂ ਹਟਾਈ ਜਾਂਦੀ।

ਦਲੀਪ ਕੁਮਾਰ ਫਿਲਮਾਂ ਦੀ ਚਮਕ-ਦਮਕ ਤੋਂ ਬਹੁਤ ਦੂਰ ਹੈ ਅਤੇ ਸਾਦਾ ਜਿਹਾ, ਨਿਮਾਣਾ ਤੇ ਰੱਬ ਉਤੇ ਭਰੋਸਾ ਰੱਖਣ ਵਾਲਾ ਦਰਵੇਸ਼ ਸੀਰਤ ਇਨਸਾਨ ਹੈ। ਉਸ ਦੀ ਸ਼ਖ਼ਸੀਅਤ ਵਿਚ ਇਕ ਸ਼ਾਇਰ, ਇਕ ਸੰਗੀਤਕਾਰ, ਇਕ ਕਲਾਕਾਰ ਤੇ ਦਰਵੇਸ਼ ਫਕੀਰਾਂ ਵਾਲੇ ਗੁਣ ਮੌਜੂਦ ਹਨ। ਉਹ ਇਕੋ ਸਮੇਂ ਫਿਲਾਸਫਰ, ਵਿਦਵਾਨ, ਸਿਆਸਤਦਾਨ ਅਤੇ ਬਿਹਤਰੀਨ ਇਨਸਾਨ ਹੈ। ਉਹ ਆਪਣੇ ਆਪ ਵਿਚ ਇਕ ਸੰਸਥਾ ਹੈ।

## ਦਲੀਪ ਕੁਮਾਰ ਦਾ ਫਿਲਮਨਾਮਾ

* 1944 ਵਿਚ ਦਲੀਪ ਕੁਮਾਰ ਦੀ ਪਹਿਲੀ ਫਿਲਮ 'ਜਵਾਰ ਭਾਟਾ' ਰਿਲੀਜ਼ ਹੋਈ। ਇਸ ਦੇ ਨਿਰਦੇਸ਼ਕ ਅਮੀਆ ਚੱਕਰਵਰਤੀ ਸਨ ਅਤੇ ਮ੍ਰਿਦੁਲਾ ਤੇ ਆਗਾ ਦਿਲੀਪ ਕੁਮਾਰ ਦੇ ਸਹਿ-ਸਿਤਾਰੇ ਸਨ।

* 1946 ਵਿਚ ਰਿਲੀਜ਼ ਹੋਈ ਫਿਲਮ 'ਮਿਲਨ' ਦਲੀਪ ਕੁਮਾਰ ਦੀ ਪਹਿਲੀ ਹਿੱਟ ਫਿਲਮ ਸੀ। ਨਿਤਿਨ ਬੋਸ ਵਲੋਂ ਨਿਰਦੇਸ਼ਿਤ ਇਸ ਫਿਲਮ ਵਿਚ ਉਸ ਦੀਆਂ ਦੋ ਨਾਇਕਾਵਾਂ-ਮੀਰਾ ਮਿਸ਼ਰਾ ਤੇ ਰੰਜਨਾ ਸਨ।

* 1947 ਵਿਚ ਰਿਲੀਜ਼ ਹੋਈ 'ਜੁਗਨੂੰ' ਨੇ ਦਲੀਪ ਕੁਮਾਰ ਦਾ ਸਿਤਾਰਾ ਅਸਮਾਨੀਂ ਚੜ੍ਹਾਇਆ। ਇਸ ਫਿਲਮ ਦੀ ਹੀਰੋਇਨ ਨੂਰਜਹਾਂ ਸੀ।

* 1948 ਵਿਚ ਦਲੀਪ ਕੁਮਾਰ ਦੀਆਂ ਪੰਜ ਫਿਲਮਾਂ ਰਿਲੀਜ਼ ਹੋਈਆਂ। ਇਹ ਸਨ ਅਨੋਖਾ ਪਿਆਰ, ਘਰ ਕੀ ਇੱਜ਼ਤ, ਮੇਲਾ, ਨਦੀਆ ਕੇ ਪਾਰ ਅਤੇ ਸ਼ਹੀਦ।

* 1949 ਵਿਚ ਰਿਲੀਜ਼ ਹੋਈ 'ਅੰਦਾਜ਼' ਵਿਚ ਦਲੀਪ ਨੇ ਨਰਗਿਸ ਤੇ ਰਾਜ ਕਪੂਰ ਨਾਲ ਕੰਮ ਕੀਤਾ।

* 1951 ਵਿਚ ਆਈ 'ਦੀਦਾਰ' ਵਿਚ ਨਰਗਿਸ, ਨਿੰਮੀ ਤੇ ਅਸ਼ੋਕ ਕੁਮਾਰ, ਦਿਲੀਪ ਕੁਮਾਰ ਦੇ ਸਹਿ-ਸਿਤਾਰੇ ਸਨ।

* ਦਲੀਪ ਕੁਮਾਰ ਨੇ ਬਲਰਾਜ ਸਾਹਨੀ ਨਾਲ 'ਹਲਚਲ' (1951), ਦੇਵ ਅਨੰਦ ਨਾਲ 'ਇਨਸਾਨੀਅਤ' (1955) ਅਤੇ ਰਾਜਕੁਮਾਰ ਨਾਲ 'ਪੈਗਾਮ' (1959) ਵਿਚ ਕੰਮ ਕੀਤਾ। 'ਆਦਮੀ' (1968), ਵਿਚ ਮਨੋਜ ਕੁਮਾਰ ਉਸ ਦਾ ਸਹਿ ਕਲਾਕਾਰ ਸੀ।

* ਉਸ ਦੀ ਆਖਰੀ ਰਿਲੀਜ਼ ਹੋਈ ਫਿਲਮ 'ਕਿਲਾ' ਸੀ ਜੋ ਕਿ 1998 ਵਿਚ ਰਿਲੀਜ਼ ਹੋਈ।



TAFT
CHEVROLET BUICK
501 North St. Taft CA 93268
(661) 763-4201
AN AMERICAN REVOLUTION
ਸ਼ੈਵਰਲੈਟ ਦੇ ਹਰ ਕਿਸਮ ਦੇ ਟਰੱਕ ਅਤੇ ਕਾਰਾਂ ਲੈਣ ਲਈ ਸੰਪਰਕ ਕਰੋ
ਤੁਸੀਂ ਆਪਣੀ ਜ਼ੁਬਾਨ ਦੇ ਵਿੱਚ ਗੱਲ ਕਰਨ ਵਾਸਤੇ ਕਾਲ ਕਰੋ
ਦਵਿੰਦਰ ਸਿੰਘ ਬੈਂਸ (661) 428-2613
ਹਰ ਕਿਸਮ ਦੀ ਕਾਰ ਜਾਂ ਟਰੱਕ ਲੈਣ ਲਈ ਸਾਡੇ ਨਾਲ ਸੰਪਰਕ ਕਰੋ
ਸਸਤੀ ਅਤੇ ਭਰੋਸੇਮੰਦ ਸੇਵਾ ਲਈ ਕਾਲ ਕਰੋ
661-763-4201


Punjabi American Heritage Society, Yuba City Presents
16th Punjabi American Festival
PTC PUNJABI
Channel 2015 on DIRECTV
etc ਪੰਜਾਬੀ
ਯੂਬਾ ਸਿਟੀ ਦਾ 16ਵਾਂ ਸਾਲਾਨਾ ਮੇਲਾ
May 30th-2010, Sunday 11am to 7pm
Yuba-Sutter Fairgrounds.
442 Franklin Ave., Yuba City, CA, 95991
OVER 50 BOOTHS OF FESTIVAL VENDORS FEATURE:
Arts & Crafts, Traditional Clothing, Children's Games, Punjabi Cuisine, Mehndi, Jewelry and More!
PERFORMANCES
This year's festival will feature live performances by internationally acclaimed artists:
Mr. & Miss Punjabi Talent Contest
(competition will be aired on PTC and Crossing TV Channels in major cities of USA and Canada- $3000 to the winners).
Top U.S. & Canadian Bhangra/Gidha teams, Documentaries, Ethnic dances, comedy skits/plays.
ਸੁਰਜੀਤ ਭੁੱਲਰ
ਸੁਦੇਸ਼ ਕੁਮਾਰੀ
ਰੁਪਿੰਦਰ ਹਾਂਡਾ
Sarbjit Cheema
Nachhatar Gill
Sudesh Kumari
Surjit Bhullar
Rupinder Handa
TICKETS
Available at local Punjabi and Indian stores (or purchase at the gate)
$15/person –Children under 5 free.
For any Information about vendors, performance/ participation, Mr. & Miss Punjabi contest and sponsorship . Send email to punjabiamerican@gmail.com
Call (530) 844-0247
PAHS Website: www.punjabiheritage.org
ਸਰਬਜੀਤ ਚੀਮਾ
Design by : Punjab Mail USA